ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 147
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 29 May, 2026) ਸ਼ੁੱਕਰਵਾਰ, 29 ਮਈ, 2026, 15 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਰੇਲ 'ਚ ਯਾਤਰੀ ਕੋਲੋਂ ਮਿਲਿਆ 1.22 ਕਰੋੜ ਰੁ. ਨਾਲ ਭਰਿਆ ਬੈਗ

ਮੁੰਬਈ, 28 ਮਈ (ਚ.ਨ.ਸ.): ਮੁੰਬਈ ਤੋਂ ਹੈਦਰਾਬਾਦ ਜਾ ਰਹੇ ਦੇਵਗਿਰੀ ਐਕਸਪ੍ਰੈਸ ਵਿੱਚ ਸਫ਼ਰ ਕਰਨ ਵਾਲੇ ਇੱਕ ਯਾਤਰੀ ਕੋਲੋਂ ਬੈਗ ਵਿਚ ਕੱਪੜੇ ਨਹੀਂ, ਸਗੋਂ ਕਰੋੜਾਂ ਰੁਪਏ ਭਰੇ ਮਿਲੇ। ਪਰ ਹੈਦਰਾਬਾਦ ਪਹੁੰਚਣ ਤੋਂ ਪਹਿਲਾਂ ਹੀ ਸਰਕਾਰੀ ਰੇਲਵੇ ਪੁਲਿਸ ਤੇ ਰੇਲਵੇ ਸੁਰੱਖਿਆ ਬਲ ਦੀ ਨਜਰ ਉਸ 'ਤੇ ਪੈ ਗਈ। ਪੁੱਛ-ਗਿਛ ਹੋਈ ਤਾਂ ਪੂਰਾ ਮਾਮਲਾ ਹਵਾਲਾ ਕਾਰੋਬਾਰ ਨਾਲ ਜੁੜਿਆ ਨਿਕਲਿਆ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 1 ਕਰੋੜ 22 ਲੱਖ 70 ਹਜਾਰ ਰੁਪਏ ਕੈਸ਼ ਬਰਾਮਦ ਕੀਤੇ ਹਨ।ਏਜੰਸੀ ਮੁਤਾਬਕ ਇਹ ਘਟਨਾ ਮੰਗਲਵਾਰ ਨੂੰ (ਬਾਕੀ ਸਫ਼ਾ 2 'ਤੇ)

## ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਮੀਂਹ ਤੇ ਤੇਜ਼ ਹਵਾਵਾਂ ਚੱਲਣ ਦੇ ਆਸਾਰ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 28 ਮਈ : ਪੰਜਾਬ ਵਿੱਚ ਆਉਣ ਵਾਲੇ ਪੰਜ ਦਿਨਾਂ ਦੌਰਾਨ ਮੌਸਮ ਵਿੱਚ ਲਗਾਤਾਰ ਬਦਲਾਅ ਦੇ ਆਸਾਰ ਹਨ। ਭਾਰਤੀ ਮੌਸਮ ਵਿਭਾਗ ਮੁਤਾਬਕ ਅੱਜ ਤੋਂ 1 ਜੂਨ ਤੱਕ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿੱਚ ਕਿਤੇ ਹਲਕਾ ਤੇ ਕਿਤੇ ਦਰਮਿਆਨਾ ਮੀਂਹ ਪੈ ਸਕਦਾ ਹੈ, ਜਦਕਿ ਕੁਝ ਜ਼ਿਲ੍ਹਿਆਂ ਵਿੱਚ ਤੇਜ਼ ਬਾਰਿਸ਼ ਦੀ ਸੰਭਾਵਨਾ ਵੀ ਜਤਾਈ ਗਈ ਹੈ। ਮੌਸਮ ਵਿਭਾਗ ਅਨੁਸਾਰ ਅੱਜ ਸ਼ਾਮ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਮੋਹਾਲੀ ਸਮੇਤ ਕਈ ਜ਼ਿਲ੍ਹਿਆਂ ਵਿੱਚ ਬਾਰਿਸ਼ ਹੋ ਸਕਦੀ ਹੈ। ਉੱਥੇ ਹੀ 29 ਮਈ ਨੂੰ ਮੌਸਮ ਹੋਰ ਸਰਗਰਮ ਰਹਿਣ ਦੇ ਆਸਾਰ ਹਨ। ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਰੂਪਨਗਰ, ਐਸ.ਏ.ਐਸ. ਨਗਰ (ਮੋਹਾਲੀ) ਅਤੇ ਫਤਿਹਗੜ੍ਹ ਸਾਹਿਬ ਵਿੱਚ ਕਈ ਥਾਵਾਂ 'ਤੇ ਹਲਕਾ ਤੋਂ ਦਰਮਿਆਨਾ ਮੀਂਹ ਪੈ ਸਕਦਾ ਹੈ। ਇਨ੍ਹਾਂ ਇਲਾਕਿਆਂ ਵਿੱਚ 70 ਤੋਂ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਇਸ ਤੋਂ ਇਲਾਵਾ ਬਿਜਲੀ ਲਿਸ਼ਕਣ ਸਮੇਤ ਕਈ ਜ਼ਿਲ੍ਹਿਆਂ ਵਿੱਚ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ।

30 ਮਈ ਨੂੰ ਵੀ ਉੱਤਰੀ ਅਤੇ ਪੂਰਬੀ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਮੀਂਹ ਦਾ ਦੌਰ ਜਾਰੀ ਰਹਿਣ ਦੀ ਸੰਭਾਵਨਾ ਹੈ। ਪਠਾਨਕੋਟ ਅਤੇ ਮੋਹਾਲੀ ਇਲਾਕੇ ਵਿੱਚ ਵੱਧ ਮੀਂਹ ਪੈਣ ਦੇ ਆਸਾਰ ਹਨ, ਜਦਕਿ (ਬਾਕੀ ਸਫਾ 2 'ਤੇ)

### ਅੱਜ ਰਾਤ ਚੱਲੇਗੀ ਹਨ੍ਹੇਰੀ ਤੇ ਰੱਜ ਕੇ ਵਰ੍ਹੇਗਾ ਮੀਂਹ !

ਨਵੀਂ ਦਿੱਲੀ, 28 ਮਈ (ਚ.ਨ.ਸ.): ਉੱਤਰ ਭਾਰਤ ਦੇ ਲੋਕਾਂ ਨੂੰ ਭਿਆਨਕ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ ਪਰ ਨਾਲ ਹੀ ਕੁਦਰਤ ਦਾ ਕਹਿਰ ਵੀ ਝੱਲਣਾ ਪੈ ਸਕਦਾ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਅੱਜ ਰਾਤ ਤੋਂ ਮੌਸਮ ਵਿੱਚ ਵੱਡੇ ਬਦਲਾਅ ਦੀ ਚੇਤਾਵਨੀ ਜਾਰੀ ਕੀਤੀ ਹੈ। ਮੌਸਮ ਵਿਭਾਗ ਅਨੁਸਾਰ, ਅੱਜ ਸ਼ਾਮ ਤੋਂ ਸ਼ੁਰੂ ਹੋ ਕੇ 30 ਮਈ ਤੱਕ ਇਨ੍ਹਾਂ ਇਲਾਕਿਆਂ ਵਿੱਚ ਗਰਜ-ਚਮਕ ਦੇ ਨਾਲ ਬਾਰਿਸ਼ ਪੈਣ ਦੀ ਸੰਭਾਵਨਾ ਹੈ। ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਦੌਰਾਨ 70 ਕਿਲੋਮੀਟਰ ਪ੍ਰਤੀ ਘੰਟਾ (ਬਾਕੀ ਸਫਾ 2 'ਤੇ)

### ਦੇਸ਼ ਦੇ ਬਹੁਤੇ ਹਿੱਸਿਆਂ 'ਚ ਪ੍ਰੀ-ਮਾਨਸੂਨ ਦੀ ਸੰਭਾਵਨਾ

**ਕੇਰਲਾ 'ਚ ਮਾਨਸੂਨ ਦੀ ਆਮਦ ਵਿੱਚ ਦੇਰੀ**

ਨਵੀਂ ਦਿੱਲੀ, 28 ਮਈ (ਚ.ਨ.ਸ.): ਭਾਰਤ ਦੇ ਬਹੁਤੇ ਹਿੱਸਿਆਂ ਵਿਚ ਪੈ ਰਹੀ ਭਿਆਨਕ ਗਰਮੀ ਅਤੇ ਲੂ ਤੋਂ ਪ੍ਰੇਸ਼ਾਨ ਲੋਕਾਂ ਲਈ ਇਕ ਰਾਹਤ ਭਰੀ ਖ਼ਬਰ ਹੈ। ਦੇਸ਼ ਦੇ ਲਗਭਗ 80 ਤੋਂ 90 ਫੀਸਦੀ ਖੇਤਰਾਂ ਵਿਚ ਅੱਜ ਤੋਂ 5 ਜੂਨ ਦਰਮਿਆਨ ਪ੍ਰੀ-ਮਾਨਸੂਨ ਦਾ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

ਦੂਜੇ ਪਾਸੇ ਗਰਮੀ ਤੇ ਵਧਦੇ ਤਾਪਮਾਨ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾਗਰਿਕਾਂ ਨੂੰ ਖਾਸ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ,"ਭਾਰਤ ਦੇ ਵੱਖ-ਵੱਖ ਹਿੱਸੇ ਇਸ ਸਮੇਂ ਅਸਮਾਨੀ ਚੜ੍ਹਦੇ ਤਾਪਮਾਨ ਅਤੇ ਇਸ ਨਾਲ ਪੈਦਾ ਹੋਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਹ ਗਰਮੀ ਸਾਡੇ ਸਾਰਿਆਂ ਲਈ ਅਸਹਿ ਹੈ ਅਤੇ ਮੈਂ ਤੁਹਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਸਾਵਧਾਨੀਆਂ ਵਰਤਣ ਦੀ ਬੇਨਤੀ ਕਰਦਾ ਹਾਂ।" ਮੌਸਮ ਵਿਭਾਗ ਨੇ ਰਾਹਤ ਦੀ ਖ਼ਬਰ ਦਿੰਦਿਆਂ ਦਸਿਆ ਹੈ ਕਿ ਇਕ (ਬਾਕੀ ਸਫਾ 2 'ਤੇ)

# ਪੰਜਾਬ ਨਿਗਮ ਚੋਣਾਂ ਦੇ ਨਤੀਜੇ ਅੱਜ

## ਹੁਣ ਘਰ ਬੈਠੇ ਵੇਖੇ ਜਾ ਸਕਣਗੇ ਨਤੀਜੇ, ਚੋਣ ਕਮਿਸ਼ਨ ਜਾਰੀ ਕਰੇਗਾ ਲਿੰਕ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 28 ਮਈ :ਪੰਜਾਬ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਦੇ ਨਤੀਜੇ ਭਲਕੇ 29 ਮਈ ਨੂੰ ਐਲਾਨੇ ਜਾਣਗੇ। ਪਹਿਲੀ ਵਾਰ, ਲੋਕ ਆਪਣੇ ਘਰਾਂ ਵਿੱਚ ਆਰਾਮ ਨਾਲ ਨਤੀਜੇ ਦੇਖ ਸਕਣਗੇ। ਪੰਜਾਬ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਨਤੀਜੇ ਵੈੱਬਸਾਈਟ https://sec.punjab.gov.in/en/ 'ਤੇ ਮਿਲਣਗੇ ਅਤੇ ਇਥੇ ਕਾਊਂਟਿੰਗ ਦ ਲਿੰਕ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ ਵਿਧਾਨ ਸਭਾ ਅਤੇ ਲੋਕ ਸਭਾ ਦੇ ਨਤੀਜੇ ਹੀ ਦਿਖਾਏ ਜਾਂਦੇ ਸਨ। ਕਮਿਸ਼ਨਰ ਰਾਜ ਕਮਲ ਚੌਧਰੀ ਮੁਤਾਬਕ ਕਾਊਂਟਿੰਗ ਸੈਂਟਰਾਂ 'ਤੇ ਭੀੜ ਨਾ ਹੋਵੇ ਤੇ ਲੋਕਾਂ ਨੂੰ ਸਹੀ ਨਤੀਜੇ ਮਿਲਣ, ਇਸ ਲਈ ਇਹ ਸਹੂਲਤ ਦਿੱਤੀ ਜਾ ਰਹੀ ਹੈ। ਕਾਊਂਟਿੰਗ ਲਈ ਕੁੱਲ 115 ਗਿਣਤੀ ਸੈਂਟਰ ਬਣਾਏ ਗਏ ਹਨ। 26 ਮਈ ਨੂੰ 8 ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਸਣੇ ਕੁਲ 104 ਸਥਾਨਕ ਇਕਾਈਆਂ ਲਈ ਵੋਟਿੰਗ ਹੋਈ ਸੀ।



ਕਮਿਸ਼ਨਰ ਚੌਧਰੀ ਨੇ ਦੱਸਿਆ ਕਿ ਸਟਰਾਂਗ ਰੂਮਾਂ ਅਤੇ ਕਾਊਂਟਿੰਗ ਸੈਂਟਰਾਂ ਦੀ ਨਿਗਰਾਨੀ ਸੀਸੀਟੀਵੀ ਕੈਮਰਿਆਂ ਅਤੇ ਭਾਰੀ ਪੁਲਿਸ ਬਲ ਦੀ ਮੌਜੂਦਗੀ ਵਿਚ ਤਿੰਨ-ਪੱਧਰੀ ਸੁਰੱਖਿਆ ਘੇਰੇ ਵਿਚਾਲੇ ਕੀਤੀ ਜਾ ਰਹੀ ਹੈ। ਵੀਰਵਾਰ ਨੂੰ ਸਾਰੇ 115 ਸੈਂਟਰਾਂ 'ਤੇ ਵੋਟਿੰਗ ਸਟਾਫ ਨੂੰ ਅੰਤਿਮ ਰਿਹਰਸਲ ਵੀ ਕਰਵਾ ਦਿੱਤੀ ਗਈ ਹੈ।

ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਗਿਣਤੀ ਸਵੇਰੇ 8 ਵਜੇ ਸ਼ੁਰੂ ਹੋਵੇਗੀ। ਜਿਵੇਂ ਹੀ ਵਾਰਡਾਂ ਦੇ ਰਾਊਂਡ ਮੁਕੰਮਲ ਹੁੰਦੇ ਜਾਣਗੇ, ਉਝ-ਉਝ ਲਿੰਕ 'ਤੇ ਲੋਕਾਂ ਨੂੰ ਨਤੀਜੇ ਦਿਸਣੇ ਸ਼ੁਰੂ ਹੋ ਜਾਣਗੇ। ਇਸ ਦੇ ਲਈ ਲੋਕਾਂ ਨੂੰ ਵੈੱਬਸਾਈਟ 'ਤੇ ਜਾ ਕੇ ਲਿੰਕ ਖੋਲ੍ਹਣਾ ਹੋਵੇਗਾ ਤੇ ਆਪਣਾ ਜ਼ਿਲ੍ਹਾ ਤੇ ਵਾਰਡ ਦੀ ਪੂਰੀ ਜਾਣਕਾਰੀ ਭਰ ਕੇ ਨਤੀਜਾ ਹਾਸਲ ਕੀਤਾ ਜਾ ਸਕੇਗਾ। ਜੇ ਕਿਸੇ ਵਾਰਡ ਦੀ ਵੋਟਿੰਗ ਅਧੂਰੀ ਹੋਵੇਗੀ ਤਾਂ ਉਸ ਦਾ ਰਿਜ਼ਲਟ ਨਹੀਂ ਦਿਸੇਗਾ।

**ਤਸਵੀਰ ਦੁਪਹਿਰ 12 ਵਜੇ ਤੱਕ ਸਪੱਸ਼ਟ ਹੋ ਜਾਵੇਗੀ:** ਰਾਜ ਚੋਣ ਕਮਿਸ਼ਨ ਨੇ ਸਾਰੇ ਜ਼ਿਲ੍ਹਾ ਚੋਣ ਕਮਿਸ਼ਨਰਾਂ ਨੂੰ ਸਵੇਰੇ 8 ਵਜੇ ਗਿਣਤੀ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਲਗਭਗ ਇੱਕ ਰਾਊਂਡ ਵਿਚ ਇੱਕ ਵਾਰਡ ਵਿਚ ਵੋਟਾਂ ਦੀ ਗਿਣਤੀ ਪੂਰੀ ਹੋ ਜਾਵੇਗੀ। ਸੂਬਾ ਚੋਣ ਕਮਿਸ਼ਨ ਰਾਜ ਕਮਲ ਚੌਧਰੀ ਦਾ ਕਹਿਣਾ ਹੈ ਕਿ ਸਾਰੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਵੋਟਾਂ ਦੀ ਗਿਣਤੀ ਦੁਪਹਿਰ 12 ਵਜੇ ਤੱਕ ਪੂਰੀ ਹੋ ਜਾਏਗੀ। (ਬਾਕੀ ਸਫਾ 2 'ਤੇ)

### ਕੇਂਦਰ ਦੀ ਰਿਪੋਰਟ ਨੇ ਵਧਾਈ ਚਿੰਤਾ

## ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦਾਖ਼ਲੇ 9 ਫ਼ੀਸਦੀ ਘਟੇ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 28 ਮਈ : ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਵਿਚ ਆਈ 9% ਦੀ ਕਮੀ ਨੇ ਸਿੱਖਿਆ ਮੰਤਰਾਲੇ ਦੀ ਚਿੰਤਾ ਵਧਾ ਦਿੱਤੀ ਹੈ। ਅਕਾਦਮਿਕ ਸਾਲ 2025-26 ਦੌਰਾਨ ਵਿਦਿਆਰਥੀਆਂ ਦੀ ਗਿਣਤੀ ਵਿਚ ਲਗਭਗ 1.76 ਲੱਖ ਦੀ ਗਿਰਾਵਟ ਦਰਜ ਕੀਤੀ ਗਈ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਸ ਕਮੀ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਤੁਰੰਤ ਸੁਧਾਰਾਤਮਕ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਪਿਛਲੇ ਤਿੰਨ ਸਾਲਾਂ ਦੇ ਅੰਕੜੇ ਇਸ ਗਿਰਾਵਟ ਨੂੰ ਸਾਫ਼ ਦਰਸਾਉਂਦੇ ਹਨ। ਸਾਲ 2023-24 ਵਿਚ ਵਿਦਿਆਰਥੀਆਂ ਦੀ ਗਿਣਤੀ 19,69,651 ਸੀ, ਜੋ 2024-25 ਵਿਚ ਘੱਟ ਕੇ 19,10,058 ਹੋ ਗਈ ਤੇ 2025-26 ਵਿਚ 17,34,353 ਵਿਦਿਆਰਥੀ (ਬਾਕੀ ਸਫਾ 2 'ਤੇ)

### ਢਿੱਲੋਂ ਨੂੰ ਪੰਜਾਬ ਭਾਜਪਾ ਪ੍ਰਧਾਨ ਬਣਾਉਣ 'ਤੇ ਮਾਨ ਦਾ ਤੰਜ

## 'ਜਾਖੜ ਜੀ ਨਾਲ ਹਮਦਰਦੀ ਤੇ...'

ਚੰਡੀਗੜ੍ਹ, 28 ਮਈ (ਚ.ਨ.ਸ.):ਭਾਜਪਾ ਨੇ ਕੇਵਲ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਹੈ। ਉਹ ਸੁਨੀਲ ਜਾਖੜ ਦੀ ਜਗ੍ਹਾ ਲੈਣਗੇ। ਢਿੱਲੋਂ ਭਾਜਪਾ ਦੇ ਪਹਿਲੇ ਜੱਟ ਸਿੱਖ ਪ੍ਰਧਾਨ ਹਨ। ਇੱਕ ਵਾਰ ਫਿਰ ਭਾਜਪਾ ਨੇ ਕਾਂਗਰਸ ਦੇ ਉਮੀਦਵਾਰ 'ਤੇ ਦਾਅ ਲਗਾਇਆ ਹੈ। ਢਿੱਲੋਂ ਤੋਂ ਪਹਿਲਾਂ ਸੁਨੀਲ ਜਾਖੜ ਵੀ ਕਾਂਗਰਸ ਤੋਂ ਆਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਵਲ ਢਿੱਲੋਂ ਦੀ ਨਿਯੁਕਤੀ 'ਤੇ ਤੰਜ ਕੱਸਦਿਆਂ ਟਵੀਟ ਕੀਤਾ, ਕਾਂਗਰਸ ਦੇ ਭਾਜਪਾਈ ਨੇਤਾ ਕੇਵਲ ਢਿੱਲੋਂ ਨੂੰ ਭਾਜਪਾ ਪ੍ਰਧਾਨ ਬਣਨ 'ਤੇ ਵਧਾਈਆਂ। ਸੁਨੀਲ ਜਾਖੜ ਨਾਲ ਦਿਲੋਂ ਹਮਦਰਦੀ..ਪ੍ਰਮਾਤਮਾ ਰਵਨੀਤ ਬਿੱਟੂ, ਮਨਪ੍ਰੀਤ ਬਾਦਲ, ਫ਼ਤਿਹਜੰਗ ਬਾਜਵਾ, ਤਰੁਣ ਚੁੱਘ ਤੇ ਅਸ਼ਵਨੀ ਸ਼ਰਮਾ ਵਗੈਰਾ ਨੂੰ ਇਹ ਜਿੱਲਤ ਝੱਲਣ ਦਾ ਬਲ ਬਖਸ਼ੇ..।

## ਕੇਵਲ ਸਿੰਘ ਢਿੱਲੋਂ ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਨਿਯੁਕਤ

**ਭਾਜਪਾ ਸਾਰੀਆਂ ਫ਼ਸਲਾਂ 'ਤੇ ਐਮ.ਐਸ.ਪੀ. ਯਕੀਨੀ ਬਣਾਏਗੀ: ਢਿੱਲੋਂ**

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 28 ਮਈ ਪੰਜਾਬ ਭਾਜਪਾ ਵਿੱਚ ਵੱਡਾ ਸੰਗਠਨਾਤਮਕ ਬਦਲਾਅ ਕਰਦਿਆਂ ਪਾਰਟੀ ਹਾਈਕਮਾਨ ਨੇ ਬਰਨਾਲਾ ਦੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਰੁਣ ਸਿੰਘ ਵੱਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ,ਇਹ ਨਿਯੁਕਤੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੀ ਸਹਿਮਤੀ ਨਾਲ ਕੀਤੀ ਗਈ ਹੈ ਅਤੇ ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗੀ।

ਕੇਵਲ ਸਿੰਘ ਢਿੱਲੋਂ, ਜੋ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਹਨ, ਪਿਛਲੇ ਲੰਬੇ ਸਮੇਂ ਤੋਂ ਪਾਰਟੀ ਵਿੱਚ ਸਰਗਰਮ ਸਨ। ਭਾਜਪਾ ਹਾਈਕਮਾਨ ਵੱਲੋਂ ਪੰਜਾਬ ਵਿੱਚ ਇੱਕ ਸਿੱਖ ਚਿਹਰੇ ਨੂੰ ਅੱਗੇ ਲਿਆਉਣ ਦੀ ਰਣਨੀਤੀ ਤਹਿਤ ਇਹ ਫੈਸਲਾ ਲਿਆ ਗਿਆ ਹੈ।



ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਕੇਵਲ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਇਹ ਯਕੀਨੀ ਬਣਾਏਗੀ ਕਿ ਸੂਬੇ ਦੇ ਕਿਸਾਨਾਂ ਨੂੰ ਕੇਂਦਰ ਵੱਲੋਂ ਸੂਚੀਬੱਧ ਸਾਰੀਆਂ ਫ਼ਸਲਾਂ 'ਤੇ (ਬਾਕੀ ਸਫਾ 2 'ਤੇ)

### ਢਿੱਲੋਂ ਦੀ ਨਿਯੁਕਤੀ 'ਚ ਮੇਰਾ ਕੋਈ ਹੱਥ ਨਹੀਂ: ਕੈਪਟਨ

ਚੰਡੀਗੜ੍ਹ, 28 ਮਈ (ਚ.ਨ.ਸ.): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਦੇ ਫੈਸਲੇ ਸਬੰਧੀ ਉਨ੍ਹਾਂ ਸਾਫ਼ ਕਿਹਾ ਹੈ ਕਿ ਪਾਰਟੀ ਹਾਈਕਮਾਨ ਵੱਲੋਂ ਲਏ ਗਏ ਇਸ ਫੈਸਲੇ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ।ਇਸ ਸਬੰਧੀ ਗੱਲਬਾਤ ਕਰਦਿਆਂ ਕੈਪਟਨ ਨੇ ਕਿਹਾ,'ਮੈਂ ਕਿਸੇ ਨੂੰ ਵੀ ਉਨ੍ਹਾਂ ਦੇ ਨਾਮ ਦੀ ਸਿਫ਼ਾਰਸ਼ ਨਹੀਂ ਕੀਤੀ ਸੀ। ਮੈਂ ਤਾਂ ਕਿਸੇ ਅਜਿਹੇ ਵਿਅਕਤੀ ਦੀ ਸਿਫ਼ਾਰਸ਼ ਕਰਨਾ ਪਸੰਦ ਕਰਾਂਗਾ ਜੋ ਪਾਰਟੀ ਨੂੰ ਅੱਗੇ ਲੈ ਕੇ ਜਾ ਸਕੇ। ਇਹ ਕੋਈ ਮਾਲਵਾ, ਮਾਝਾ ਜਾਂ ਦੋਆਬਾ ਦਾ ਮੁੱਦਾ (ਬਾਕੀ ਸਫ਼ਾ 2 'ਤੇ)

### 328 ਸਰੂਪਾਂ ਦਾ ਮਾਮਲਾ

## 'ਸਿਟ' ਨੂੰ 1100 ਪੰਨਿਆਂ ਦੇ ਰਿਕਾਰਡ ਸੌਂਪੇ, ਸਹਿਯੋਗ ਨਾ ਕਰਨ ਦੇ ਦੋਸ਼ ਬੇਬੁਨਿਆਦ: ਧਾਮੀ




ਬਬਲੂ ਮਹਾਜਨ

ਅੰਮ੍ਰਿਤਸਰ, 28 ਮਈ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 328 ਦਸਤਾਵੇਜ਼ਾਂ ਨਾਲ ਸੰਬੰਧਤ ਮਾਮਲੇ ਵਿੱਚ ਐੱਸ.ਆਈ.ਟੀ. ਵੱਲੋਂ ਮੰਗੇ ਗਏ ਸਾਰੇ ਰਿਕਾਰਡ ਮੁਹੱਈਆ ਕਰਵਾਏ ਗਏ ਹਨ ਅਤੇ ਸਾਰੀ ਕਾਰਵਾਈ ਦੀ ਵੀਡੀਓ ਰਿਕਾਰਡਿੰਗ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਐੱਸਜੀਪੀਸੀ ਨੇ ਪੂਰਾ ਸਹਿਯੋਗ ਦਿੱਤਾ ਹੈ, ਇਸਦੇ ਬਾਵਜੂਦ ਸਹਿਯੋਗ ਨਾ ਕਰਨ ਦੇ ਦੋਸ਼ ਲਗਾਏ ਜਾ ਰਹੇ ਹਨ।

ਧਾਮੀ ਨੇ ਦੱਸਿਆ ਕਿ ਐੱਸ.ਆਈ.ਟੀ. ਵੱਲੋਂ ਲੇਜਰ ਅਤੇ ਬਿੱਲ ਬੁੱਕਾਂ ਦੀ ਮੰਗ ਕੀਤੀ ਗਈ ਸੀ, ਪਰ ਐੱਸਜੀਪੀਸੀ ਨੇ ਅਸਲ ਦਸਤਾਵੇਜ਼ ਦੇਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਦੀਆਂ ਫੋਟੋਕਾਪੀਆਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਅਦਾਲਤ ਹੁਕਮ ਕਰੇਗੀ ਤਾਂ ਅਸਲ (ਬਾਕੀ ਸਫਾ 2 'ਤੇ)

### ਗੁਰੂ ਨਾਨਕ ਦੇਵ 'ਵਰਸਿਟੀ ਦੇ ਵੀ.ਸੀ. ਤੇ ਰਜਿਸਟਰਾਰ ਨੂੰ ਹਾਈਕੋਰਟ ਨੇ ਸੁਣਾਈ ਸਜ਼ਾ

ਚੰਡੀਗੜ੍ਹ, 28 ਮਈ (ਚ.ਨ.ਸ.):ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅਦਾਲਤੀ ਹੁਕਮਾਂ ਦੀ ਜਾਣ-ਬੁੱਝ ਕੇ ਉਲੰਘਣਾ ਕਰਨ ਦੇ ਦੋਸ਼ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ.ਐੱਨ.ਡੀ.ਯੂ.) ਦੇ ਵਾਈਸ ਚਾਂਸਲਰ ਕਰਮਜੀਤ ਸਿੰਘ ਅਤੇ ਰਜਿਸਟਰਾਰ ਕਰਮਜੀਤ ਸਿੰਘ ਚਾਹਲ ਨੂੰ ਅਦਾਲਤ ਦੀ ਮਾਣਹਾਨੀ ਦਾ ਦੋਸ਼ੀ ਕਰਾਰ ਦਿੰਦਿਆਂ ਇਕ ਮਹੀਨੇ ਦੀ ਸਾਧਾਰਨ ਕੈਦ ਦੀ ਸਜ਼ਾ ਸੁਣਾਈ ਹੈ। ਜਸਟਿਸ ਪੰਕਜ ਜੈਨ ਦੀ ਅਦਾਲਤ ਨੇ ਮੁਲਾਜ਼ਮਾਂ ਨੂੰ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦੇਣ ਦੇ ਮਾਮਲੇ 'ਚ ਪਹਿਲਾਂ ਦਿੱਤੇ ਗਏ ਫ਼ੈਸਲੇ ਨੂੰ ਲਾਗੂ ਨਾ ਕਰਨ 'ਤੇ ਇਹ ਸਖ਼ਤ ਕਦਮ ਚੁੱਕਿਆ ਹੈ। ਇਹ ਮਾਮਲਾ ਜੀ.ਐੱਨ.ਡੀ.ਯੂ. 'ਚ ਕੰਮ ਕਰਦੇ ਮੁਲਾਜ਼ਮਾਂ ਵੱਲੋਂ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ ਨਾਲ ਸਬੰਧਿਤ ਹੈ, ਜਿਨ੍ਹਾਂ 'ਚ (ਬਾਕੀ ਸਫਾ 2 'ਤੇ)

## ਚੰਦਰਯਾਨ-2 ਨੇ ਚੰਦਰਮਾ 'ਤੇ ਪਾਣੀ ਤੇ ਬਰ.ਫ ਦੇ ਪੁ.ਖ਼ਤਾ ਸਬੂਤਾਂ ਦੀ ਕੀਤੀ ਖੋਜ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 28 ਮਈ :ਭਾਰਤੀ ਸਪੇਸ ਏਜੰਸੀ 'ਇਸਰੋ' ਦੇ ਚੰਦਰਯਾਨ-2 ਮਿਸ਼ਨ ਨੇ ਚੰਦਰਮਾ ਬਾਰੇ ਇਕ ਹੋਰ ਇਤਿਹਾਸਕ ਖੋਜ ਕੀਤੀ ਹੈ। ਚੰਦਰਯਾਨ-2 ਦੇ ਆਰਬਿਟਰ ਤੋਂ ਮਿਲੇ ਡੇਟਾ ਨੂੰ ਐਨਾਲਾਈਜ਼ ਕਰਨ ਤੋਂ ਬਾਅਦ ਵਿਗਿਆਨੀਆਂ ਨੂੰ ਚੰਦ ਦੇ ਦੱਖਣੀ ਧਰੁਵ ਦੇ ਨੇੜੇ ਸਤ੍ਹਾ ਦੇ ਹੇਠਾਂ ਪਾਣੀ ਤੇ ਬਰਫ਼ ਹੋਣ ਦੇ ਪੁਖ਼ਤਾ ਸਬੂਤ ਮਿਲੇ ਹਨ। ਇਹ ਅਹਿਮ ਖੋਜ ਅਹਿਮਦਾਬਾਦ ਦੇ ਫਿਜ਼ੀਕਲ ਰਿਸਰਚ ਲੈਬਾਰਟਰੀ ਦੇ ਵਿਗਿਆਨੀਆਂ ਵੱਲੋਂ ਕੀਤੀ ਗਈ ਹੈ, ਜਿਸ ਦੀ ਪੁਸ਼ਟੀ ਇਸਰੋ ਨੇ ਆਪਣੀ ਤਾਜ਼ਾ ਪ੍ਰੈੱਸ ਰਿਲੀਜ਼ ਵਿੱਚ ਕੀਤੀ ਹੈ। ਵਿਗਿਆਨੀਆਂ ਮੁਤਾਬਕ ਇਹ ਖੋਜ ਚੰਦ ਦੇ ਸਭ ਤੋਂ ਠੰਢੇ ਅਤੇ ਹਨੇਰੇ ਵਾਲੇ ਹਿੱਸਿਆਂ ਵਿੱਚ ਕੀਤੀ ਗਈ ਹੈ, ਜਿਨ੍ਹਾਂ ਨੂੰ 'ਡਬਲੀ ਸ਼ੈਡੋਡ ਕ੍ਰੇਟਰਸ' ਕਿਹਾ ਜਾਂਦਾ ਹੈ। ਇਹ ਉਹ ਛੋਟੇ ਟੋਏ ਹਨ ਜੋ ਪਹਿਲਾਂ ਹੀ ਵੱਡੇ ਅਤੇ ਹਨੇਰੇ ਟੋਇਆਂ ਦੇ ਅੰਦਰ ਸਥਿਤ ਹਨ। ਇੱਥੇ ਕਦੇ ਵੀ ਸੂਰਜ ਦੀ ਰੌਸ਼ਨੀ ਜਾਂ ਗਰਮੀ ਨਹੀਂ ਪਹੁੰਚਦੀ, ਜਿਸ ਕਾਰਨ ਇੱਥੋਂ ਦਾ ਤਾਪਮਾਨ -248 ਡਿਗਰੀ ਸੈਲਸੀਅਸ ਤੱਕ ਰਹਿੰਦਾ ਹੈ। ਅਜਿਹੇ ਬੇਹੱਦ ਠੰਢੇ ਵਾਤਾਵਰਨ ਵਿੱਚ ਅਰਬਾਂ ਸਾਲਾਂ ਤੋਂ ਬਰਫ਼ ਸੁਰੱਖਿਅਤ ਪਈ ਹੋ ਸਕਦੀ ਹੈ।



ਇਸ ਖੋਜ 'ਚ ਚੰਦਰਯਾਨ-2 ਦੇ ਆਰਬਿਟਰ ਵਿੱਚ ਲੱਗੇ ਡੁਅਲ ਫ੍ਰੀਕੁਐਂਸੀ ਸਿੰਥੈਟਿਕ ਅਪਰਚਰ ਰਡਾਰ ਨੇ ਮੁੱਖ ਭੂਮਿਕਾ ਨਿਭਾਈ। ਇਹ ਚੰਦ ਦਾ ਅਧਿਐਨ ਕਰਨ ਵਾਲਾ ਦੁਨੀਆਂ ਦਾ ਪਹਿਲਾ ਪੂਰੀ ਤਰ੍ਹਾਂ ਪੋਲੈਰੀਮੈਟ੍ਰਿਕ ਰਡਾਰ ਹੈ, ਜੋ ਚੰਦ ਦੀ ਸਤ੍ਹਾ ਦੇ ਅੰਦਰ ਤੱਕ ਝਾਕਣ ਦੀ ਸਮਰੱਥਾ ਰੱਖਦਾ ਹੈ। ਵਿਗਿਆਨੀਆਂ (ਬਾਕੀ ਸਫਾ 2 'ਤੇ)

### ਅਮਰੀਕਾ-ਈਰਾਨ ਵਿਚਾਲੇ ਸਮਝੌਤੇ ਦੀ ਤਿਆਰੀ ! ਟਰੰਪ ਦੀ ਮਨਜ਼ੂਰੀ ਦਾ ਇੰਤਜ਼ਾਰ

ਵਾਸ਼ਿੰਗਟਨ, 28 ਮਈ (ਚ.ਨ.ਸ.): ਅਮਰੀਕਾ ਅਤੇ ਈਰਾਨ ਦੇ ਵਾਰਤਾਕਾਰਾਂ ਨੇ ਜੰਗਬੰਦੀ ਨੂੰ ਵਧਾਉਣ ਅਤੇ ਪ੍ਰਮਾਣੂ ਪ੍ਰੋਗਰਾਮ 'ਤੇ ਨਵੀਂ ਗੱਲਬਾਤ ਸ਼ੁਰੂ ਕਰਨ ਲਈ ਇੱਕ 60 ਦਿਨਾਂ ਦੇ ਸਮਝੌਤੇ 'ਤੇ ਸਹਿਮਤੀ ਜਤਾਈ ਹੈ। ਹਾਲਾਂਕਿ, ਇਸ ਇਤਿਹਾਸਕ ਡਿਪਲੋਮੈਟਿਕ ਸਫਲਤਾ ਨੂੰ ਅੰਤਿਮ ਰੂਪ ਦੇਣ ਲਈ ਰਾਸ਼ਟਰਪਤੀ ਟਰੰਪ ਦੀ ਮਨਜ਼ੂਰੀ ਅਜੇ ਬਾਕੀ ਹੈ।

**ਟਰੰਪ ਨੇ ਮੰਗਿਆ ਸਮਾਂ:** ਸੂਤਰਾਂ ਅਨੁਸਾਰ, ਅਮਰੀਕੀ ਅਧਿਕਾਰੀਆਂ ਨੇ ਰਾਸ਼ਟਰਪਤੀ ਟਰੰਪ ਨੂੰ ਸਮਝੌਤੇ ਦੇ ਵੇਰਵਿਆਂ ਬਾਰੇ ਜਾਣਕਾਰੀ ਦੇ ਦਿੱਤੀ ਹੈ, ਪਰ ਉਨ੍ਹਾਂ ਨੇ ਇਸ 'ਤੇ ਤੁਰੰਤ ਦਸਤਖ਼ਤ ਕਰਨ ਦੀ ਬਜਾਏ 'ਕੁਝ ਦਿਨ ਸੋਚਣ ਲਈ' ਸਮਾਂ ਮੰਗਿਆ ਹੈ। ਦੂਜੇ ਪਾਸੇ, ਈਰਾਨੀ ਪੱਖ ਨੇ ਕਥਿਤ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਕੋਲ ਲੋੜੀਂਦੀਆਂ (ਬਾਕੀ ਸਫਾ 2 'ਤੇ)

## ਭਾਜਪਾ ਵੱਲੋਂ ਸੂਬਾ ਪ੍ਰਧਾਨ ਬਦਲਣ ਮਗਰੋਂ ਕਾਂਗਰਸ ਹਾਈਕਮਾਨ ਨੇ ਸੱਦੇ ਪੰਜਾਬ ਦੇ ਆਗੂ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 28 ਮਈ : ਪੰਜਾਬ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਪ੍ਰਧਾਨ ਨੇ ਅੱਜ ਵੱਡਾ ਫੈਸਲਾ ਲੈਂਦਿਆਂ ਪੰਜਾਬ, ਦਿੱਲੀ, ਹਰਿਆਣਾ ਅਤੇ ਤ੍ਰਿਪੁਰਾ ਵਿੱਚ ਨਵੇਂ ਸੂਬਾ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤਹਿਤ ਪੰਜਾਬ ਭਾਜਪਾ ਦੀ ਕਮਾਨ ਸੀਨੀਅਰ ਨੇਤਾ ਕੇਵਲ ਸਿੰਘ ਢਿੱਲੋਂ ਨੂੰ ਸੌਂਪੀ ਗਈ ਹੈ, ਜੋ ਸੁਨੀਲ ਜਾਖੜ ਦੀ ਜਗ੍ਹਾ ਲੈਣਗੇ। ਭਾਜਪਾ ਦੇ ਇਸ ਵੱਡੇ ਜਥੇਬੰਦਕ ਫੇਰਬਦਲ ਤੋਂ ਤੁਰੰਤ ਬਾਅਦ ਕਾਂਗਰਸੀ ਖੇਮੇ ਵਿੱਚ ਵੀ ਨਵੇਂ ਪ੍ਰਧਾਨ ਦੀ ਨਿਯੁਕਤੀ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਹਨ।ਸਿਆਸੀ ਮਾਹਿਰਾਂ ਮੁਤਾਬਕ, 2027 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਸਿੱਖ ਭਾਈਚਾਰੇ ਅਤੇ ਪੇਂਡੂ ਵੋਟਰਾਂ ਤੱਕ ਆਪਣੀ ਪਹੁੰਚ ਨੂੰ ਮਜ਼ਬੂਤ ਕਰਨ ਲਈ ਭਾਜਪਾ ਨੇ ਸੁਨੀਲ ਜਾਖੜ ਦੀ ਜਗ੍ਹਾ ਕੇਵਲ ਸਿੰਘ ਢਿੱਲੋਂ ਦੇ ਰੂਪ ਵਿੱਚ ਇੱਕ ਸਿੱਖ ਚਿਹਰੇ 'ਤੇ ਦਾਅ ਖੇਡਿਆ ਹੈ। ਢਿੱਲੋਂ, ਜੋ ਪਹਿਲਾਂ ਕਾਂਗਰਸ ਦੇ ਦਿੱਗਜ ਨੇਤਾ ਅਤੇ ਬਰਨਾਲਾ ਤੋਂ ਵਿਧਾਇਕ ਰਹਿ ਚੁੱਕੇ ਹਨ, ਮਾਲਵਾ ਖੇਤਰ ਵਿੱਚ ਚੰਗਾ ਪ੍ਰਭਾਵ ਰੱਖਦੇ ਹਨ। ਪਾਰਟੀ ਨੂੰ ਉਮੀਦ ਹੈ ਕਿ ਉਨ੍ਹਾਂ ਦੀ ਅਗਵਾਈ ਵਿੱਚ ਭਾਜਪਾ ਸੂਬੇ ਦੇ ਜਥੇਬੰਧਕ ਢਾਂਚੇ ਨੂੰ ਹੋਰ ਮਜ਼ਬੂਤ ਕਰ ਸਕੇਗੀ।ਦੂਜੇ ਪਾਸੇ, ਭਾਜਪਾ ਦੀ ਇਸ ਚਾਲ ਨੇ ਪੰਜਾਬ ਕਾਂਗਰਸ ਅੰਦਰ ਵੀ ਹਲਚਲ ਵਧਾ ਦਿੱਤੀ ਹੈ। ਸੂਤਰਾਂ ਦੇ ਹਵਾਲੇ ਤੋਂ (ਬਾਕੀ ਸਫਾ 2 'ਤੇ)



### ਸਿਧਾਰਮਈਆ ਨੇ ਕਰਨਾਟਕ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਦਿੱਤਾ ਅਸਤੀ.ਫਾ

ਬੈਂਗਲੁਰੂ, 28 ਮਈ (ਚ.ਨ.ਸ.): ਕਰਨਾਟਕ ਦੀ ਰਾਜਨੀਤੀ ਵਿੱਚ ਅੱਜ ਉਸ ਸਮੇਂ ਇੱਕ ਵੱਡਾ ਫੇਰਬਦਲ ਦੇਖਣ ਨੂੰ ਮਿਲਿਆ ਜਦੋਂ ਮੁੱਖ ਮੰਤਰੀ ਸਿਧਾਰਮਈਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਆਪਣਾ ਅਸਤੀਫ਼ਾ ਰਾਜਪਾਲ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਦਿੱਤਾ ਹੈ।



ਮੁੱਖ ਮੰਤਰੀ ਸਿਧਾਰਮਈਆ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜਪਾਲ ਇਸ ਸਮੇਂ ਬੈਂਗਲੁਰੂ ਵਿੱਚ ਮੌਜੂਦ ਨਹੀਂ ਹਨ, ਜਿਸ ਕਾਰਨ ਉਨ੍ਹਾਂ ਨੇ ਅਸਤੀਫ਼ਾ ਸਿੱਧਾ ਦਫ਼ਤਰ ਨੂੰ ਸੌਂਪਿਆ ਹੈ। ਉਨ੍ਹਾਂ ਕਿਹਾ, 'ਮੈਂ ਆਪਣਾ ਅਸਤੀਫ਼ਾ ਰਾਜਪਾਲ ਦੇ ਦਫ਼ਤਰ ਨੂੰ ਸੌਂਪ ਦਿੱਤਾ ਹੈ। (ਬਾਕੀ ਸਫਾ 2 'ਤੇ)

## ਕੇਵਲ ਸਿੰਘ ਢਿੱਲੋਂ ਪ੍ਰਧਾਨ, ਭਾਜਪਾ ਦਾ ਨਵਾਂ ਪੈਂਤੜਾ

### ਕੀ ਸਿੱਖ ਚਿਹਰਾ 2027 ਦੀਆਂ ਚੋਣਾਂ ਵਿੱਚ ਜਿੱਤ ਦਿਵਾ ਸਕੇਗਾ ?

ਦਰਸ਼ਨ ਸਿੰਘ ਦਰਸ਼ਕ

ਪਟਿਆਲਾ, 28 ਮਈ (ਚ.ਨ.ਸ.): ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿਚ ਪਹਿਲੀ ਵਾਰ ਇਕ ਜੱਟ ਸਿੱਖ ਨੂੰ ਪ੍ਰਧਾਨ ਬਣਾਉਂਦੇ ਹੋਏ ਕੇਵਲ ਸਿੰਘ ਢਿੱਲੋਂ ਨੂੰ ਪਾਰਟੀ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਦਿੱਤੀ ਹੈ। ਇਹ ਪਾਰਟੀ ਜੋ ਕਿ ਕੇਂਦਰ ਅਤੇ ਦੇਸ਼ ਦੇ ਜ਼ਿਆਦਾਤਰ ਸੂਬਿਆਂ ਵਿਚ ਸੱਤਾ ਹੰਢਾ ਰਹੀ ਹੈ, ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਪੰਜਾਬ ਨੂੰ ਵੀ ਜਿੱਤਣ ਲਈ ਯਤਨਸ਼ੀਲ ਹੈ। ਭਾਜਪਾ ਦੇ ਰਣਨੀਤੀਕਾਰ ਇਹ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਤਾਸੀਰ ਦੂਜੇ ਸੂਬਿਆਂ ਨਾਲੋਂ ਵੱਖਰੀ ਹੈ, ਇਸ ਲਈ ਇੱਥੇ ਹਿੰਦੂਤਵ ਦਾ ਨਾਅਰਾ ਕੰਮ ਆਉਣ ਵਾਲਾ ਨਹੀਂ ਹੈ, ਗੰਭੀਰ ਮੰਥਨ ਅਤੇ ਤਜਰਬਿਆਂ ਤੋਂ ਬਾਅਦ ਸਿੱਖ ਚਿਹਰਿਆਂ ਨੂੰ ਅੱਗੇ ਲਿਆ ਕੇ ਸੱਤਾ ਵਿਚ ਆਉਣਾ ਚਾਹ ਰਹੀ ਹੈ।

ਪ੍ਰਸਿੱਧ ਕਾਲਮ ਨਵੀਸ ਗੁਰਮੀਤ ਪਲਾਹੀ ਜਿਨ੍ਹਾਂ ਦੀਆਂ ਟਿੱਪਣੀਆਂ ਪੰਜਾਬ ਅਤੇ ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ, ਦਾ ਕਹਿਣਾ ਹੈ ਕਿ ਭਾਜਪਾ ਜੇਕਰ ਇਹ ਸਮਝਦੀ ਹੈ ਕਿ ਸਿੱਖ ਚਿਹਰਿਆਂ ਨੂੰ ਅਗਵਾਈ ਦੇ ਕੇ ਸੱਤਾ ਵਿੱਚ ਆਇਆ ਜਾ ਸਕਦਾ ਹੈ, ਵੱਡੀ ਭੁੱਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਨਾਲ ਇਕ ਪਾਸੇ ਕੇਂਦਰ ਸਰਕਾਰ ਧੱਕੇ ਕਰਦੀ ਆ ਰਹੀ ਹੈ, ਦੂਜੇ ਪਾਸੇ ਸੂਬੇ ਵਿੱਚ ਸੱਤਾ ਹਥਿਆਉਣ ਲਈ ਧਾਰਮਿਕ ਕਾਰਡ ਖੇਡ ਰਹੀ ਹੈ, ਕੀ ਇਸ ਖੇਤਰ ਦੇ ਲੋਕ ਇੰਨੇ ਬੇਵਕੂਫ਼ ਹਨ ਜੋ ਉਸ ਦੀਆਂ ਗੱਲਾਂ ਵਿਚ ਆ ਜਾਣਗੇ।



ਪਰ ਕੇਵਲ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਭਾਜਪਾ ਪੰਜਾਬ ਦੇ ਸਾਰੇ ਹਿੱਤਾਂ ਦੀ ਰਾਖੀ ਕਰੇਗੀ। ਖ਼ਾਸ ਕਰਕੇ ਕਿਸਾਨਾਂ ਦੀ ਭਲਾਈ ਲਈ ਸੂਬੇ ਦੀਆਂ ਸਾਰੀਆਂ ਫ਼ਸਲਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ ਦੇਵੇਗੀ। ਨਾਲ-ਨਾਲ ਸਾਰੇ ਵਰਗਾਂ ਦੀ ਮਜ਼ਬੂਤੀ ਲਈ ਨਵੀਂਆਂ ਯੋਜਨਾਵਾਂ ਲਿਆਵੇਗੀ।

ਪੰਜਾਬ ਦੀ ਸਿਆਸਤ ਵਿੱਚ ਭਾਰਤੀ ਜਨਤਾ ਪਾਰਟੀ ਦਾ ਇਤਿਹਾਸ ਕਦੇ ਵੀ ਸੁਤੰਤਰ ਅਤੇ ਮਜ਼ਬੂਤ ਨਹੀਂ ਰਿਹਾ। ਲੰਮੇ ਸਮੇਂ ਤੱਕ ਉਹ ਅਕਾਲੀ ਦਲ ਦੀ ਛਾਂ ਹੇਠ ਰਹੀ-ਜੂਨੀਅਰ ਭਾਈਵਾਲ ਵਜੋਂ। ਪਰ 2020 ਵਿੱਚ ਕਿਸਾਨ ਅੰਦੋਲਨ ਅਤੇ ਤਿੰਨ ਖੇਤੀ ਕਾਨੂੰਨਾਂ ਨੇ ਇਸ ਗਠਜੋੜ ਦੀ ਨੀਂਹ ਹਿਲਾ ਦਿੱਤੀ। ਕਰੀਬ ਇੱਕ ਚੌਥਾਈ ਸਦੀ ਤੱਕ ਚੱਲੇ ਅਕਾਲੀ-ਭਾਜਪਾ ਗਠਜੋੜ ਦਾ ਟੁੱਟਣਾ 2020 ਵਿੱਚ ਕੇਂਦਰ ਵੱਲੋਂ ਲਾਏ ਖੇਤੀ ਕਾਨੂੰਨਾਂ ਦੇ ਵਿਆਪਕ ਵਿਰੋਧ ਕਾਰਨ ਹੋਇਆ। ਇਸ ਤੋਂ ਬਾਅਦ 2022 ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਭਾਰੀ ਬਹੁਮਤ ਲੈ ਲਿਆ। (ਬਾਕੀ ਸਫਾ 2 'ਤੇ)

### ਉਰਦੂ ਸ਼ਾਇਰੀ ਦੇ ਇੱਕ ਯੁਗ ਦਾ ਅੰਤ

**'ਉਜਾਲੇ ਅਪਨੀ ਯਾਦੋਂ ਕੋ ਹਮਾਰੇ ਸਾਥ ਰਹਿਨੇ ਦੋ, ਨਾ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਏ'**

## ਸ਼ਾਇਰ ਬਸ਼ੀਰ ਬਦਰ ਹੁਣ ਦੁਨੀਆਂ 'ਚ ਨਹੀਂ ਰਹੇ

ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਉਰਦੂ ਦੇ ਪ੍ਰਸਿੱਧ ਸ਼ਾਇਰ ਤੇ ਗਜ਼ਲਾਂ ਦੇ ਬਾਦਸ਼ਾਹ ਮੁਹੱਬਤ ਭਰੇ ਸ਼ੇਅਰਾਂ ਨੂੰ ਰਚਣ ਵਾਲੇ ਮਹਾਨ ਸ਼ਾਇਰ ਬਸ਼ੀਰ ਬਦਰ ਅੱਜ 91 ਸਾਲਾਂ ਦੀ ਉਮਰ ਭੋਗ ਕੇ ਇਸ ਦੁਨੀਆਂ ਤੋਂ ਚਲੇ ਗਏ ਹਨ ।

ਅੱਜ ਜਦੋਂ ਮੈਂ ਆਪਣੀਆਂ ਯਾਦਾਂ ਨੂੰ ਪਿੱਛੇ ਮੁੜ ਕੇ ਦੇਖਦਾ ਹਾਂ ਤੇ ਉਹਨਾਂ ਦੇ ਨਾਲ ਬਿਤਾਏ ਹੋਏ 45 ਵਰ੍ਹਿਆਂ ਦੀ ਦੋਸਤੀ ਦੇ ਕਈ ਐਸੇ ਪਲ ਯਾਦ ਆਉਂਦੇ ਨੇ ਜਿਨਾਂ ਵਿੱਚ ਹਨੇਰਿਆਂ ਵਿੱਚ ਜੁਗਨੂੰ ਲੱਭਣ ਵਾਂਗ ਦੁੱਖ ਸੁੱਖ ਸਾਂਝਾ ਕਰਨ ਦੇ ਨਾਲ ਇਕ ਨਵੇਂ ਆਕਾਸ਼ ਨੂੰ ਛੂਹ ਕੇ ਵੇਖਿਆ ਸੀ ।

ਉਹ ਦੁਨੀਆਂ ਭਰ ਵਿੱਚ ਉਰਦੂ ਦੇ ਰੁਮਾਨੀ ਸ਼ਾਇਰ ਵਜੋਂ ਜਾਣੇ ਜਾਂਦੇ ਹਨ ਪਰੰਤੂ ਅੱਜ ਉਰਦੂ ਸ਼ਾਇਰੀ ਉਦਾਸ ਹੈ। ਉਰਦੂ ਗ਼ਜ਼ਲ ਦਾ ਸੂਰਜ ਡੁੱਬ ਗਿਆ ਹੈ।

28 ਮਈ 2026 ਨੂੰ ਉਰਦੂ ਸਾਹਿਤ ਦੀ ਇੱਕ ਅਨਮੋਲ ਵਿਰਾਸਤ ਨੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਿਹਾ ਹੈ। ਡਾ. ਬਸ਼ੀਰ ਬਦਰ (15 ਫ਼ਰਵਰੀ 1935) ਭੋਪਾਲ ਵਿਚ 91 ਸਾਲ ਦੀ ਉਮਰ ਵਿਚ ਇਸ ਦੁਨੀਆਂ ਤੋਂ ਵਿਦਾ ਹੋ ਗਏ ਹਨ । ਉਨ੍ਹਾਂ ਦੀ ਲੰਬੀ ਬਿਮਾਰੀ (ਡਿਮੈਂਸ਼ੀਆ) ਤੋਂ ਬਾਅਦ ਇਹ ਵਿਛੋੜਾ ਹੋਇਆ ਹੈ, ਪਰ ਉਨ੍ਹਾਂ ਦੀਆਂ ਗ਼ਜ਼ਲਾਂ ਅਜੇ ਵੀ ਲੱਖਾਂ ਦਿਲਾਂ ਵਿਚ ਜਿਉਂਦੀਆਂ ਹਨ।



ਉਰਦੂ ਗ਼ਜ਼ਲ ਨੂੰ ਆਮ ਆਦਮੀ ਦੀ ਭਾਸ਼ਾ ਬਣਾਉਣ ਵਾਲੇ ਇਸ ਸ਼ਾਇਰ ਨੇ ਆਪਣੀ ਸਾਦਗੀ ਅਤੇ ਡੂੰਘਾਈ ਨਾਲ ਪੂਰੀ ਉਰਦੂ ਸ਼ਾਇਰੀ ਨੂੰ ਨਵੀਂ ਊਰਜਾ ਬਖ਼ਸ਼ੀ।ਬਸ਼ੀਰ ਬਦਰ ਸਾਹਿਬ ਫ਼ੈਜ਼ਾਬਾਦ (ਅੰਬੇਡਕਰ ਨਗਰ) ਵਿਚ ਜਨਮੇ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐੱਮ.ਏ. ਤੇ ਪੀਐੱਚ.ਡੀ. ਕਰਨ ਤੋਂ ਬਾਅਦ ਉਥੇ ਹੀ ਅਧਿਆਪਕ ਵਜੋਂ ਸੇਵਾ ਨਿਭਾਈ। ਬਾਅਦ ਵਿਚ ਮੇਰਠ ਕਾਲਜ ਵਿਚ ਵੀ ਲੰਬਾ ਸਮਾਂ ਗੁਜ਼ਾਰਿਆ। 1987 ਦੇ ਮੇਰਠ ਦੰਗਿਆਂ ਵਿਚ ਉਨ੍ਹਾਂ ਦਾ ਘਰ, ਕਿਤਾਬਾਂ ਅਤੇ ਅਣਪ੍ਰਕਾਸ਼ਿਤ ਰਚਨਾਵਾਂ ਸੜ ਗਈਆਂ, ਫਿਰ ਉਹ ਭੋਪਾਲ ਆ ਵਸੇ। ਇਸ ਨੁਕਸਾਨ ਨੇ ਉਨ੍ਹਾਂ ਨੂੰ ਟੁੱਟਣ ਨਾ ਦਿੱਤਾ। ਉਨ੍ਹਾਂ ਨੇ ਆਪਣੀਆਂ ਯਾਦਾਂ ਨੂੰ ਗ਼ਜ਼ਲਾਂ ਵਿਚ ਪਿਆਰ ਨਾਲ ਸਾਂਭਿਆ। (ਬਾਕੀ ਸਫ਼ਾ 2 'ਤੇ)

# ਰਾਮਬਾਗ਼ ਬਾਂਸਾਂ ਵਾਲੇ ਬਾਜ਼ਾਰ 'ਚ ਭਿਆਨਕ ਅੱਗ ਕਾਰਨ ਕਈ ਦੁਕਾਨਾਂ ਸੜੀਆਂ

## ਇੱਕ ਲਾਸ਼ ਮਿਲਣ ਦੀ ਖ਼ਬਰ, ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦਾ ਖ਼ਦਸ਼ਾ

ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ) : ਅੰਮ੍ਰਿਤਸਰ ਦੇ ਰਾਮਬਾਗ ਬਾਂਸਾਂ ਵਾਲੇ ਬਾਜ਼ਾਰ ਵਿੱਚ ਅੱਜ ਇੱਕ ਭਿਆਨਕ ਅੱਗ ਲੱਗਣ ਕਾਰਨ ਇਲਾਕੇ ਵਿੱਚ ਦਹਿਸ਼ਤ ਅਤੇ ਅਫਰਾ-ਤਫਰੀ ਦਾ ਮਾਹੌਲ ਪੈਦਾ ਹੋ ਗਿਆ। ਬਾਂਸਾਂ ਵਾਲੀ ਮਾਰਕੀਟ ਵਿੱਚ ਸੁੱਕਾ ਸਮਾਨ ਵੱਧ ਮਾਤਰਾ ਵਿੱਚ ਹੋਣ ਕਾਰਨ ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਇਸ ਨੇ ਕੁਝ ਹੀ ਸਮੇਂ ਵਿੱਚ ਕਈ ਦੁਕਾਨਾਂ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਅੱਗ ਲੱਗਣ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ, ਪਰ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਹਾਦਸਾ ਸ਼ਾਰਟ ਸਰਕਟ ਕਾਰਨ ਵਾਪਰਿਆ ਹੋ ਸਕਦਾ ਹੈ।



ਇਸ ਘਟਨਾ ਨੂੰ ਲੈ ਕੇ ਸਥਾਨਕ ਲੋਕਾਂ ਵਿੱਚ ਪ੍ਰਸ਼ਾਸਨ ਅਤੇ ਦਮਕਲ ਵਿਭਾਗ ਖ਼ਿਲਾਫ਼ ਭਾਰੀ ਰੋਸ ਦੇਖਣ ਨੂੰ ਮਿਲਿਆ। ਇਲਾਕਾ ਵਾਸੀਆਂ ਦਾ ਦੋਸ਼ ਹੈ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਕਾਫੀ ਦੇਰੀ ਨਾਲ ਮੌਕੇ 'ਤੇ ਪਹੁੰਚੀਆਂ। ਲੋਕਾਂ ਮੁਤਾਬਕ ਜਦੋਂ ਉਨ੍ਹਾਂ ਨੇ ਕਮਿਸ਼ਨਰ ਨਾਲ ਸੰਪਰਕ ਕੀਤਾ ਤਾਂ ਦੱਸਿਆ ਗਿਆ ਕਿ ਬਕਰੀਦ ਦੀ ਛੁੱਟੀ ਹੋਣ ਕਾਰਨ ਕੁਝ ਦਿੱਕਤ ਆਈ ਹੈ। ਸਥਾਨਕ ਦੁਕਾਨਦਾਰ ਰਾਜੀਵ ਕੁਮਾਰ ਰਾਜੂ ਨੇ ਦੱਸਿਆ ਕਿ ਉਹ ਪਿਛਲੇ 40 ਸਾਲਾਂ ਤੋਂ ਇੱਥੇ ਕਾਰੋਬਾਰ ਕਰ ਰਹੇ ਹਨ, ਪਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਅਜਿਹਾ ਭਿਆਨਕ ਮੰਜ਼ਰ ਨਹੀਂ ਦੇਖਿਆ। ਹਾਲਾਂਕਿ, ਘਟਨਾ ਵਾਲੀ ਥਾਂ 'ਤੇ ਇੱਕ ਵਿਅਕਤੀ ਦੀ ਸੜੀ ਹੋਈ ਮ੍ਰਿਤਕ ਦੇਹ (ਡੈਡ ਬੋਡੀ) ਵੀ ਦੇਖੀ ਗਈ ਹੈ।

ਹਾਦਸੇ ਦੀ ਸੂਚਨਾ ਮਿਲਦਿਆਂ ਹੀ ਹਲਕਾ ਵਿਧਾਇਕ ਡਾ. ਅਜੇ ਗੁਪਤਾ ਤੁਰੰਤ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਫਾਇਰ ਬ੍ਰਿਗੇਡ, ਪੁਲਿਸ ਅਤੇ ਪੀ.ਐਸ.ਪੀ.ਸੀ.ਐਲ. ਦੇ ਉੱਚ ਅਧਿਕਾਰੀਆਂ ਨੂੰ ਫੋਨ ਕਰਕੇ ਤੁਰੰਤ ਪ੍ਰਬੰਧ ਕਰਵਾਏ। ਮੌਕੇ 'ਤੇ ਪਹੁੰਚੀ ਟ੍ਰੈਫਿਕ ਪੁਲਿਸ ਅਧਿਕਾਰੀ ਬਲਵਿੰਦਰ ਕੌਰ ਨੇ ਦੱਸਿਆ ਕਿ ਪਹਿਲ ਦੇ ਅਧਾਰ 'ਤੇ ਲੋਕਾਂ ਦੀ ਜਾਨ ਬਚਾਉਣ ਅਤੇ ਸੁਰੱਖਿਅਤ ਬਾਹਰ ਕੱਢਣ ਦੇ ਯਤਨ ਕੀਤੇ ਜਾ ਰਹੇ ਹਨ। ਫਿਲਹਾਲ 6 ਤੋਂ ਵੱਧ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਜਾਂਚ ਜਾਰੀ ਹੈ।

# ਮਾਨ ਸਰਕਾਰ ਵੱਲੋਂ ਲੜਕੀਆਂ ਲਈ ਸਕੂਲ-ਅਧਾਰਤ ਮਾਹਵਾਰੀ ਸਿਹਤ ਸਿੱਖਿਆ ਦੀ ਸ਼ੁਰੂਆਤ

ਚੰਡੀਗੜ੍ਹ, 28 ਮਈ (ਚ.ਨ.ਸ.) : ਸੂਬੇ ਵਿੱਚ ਕੁੜੀਆਂ ਦੀ ਸਿੱਖਿਆ, ਬਾਲਗ ਸਿਹਤ ਅਤੇ ਲਿੰਗ ਸੰਵੇਦਨਸ਼ੀਲ ਪੜ੍ਹਾਈ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਭਰ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੀਆਂ ਕਿਸ਼ੋਰ ਅਵਸਥਾ ਕੁੜੀਆਂ ਲਈ ਭਾਰਤ ਦੀਆਂ ਸਭ ਤੋਂ ਵੱਡੀਆਂ ਸਕੂਲ-ਅਧਾਰਤ ਮਾਹਵਾਰੀ ਸਿਹਤ ਸਿੱਖਿਆ ਪਹਿਲਕਦਮੀਆਂ ਵਿੱਚੋਂ ਇੱਕ ਦੀ ਸ਼ੁਰੂਆਤ ਕੀਤੀ ਹੈ।

28 ਮਈ ਨੂੰ ਮਾਹਵਾਰੀ ਸਿਹਤ ਸਫਾਈ ਦਿਵਸ ਮੌਕੇ, ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਦੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ "ਮਾਹਵਾਰੀ ਸਫਾਈ ਪਾਠਕ੍ਰਮ" ਦੇ ਪੜਾਅ ਵਾਰ ਸੂਬਾ ਪੱਧਰੀ ਵਿਸਥਾਰ ਦਾ ਐਲਾਨ ਕੀਤਾ। ਪਾਠਕ੍ਰਮ ਦਾ ਪਹਿਲਾ ਸੈਸ਼ਨ ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਕੱਲ੍ਹ, ਭਾਵ 29.05.2026 ਨੂੰ ਕਰਵਾਇਆ ਜਾਵੇਗਾ। ਇਸ ਪਹਿਲਕਦਮੀ ਨਾਲ 3,600 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੀਆਂ 6ਵੀਂ ਤੋਂ 10ਵੀਂ ਜਮਾਤ ਦੀਆਂ 3.4 ਲੱਖ ਤੋਂ ਵੱਧ ਵਿਦਿਆਰਥਣਾਂ ਨੂੰ ਸਿੱਧੇ ਤੌਰ 'ਤੇ ਲਾਭ ਹੋਣ ਦੀ ਉਮੀਦ ਹੈ।ਇਹ ਪਹਿਲਕਦਮੀ ਭਗਵੰਤ ਮਾਨ ਸਰਕਾਰ ਵੱਲੋਂ ਜਨਤਕ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਅਤੇ ਸਾਰਿਆਂ ਲਈ ਪਹੁੰਚਣਯੋਗ ਬਣਾਉਣ ਵੱਲ ਦਿੱਤੀ ਜਾ ਰਹੀ ਤਰਜੀਹ ਨੂੰ ਦਰਸਾਉਂਦੀ ਹੈ, ਜਿੱਥੇ ਕੁੜੀਆਂ ਨੂੰ ਜਾਗਰੂਕਤਾ, ਆਤਮਵਿਸ਼ਵਾਸ, ਮਾਣ ਅਤੇ ਮਿਆਰੀ ਸਿਹਤ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕੀਤੀ ਜਾਂਦੀ ਹੈ।ਮਾਹਵਾਰੀ ਸਿਹਤ ਸਿੱਖਿਆ ਨੂੰ ਇੰਨੇ ਵੱਡੇ ਪੱਧਰ 'ਤੇ ਕਲਾਸਰੂਮਾਂ ਤੱਕ ਲੈ ਜਾ ਕੇ, ਪੰਜਾਬ ਸਰਕਾਰ ਨੇ ਇੱਕ ਅਜਿਹੇ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਰਵਾਇਤੀ ਤੌਰ 'ਤੇ ਚੁੱਪ, ਝਿਜਕ, ਮਿੱਥਾਂ ਅਤੇ ਸਮਾਜਿਕ ਭੈਅ ਨਾਲ ਘਿਰਿਆ ਹੋਇਆ ਸੀ।

ਅਧਿਕਾਰੀਆਂ ਨੇ ਕਿਹਾ ਕਿ ਇਸ ਪਹਿਲ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਮਾਹਵਾਰੀ ਕਦੇ ਵੀ ਕੁੜੀਆਂ ਦੀ ਸਿੱਖਿਆ, ਆਤਮਵਿਸ਼ਵਾਸ, ਭਾਗੀਦਾਰੀ, ਭਲਾਈ ਜਾਂ ਸਕੂਲੀ ਜੀਵਨ ਵਿੱਚ ਰੁਕਾਵਟ ਨਾ ਬਣੇ। ਇਹ ਪ੍ਰੋਗਰਾਮ ਭਾਰਤ ਦੀ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨਾਲ ਮੇਲ ਖਾਂਦਾ ਹੈ, ਜਿਸ ਵਿੱਚ ਇਹ ਮੰਨਿਆ ਗਿਆ ਹੈ ਕਿ ਮਾਹਵਾਰੀ ਸਿਹਤ ਅਤੇ ਸਫਾਈ ਸਿੱਧੇ ਤੌਰ 'ਤੇ ਕਿਸ਼ੋਰ ਅਵਸਥਾ ਲੜਕੀਆਂ ਲਈ ਮਾਣ, ਸਿੱਖਿਆ ਅਤੇ ਸਮਾਨਤਾ ਨਾਲ ਜੁੜੀ ਹੋਈ ਹੈ।

# ਅੰਮ੍ਰਿਤਸਰ ਦੇ ਕੋਟ ਆਤਮਾ ਰਾਮ ਇਲਾਕੇ 'ਚ 'ਆਪ' ਨਾਲ ਜੁੜਿਆ ਜੈਪਾਲ ਸਿੰਘ ਗੋਲ਼ੀ ਲੱਗਣ ਕਾਰਨ ਜ਼ਖ਼ਮੀ

ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ) :ਅੰਮ੍ਰਿਤਸਰ ਦੇ ਕੋਟ ਆਤਮਾ ਰਾਮ ਇਲਾਕੇ ਵਿੱਚ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਇੱਕ ਛੋਟੀ ਜਿਹੀ ਤਕਰਾਰ ਗੋਲੀਬਾਰੀ ਵਿੱਚ ਤਬਦੀਲ ਹੋ ਗਈ। ਇਸ ਘਟਨਾ ਵਿੱਚ ਆਮ ਆਦਮੀ ਪਾਰਟੀ ਨਾਲ ਜੁੜੇ ਜੈਪਾਲ ਸਿੰਘ ਅਤੇ ਇੱਕ ਹੋਰ ਵਿਅਕਤੀ ਨਰਿੰਦਰ ਸਿੰਘ ਜਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਦੱਖਣੀ ਹਲਕੇ ਤੋਂ ਵਿਧਾਇਕ ਡਾ. ਇੰਦਰਵੀਰ ਸਿੰਘ ਨਿੱਝਰ ਵੀ ਹਸਪਤਾਲ ਪਹੁੰਚੇ ਅਤੇ ਜਖਮੀ ਜੈਪਾਲ ਸਿੰਘ ਦਾ ਹਾਲ-ਚਾਲ ਜਾਣਿਆ।

ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਉਨ੍ਹਾਂ ਦੇ ਹਲਕੇ ਵਿੱਚ ਗੋਲੀਬਾਰੀ ਹੋਈ ਹੈ ਅਤੇ ਜੈਪਾਲ ਸਿੰਘ ਅਮਨਦੀਪ ਹਸਪਤਾਲ ਵਿੱਚ ਦਾਖਲ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਡਾਕਟਰਾਂ ਨਾਲ ਗੱਲ ਕਰਕੇ ਮਰੀਜ਼ਾਂ ਦੀ ਸਥਿਤੀ ਬਾਰੇ ਜਾਣਕਾਰੀ ਲਈ ਗਈ ਹੈ ਅਤੇ ਪੂਰੀ ਘਟਨਾ ਬਾਰੇ ਅਜੇ ਵਿਸਥਾਰ ਨਾਲ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ।ਡਾ. ਨਿੱਝਰ ਨੇ ਕਿਹਾ ਕਿ ਜੈਪਾਲ ਸਿੰਘ ਆਮ



ਆਦਮੀ ਪਾਰਟੀ ਦੇ ਸੀਨੀਅਰ ਵਲੰਟੀਅਰ ਹਨ ਅਤੇ ਪਹਿਲਾਂ ਚੋਣ ਵੀ ਲੜ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੇ ਸਾਰੇ ਪੱਖਾਂ ਦੀ ਜਾਂਚ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ ਕਿ ਘਟਨਾ ਦੇ ਅਸਲ ਕਾਰਨ ਕੀ ਸਨ। ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸਿਆਸੀ ਰੰਜਿਸ਼ ਦੀ ਪੁਸ਼ਟੀ ਨਹੀਂ ਹੋਈ ਅਤੇ ਪੁਲਿਸ ਜਾਂਚ ਤੋਂ ਬਾਅਦ ਹੀ ਸੱਚਾਈ ਸਾਹਮਣੇ ਆਵੇਗੀ।

ਇਸ ਮੌਕੇ ਵਾਰਡ ਨੰਬਰ 47 ਤੋਂ ਕੌਂਸਲਰ ਵਰਪਾਲ ਸਿੰਘ ਬੱਬਰ ਨੇ ਦੱਸਿਆ ਕਿ ਜੈਪਾਲ ਸਿੰਘ ਉਨ੍ਹਾਂ ਦੇ ਕਰੀਬੀ ਸਾਥੀ ਹਨ ਅਤੇ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਮੁਤਾਬਕ ਸ਼ੁਰੂਆਤੀ ਜਾਣਕਾਰੀ ਅਨੁਸਾਰ ਗੱਡੀ ਖੜ੍ਹੀ ਕਰਨ ਨੂੰ ਲੈ ਕੇ ਦੋ ਧਿਰਾਂ ਵਿੱਚ ਤਕਰਾਰ ਹੋਈ ਸੀ, ਜੋ ਬਾਅਦ ਵਿੱਚ ਹਿੰਸਕ ਝਗੜੇ ਵਿੱਚ ਬਦਲ ਗਈ। ਉਨ੍ਹਾਂ ਦੱਸਿਆ ਕਿ ਗੋਲੀਬਾਰੀ ਦੌਰਾਨ ਜੈਪਾਲ ਸਿੰਘ ਨੂੰ ਇੱਕ ਗੋਲੀ ਲੱਗੀ, ਜਦਕਿ ਹੋਰ ਫਾਇਰ ਵੀ ਕੀਤੇ ਗਏ। ਉਨ੍ਹਾਂ ਇਹ ਵੀ ਕਿਹਾ ਕਿ ਜੈਪਾਲ ਸਿੰਘ ਦੇ ਪੁੱਤਰ 'ਤੇ ਵੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਉੱਥੇ ਹੀ ਥਾਣਾ ਬੀ ਡਿਵੀਜ਼ਨ ਦੇ ਪੁਲਿਸ ਅਧਿਕਾਰੀ ਬਲਜਿੰਦਰ ਸਿੰਘ ਓਲਖ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਘਟਨਾ ਕੋਟ ਆਤਮਾ ਰਾਮ ਇਲਾਕੇ ਵਿੱਚ ਵਾਪਰੀ।

ਉਨ੍ਹਾਂ ਕਿਹਾ ਕਿ ਕਰਨ ਨਾਮਕ ਨੌਜਵਾਨ ਵੱਲੋਂ ਗੱਡੀ ਪਾਰਕ ਕਰਨ ਨੂੰ ਲੈ ਕੇ ਤਜਿੰਦਰ ਸਿੰਘ ਨਾਲ ਬਹਿਸ ਹੋਈ ਸੀ। ਇਸ ਤੋਂ ਬਾਅਦ ਦੋਵੇਂ ਧਿਰਾਂ ਵਿੱਚ ਝੜਪ ਹੋ ਗਈ ਅਤੇ ਮਾਮਲਾ ਇੰਨਾ ਵੱਧ ਗਿਆ ਕਿ ਦੋਵੇਂ ਪਾਸਿਆਂ ਤੋਂ ਗੋਲੀਆਂ ਚੱਲੀਆਂ।ਪੁਲਿਸ ਅਧਿਕਾਰੀ ਨੇ ਦੱਸਿਆ ਕਿ ਘਟਨਾ ਵਿੱਚ ਜੈਪਾਲ ਸਿੰਘ ਅਤੇ ਨਰਿੰਦਰ ਸਿੰਘ ਜਖਮੀ ਹੋਏ ਹਨ ਅਤੇ ਦੋਵੇਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਦੂਜੀ ਧਿਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਗੋਲੀ ਸੈਲਫ ਡਿਫੈਂਸ ਵਿੱਚ ਚਲਾਈ ਗਈ ਸੀ। ਫਿਲਹਾਲ ਪੁਲਿਸ ਵੱਲੋਂ ਮੌਕੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਵੇਂ ਧਿਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਪੁਲਿਸ ਨੇ ਕਿਹਾ ਕਿ ਜਾਂਚ ਦੌਰਾਨ ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪਹਿਲੇ ਸਫ਼ੇ ਦੀ ਬਾਕੀ

## ਰੇਲ 'ਚ ਯਾਤਰੀ ਕੋਲੋਂ ਮਿਲਿਆ

ਵਾਪਰੀ। ਸਿਕੰਦਰਾਬਾਦ ਰੇਲਵੇ ਪੁਲਿਸ ਅਤੇ ਆਰ.ਪੀ.ਐਫ. ਦੀ ਇੱਕ ਟੀਮ ਬੋਲਾਰੂਮ ਅਤੇ ਮਲਕਾਜਗਿਰੀ ਰੇਲਵੇ ਸਟੇਸ਼ਨਾਂ ਵਿਚਕਾਰ ਜਾਂਚ ਕਰ ਰਹੀ ਸੀ। ਇੱਕ 40 ਸਾਲਾ ਵਿਅਕਤੀ ਨੂੰ ਸ਼ੱਕੀ ਹਾਲਾਤਾਂ ਵਿੱਚ ਇੱਕ ਬੈਗ ਲੈ ਕੇ ਜਾਂਦੇ ਦੇਖਿਆ ਗਿਆ। ਪੁਲਿਸ ਨੂੰ ਉਸ ਦੀਆਂ ਹਰਕਤਾਂ ਅਜੀਬ ਲੱਗੀਆਂ ਅਤੇ ਉਸ ਨੇ ਉਸ ਤੋਂ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਪੁੱਛ-ਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਦੋਸ਼ੀ ਮਹਾਰਾਸ਼ਟਰ ਦੇ ਅਮਰਾਵਤੀ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਉਸ ਨੇ ਪੁਲਿਸ ਨੂੰ ਦੱਸਿਆ ਕਿ ਮੁੰਬਈ ਦੇ ਇੱਕ ਗਹਿਣਿਆਂ ਦੇ ਕਾਰੋਬਾਰੀ ਨੇ ਉਸ ਨੂੰ ਨਕਦੀ ਸੌਂਪੀ ਸੀ। ਉਸ ਦਾ ਕੰਮ ਸਿਰਫ ਇੰਨਾ ਸੀ ਕਿ ਦੇਵਗਿਰੀ ਐਕਸਪ੍ਰੈੱਸ ਤੋਂ ਸਿਕੰਦਰਾਬਾਦ ਪਹੁੰਚੇ ਤੇ ਉਥੇ ਮੋਂਡਾ ਮਾਰਕੀਟ ਇਲਾਕੇ ਵਿਚ ਮੌਜੂਦ ਇੱਕ ਜਵੈਲਰੀ ਕਾਰੋਬਾਰੀ ਨੂੰ ਰਕਮ ਦੇ ਦੇਵੇ। ਕਰੋੜਾਂ ਰੁਪਏ ਪਹੁੰਚਾਉਣ ਦੇ ਬਦਲੇ ਉਸ ਨੂੰ 5,000 ਰੁਪਏ ਮਿਲਣ ਵਾਲੇ ਸਨ।

ਪੁਲਿਸ ਮੁਤਾਬਕ ਦੋਸ਼ੀ ਨਕਦੀ ਨਾਲ ਜੁੜੇ ਕੋਈ ਵੀ ਜਾਇਜ਼ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਨਾ ਤਾਂ ਉਸਨੇ ਨਕਦੀ ਦਾ ਹਿਸਾਬ ਦਿੱਤਾ, ਨਾ ਹੀ ਬਿੱਲ, ਅਤੇ ਨਾ ਹੀ ਨਕਦੀ ਦੇ ਸਰੋਤ ਲਈ ਕੋਈ ਤਸੱਲੀਬਖਸ਼ ਸਪੱਸ਼ਟੀਕਰਨ ਦਿੱਤਾ। ਇਸ ਤੋਂ ਬਾਅਦ ਸਾਰੀ ਰਕਮ ਜ਼ਬਤ ਕਰ ਲਈ ਗਈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਮਾਮਲਾ ਹਵਾਲਾ ਕਾਰੋਬਾਰ ਨਾਲ ਜੁੜਿਆ ਹੋਇਆ ਹੈ।

ਪੁਲਿਸ ਹੁਣ ਇਹ ਪਤਾ ਲਗਾਉਣ ਵਿਚ ਲੱਗੀ ਹੈ ਕਿ ਆਖਿਰ ਮੁੰਬਈ ਤੇ ਹੈਦਰਾਬਾਦ ਵਿਚਾਲੇ ਇਹ ਹਵਾਲਾ ਨੈੱਟਵਰਕ ਕਿੰਨੇ ਵੱਡੇ ਪੱਧਰ 'ਤੇ ਕੰਮ ਕਰ ਰਿਹਾ ਸੀ। ਜਵੈਲਰੀ ਕਾਰੋਬਾਰ ਦੀ ਆੜ ਵਿਚ ਕਰੋੜਾਂ ਰੁਪਏ ਇਧਰ ਤੋਂ ਉਧਰ ਭੇਜੇ ਜਾ ਰਹੇ ਸਨ ਜਾਂ ਨਹੀਂ, ਇਸ ਦੀ ਵੀ ਜਾਂਚ ਹੋ ਰਹੀ ਹੈ।

ਰੇਲਵੇ ਪੁਲਿਸ ਦਾ ਕਹਿਣਾ ਹੈ ਕਿ ਹਾਲ ਹੀ ਵਿੱਚ ਰੇਲ ਗੱਡੀਆਂ ਰਾਹੀਂ ਹਵਾਲਾ ਅਤੇ ਗੈਰ-ਕਾਨੂੰਨੀ ਨਕਦੀ ਟ੍ਰਾਂਸਪੋਰਟ ਦੇ ਮਾਮਲੇ ਵਧੇ ਹਨ। ਨਤੀਜੇ ਵਜੋਂ ਰੇਲਵੇ ਸਟੇਸ਼ਨਾਂ ਅਤੇ ਰੇਲਗੱਡੀਆਂ 'ਤੇ ਵਾਰ-ਵਾਰ ਚੈਕਿੰਗ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਦੋਸ਼ੀ ਤੋਂ ਇਸ ਸਮੇਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਪੁਲਿਸ ਇਸ ਨੈੱਟਵਰਕ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਭਾਲ ਕਰ ਰਹੀ ਹੈ।

## ਪੰਜਾਬ ਨਿਗਮ ਚੋਣਾਂ ਦੇ

ਚੋਣ ਕਮਿਸ਼ਨ ਮੁਤਾਬਕ ਹਰੇਕ ਗਿਣਤੀ ਕੇਂਦਰ 'ਤੇ 10 ਤੋਂ 14 ਟੇਬਲ ਲਗਾਏ ਜਾਣਗੇ। ਹਰੇਕ ਟੇਬਲ 'ਤੇ ਇੱਕ ਕਾਊਂਟਿੰਗ ਸੁਪਰਵਾਈਜ਼ਰ ਅਤੇ ਦੋ ਕਾਊਂਟਿੰਗ ਅਸਿਸਟੈਂਡ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਬੈਲਟ ਬਾਕਸਾਂ ਨੂੰ ਲਿਜਾਣ ਲਈ ਕਲੈਰੀਕਲ ਸਟਾਫ ਤਾਇਨਾਤ ਕੀਤਾ ਗਿਆ ਹੈ। ਸਾਰੇ ਪ੍ਰਬੰਧਾਂ ਦੀ ਨਿਗਰਾਨੀ ਮਾਈਕ੍ਰੋ-ਆਬਜ਼ਰਵਰ-ਪੱਧਰ ਦੇ ਅਧਿਕਾਰੀਆਂ ਰਾਹੀਂ ਕੀਤੀ ਜਾਵੇਗੀ। ਜ਼ਿਲ੍ਹਾ ਚੋਣ ਅਧਿਕਾਰੀ ਸਮੁੱਚੇ ਇੰਚਾਰਜ ਹੋਣਗੇ ਅਤੇ ਐਸ.ਐਸ.ਪੀ. ਸੁਰੱਖਿਆ ਦੀ ਨਿਗਰਾਨੀ ਕਰਨਗੇ।

ਗੈਰ-ਅਧਿਕਾਰਤ ਵਿਅਕਤੀਆਂ ਨੂੰ ਦਾਖਲ ਹੋਣ ਤੋਂ ਰੋਕਣ ਲਈ ਗਿਣਤੀ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਇੱਕ ਸੁਰੱਖਿਆ ਘੇਰਾ ਸਥਾਪਤ ਕੀਤਾ ਗਿਆ ਹੈ। ਸਿਰਫ਼ ਪਾਸ ਵਾਲੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਕਾਊਂਟਿੰਗ ਏਜੰਟਾਂ ਨੂੰ ਹੀ ਅੰਦਰ ਜਾਣ ਦੀ ਇਜਾਜ਼ਤ ਹੋਵੇਗੀ।

## ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਮੀਂਹ

ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਲੁਧਿਆਣਾ ਵਿੱਚ ਵੀ ਹਲਕੀ ਬਾਰਿਸ਼ ਹੋ ਸਕਦੀ ਹੈ। ਇਨ੍ਹਾਂ ਜ਼ਿਲ੍ਹਿਆਂ 'ਚ 50 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ। ਜਿਸ ਨਾਲ ਤਾਪਮਾਨ 'ਚ ਗਿਰਾਵਟ ਆਵੇਗੀ ਤੇ ਮੌਸਮ ਠੰਡਾ ਹੋ ਜਾਵੇਗਾ।

ਮੌਸਮ ਵਿਭਾਗ ਮੁਤਾਬਕ 31 ਮਈ ਨੂੰ ਮੀਂਹ ਦੀ ਗਤੀਵਿਧੀ ਘੱਟ ਹੋ ਸਕਦੀ ਹੈ। ਗੁਰਦਾਸਪੁਰ, ਮੋਹਾਲੀ, ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਦੇ ਕੁਝ ਇਲਾਕਿਆਂ ਵਿੱਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ ਜਦਕਿ ਬਾਕੀ ਪੰਜਾਬ ਵਿੱਚ ਮੌਸਮ ਜ਼ਿਆਦਾਤਰ ਖੁਸ਼ਕ ਰਹੇਗਾ। ਇਸ ਦੇ ਨਾਲ ਹੀ 1 ਜੂਨ ਨੂੰ ਪੂਰੇ ਪੰਜਾਬ ਵਿੱਚ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ ਅਤੇ ਕਿਸੇ ਵੀ ਜ਼ਿਲ੍ਹੇ ਵਿੱਚ ਮੀਂਹ ਦੀ ਵੱਡੀ ਸੰਭਾਵਨਾ ਨਹੀਂ ਹੈ।

## ਅੱਜ ਰਾਤ ਚੱਲੇਗੀ ਹਨੇਰੀ, ਰੱਜ ਕੇ ਵਰ੍ਹੇਗਾ ਮੀਂਹ !

ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣਗੀਆਂ, ਜਦਕਿ ਕੁਝ ਖਾਸ ਇਲਾਕਿਆਂ ਵਿੱਚ ਧੂੜ ਭਰੀ ਹਨੇਰੀ ਦੀ ਰਫ਼ਤਾਰ 80 ਤੋਂ 120 ਕਿਲੋਮੀਟਰ ਤੱਕ ਵੀ ਪਹੁੰਚ ਸਕਦੀ ਹੈ। ਕਈ ਥਾਵਾਂ 'ਤੇ ਗੜੇ ਪੈਣ ਦੀ ਵੀ ਸੰਭਾਵਨਾ ਜਤਾਈ ਗਈ ਹੈ।

ਮੌਸਮ ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਤੇਜ਼ ਹਵਾਵਾਂ ਕਾਰਨ ਦਰੱਖਤ ਉੱਖੜ ਸਕਦੇ ਹਨ, ਬਿਜਲੀ ਦੇ ਖੰਭੇ ਡਿੱਗ ਸਕਦੇ ਹਨ ਅਤੇ ਕੱਚੀਆਂ ਛੱਤਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਹਾਲਾਂਕਿ, ਇਹ ਬਾਰਿਸ਼ 'ਨੌਤਪਾ' ਦੀ ਭਿਆਨਕ ਗਰਮੀ ਝੱਲ ਰਹੇ ਲੋਕਾਂ ਨੂੰ ਤਾਪਮਾਨ ਵਿੱਚ ਗਿਰਾਵਟ ਰਾਹੀਂ ਵੱਡੀ ਰਾਹਤ ਵੀ ਦੇਵੇਗੀ। ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਖਰਾਬ ਮੌਸਮ ਦੌਰਾਨ ਸਾਵਧਾਨੀ ਵਰਤਣ ਅਤੇ ਬਿਨਾਂ ਵਜ੍ਹਾ ਤੋਂ ਘਰੋਂ ਬਾਹਰ ਨਾ ਨਿਕਲਣ।

## ਦੇਸ਼ ਦੇ ਬਹੁਤੇ ਹਿੱਸਿਆਂ 'ਚ ਪ੍ਰੀ-ਮਾਨਸੂਨ ਦੀ

ਸਰਗਰਮ ਪਛਮੀ ਦਬਾਅ ਦੇ ਖੇਤਰ ਕਾਰਨ ਪੰਜਾਬ, ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਸਮੇਤ ਕਈ ਸੂਬਿਆਂ 'ਚ ਤੇਜ਼ ਹਵਾਵਾਂ ਅਤੇ ਮੀਂਹ ਪੈਣ ਦੀ ਪੂਰੀ ਸੰਭਾਵਨਾ ਹੈ। ਦੂਜੇ ਪਾਸੇ ਦੱਖਣ-ਪਛਮੀ ਮਾਨਸੂਨ ਕੇਰਲਾ ਵਿਚ ਅਪਣੀ ਮਿੱਥੀ ਤਾਰੀਖ਼ 26 ਮਈ ਨੂੰ ਦਸਤਕ ਨਹੀਂ ਦੇ ਸਕਿਆ। ਹਾਲਾਂਕਿ, ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ.ਐਮ.ਡੀ.) ਅਨੁਸਾਰ, ਇਹ ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਦੇ ਕੁੱਝ ਹੋਰ ਹਿੱਸਿਆਂ ਵਲ ਤੇਜ਼ੀ ਨਾਲ ਵਧ ਰਿਹਾ ਹੈ।

ਆਈ.ਐਮ.ਡੀ. ਨੇ ਇਕ ਬਿਆਨ ਵਿਚ ਕਿਹਾ,"ਅਗਲੇ 2-3 ਦਿਨਾਂ ਦੌਰਾਨ ਦੱਖਣ-ਪਛਮੀ ਮਾਨਸੂਨ ਦੇ ਦੱਖਣ-ਪਛਮੀ ਅਤੇ ਦੱਖਣ-ਪੂਰਬੀ ਅਰਬ ਸਾਗਰ, ਲਕਸ਼ਦੀਪ ਤੇ ਬੰਗਾਲ ਦੀ ਖਾੜੀ ਦੇ ਕੁੱਝ ਹੋਰ ਹਿੱਸਿਆਂ ਵਿਚ ਅੱਗੇ ਵਧਣ ਲਈ 'ਅਨੁਕੂਲ ਹਾਲਾਤ' ਬਣੇ ਹੋਏ ਹਨ।" ਆਮ ਤੌਰ ਉਤੇ ਮਾਨਸੂਨ 1 ਜੂਨ ਦੇ ਆਸ-ਪਾਸ ਕੇਰਲਾ ਪਹੁੰਚਦਾ ਹੈ, ਜੋ ਦੇਸ਼ ਵਿਚ ਚਾਰ ਮਹੀਨਿਆਂ ਦੇ ਵਰਖਾ ਸੀਜ਼ਨ ਦੀ ਸ਼ੁਰੂਆਤ ਕਰਦਾ ਹੈ। ਇਸ ਦੇ ਨਾਲ ਹੀ ਆਈ.ਐਮ.ਡੀ. ਨੇ ਇਸ ਸਾਲ ਦੇਸ਼ ਵਿਚ ਔਸਤ ਨਾਲੋਂ ਘੱਟ ਮੀਂਹ ਪੈਣ ਦਾ ਖਦਸ਼ਾ ਵੀ ਪ੍ਰਗਟਾਇਆ ਹੈ। ਦੂਜੇ ਪਾਸੇ, ਯੂਰਪੀਅਨ ਸੈਂਟਰ ਫਾਰ ਮੀਡੀਅਮ-ਰੇਂਜ ਵੈਦਰ ਫੋਰਕਾਸਟਸ (ਈ.ਸੀ.ਐਮ.ਡਬਲਿਊ.ਐਫ.) ਨੇ ਸੈਟੇਲਾਈਟ ਡੇਟਾ ਦੇ ਅਧਾਰ ਉਤੇ ਅਗਲੇ ਅੱਠ ਦਿਨਾਂ ਲਈ ਭਵਿੱਖਬਾਣੀ ਜਾਰੀ ਕੀਤੀ ਹੈ। ਇਸ ਮਾਡਲ ਅਨੁਸਾਰ ਦਖਣੀ ਭਾਰਤ, ਪੂਰਬੀ ਭਾਰਤ, ਉੱਤਰ-ਪੂਰਬੀ ਭਾਰਤ ਅਤੇ ਬੰਗਾਲ ਦੀ ਖਾੜੀ ਦੇ ਖੇਤਰਾਂ ਵਿਚ ਮੀਂਹ ਦੀਆਂ ਗਤੀਵਿਧੀਆਂ ਵਧਣਗੀਆਂ।

## ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦਾਖ਼ਲੇ

ਰਹਿ ਗਈ ਹੈ। ਸਭ ਤੋਂ ਵੱਧ ਗਿਰਾਵਟ ਪ੍ਰੀ-ਪ੍ਰਾਇਮਰੀ ਸੈਕਸ਼ਨ ਵਿਚ ਦੇਖੀ ਗਈ ਹੈ, ਜਿੱਥੇ ਵਿਦਿਆਰਥੀਆਂ ਦੀ ਗਿਣਤੀ 1.62 ਲੱਖ ਤੋਂ ਘਟ ਕੇ 1.11 ਲੱਖ ਰਹਿ ਗਈ ਹੈ। ਇਸ ਤੋਂ ਇਲਾਵਾ ਪ੍ਰਾਇਮਰੀ ਜਮਾਤਾਂ (ਪਹਿਲੀ ਤੋਂ ਪੰਜਵੀਂ) ਵਿਚ 7% ਅਤੇ ਅੱਪਰ ਪ੍ਰਾਇਮਰੀ (ਛੇਵੀਂ ਤੋਂ ਅੱਠਵੀਂ) ਵਿਚ 8% ਦੀ ਕਮੀ ਆਈ ਹੈ।

ਰਿਪੋਰਟ ਮੁਤਾਬਕ, ਸਾਲ 2025-26 ਦੌਰਾਨ ਲੱਗਭੱਗ 21% ਬੱਚੇ (ਕਰੀਬ 3.68 ਲੱਖ) ਸਕੂਲਾਂ ਵਿਚ ਮਿਲਣ ਵਾਲੇ ਮੁਫ਼ਤ ਖਾਣੇ (ਮਿਡ-ਡੇਅ ਮੀਲ) ਤੋਂ ਵਾਂਝੇ ਰਹੇ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਇਸ ਦਾ ਕਾਰਨ ਬੱਚਿਆਂ ਦੀ ਗੈਰ-ਹਾਜ਼ਰੀ ਅਤੇ ਕੁਝ ਬੱਚਿਆਂ ਵੱਲੋਂ ਖਾਣਾ ਨਾ ਖਾਣਾ ਦੱਸਿਆ ਹੈ। ਕੇਂਦਰ ਨੇ ਇਹ ਵੀ ਨੋਟ ਕੀਤਾ ਕਿ ਗਰਮੀ ਦੀ ਲਹਿਰ ਅਤੇ ਹੜ੍ਹਾਂ ਕਾਰਨ ਸਕੂਲ ਬੰਦ ਰਹਿਣ ਕਰਕੇ ਖਾਣਾ ਨਿਰਧਾਰਿਤ 245 ਦਿਨਾਂ ਦੀ ਬਜਾਏ ਸਿਰਫ਼ 218 ਦਿਨ ਹੀ ਦਿੱਤਾ ਜਾ ਸਕਿਆ।

ਸਾਲ 2026-27 ਲਈ ਕੇਂਦਰ ਸਰਕਾਰ ਨੇ 352 ਕਰੋੜ ਰੁਪਏ ਦਾ ਬਜਟ ਮਨਜ਼ੂਰ ਕੀਤਾ ਹੈ, ਜਿਸ ਵਿਚ ਕੇਂਦਰ ਦਾ ਹਿੱਸਾ 220.49 ਕਰੋੜ ਰੁਪਏ ਹੋਵੇਗਾ। ਇਸ ਰਾਸ਼ੀ ਦੀ ਵਰਤੋਂ ਸਰਕਾਰੀ ਸਕੂਲਾਂ ਦੇ ਲੱਗਭੱਗ 14.5 ਲੱਖ ਵਿਦਿਆਰਥੀਆਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾਉਣ ਲਈ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਬੱਚਿਆਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਹਫ਼ਤੇ ਵਿਚ ਇਕ ਵਾਰ ਬਾਜਰੇ ਦੀ ਬਣੀ ਵਸਤੂ ਜਾਂ ਕੇਲਾ ਖਵਾਉਣ ਦੀ ਯੋਜਨਾ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।

## ਕੇਵਲ ਸਿੰਘ ਢਿੱਲੋਂ ਪੰਜਾਬ ਭਾਜਪਾ ਦੇ

ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਮਿਲੇ।ਉਨ੍ਹਾਂ ਕਿਹਾ, 'ਜੇ ਹਰਿਆਣਾ 21 ਫ਼ਸਲਾਂ 'ਤੇ ਐੱਮ.ਐੱਸ.ਪੀ. ਦੇ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ?

ਢਿੱਲੋਂ ਨੇ ਕਿਹਾ ਕਿ ਭਾਜਪਾ ਪੰਜਾਬ ਦੇ ਉਨ੍ਹਾਂ ਲੋਕਾਂ ਲਈ ਉਮੀਦ ਦੀ ਨਵੀਂ ਕਿਰਨ ਹੈ ਜੋ ਹੁਣ ਤੱਕ ਸੂਬੇ ਵਿੱਚ ਲਗਾਤਾਰ ਰਹੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਹੁਣ ਆਮ ਆਦਮੀ ਪਾਰਟੀ (ਆਪ) ਦੀਆਂ ਸਰਕਾਰਾਂ ਤੋਂ ਨਿਰਾਸ਼ ਹਨ। ਉਨ੍ਹਾਂ ਕਿਹਾ,'ਮੈਂ ਸਿਰਫ ਇਹ ਕਹਿ ਸਕਦਾ ਹਾਂ ਕਿ ਪੰਜਾਬ ਦੇ ਲੋਕ ਥੱਕੇ ਹੋਏ ਹਨ, ਪਰ ਹਾਰੇ ਨਹੀਂ ਹਨ। ਉਹ 2027 ਵਿੱਚ ਸਹੀ ਫੈਸਲਾ ਲੈਣਗੇ।' ਉਨ੍ਹਾਂ ਕਿਹਾ,'2027 ਵਿੱਚ ਪੰਜਾਬ ਵਿੱਚ 'ਕਮਲ ਦਾ ਫੁੱਲ' (ਭਾਜਪਾ) ਹੋਵੇਗਾ। ਪੱਛਮੀ ਬੰਗਾਲ ਤੋਂ ਬਾਅਦ ਹੁਣ ਪੰਜਾਬ ਵਿੱਚ ਤਬਦੀਲੀ ਦਾ ਸਮਾਂ ਹੈ। ਸਾਡੀ ਭਾਜਪਾ ਸਰਕਾਰ ਹੋਵੇਗੀ।' ਸੂਬਾ ਭਾਜਪਾ ਦੇ ਪ੍ਰਧਾਨ ਵਜੋਂ ਇੱਕ ਸਿੱਖ ਚਿਹਰੇ ਦੀ ਅਸਾਧਾਰਨ ਨਿਯੁਕਤੀ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ,'ਪੰਜਾਬੀ ਵੱਖ-ਵੱਖ ਧਰਮਾਂ ਵਿੱਚ ਕੋਈ ਫ਼ਰਕ ਨਹੀਂ ਕਰਦੇ। ਉਹ ਹਮੇਸ਼ਾ ਇੱਕ ਹੋ ਕੇ ਰਹੇ ਹਨ।'

ਢਿੱਲੋਂ ਨੇ ਕਿਹਾ,'ਫਿਲਹਾਲ ਅਸੀਂ ਭਾਜਪਾ ਸੂਬੇ ਦੇ ਸਾਰੇ ਕੋਨਿਆਂ ਵਿੱਚ ਲੋਕਾਂ ਤੱਕ ਪਹੁੰਚਣ ਲਈ ਸੁਤੰਤਰ ਤੌਰ 'ਤੇ ਕੰਮ ਕਰ ਰਹੇ ਹਾਂ। ਮੈਂ ਇਸ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਦਾ ਕਿ ਸਾਡੀ ਪਾਰਟੀ ਕੋਈ ਗੱਠਜੋੜ ਕਰੇਗੀ ਜਾਂ ਨਹੀਂ, ਖਾਸ ਕਰਕੇ ਸਾਡੇ ਪੁਰਾਣੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਨਾਲ। ਅੰਤਿਮ ਫੈਸਲਾ ਸਾਡੀ ਪਾਰਟੀ ਹਾਈਕਮਾਨ ਵੱਲੋਂ ਲਿਆ ਜਾਵੇਗਾ। ਮੈਂ ਸਿਰਫ਼ ਇਹ ਕਹਿ ਸਕਦਾ ਹਾਂ ਕਿ ਅਸੀਂ ਉਨ੍ਹਾਂ ਸਾਰੇ ਸਮਾਨ ਸੋਚ ਵਾਲੇ ਭਾਈਵਾਲਾਂ ਨਾਲ ਖੜ੍ਹੇ ਹੋਵਾਂਗੇ ਜਿਨ੍ਹਾਂ ਦੀ ਤਰਜੀਹਾਂ ਦੀ ਸੂਚੀ ਵਿੱਚ ਪੰਜਾਬ ਦੀ ਭਲਾਈ ਸਿਖਰ 'ਤੇ ਹੈ।'

ਢਿੱਲੋਂ ਨੇ ਕਿਹਾ,'ਸਾਡੀ ਪਾਰਟੀ ਉਨ੍ਹਾਂ ਚੰਗੇ ਦਿਨਾਂ ਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਆਪਣਾ ਏਜੰਡਾ ਤਿਆਰ ਕਰਨ 'ਤੇ ਕੰਮ ਕਰ ਰਹੀ ਹੈ, ਜੋ ਸੂਬੇ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਦੇਖੇ ਸਨ। ਮੈਂ ਆਪਣਾ ਕਾਰਜਕਾਲ ਸਾਰੇ ਪਾਰਟੀ ਵਰਕਰਾਂ, ਖਾਸ ਕਰਕੇ ਸੀਨੀਅਰਾਂ ਅਤੇ ਪੁਰਾਣੇ ਸਾਥੀਆਂ ਨੂੰ ਨਾਲ ਲੈ ਕੇ ਸ਼ੁਰੂ ਕਰਾਂਗਾ ਤਾਂ ਜੋ ਸਾਡੀ ਪਾਰਟੀ ਵਿੱਚ ਨਵੀਂ ਰੂਹ ਫੂਕੀ ਜਾ ਸਕੇ।' ਢਿੱਲੋਂ ਨੇ ਕਿਹਾ,'ਮੈਂ ਸਿਰਫ਼ ਇਹ ਚਾਹੁੰਦਾ ਹਾਂ ਕਿ ਮੇਰੀ ਪਾਰਟੀ ਲੋਕਾਂ ਤੱਕ ਪਹੁੰਚੇ ਅਤੇ ਉਨ੍ਹਾਂ ਨੂੰ ਦੱਸੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਨੂੰ ਕਿੰਨਾ ਪਿਆਰ ਕਰਦੇ ਹਨ। ਉਨ੍ਹਾਂ ਨੇ ਹਮੇਸ਼ਾ ਪੰਜਾਬ ਨੂੰ ਆਪਣੀਆਂ ਤਰਜੀਹਾਂ ਵਿੱਚ ਸਭ ਤੋਂ ਉੱਪਰ ਰੱਖਿਆ ਹੈ। ਸਰਕਾਰ ਵੱਲੋਂ ਬਿੱਲਾਂ ਵਿੱਚ ਕਿਸਾਨਾਂ ਦੇ ਲਾਭਾਂ ਬਾਰੇ ਕਿਸਾਨਾਂ ਨੂੰ ਯਕੀਨ ਨਾ ਦਿਵਾ ਸਕਣ ਤੋਂ ਬਾਅਦ ਮੋਦੀ ਨੇ ਖੇਤੀ ਬਿੱਲ ਵਾਪਸ ਲੈ ਲਏ ਸਨ। ਗੁਰਦੁਆਰਾ ਰਸੋਈ ਤੋਂ ਜੀ.ਐਸ.ਟੀ. ਵਾਪਸ ਲੈਣਾ ਅਤੇ ਕਰਤਾਰਪੁਰ ਲਾਂਘਾ ਖੋਲ੍ਹਣਾ ਉਨ੍ਹਾਂ ਵਿਸ਼ੇਸ਼ ਲਾਭਾਂ ਦੀ ਲੰਬੀ ਸੂਚੀ ਵਿੱਚੋਂ ਕੁਝ ਉਦਾਹਰਣਾਂ ਹਨ ਜੋ ਕੇਂਦਰ ਵੱਲੋਂ ਸੂਬੇ ਨੂੰ ਦਿੱਤੇ ਗਏ ਹਨ।' ਉਨ੍ਹਾਂ ਕਿਹਾ,'ਅੱਜ ਦੇ ਸਮੇਂ ਵਿੱਚ, ਪੰਜਾਬ ਦੇ ਲੋਕ ਉਸ 'ਗੁੰਡਾ ਰਾਜ' ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ ਜੋ ਪੂਰੇ ਸੂਬੇ ਵਿੱਚ ਬੇਰੋਕ ਚੱਲ ਰਿਹਾ ਹੈ। ਅਸੀਂ ਬਦਲਾਅ ਲਿਆਵਾਂਗੇ।'

## ਢਿੱਲੋਂ ਦੀ ਨਿਯੁਕਤੀ 'ਚ ਮੇਰਾ ਕੋਈ ਹੱਥ ਨਹੀਂ: ਕੈਪਟਨ

ਨਹੀਂ ਹੈ, ਮੈਂ ਜੇਕਰ ਇਸ ਪਾਰਟੀ ਵਿੱਚ ਸ਼ਾਮਲ ਹੋਇਆ ਹਾਂ, ਤਾਂ ਮੈਂ ਇਸ ਦੀ ਬਿਹਤਰੀ ਲਈ ਕੰਮ ਕਰਾਂਗਾ।' ਉਨ੍ਹਾਂ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ ਵੀ ਖਾਰਜ ਕਰ ਦਿੱਤਾ ਜਿਨ੍ਹਾਂ ਵਿੱਚ ਢਿੱਲੋਂ ਨੂੰ ਉਨ੍ਹਾਂ ਦਾ ਖਾਸ ਬੰਦਾ ਦੱਸਿਆ ਜਾ ਰਿਹਾ ਸੀ। ਕੈਪਟਨ ਨੇ ਕਿਹਾ ਕਿ ਸਤੰਬਰ, 2021 ਵਿੱਚ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਕੇਵਲ ਢਿੱਲੋਂ ਉਨ੍ਹਾਂ ਨੂੰ ਕਦੇ ਨਹੀਂ ਮਿਲੇ ਅਤੇ ਉਹ ਆਪਣੇ ਪੱਧਰ 'ਤੇ ਹੀ ਕੰਮ ਕਰ ਰਹੇ ਹਨ।

ਬਰਨਾਲਾ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਰਹੇ ਕੇਵਲ ਢਿੱਲੋਂ, ਜੋ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ, ਨੂੰ ਇਸੇ ਹਫ਼ਤੇ ਸੁਨੀਲ ਜਾਖੜ ਦੀ ਜਗ੍ਹਾ ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸਿਆਸੀ ਮਾਹਿਰਾਂ ਮੁਤਾਬਕ ਭਾਜਪਾ ਵੱਲੋਂ ਇਹ ਕਦਮ ਪੰਜਾਬ ਵਿੱਚ ਸਿੱਖ ਭਾਈਚਾਰੇ ਤੱਕ ਆਪਣੀ ਪਹੁੰਚ ਵਧਾਉਣ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਣ ਤੋਂ ਬਾਅਦ ਸੂਬੇ ਵਿੱਚ ਆਪਣਾ ਸੁਤੰਤਰ ਸਿਆਸੀ ਆਧਾਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।

ਇਸ ਤੋਂ ਇਲਾਵਾ, ਭਾਜਪਾ ਸਿਆਸੀ ਤੌਰ 'ਤੇ ਅਹਿਮ ਮੰਨੇ ਜਾਂਦੇ ਮਾਲਵਾ ਖੇਤਰ, ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਗੜ੍ਹ ਸੰਗਰੂਰ ਜ਼ਿਲ੍ਹੇ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ, ਜਿੱਥੇ ਢਿੱਲੋਂ ਦੀ ਨਿਯੁਕਤੀ ਨੂੰ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਲਈ ਇੱਕ ਸਿੱਧੀ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਇਸ ਨਵੀਂ ਨਿਯੁਕਤੀ ਨੂੰ ਉਨ੍ਹਾਂ ਨਾਲ ਜਾਂ ਪਾਰਟੀ ਦੇ ਅੰਦਰੂਨੀ ਖੇਤਰੀ ਸੰਤੁਲਨ ਨਾਲ ਜੋੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ।

## 'ਸਿੱਟ' ਨੂੰ 1100 ਪੰਨਿਆਂ ਦੇ ਰਿਕਾਰਡ

ਰਿਕਾਰਡ ਅਦਾਲਤ ਵਿੱਚ ਪੇਸ਼ ਕਰ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਐੱਸ.ਆਈ.ਟੀ. ਨੇ ਹੁਣ ਤੱਕ ਚਾਰ ਪੱਤਰ ਭੇਜੇ ਸਨ, ਪਰ ਯਾਦ ਦਿਵਾਉਣ ਵਾਲੇ ਪੱਤਰਾਂ ਸਮੇਤ ਇਹ ਗਿਣਤੀ 14 ਹੋ ਗਈ ਹੈ। ਅੱਜ ਕੁੱਲ 1100 ਪੰਨਿਆਂ ਦੇ ਰਿਕਾਰਡ ਐੱਸ.ਆਈ.ਟੀ. ਨੂੰ ਸੌਂਪੇ ਗਏ ਹਨ। ਧਾਮੀ ਨੇ ਕਿਹਾ ਕਿ ਜੇਕਰ ਸਹਿਯੋਗ ਨਾ ਕਰਨ ਦੇ ਦੋਸ਼ ਲਗਦੇ ਰਹੇ ਤਾਂ ਐੱਸਜੀਪੀਸੀ ਵੀ ਸਹਿਯੋਗ ਰੋਕਣ ਬਾਰੇ ਵਿਚਾਰ ਕਰ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਮੀਟਿੰਗ 1 ਜੂਨ ਨੂੰ ਹੋਵੇਗੀ, ਜਿਸ ਵਿੱਚ ਜਥੇਦਾਰ ਸਾਹਿਬ ਦੇ ਨਿਰਦੇਸ਼ਾਂ ਅਤੇ ਮੀਟਿੰਗ ਦੇ ਫੈਸਲਿਆਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਧਾਮੀ ਨੇ ਦੋਸ਼ ਲਗਾਇਆ ਕਿ ਇਸ ਮਾਮਲੇ ਨੂੰ ਰਾਜਨੀਤਿਕ ਤੌਰ 'ਤੇ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਸਿਧਾਰਮਈਆ ਨੇ ਕਰਨਾਟਕ

ਰਾਜਪਾਲ ਇੱਥੇ ਨਹੀਂ ਹਨ; ਉਹ ਅੱਜ ਰਾਤ ਵਾਪਸ ਪਰਤ ਰਹੇ ਹਨ।'

ਰਾਜਪਾਲ ਥਾਵਰਚੰਦ ਗਹਿਲੋਤ ਦੇ ਵਿਸ਼ੇਸ਼ ਸਕੱਤਰ ਪ੍ਰਭੂ ਸ਼ੰਕਰ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਅਸਤੀਫ਼ਾ ਪ੍ਰਾਪਤ ਹੋ ਗਿਆ ਹੈ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਅਸਤੀਫ਼ੇ ਨੂੰ ਸਿਰਫ਼ ਰਾਜਪਾਲ ਹੀ ਆਪਣੀ ਵਾਪਸੀ ਤੋਂ ਬਾਅਦ ਰਸਮੀ ਤੌਰ 'ਤੇ ਸਵੀਕਾਰ ਕਰ ਸਕਦੇ ਹਨ। ਜਾਣਕਾਰੀ ਅਨੁਸਾਰ, ਰਾਜਪਾਲ ਥਾਵਰਚੰਦ ਗਹਿਲੋਤ ਅੱਜ ਸਵੇਰੇ ਮੱਧ ਪ੍ਰਦੇਸ਼ ਦੇ ਨਾਗਦਾ ਸਥਿਤ ਆਪਣੀ ਰਿਹਾਇਸ਼ ਲਈ ਰਵਾਨਾ ਹੋਏ ਸਨ। ਉਹ ਅੱਜ ਰਾਤ ਵਾਪਸ ਪਰਤਣਗੇ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

## ਭਾਜਪਾ ਵੱਲੋਂ ਸੂਬਾ ਪ੍ਰਧਾਨ ਬਦਲਣ ਮਗਰੋਂ

ਖ਼ਬਰ ਹੈ ਕਿ ਕਾਂਗਰਸ ਹਾਈਕਮਾਨ ਨੇ ਪੰਜਾਬ ਕਾਂਗਰਸ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨੂੰ ਭਲਕੇ ਦਿੱਲੀ ਤਲਬ ਕਰ ਲਿਆ ਹੈ। ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਹੋਣ ਵਾਲੀ ਇਸ ਅਹਿਮ ਬੈਠਕ ਵਿੱਚ ਪੰਜਾਬ ਵਿੱਚ ਨਵੇਂ ਸੂਬਾ ਪ੍ਰਧਾਨ ਦੀ ਨਿਯੁਕਤੀ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਰਣਨੀਤੀ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਵੀ ਜਲਦ ਹੀ ਪੰਜਾਬ ਵਿੱਚ ਆਪਣੀ ਨਵੀਂ ਟੀਮ ਦਾ ਐਲਾਨ ਕਰ ਸਕਦੀ ਹੈ।

## ਅਮਰੀਕਾ-ਈਰਾਨ ਵਿਚਾਲੇ ਸਮਝੌਤੇ ਦੀ ਤਿਆਰੀ ! ਟਰੰਪ

ਮਨਜ਼ੂਰੀਆਂ ਹਨ ਅਤੇ ਉਹ ਦਸਤਖਤ ਕਰਨ ਲਈ ਤਿਆਰ ਹਨ।

ਸਮਝੌਤੇ ਦੀਆਂ ਮੁੱਖ ਸ਼ਰਤਾਂ: ਸਮਝੌਤੇ ਦੇ ਤਹਿਤ, ਹੋਰਮੁਜ਼ ਦੇ ਜਲਡਮਰੂ ਵਿੱਚ ਜਹਾਜ਼ਾਂ ਦੀ ਆਵਾਜਾਈ ਨੂੰ 'ਬਿਨਾਂ ਕਿਸੇ ਪਾਬੰਦੀ' ਦੇ ਖੋਲ੍ਹਿਆ ਜਾਵੇਗਾ, ਜਿਸਦਾ ਮਤਲਬ ਹੈ ਕਿ ਉੱਥੇ ਕੋਈ ਟੈਕਸ ਜਾਂ ਪਰੇਸ਼ਾਨੀ ਨਹੀਂ ਹੋਵੇਗੀ। ਇਸ ਤੋਂ ਇਲਾਵਾ ਈਰਾਨ ਨੂੰ 30 ਦਿਨਾਂ ਦੇ ਅੰਦਰ ਜਲਡਮਰੂ ਤੋਂ ਸਾਰੀਆਂ ਮਾਈਨਾਂ ਹਟਾਉਣੀਆਂ ਪੈਣਗੀਆਂ। ਅਮਰੀਕਾ ਆਪਣੀ ਸਮੁੰਦਰੀ ਘੇਰਾਬੰਦੀ ਨੂੰ ਵਪਾਰਕ ਜਹਾਜ਼ਾਂ ਦੀ ਬਹਾਲੀ ਦੇ ਅਨੁਪਾਤ ਵਿੱਚ ਹੌਲੀ-ਹੌਲੀ ਹਟਾ ਲਵੇਗਾ।

ਪ੍ਰਮਾਣੂ ਮੁੱਦਿਆਂ 'ਤੇ ਵਚਨਬੱਧਤਾ: ਇਸ 60 ਦਿਨਾਂ ਦੀ ਮਿਆਦ ਦੌਰਾਨ, ਈਰਾਨ ਪ੍ਰਮਾਣੂ ਹਥਿਆਰ ਨਾ ਬਣਾਉਣ ਦੀ ਵਚਨਬੱਧਤਾ 'ਤੇ ਕਾਇਮ ਰਹੇਗਾ। ਗੱਲਬਾਤ ਦੇ ਮੁੱਖ ਵਿਸ਼ਿਆਂ ਵਿੱਚ ਈਰਾਨ ਦੇ ਉੱਚ ਪੱਧਰੀ ਯੂਰੇਨੀਅਮ ਦੇ ਨਿਪਟਾਰੇ ਅਤੇ ਸੰਸ਼ੋਧਨ ਪ੍ਰਕਿਰਿਆ ਨੂੰ ਸੰਬੋਧਿਤ ਕਰਨਾ ਸ਼ਾਮਲ ਹੋਵੇਗਾ। ਬਦਲੇ ਵਿੱਚ, ਅਮਰੀਕਾ ਈਰਾਨ 'ਤੇ ਲੱਗੀਆਂ ਆਰਥਿਕ ਪਾਬੰਦੀਆਂ ਵਿੱਚ ਰਾਹਤ, ਫ੍ਰੀਜ਼ ਕੀਤੇ ਗਏ ਫੰਡਾਂ ਨੂੰ ਜਾਰੀ ਕਰਨ ਅਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਵਿਧੀ ਤਿਆਰ ਕਰਨ 'ਤੇ ਚਰਚਾ ਕਰੇਗਾ।

ਇਹ ਸਮਝੌਤਾ ਜੰਗ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਡਿਪਲੋਮੈਟਿਕ ਕਦਮ ਮੰਨਿਆ ਜਾ ਰਿਹਾ ਹੈ, ਹਾਲਾਂਕਿ ਟਰੰਪ ਦੀਆਂ ਪ੍ਰਮਾਣੂ ਮੰਗਾਂ ਨੂੰ ਪੂਰਾ ਕਰਨ ਲਈ ਅਜੇ ਹੋਰ ਗੰਭੀਰ ਗੱਲਬਾਤ ਦੀ ਲੋੜ ਪਵੇਗੀ।

## ਚੰਦਰਯਾਨ-2 ਨੇ ਚੰਦਰਮਾ 'ਤੇ ਪਾਣੀ

ਨੇ ਇਸ ਰਡਾਰ ਰਾਹੀਂ ਚਾਰ ਮੁੱਖ ਕ੍ਰੇਟਰਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 'ਫੌਸਟਿਨੀ' ਨਾਂ ਦੇ ਵੱਡੇ ਕ੍ਰੇਟਰ ਦੇ ਅੰਦਰ ਮੌਜੂਦ 1.1 ਕਿਲੋਮੀਟਰ ਚੌੜੇ ਟੋਏ ਵਿੱਚ ਬਰਫ਼ ਹੋਣ ਦੇ ਸਭ ਤੋਂ ਮਜ਼ਬੂਤ ਸੰਕੇਤ ਮਿਲੇ ਹਨ।

ਜ਼ਿਕਰਯੋਗ ਹੈ ਕਿ ਚੰਦ 'ਤੇ ਪਾਣੀ ਦੀ ਬਰਫ਼ ਦਾ ਮਿਲਣਾ ਇਨਸਾਨ ਲਈ ਬੇਹੱਦ ਮਹੱਤਵਪੂਰਨ ਹੈ। ਇਹ ਖੋਜ ਭਵਿੱਖ ਦੇ ਚੰਦਰਮਾ ਮਿਸ਼ਨਾਂ (ਜਿਵੇਂ ਭਾਰਤ ਦੇ ਆਉਣ ਵਾਲੇ ਚੰਦਰਯਾਨ-5/ਲੂਪੈਕਸ ਮਿਸ਼ਨ) ਲਈ ਲੈਂਡਿੰਗ ਸਾਈਟਾਂ ਦੀ ਚੋਣ ਕਰਨ ਵਿੱਚ ਮਦਦ ਕਰੇਗੀ। ਇਸ ਬਰਫ਼ ਦੀ ਵਰਤੋਂ ਭਵਿੱਖ ਵਿੱਚ ਪੁਲਾੜ ਯਾਤਰੀਆਂ ਲਈ ਪੀਣ ਵਾਲੇ ਪਾਣੀ, ਆਕਸੀਜਨ ਅਤੇ ਰਾਕਟ ਫਿਊਲ ਬਣਾਉਣ ਲਈ ਕੀਤੀ ਜਾ ਸਕੇਗੀ, ਜਿਸ ਨਾਲ ਚੰਦ 'ਤੇ ਲੰਮੇ ਸਮੇਂ ਤੱਕ ਮਨੁੱਖੀ ਬਸਤੀ ਵਸਾਉਣ ਦਾ ਸੁਪਨਾ ਸੱਚ ਹੋ ਸਕਦਾ ਹੈ।

## ਗੁਰੂ ਨਾਨਕ ਦੇਵ 'ਵਰਸਿਟੀ ਦੇ ਵੀ.ਸੀ. ਤੇ ਰਜਿਸਟਰਾਰ ਨੂੰ

ਉਨ੍ਹਾਂ ਨੇ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦੀ ਮੰਗ ਕੀਤੀ ਸੀ। ਇਸ ਮਾਮਲੇ 'ਚ ਪਟੀਸ਼ਨਰਾਂ ਦੀ ਪੈਰਵੀ ਕਰ ਰਹੇ ਸੀਨੀਅਰ ਐਡਵੋਕੇਟ ਪੁਨੀਤ ਜਿੰਦਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੇ 'ਸਟੇਟ ਆਫ਼ ਪੰਜਾਬ ਬਨਾਮ ਜਗਜੀਤ ਸਿੰਘ' ਕੇਸ ਦੇ ਫ਼ੈਸਲੇ ਦਾ ਹਵਾਲਾ ਦਿੰਦੇ ਹੋਏ ਮੁਲਾਜ਼ਮਾਂ ਦੇ ਹੱਕ 'ਚ ਫ਼ੈਸਲਾ ਸੁਣਾਇਆ ਸੀ ਅਤੇ ਹੁਕਮ ਦਿੱਤਾ ਸੀ ਕਿ ਪੱਕੇ ਨਾ ਕੀਤੇ ਗਏ ਮੁਲਾਜ਼ਮਾਂ ਨੂੰ ਘੱਟੋ-ਘੱਟ ਤਨਖ਼ਾਹ ਸਕੇਲ ਦੇ ਨਾਲ ਮਹਿੰਗਾਈ ਭੱਤਾ (ਡੀ.ਏ.) ਅਤੇ ਗ੍ਰੇਡ ਪੇਅ ਅਦਾ ਕੀਤਾ ਜਾਵੇ।

ਅਦਾਲਤ ਦੇ ਸਪੱਸ਼ਟ ਹੁਕਮਾਂ ਦੇ ਬਾਵਜੂਦ ਯੂਨੀਵਰਸਿਟੀ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਅਤੇ ਆਪਣੀ ਮਰਜ਼ੀ ਨਾਲ ਇਹ ਸ਼ਰਤ ਲਗਾ ਦਿੱਤੀ ਕਿ ਘੱਟੋ-ਘੱਟ ਤਨਖ਼ਾਹ ਸਕੇਲ ਦਾ ਲਾਭ ਲੈਣ ਲਈ ਮੁਲਾਜ਼ਮ ਦਾ 10 ਸਾਲ ਦਾ ਸੇਵਾ ਕਾਲ ਪੂਰਾ ਹੋਣਾ ਲਾਜ਼ਮੀ ਹੈ। ਮੌਜੂਦਾ ਸੁਣਵਾਈ ਦੌਰਾਨ ਵਾਈਸ ਚਾਂਸਲਰ ਕਰਮਜੀਤ ਸਿੰਘ ਅਤੇ ਰਜਿਸਟਰਾਰ ਕਰਮਜੀਤ ਸਿੰਘ ਚਾਹਲ ਨਿੱਜੀ ਤੌਰ 'ਤੇ ਅਦਾਲਤ 'ਚ ਪੇਸ਼ ਹੋਏ। ਅਦਾਲਤ ਨੇ ਦੋਹਾਂ ਅਧਿਕਾਰੀਆਂ ਨੂੰ ਇਕ ਮਹੀਨੇ ਦੀ ਸਾਧਾਰਨ ਕੈਦ ਦੀ ਸਜ਼ਾ ਸੁਣਾਈ ਹੈ ਪਰ ਉਨ੍ਹਾਂ ਨੂੰ ਅਪੀਲ ਦਾਇਰ ਕਰਨ ਦਾ ਮੌਕਾ ਦੇਣ ਲਈ ਸਜ਼ਾ 'ਤੇ 7 ਜੁਲਾਈ 2027 ਤੱਕ ਰੋਕ ਲਾ ਦਿੱਤੀ ਹੈ। ਇਸ ਫ਼ੈਸਲੇ ਦੇ ਨਾਲ ਹੀ ਅਦਾਲਤ ਨੇ ਸਾਰੀਆਂ ਮਾਣਹਾਨੀ ਪਟੀਸ਼ਨਾਂ ਦਾ ਨਿਪਟਾਰਾ ਕਰ ਦਿੱਤਾ ਹੈ।

## ਸ਼ਾਇਰ ਬਸ਼ੀਰ ਬਦਰ ਹੁਣ

ਉਨ੍ਹਾਂ ਦੀ ਸ਼ਾਇਰੀ ਦਾ ਸਭ ਤੋਂ ਵੱਡਾ ਗੁਣ ਇਸਦੀ ਸਰਲਤਾ ਅਤੇ ਭਾਵੁਕਤਾ ਸੀ।

ਉਹ ਗੁੰਝਲਦਾਰ ਲਫ਼ਜ਼ਾਂ ਤੋਂ ਦੂਰ ਰਹਿ ਕੇ ਆਮ ਇਨਸਾਨ ਦੇ ਦਿਲ ਦੀ ਗੱਲ ਕਰਦੇ ਸਨ। ਉਨ੍ਹਾਂ ਨੇ ਇਸ਼ਕ, ਵਿਛੋੜਾ, ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਅਤੇ ਫ਼ਲਸਫ਼ੇ ਨੂੰ ਬੜੀ ਖੂਬਸੂਰਤੀ ਨਾਲ ਲਿਖਿਆ। ਉਨ੍ਹਾਂ ਦੀਆਂ ਮਸ਼ਹੂਰ ਕਿਤਾਬਾਂ ਵਿਚ ਇਕਾਈ, ਆਮਦ, ਇਮੇਜ, ਆਹਾਟ, ਕੁੱਲੀਆਤ-ਏ-ਬਸ਼ੀਰ ਬਦਰ ਅਤੇ ਦੇਵਨਗਰੀ ਵਿੱਚ ਉਜਾਲੇ ਅਪਨੀ ਯਾਦੋਂ ਕੇ ਸ਼ਾਮਲ ਹਨ। ਉਨ੍ਹਾਂ ਨੂੰ ਪਦਮ ਸ਼੍ਰੀ (1999) ਅਤੇ ਸਾਹਿਤਿਆ ਅਕਾਦਮੀ ਅਵਾਰਡ (ਆਸ ਲਈ) ਵਰਗੇ ਸਨਮਾਨ ਮਿਲੇ।ਉਨ੍ਹਾਂ ਦੀਆਂ ਯਾਦਾਂ ਵਿਚ ਝਾਤ ਮਾਰੀਏ ਤਾਂ ਇੱਕ ਖਾਸ ਸ਼ੇਅਰ ਯਾਦ ਆਉਂਦਾ ਹੈ।

ਉਜਾਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਿਣੇ ਦੋ
ਨਾ ਜਾਣੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਏ.

..ਇਸ ਸ਼ੇਅਰ ਵਿਚ ਉਨ੍ਹਾਂ ਨੇ ਯਾਦਾਂ ਦੀ ਰੋਸ਼ਨੀ ਅਤੇ ਜ਼ਿੰਦਗੀ ਦੀ ਅਚਾਨਕ ਆਉਣ ਵਾਲੀ ਸ਼ਾਮ ਨੂੰ ਬੜੀ ਖੂਬੀ ਨਾਲ ਬਿਆਨ ਕੀਤਾ ਹੈ। ਇਹ ਸ਼ੇਅਰ ਅੱਜ ਵੀ ਰੇਡੀਓ ਤੋਂ ਲੈ ਕੇ ਮੁਸ਼ਾਇਰਿਆਂ ਤੱਕ ਗੂੰਜਦਾ ਹੈ।ਇੱਕ ਹੋਰ ਮਸ਼ਹੂਰ ਸ਼ੇਅਰ।

ਲੋਗ ਟੂਟ ਜਾਤੇ ਹੈਂ ਇੱਕ ਘਰ ਬਨਾਨੇ ਮੇਂ
ਬਸ਼ੀਰ ਇੱਕ ਘਰ ਬਨਾਨੇ ਮੇਂ ਲੋਗ ਟੂਟ ਜਾਤੇ ਹੈਂ

ਇਸ ਵਿਚ ਰਿਸ਼ਤਿਆਂ ਅਤੇ ਸਪਨਿਆਂ ਦੀ ਨਾਜ਼ੁਕਤਾ ਬਿਆਨ ਹੋਈ ਹੈ। ਉਨ੍ਹਾਂ ਨੇ ਇਸ਼ਕ ਨੂੰ ਇੱਕ ਏਸਾ ਰੰਗ ਦਿੱਤਾ ਜੋ ਆਮ ਲੋਕਾਂ ਤੱਕ ਆਸਾਨੀ ਨਾਲ ਪਹੁੰਚ ਜਾਂਦਾ ਸੀ। ਉਨ੍ਹਾਂ ਦੀਆਂ ਗ਼ਜ਼ਲਾਂ ਵਿਚ ਫ਼ਲਸਫ਼ੀਆਨਾ ਛੋਹ ਵੀ ਹੈ, ਜਿਸ ਨੇ ਉਨ੍ਹਾਂ ਨੂੰ ਰਾਜਨੇਤਾਵਾਂ ਤੱਕ ਪ੍ਰਸਿੱਧ ਬਣਾਇਆ।

ਬਸ਼ੀਰ ਬਦਰ ਸਾਹਿਬ ਨੇ ਉਰਦੂ ਗ਼ਜ਼ਲ ਨੂੰ ਆਧੁਨਿਕ ਯੁੱਗ ਵਿਚ ਨਵੀਂ ਪਛਾਣ ਦਿੱਤੀ। ਉਨ੍ਹਾਂ ਨੇ ਰਵਾਇਤੀ ਭਾਰੀ ਲਫ਼ਜ਼ੀ ਤੋਂ ਦੂਰ ਰਹਿ ਕੇ ਸਾਦੀ ਭਾਸ਼ਾ ਵਿਚ ਗਹਿਰੀਆਂ ਗੱਲਾਂ ਕੀਤੀਆਂ। ਉਨ੍ਹਾਂ ਦਾ ਯੋਗਦਾਨ ਉਰਦੂ ਸਾਹਿਤ ਦੀਆਂ ਤਾਰੀਖ਼ਾਂ ਵਿਚ ਸਦਾ ਚਮਕਦਾ ਰਹੇਗਾ।

ਅੱਜ ਉਨ੍ਹਾਂ ਦੀ ਯਾਦ ਵਿਚ ਸਾਡੇ ਦਿਲ ਵਿਚ ਇੱਕ ਖਾਲੀਪਨ ਹੈ, ਪਰ ਉਨ੍ਹਾਂ ਦੀਆਂ ਗ਼ਜ਼ਲਾਂ ਉਸ ਖਾਲੀਪਨ ਨੂੰ ਯਾਦਾਂ ਨਾਲ ਭਰ ਰਹੀਆਂ ਹਨ। ਬਸ਼ੀਰ ਬਦਰ ਸਾਹਿਬ, ਤੁਸੀਂ ਚਲੇ ਗਏ, ਪਰ ਤੁਹਾਡੀਆਂ ਯਾਦਾਂ ਅਤੇ ਸ਼ੇਅਰ ਸਦਾ ਜਿਉਂਦੇ ਰਹਿਣਗੇ।

ਅਲਵਿਦਾ ਸ਼ਾਇਰ-ਏ-ਆਜ਼ਮ! ਤੁਹਾਡਾ ਯੋਗਦਾਨ ਅਮਰ ਹੈ।

## ਕੇਵਲ ਸਿੰਘ ਢਿੱਲੋਂ ਪ੍ਰਧਾਨ,

ਭਾਜਪਾ ਦੋਹਰੀ ਮਾਰ ਝੱਲ ਗਈ- ਗੱਠਜੋੜ ਵੀ ਟੁੱਟਿਆ ਅਤੇ ਚੋਣਾਂ ਵੀ ਹਾਰੀ।

ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਸਾਹਮਣੇ ਦਿਖ ਰਹੀਆਂ ਹਨ। ਭਾਜਪਾ ਇਸ ਵਾਰ ਪੂਰੀ ਤਰ੍ਹਾਂ ਆਪਣੇ ਤੌਰ 'ਤੇ ਉੱਤਰਨ ਦਾ ਐਲਾਨ ਕਰ ਚੁੱਕੀ ਹੈ। ਇਹ ਉਸ ਪਾਰਟੀ ਲਈ ਇੱਕ ਵੱਡੀ ਰਣਨੀਤਕ ਤਬਦੀਲੀ ਹੈ, ਜੋ ਪਰੰਪਰਾਗਤ ਤੌਰ 'ਤੇ ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ 'ਤੇ ਨਿਰਭਰ ਰਹੀ। ਇਸੇ ਪ੍ਰਸੰਗ ਵਿੱਚ ਅੱਜ 28 ਮਈ 2026 ਨੂੰ ਭਾਜਪਾ ਨੇ ਵੱਡਾ ਸਿਆਸੀ ਫੈਸਲਾ ਲੈਂਦਿਆਂ ਕੇਵਲ ਸਿੰਘ ਢਿੱਲੋਂ ਨੂੰ ਸੂਬਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ।

75 ਸਾਲਾ ਕੇਵਲ ਸਿੰਘ ਢਿੱਲੋਂ ਜੂਨ 2022 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। ਉਹ 2007 ਤੋਂ 2017 ਤੱਕ ਬਰਨਾਲਾ ਤੋਂ ਵਿਧਾਇਕ ਰਹਿ ਚੁੱਕੇ ਹਨ ਅਤੇ ਇੱਕ ਸਫਲ ਕਾਰੋਬਾਰੀ ਵਜੋਂ ਵੀ ਜਾਣੇ ਜਾਂਦੇ ਹਨ। ਉਹ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜੇ ਮੰਨੇ ਜਾਂਦੇ ਹਨ। ਢਿੱਲੋਂ ਦਾ ਸਿਆਸੀ ਆਧਾਰ ਮਾਲਵੇ ਖੇਤਰ ਵਿੱਚ ਹੈ - ਖਾਸ ਕਰਕੇ ਬਰਨਾਲਾ ਅਤੇ ਸੰਗਰੂਰ ਦੇ ਇਲਾਕੇ ਵਿੱਚ। ਇਹ ਉਹ ਖੇਤਰ ਹੈ ਜੋ ਭਾਜਪਾ ਲਈ ਰਵਾਇਤੀ ਤੌਰ 'ਤੇ ਸਭ ਤੋਂ ਔਖਾ ਰਿਹਾ ਹੈ।

ਢਿੱਲੋਂ ਨੂੰ ਕਮਾਨ ਸੌਂਪ ਕੇ ਪਾਰਟੀ ਇਹ ਸੰਕੇਤ ਦੇ ਰਹੀ ਹੈ ਕਿ ਪੰਜਾਬ ਵਿੱਚ ਹੁਣ ਉਸਦੀ ਰਣਨੀਤੀ ਪੇਂਡੂ ਪਹੁੰਚ, ਸਿੱਖ ਨੁਮਾਇੰਦਗੀ ਅਤੇ ਮਾਲਵੇ ਵਿੱਚ ਆਮ ਆਦਮੀ ਪਾਰਟੀ ਨੂੰ ਤਿੱਖੀ ਟੱਕਰ ਦੇਣ ਦੁਆਲੇ ਘੁੰਮੇਗੀ। ਪਾਰਟੀ ਹੁਣ ਉਨ੍ਹਾਂ ਦੇ ਸੰਗਠਨਾਤਮਕ ਤਜ਼ਰਬੇ 'ਤੇ ਭਰੋਸਾ ਕਰ ਰਹੀ ਹੈ ਤਾਂ ਜੋ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਕਾਡਰ ਨੈੱਟਵਰਕ ਨੂੰ ਮਜ਼ਬੂਤ ਕੀਤਾ ਜਾ ਸਕੇ।

ਭਾਜਪਾ ਦੀ ਇਸ ਚੋਣ ਦੇ ਪਿੱਛੇ ਇੱਕ ਸਪੱਸ਼ਟ ਸਿਆਸੀ ਹਿਸਾਬ ਹੈ। ਇਸ ਤੋਂ ਪਹਿਲਾਂ ਸੁਨੀਲ ਜਾਖੜ ਅਤੇ ਵਰਕਿੰਗ ਪ੍ਰਧਾਨ ਅਸ਼ਵਨੀ ਸ਼ਰਮਾ ਦੋਵੇਂ ਹੀ ਹਿੰਦੂ ਚਿਹਰੇ ਸਨ। ਪੰਜਾਬ ਵਿੱਚ ਜਿੱਥੇ ਸਿੱਖ ਆਬਾਦੀ ਬਹੁਮਤ ਵਿੱਚ ਹੈ, ਉੱਥੇ ਇੱਕ ਹਿੰਦੂ ਚਿਹਰੇ ਵਾਲੀ ਪਾਰਟੀ ਦਾ ਸਿੱਖ ਵੋਟਰਾਂ ਤੱਕ ਪਹੁੰਚਣਾ ਔਖਾ ਸੀ।

ਪੰਜਾਬ ਵਿੱਚ ਸਿੱਖ ਵੋਟਰ ਕੁੱਲ ਆਬਾਦੀ ਦਾ ਕਰੀਬ 57.7 ਫ਼ੀਸਦ ਹਿੱਸਾ ਬਣਦੇ ਹਨ। ਭਾਜਪਾ ਨੇ ਇਸ ਵਰਗ ਤੱਕ ਪਹੁੰਚ ਬਣਾਉਣ ਲਈ ਸਿੱਖ ਪਛਾਣ ਨਾਲ ਜੁੜੇ ਕਾਰਜ ਕੀਤੇ, ਜਿਸ ਵਿੱਚ ਕਰਤਾਰਪੁਰ ਲਾਂਘੇ ਸੰਬੰਧੀ ਪਹਿਲਕਦਮੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਭਾਜਪਾ ਨੇ ਪਹਿਲੀ ਵਾਰ ਆਪਣੇ ਦਮ 'ਤੇ ਵਿਰਾਸਤ-ਏ-ਖ਼ਾਲਸਾ, ਅਨੰਦਪੁਰ ਸਾਹਿਬ ਵਿੱਚ 'ਕੀਰਤਨ ਦਰਬਾਰ' ਆਯੋਜਿਤ ਕੀਤਾ। ਇਹ ਸਭ ਕੁਝ ਦਰਸਾਉਂਦਾ ਹੈ ਕਿ ਭਾਜਪਾ ਸਿੱਖ ਭਾਈਚਾਰੇ ਵਿੱਚ ਆਪਣੀ ਸਾਖ਼ ਬਣਾਉਣ ਲਈ ਕੋਈ ਕਸਰ ਨਹੀਂ ਛੱਡ ਰਹੀ।

ਭਾਜਪਾ ਦੇ ਪੱਖ ਵਿੱਚ ਕੁਝ ਅਹਿਮ ਸੰਕੇਤ ਜ਼ਰੂਰ ਹਨ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ 18.5 ਫ਼ੀਸਦ ਵੋਟ ਸ਼ੇਅਰ ਦਰਸਾਉਂਦਾ ਹੈ ਕਿ ਉਹ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਹਿੰਦੂ ਅਤੇ ਸਿੱਖ ਵੋਟਰਾਂ ਨੂੰ ਆਕਰਸ਼ਿਤ ਕਰ ਰਹੀ ਹੈ। ਭਾਜਪਾ ਦਾ ਵੋਟ ਸ਼ੇਅਰ ਕਰੀਬ 6 ਤੋਂ ਵੱਧ ਕੇ 18 ਫ਼ੀਸਦ ਹੋ ਗਿਆ ਹੈ। ਦਿੱਲੀ ਵਿੱਚ 27 ਸਾਲਾਂ ਬਾਅਦ ਜਿੱਤ ਹਾਸਲ ਕਰਨ ਤੋਂ ਬਾਅਦ ਪਾਰਟੀ ਦਾ ਮਨੋਬਲ ਵੀ ਕਾਫ਼ੀ ਉੱਚਾ ਹੈ।

ਇਸ ਤੋਂ ਇਲਾਵਾ ਭਾਜਪਾ ਨੇ ਦੂਜੀਆਂ ਪਾਰਟੀਆਂ ਤੋਂ ਵੱਡੇ ਨੇਤਾਵਾਂ ਨੂੰ ਆਪਣੇ ਵਿੱਚ ਸ਼ਾਮਲ ਕਰਕੇ ਆਪਣਾ ਸਿਆਸੀ ਅਧਾਰ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਸਾਬਕਾ ਕਾਂਗਰਸੀ ਆਗੂਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਮਾਲਵਾ, ਮਾਝਾ ਅਤੇ ਦੋਆਬਾ ਤਿੰਨਾਂ ਖੇਤਰਾਂ ਵਿੱਚ ਰਣਨੀਤਕ ਤੌਰ 'ਤੇ ਫੈਲਾਅ ਕਰ ਰਹੀ ਹੈ।

ਪਰ ਤਸਵੀਰ ਸਿਰਫ਼ ਚਮਕਦਾਰ ਨਹੀਂ- ਇਸ ਦੇ ਕਾਲੇ ਪਾਸੇ ਵੀ ਹਨ, ਜਿਨ੍ਹਾਂ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ।

ਕਿਸਾਨ ਅੰਦੋਲਨ ਦੀਆਂ ਯਾਦਾਂ ਪੇਂਡੂ ਪੰਜਾਬ ਦੀਆਂ ਕਈ ਹਲਕਾਂ ਵਿੱਚ ਭਾਜਪਾ ਬਾਰੇ ਲੋਕਾਂ ਦੀ ਰਾਏ ਨੂੰ ਪ੍ਰਭਾਵਿਤ ਕਰਨਾ ਜਾਰੀ ਰੱਖਦੀਆਂ ਹਨ। ਜੱਟ ਸਿੱਖ ਕਿਸਾਨ ਅੱਜ ਵੀ ਉਸ ਅੰਦੋਲਨ ਦੌਰਾਨ ਜਾਨਾਂ ਗੁਆਉਣ ਵਾਲੇ ਆਪਣੇ ਸਾਕਾਂ ਨੂੰ ਨਹੀਂ ਭੁੱਲੇ। ਕੇਵਲ ਢਿੱਲੋਂ ਭਾਵੇਂ ਖ਼ੁਦ ਜੱਟ ਸਿੱਖ ਹਨ, ਪਰ ਉਹ ਉਸ ਪਾਰਟੀ ਦੀ ਕਮਾਨ ਸੰਭਾਲ ਰਹੇ ਹਨ, ਜਿਸ ਨੇ ਕਿਸਾਨਾਂ ਦੇ ਜ਼ਖ਼ਮਾਂ ਲਈ ਜ਼ਿੰਮੇਵਾਰ ਕਾਨੂੰਨ ਲਾਗੂ ਕੀਤੇ ਸਨ।

ਪੇਂਡੂ ਖੇਤਰਾਂ ਵਿੱਚ ਭਾਜਪਾ ਦੀ ਮੌਜੂਦਗੀ ਅਜੇ ਵੀ ਸੀਮਤ ਹੈ ਅਤੇ ਇਕੱਲੇ ਚੋਣਾਂ ਲੜਨ ਲਈ ਉਸ ਨੂੰ ਅਜਿਹਾ ਸੰਗਠਨਾਤਮਕ ਅਧਾਰ ਬਣਾਉਣਾ ਹੋਵੇਗਾ, ਜੋ ਪਹਿਲਾਂ ਕਦੇ ਨਹੀਂ ਬਣਾਇਆ ਗਿਆ। ਸ਼ਹਿਰੀ ਸੀਟਾਂ ਅਤੇ ਪਹਾੜੀ ਖੇਤਰ ਤੋਂ ਇਲਾਵਾ ਬਹੁਤੇ ਪੇਂਡੂ ਹਲਕਿਆਂ ਵਿੱਚ ਪਾਰਟੀ ਦਾ ਕਾਡਰ ਬਹੁਤ ਕਮਜ਼ੋਰ ਹੈ।

ਪੰਜਾਬ ਵਿੱਚ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਵਿੱਚ 13 ਵਿੱਚੋਂ ਇੱਕ ਵੀ ਸੀਟ ਨਹੀਂ ਜਿੱਤ ਸਕੀ। ਵੋਟ ਸ਼ੇਅਰ ਵੱਧਣਾ ਇੱਕ ਗੱਲ ਹੈ, ਪਰ ਸੀਟਾਂ ਜਿੱਤਣਾ ਬਿਲਕੁੱਲ ਵੱਖਰਾ ਕੰਮ ਹੈ।

75 ਸਾਲ ਦੀ ਉਮਰ ਵਿੱਚ ਸੂਬਾ ਪ੍ਰਧਾਨ ਬਣਨ ਵਾਲੇ ਢਿੱਲੋਂ ਨੂੰ ਕੁਝ ਹੀ ਮਹੀਨਿਆਂ ਵਿੱਚ ਪਾਰਟੀ ਨੂੰ ਚੋਣ ਮੋਡ ਵਿੱਚ ਲੈ ਜਾਣਾ ਹੋਵੇਗਾ। ਉਹ ਕਾਂਗਰਸ ਤੋਂ ਆਏ ਹਨ ਅਤੇ ਭਾਜਪਾ ਦੇ ਕੱਟੜ ਕਾਡਰ ਵਿੱਚ ਉਨ੍ਹਾਂ ਦੀ ਸਵੀਕ੍ਰਿਤੀ ਕਿੰਨੀ ਕੁ ਹੋਵੇਗੀ, ਇਹ ਵੀ ਦੇਖਣ ਵਾਲੀ ਗੱਲ ਹੈ।

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਇੱਕ ਗੁੰਝਲਦਾਰ ਚਾਰ-ਕੋਣੀ ਲੜਾਈ ਵਿੱਚ ਬਦਲ ਸਕਦੀਆਂ ਹਨ, ਜਿਸ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਨਾਲ-ਨਾਲ ਕੁਝ ਖੇਤਰੀ ਅਤੇ ਖੱਬੇਪੱਖੀ ਪਾਰਟੀਆਂ ਵੀ ਸਥਾਨਕ ਨਤੀਜਿਆਂ ਨੂੰ ਪ੍ਰਭਾਵਿਤ ਕਰਨਗੀਆਂ। ਇਸ ਸਿਆਸੀ ਵਾਤਾਵਰਣ ਵਿੱਚ ਭਾਜਪਾ ਨੂੰ ਇਕੱਲੇ ਬਹੁਮਤ ਦੀ ਉਡੀਕ ਤੋਂ ਪਹਿਲਾਂ ਆਪਣੀ ਸ਼ੁਰੂਆਤੀ ਮੌਜੂਦਗੀ ਸਾਬਿਤ ਕਰਨੀ ਹੋਵੇਗੀ।

ਦਲਿਤ ਵੋਟਰਾਂ ਦੇ ਮਾਮਲੇ ਵਿੱਚ ਭਾਜਪਾ ਦਾ ਸਭ ਤੋਂ ਵੱਡਾ ਸਿਆਸੀ ਦਾਅ ਇਹ ਹੈ ਕਿ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਭਾਰਤ ਵਿੱਚ ਸਭ ਤੋਂ ਵੱਧ ਕਰੀਬ 31.9 ਫ਼ੀਸਦ ਹੈ, ਜੋ ਚੋਣਾਂ ਵਿੱਚ ਨਿਰਣਾਇਕ ਭੂਮਿਕਾ ਅਦਾ ਕਰ ਸਕਦੇ ਹਨ।

ਇਸ ਸਵਾਲ ਦਾ ਜਵਾਬ ਸਿੱਧਾ ਨਹੀਂ ਦਿੱਤਾ ਜਾ ਸਕਦਾ। ਢਿੱਲੋਂ ਦੀ ਨਿਯੁਕਤੀ ਭਾਜਪਾ ਦੀ ਰਣਨੀਤੀ ਦਾ ਇੱਕ ਅਹਿਮ ਹਿੱਸਾ ਹੈ, ਪਰ ਇਕੱਲੀ ਰਣਨੀਤੀ ਜਿੱਤ ਦੀ ਗਾਰੰਟੀ ਨਹੀਂ ਹੁੰਦੀ।

ਉਨ੍ਹਾਂ ਦੇ ਪੱਖ ਵਿੱਚ ਇਹ ਗੱਲਾਂ ਹਨ: ਉਹ ਜੱਟ ਸਿੱਖ ਹਨ, ਮਾਲਵੇ ਦੇ ਜਾਣਕਾਰ ਹਨ, ਸੰਗਠਨਾਤਮਕ ਤਜ਼ਰਬਾ ਹੈ, ਅਤੇ ਕਿਸਾਨੀ ਪਿਛੋਕੜ ਦੇ ਨੇੜੇ ਹਨ। ਪਰ ਉਨ੍ਹਾਂ ਦੇ ਵਿਰੁੱਧ ਇਹ ਗੱਲਾਂ ਹਨ: ਕਾਂਗਰਸ ਤੋਂ ਆਏ ਹੋਣ ਕਾਰਨ ਭਾਜਪਾ ਕਾਡਰ ਦੀ ਸੀਮਤ ਸਵੀਕ੍ਰਿਤੀ, ਉਮਰ ਦਾ ਕਾਰਕ, ਅਤੇ ਸਭ ਤੋਂ ਵੱਡਾ- ਉਨ੍ਹਾਂ ਦੀ ਆਪਣੀ ਕੋਈ ਵੱਡੀ ਜਨਾਧਾਰ ਵਾਲੀ ਸ਼ਖ਼ਸੀਅਤ ਨਹੀਂ ਹੈ।

ਭਾਜਪਾ ਦੀ ਆਸਵੰਦੀ ਦਾ ਦਾਰੋਮਦਾਰ ਇਸ ਗੱਲ 'ਤੇ ਟਿਕਿਆ ਹੈ ਕਿ ਉਹ ਲੋਕਾਂ ਨੂੰ ਯਕੀਨ ਦੁਆ ਸਕੇ ਕਿ ਪਾਰਟੀ ਸੱਚਮੁੱਚ ਕਿਸਾਨ-ਪੱਖੀ ਅਤੇ ਸਿੱਖ-ਪੱਖੀ ਹੈ। ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਭਾਜਪਾ ਦੀ ਪੰਜਾਬ ਨੀਤੀ ਵਿੱਚ ਇੱਕ ਸੋਚੀ-ਸਮਝੀ ਰਣਨੀਤੀ ਹੈ। ਸਿੱਖ ਚਿਹਰਾ, ਪੇਂਡੂ ਸੰਪਰਕ ਅਤੇ ਮਾਲਵੇ ਵਿੱਚ ਪੈਠ- ਇਹ ਤਿੰਨ ਗੱਲਾਂ ਇਸ ਨਿਯੁਕਤੀ ਦੀ ਤਾਕਤ ਹਨ। ਪਰ ਪੰਜਾਬ ਦੀ ਸਿਆਸਤ ਸਿਰਫ਼ ਚਿਹਰਿਆਂ ਨਾਲ ਨਹੀਂ ਜਿੱਤੀ ਜਾਂਦੀ-ਇੱਥੇ ਜ਼ਮੀਨ 'ਤੇ ਕੰਮ ਚਾਹੀਦਾ ਹੈ, ਕਾਡਰ ਚਾਹੀਦਾ ਹੈ, ਅਤੇ ਸਭ ਤੋਂ ਵੱਧ - ਭਰੋਸਾ ਚਾਹੀਦਾ ਹੈ।ਜੱਟ ਸਿੱਖ ਅਤੇ ਕਿਸਾਨ ਵੋਟਰਾਂ ਦਾ ਭਰੋਸਾ ਜਿੱਤਣਾ ਭਾਜਪਾ ਲਈ ਉਦੋਂ ਤੱਕ ਮੁਸ਼ਕਲ ਰਹੇਗਾ, ਜਦੋਂ ਤੱਕ ਉਹ ਕਿਸਾਨੀ ਮੁੱਦਿਆਂ ਬਾਰੇ ਆਪਣੀ ਨੀਤੀ ਸਪੱਸ਼ਟ ਨਹੀਂ ਕਰਦੀ। ਢਿੱਲੋਂ ਇੱਕ ਦਰਵਾਜ਼ਾ ਖੋਲ੍ਹ ਸਕਦੇ ਹਨ -ਪਰ ਦਰਵਾਜ਼ੇ ਤੋਂ ਅੰਦਰ ਵੜਨਾ ਅਜੇ ਭਾਜਪਾ ਦੀ ਸਭ ਤੋਂ ਵੱਡੀ ਪ੍ਰੀਖਿਆ ਬਾਕੀ ਹੈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ 'ਚ ਮੌਸਮੀ ਬੀਮਾਰੀਆਂ ਦੇ ਵਧਦੇ ਮਾਮਲਿਆਂ ਦਰਮਿਆਨ ਸੂਬਾ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਬਣੀ ਜੀਵਨਰੇਖਾ

ਚੰਡੀਗੜ੍ਹ; 28 ਮਈ (ਹਰਦੀਪ ਕੌਰ): ਪੰਜਾਬ ਵਿੱਚ ਬਦਲਦੇ ਤਾਪਮਾਨ ਅਤੇ ਉਮਸ ਭਰੀ ਗਰਮੀ ਦੇ ਆਉਣ ਨਾਲ ਇੱਕ ਵਾਰ ਫਿਰ ਮੌਸਮੀ ਬੀਮਾਰੀਆਂ ਦਾ ਪ੍ਰਕੋਪ ਵਧਣਾ ਸ਼ੁਰੂ ਹੋ ਗਿਆ ਹੈ। ਰੋਜਾਨਾ ਦੀਆਂ ਬੀਮਾਰੀਆਂ ਤੋਂ ਰਾਹਤ ਲਈ ਪਹਿਲਾਂ ਹੀ ਮਰੀਜਾਂ ਦੀ ਭੀੜ ਝੱਲ ਰਹੇ ਸਰਕਾਰੀ ਹਸਪਤਾਲਾਂ ਵਿੱਚ ਹੁਣ ਬੁਖਾਰ ਨਾਲ ਸੰਬੰਧਤ ਬੀਮਾਰੀਆਂ, ਸਾਹ ਨਾਲ ਜੁੜੀਆਂ ਇਨਫੈਕਸਨਾਂ ਅਤੇ ਪੇਟ ਨਾਲ ਸੰਬੰਧਤ ਸਮੱਸਿਆਵਾਂ ਦੇ ਮਾਮਲਿਆਂ ਵਿੱਚ ਨਵਾਂ ਵਾਧਾ ਵੇਖਿਆ ਜਾ ਰਿਹਾ ਹੈ। ਡਾਕਟਰਾਂ ਅਨੁਸਾਰ ਇਹ ਮੌਸਮੀ ਲਹਿਰ ਹਰ ਸਾਲ ਚਿੰਤਾਜਨਕ ਢੰਗ ਨਾਲ ਵਾਪਸ ਆਉਂਦੀ ਹੈ।

ਐਕਿਊਟ ਫੈਬਰਾਈਲ ਇਲਨੈੱਸ ਕੋਈ ਇੱਕ ਬੀਮਾਰੀ ਨਹੀਂ, ਸਗੋਂ ਅਚਾਨਕ ਤੇਜ ਬੁਖਾਰ ਨਾਲ ਉਤਪੰਨ ਹੋਣ ਵਾਲੀ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਕਈ ਤਰ੍ਹਾਂ ਦੀਆਂ ਬੀਮਾਰੀਆਂ ਸ਼ਾਮਲ ਹੋ ਸਕਦੀਆਂ ਹਨ। ਯੂਐੱਸ ਸੈਂਟਰਜ ਫਾਰ ਡਿਜੀਜ ਕੰਟਰੋਲ ਐਂਡ ਪ੍ਰਿਵੈਂਸਨ (ਸੀਡੀਸੀ) ਅਨੁਸਾਰ, ਅਜਿਹੀਆਂ ਸਥਿਤੀਆਂ ਵਾਇਰਲ, ਬੈਕਟੀਰੀਅਲ ਜਾਂ ਪਰਜੀਵੀ ਸੰਕਰਮਣਾਂ ਕਾਰਨ ਹੋ ਸਕਦੀਆਂ ਹਨ। ਕਈ ਵਾਰ ਮਰੀਜ ਬੁਖਾਰ ਨੂੰ ਮੁੱਖ ਲੱਛਣ ਵਜੋਂ ਲੈ ਕੇ ਹਸਪਤਾਲ ਪਹੁੰਚਦੇ ਹਨ, ਜਦਕਿ ਇਨਫੈਕਸਨ ਦਾ ਅਸਲ ਕਾਰਨ ਸ਼ੁਰੂਆਤੀ ਪੜਾਅ ਵਿੱਚ ਸਪੱਸਟ ਨਹੀਂ ਹੋ ਪਾਉਂਦਾ।

ਪੰਜਾਬ ਦੀ "ਮੁੱਖ ਮੰਤਰੀ ਸਿਹਤ ਯੋਜਨਾ" ਦੇ ਤਾਜਾ ਅੰਕੜੇ ਦੱਸਦੇ ਹਨ ਕਿ ਪਿਛਲੇ ਚਾਰ ਮਹੀਨਿਆਂ ਵਿੱਚ ਐਕਿਊਟ ਫੈਬਰਾਈਲ ਇਲਨੈੱਸ ਕੈਸਲੈੱਸ ਇਲਾਜ ਦੇ ਦਾਅਵਿਆਂ ਦੀਆਂ ਸਭ ਤੋਂ ਵੱਡੀਆਂ ਸ਼੍ਰੇਣੀਆਂ ਵਿੱਚ ਸ਼ਾਮਲ ਰਹੀ। ਰਾਜ ਸਿਹਤ ਏਜੰਸੀ (ਐਸਐਚਏ) ਤੋਂ ਪ੍ਰਾਪਤ ਅੰਕੜਿਆਂ ਅਨੁਸਾਰ, ਐਕਿਊਟ ਫੈਬਰਾਈਲ ਇਲਨੈੱਸ ਦੇ 5,840 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ 'ਤੇ 1.31 ਕਰੋੜ ਰੁਪਏ ਦੇ ਦਾਅਵਿਆਂ ਦਾ ਭੁਗਤਾਨ ਕੀਤਾ ਗਿਆ।

ਇਸ ਤੋਂ ਇਲਾਵਾ, ਪਾਣੀ ਰਾਹੀਂ ਫੈਲਣ ਵਾਲੀਆਂ ਅਤੇ ਸਾਹ ਨਾਲ ਸਬੰਧਤ ਬੀਮਾਰੀਆਂ ਦੇ ਮਾਮਲੇ ਵੀ ਸਾਹਮਣੇ ਆਏ। ਐਂਟੇਰਿਕ ਫੀਵਰ ਦੇ 1,396 ਮਾਮਲੇ ਦਰਜ ਹੋਏ, ਜਿਨ੍ਹਾਂ 'ਤੇ 30.47 ਲੱਖ ਰੁਪਏ ਦੇ ਦਾਅਵੇ ਕੀਤੇ ਗਏ। ਨਿਮੋਨੀਆ ਦੇ 377 ਮਾਮਲਿਆਂ 'ਤੇ 11.06 ਲੱਖ ਰੁਪਏ, ਜਦਕਿ ਐਕਿਊਟ ਬ੍ਰੌਂਕਾਈਟਿਸ ਦੇ 326 ਮਾਮਲਿਆਂ 'ਤੇ 9.24 ਲੱਖ ਰੁਪਏ ਖਰਚ ਹੋਏ। ਉੱਥੇ ਹੀ ਮਾਨਸੂਨ ਦੌਰਾਨ ਅਕਸਰ ਚਰਚਾ ਵਿੱਚ ਰਹਿਣ ਵਾਲੀਆਂ ਬੀਮਾਰੀਆਂ ਦੇ ਮਾਮਲੇ ਤੁਲਨਾਤਮਕ ਤੌਰ 'ਤੇ ਘੱਟ ਰਹੇ। ਡੇਂਗੂ ਦੇ ਕੇਵਲ 12 ਮਾਮਲੇ ਦਰਜ ਹੋਏ, ਜਿਨ੍ਹਾਂ 'ਤੇ 40,880 ਰੁਪਏ ਦਾ ਦਾਅਵਾ ਹੋਇਆ। ਮਲੇਰੀਆ ਦੇ ਸਿਰਫ 3 ਮਾਮਲੇ, ਚਿਕਨਗੁਨਿਆ ਦੇ 6 ਮਾਮਲੇ, ਅਤੇ ਹੀਟ ਸਟ੍ਰੋਕ ਦੇ 4 ਮਾਮਲੇ ਸਾਹਮਣੇ ਆਏ, ਜੋ ਇਹ ਦਰਸਾਉਂਦਾ ਹੈ ਕਿ ਇਸ ਸਮੇਂ ਦੌਰਾਨ ਬਹੁਤ ਜ਼ਿਆਦਾ ਗਰਮੀ ਨਾਲ ਸਬੰਧਤ ਹਸਪਤਾਲ ਵਿੱਚ ਭਰਤੀ ਹੋਣ ਦੇ ਮਾਮਲੇ ਤੁਲਨਾਤਮਕ ਤੌਰ 'ਤੇ ਘੱਟ ਹਨ।

ਹਾਲਾਂਕਿ, ਜਨ ਸਿਹਤ ਮਾਹਿਰ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਤੋਂ ਬਚਣ ਦੀ ਸਲਾਹ ਦੇ ਰਹੇ ਹਨ। ਨੈਸਨਲ ਇੰਸਟੀਚਿਊਟ ਆਫ ਹੈਲਥ ਦੇ ਇੱਕ ਅਧਿਐਨ ਅਨੁਸਾਰ ਮੀਂਹ, ਮੱਛਰਾਂ ਦੀ ਵਧਦੀ ਗਿਣਤੀ ਅਤੇ ਸਥਾਨਕ ਸਫਾਈ ਦੀਆਂ ਸਥਿਤੀਆਂ ਮੁਤਾਬਕ ਮੌਸਮੀ ਪ੍ਰਕੋਪ ਤੇਜੀ ਨਾਲ ਬਦਲ ਸਕਦੇ ਹਨ। ਸਿਵਲ ਹਸਪਤਾਲ, ਪਟਿਆਲਾ ਦੇ ਮੈਡੀਕਲ ਸੁਪਰਿੰਟੈਂਡੈਂਟ ਡਾ. ਵਿਕਾਸ ਗੋਇਲ ਨੇ ਦੱਸਿਆ ਕਿ ਇਹ ਸਥਿਤੀ ਹਰ ਸਾਲ ਓਪੀਡੀ ਵਿੱਚ ਵੇਖੇ ਜਾਣ ਵਾਲੇ ਆਮ ਮੌਸਮੀ ਦਬਾਅ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਬਹੁਤੇ ਮਾਮਲੇ ਪ੍ਰਾਇਮਰੀ ਸਿਹਤ ਸੰਭਾਲ ਪੱਧਰ 'ਤੇ ਆਸਾਨੀ ਨਾਲ ਸੰਭਾਲੇ ਜਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਬੇਹੱਦ ਗਰਮੀ ਕਾਰਨ ਐਕਿਊਟ ਫੈਬਰਾਈਲ ਇਲਨੈੱਸ, ਉਲਟੀਆਂ, ਦਸਤ, ਸਿਰਦਰਦ, ਸਾਹ ਨਾਲ ਜੁੜੀਆਂ ਇਨਫੈਕਸਨਾਂ ਅਤੇ ਚਮੜੀ ਤੇ ਅੱਖਾਂ ਨਾਲ ਸੰਬੰਧਤ ਐਲਰਜੀ ਦੇ ਮਾਮਲੇ ਵਧ ਜਾਂਦੇ ਹਨ। ਗਰਮ ਮੌਸਮ ਕਾਰਨ ਲੋਕ ਅਕਸਰ ਇਲਾਜ ਵਿੱਚ ਦੇਰੀ ਕਰਦੇ ਹਨ, ਜਿਸ ਨਾਲ ਹਾਲਤ ਗੰਭੀਰ ਹੋ ਸਕਦੀ ਹੈ।

ਡਾ. ਵਿਕਾਸ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਮਰੀਜਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਬਿਨਾਂ ਆਰਥਿਕ ਬੋਝ ਦੇ ਹਸਪਤਾਲ ਵਿੱਚ ਦਾਖਲ ਹੋ ਕੇ ਕੈਸਲੈੱਸ ਇਲਾਜ ਮਿਲ ਰਿਹਾ ਹੈ। ਉਨ੍ਹਾਂ ਕਿਹਾ, "ਇਹ ਯੋਜਨਾ ਯਕੀਨੀ ਬਣਾਉਂਦੀ ਹੈ ਕਿ ਮਰੀਜ ਅਗਾਊਂ ਪੈਸਿਆਂ ਦੀ ਚਿੰਤਾ ਤੋਂ ਬਿਨਾਂ ਸਮੇਂ ਸਿਰ ਇਲਾਜ ਪ੍ਰਾਪਤ ਕਰ ਸਕਣ। ਡਾ. ਵਿਕਾਸ ਗੋਇਲ ਨੇ ਦੱਸਿਆ, "ਇਸ ਯੋਜਨਾ ਤਹਿਤ ਬਿਮਾਰੀ ਦਾ ਤੁਰੰਤ ਪਤਾ ਲਗਾਉਣ ਤੇ ਇਲਾਜ ਬਹੁਤ ਸਾਰੀਆਂ ਜਾਨਾਂ ਬਚਾਉਣ ਵਿੱਚ ਮਦਦ ਕਰ ਸਕਦਾ ਹੈ, ਕਿਉਂਕਿ ਹੁਣ ਮਰੀਜਾਂ ਨੂੰ ਲਾਗਤ ਦੀਆਂ ਚਿੰਤਾਵਾਂ ਕਾਰਨ ਡਾਕਟਰੀ ਸਹਾਇਤਾ ਲੈਣ ਵਿੱਚ ਦੇਰੀ ਹੋਣ ਦੀ ਸੰਭਾਵਨਾ ਘੱਟ ਗਈ ਹੈ।"

ਬੱਚੇ ਬੇਹੱਦ ਗਰਮੀ ਅਤੇ ਉਮਸ ਵਾਲੇ ਮੌਸਮ ਵਿੱਚ ਸਭ ਤੋਂ ਵੱਧ ਸੰਵੇਦਨਸ਼ੀਲ ਰਹਿੰਦੇ ਹਨ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੇ ਬਾਲ ਰੋਗ ਵਿਭਾਗ ਦੇ ਮੁਖੀ ਡਾ. ਸਸੀ ਕਾਂਤ ਧੀਰ ਨੇ ਚੇਤਾਵਨੀ ਦਿੱਤੀ ਕਿ ਨਵਜਾਤ ਅਤੇ ਛੋਟੇ ਬੱਚੇ ਸੰਕਰਮਣਾਂ ਦੀ ਲਪੇਟ ਵਿੱਚ ਜਲਦੀ ਆ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਠੀਕ ਤਰ੍ਹਾਂ ਖੁਰਾਕ ਨਾ ਲੈਣਾ, ਵਾਰ-ਵਾਰ ਉਲਟੀਆਂ ਹੋਣਾ, ਤੇਜ ਸਾਹ ਚੱਲਣਾ, ਡੀਹਾਈਡ੍ਰੇਸ਼ਨ, ਦੌਰੇ ਪੈਣਾ ਅਤੇ ਲਗਾਤਾਰ ਬੁਖਾਰ ਵਰਗੇ ਲੱਛਣਾਂ ਨੂੰ ਕਦੇ ਵੀ ਨਜਰਅੰਦਾਜ ਨਹੀਂ ਕਰਨਾ ਚਾਹੀਦਾ। ਉਨ੍ਹਾਂ ਖਾਸ ਤੌਰ 'ਤੇ ਕਿਹਾ ਕਿ ਤਿੰਨ ਮਹੀਨੇ ਤੋਂ ਘੱਟ ਉਮਰ ਦੇ ਬੱਚੇ ਨੂੰ ਕਿਸੇ ਵੀ ਤਰ੍ਹਾਂ ਦੇ ਬੁਖਾਰ ਹੋਣ ਦੀ ਸੂਰਤ ਵਿੱਚ ਤੁਰੰਤ ਮੈਡੀਕਲ ਦੇਖਭਾਲ ਦੇਣੀ ਜ਼ਰੂਰੀ ਹੈ।

ਡਾ. ਸਸੀ ਕਾਂਤ ਧੀਰ ਨੇ ਇਹ ਵੀ ਕਿਹਾ ਕਿ ਜਾਗਰੂਕਤਾ ਮੁਹਿੰਮਾਂ, ਸਫਾਈ-ਸਿੱਖਿਆ, ਟੀਕਾਕਰਨ ਤੇ ਮੱਛਰ ਕੰਟਰੋਲ ਉਪਾਆਂ ਰਾਹੀਂ ਇਨਫੈਕਸਨ ਦੇ ਫੈਲਾਅ ਨੂੰ ਰੋਕਣ ਵਿੱਚ ਮਾਪਿਆਂ, ਆਸਾ ਵਰਕਰਾਂ, ਆਂਗਣਵਾੜੀ ਕਰਮਚਾਰੀਆਂ ਅਤੇ ਸਕੂਲਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ।

ਫਿਲਹਾਲ, ਜਿਵੇਂ-ਜਿਵੇਂ ਪੰਜਾਬ ਇੱਕ ਹੋਰ ਲੰਬੀ ਗਰਮੀ ਲਈ ਤਿਆਰੀ ਕਰ ਰਿਹਾ ਹੈ, ਹਸਪਤਾਲਾਂ ਦੇ ਭੀੜਭਰੇ ਗਲਿਆਰੇ ਇਹ ਯਾਦ ਦਿਵਾ ਰਹੇ ਹਨ ਕਿ ਮੌਸਮੀ ਬੀਮਾਰੀਆਂ ਅੱਜ ਵੀ ਪਰਿਵਾਰਾਂ ਅਤੇ ਜਨ ਸਿਹਤ ਪ੍ਰਣਾਲੀ ਦੋਹਾਂ ਲਈ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਕੈਡਿਟ ਬਣੇ ਭਾਰਤੀ ਜਲ ਸੈਨਾ ਦੇ ਅਫ਼ਸਰ

ਚੰਡੀਗੜ੍ਹ/ਐਸਏਐਸ ਨਗਰ, 28 ਮਈ (ਹਰਦੀਪ ਕੌਰ): ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਕੈਡਿਟਾਂ ਅਰਪਿਤ ਪਰਾਸ਼ਰ (9ਵਾਂ ਕੋਰਸ) ਤੇ ਵਿਸ਼ੇਸ਼ ਸੂਦ (10ਵਾਂ ਕੋਰਸ) ਨੂੰ ਅੱਜ ਕੇਰਲਾ ਦੇ ਏਜ਼ੀਮਾਲਾ ਵਿੱਚ ਇੰਡੀਅਨ ਨੇਵਲ ਅਕੈਡਮੀ ਦੀ ਪਾਸਿੰਗ ਆਊਟ ਪਰੇਡ (ਪੀਓਪੀ) ਵਿੱਚ ਭਾਰਤੀ ਜਲ ਸੈਨਾ ਵਿੱਚ ਬਤੌਰ ਅਫ਼ਸਰ ਕਮਿਸ਼ਨ ਮਿਲਿਆ ਹੈ। ਪਰੇਡ ਦਾ ਨਿਰੀਖਣ ਵਾਈਸ ਐਡਮਿਰਲ ਸਮੀਰ ਸਕਸੈਨਾ, ਏ.ਵੀ.ਐਸ.ਐਮ, ਐਨ.ਐਮ, ਦੱਖਣੀ ਨੇਵਲ ਕਮਾਂਡ ਦੇ ਫਲੈਗ ਅਫਸਰ ਕਮਾਂਡਿੰਗ-ਇਨ-ਚੀਫ਼ ਵੱਲੋਂ ਕੀਤਾ ਗਿਆ। ਸੰਗਰੂਰ ਜ਼ਿਲ੍ਹੇ ਦੇ ਧੂਰੀ ਦੇ ਰਹਿਣ ਵਾਲੇ ਕੈਡਿਟ ਅਰਪਿਤ ਅਤੇ ਐਸਏਐਸ ਨਗਰ (ਮੁਹਾਲੀ) ਦੇ ਕੈਡਿਟ ਵਿਸ਼ੇਸ਼ ਸੂਦ ਨੇ ਇੰਸਟੀਚਿਊਟ ਵਿੱਚ ਦੋ ਸਾਲ ਦੀ ਸਿਖਲਾਈ ਪੂਰੀ ਕਰਨ ਬਾਅਦ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਵਿੱਚ ਤਿੰਨ ਸਾਲ ਤੇ ਆਈਐਨਏ ਵਿੱਚ ਇੱਕ ਸਾਲ ਦੀ ਸੇਵਾ-ਵਿਸ਼ੇਸ਼ ਸਿਖਲਾਈ ਪੂਰੀ ਕੀਤੀ। ਹੁਣ, ਉਹ ਜਲਦੀ ਭਾਰਤੀ ਜਲ ਸੈਨਾ ਵਿੱਚ ਡਿਊਟੀਆਂ ਨਿਭਾਉਣਗੇ।

ਦੋਵਾਂ ਕੈਡਿਟਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਥਿਆਰਬੰਦ ਸੈਨਾਵਾਂ



ਵਿੱਚ ਸ਼ਾਮਲ ਹੋਣ ਦੇ ਚਾਹਵਾਨ ਸੂਬੇ ਦੇ ਨੌਜਵਾਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਪ੍ਰਤੀ ਵਚਨਬੱਧ ਹੈ। ਇਨ੍ਹਾਂ ਅਧਿਕਾਰੀਆਂ ਨੇ ਪੰਜਾਬ ਨੂੰ ਮਾਣ ਵਧਾਇਆ ਹੈ। ਇਸ ਤੋਂ ਬਾਅਦ ਕਈ ਹੋਰ ਕੈਡਿਟ ਵੀ ਬੁਲੰਦੀਆਂ ਨੂੰ ਛੂਹਣਗੇ। ਇਹਨਾਂ ਕੈਡਿਟਾਂ ਦੇ ਕਮਿਸ਼ਨਡ ਅਫਸਰ ਬਣਨ ਨਾਲ ਭਾਰਤੀ ਜਲ ਸੈਨਾ ਵਿੱਚ ਕਮਿਸ਼ਨ ਹਾਸਲ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਕੈਡਿਟਾਂ ਦੀ ਗਿਣਤੀ 24 ਹੋ ਗਈ ਹੈ, ਜੋ ਕਿ ਸੰਸਥਾ ਲਈ ਇੱਕ ਨਵਾਂ ਮੀਲ ਪੱਥਰ ਹੈ। ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ ਚੌਹਾਨ, ਵੀਐਸਐਮ (ਸੇਵਾਮੁਕਤ) ਨੇ ਕਿਹਾ ਕਿ ਇਹਨਾਂ ਕੈਡਿਟਾਂ ਤੋਂ ਇਲਾਵਾ, ਸਾਡੀ ਸੰਸਥਾ ਦੇ 24 ਹੋਰ ਕੈਡਿਟਾਂ ਨੇ ਆਪਣੇ ਐਸਐਸਬੀ ਇੰਟਰਵਿਊ ਪਾਸ ਕਰ ਲਏ ਹਨ ਤੇ ਜੂਨ 2026 ਤੋਂ ਵੱਖ-ਵੱਖ ਸਿਖਲਾਈ ਅਕੈਡਮੀਆਂ ਵਿੱਚ ਸ਼ੁਰੂ ਹੋਣ ਵਾਲੇ ਕੋਰਸਾਂ ਲਈ ਜੁਆਇਨਿੰਗ ਲੈਟਰਾਂ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਨੇ ਇਨ੍ਹਾਂ ਨਵ-ਨਿਯੁਕਤ ਅਫਸਰਾਂ ਦੇ ਰਾਸ਼ਟਰ ਦੀ ਸੇਵਾ ਵਿੱਚ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

# ਗੈਂਗਸਟਰਾਂ 'ਤੇ ਵਾਰ ਦੇ 128ਵੇਂ ਦਿਨ 364 ਥਾਵਾਂ ਉੱਤੇ ਛਾਪੇਮਾਰੀ ਦੌਰਾਨ 92 ਕਾਬੂ




ਚੰਡੀਗੜ੍ਹ, 28 ਮਈ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 128ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 364 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

128ਵੇਂ ਦਿਨ ਪੁਲਿਸ ਟੀਮਾਂ ਨੇ ਇੱਕ ਹਥਿਆਰ ਸਮੇਤ 92 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫਤਾਰੀਆਂ 32,397 ਹੋ ਗਈਆਂ। ਇਸ ਤੋਂ ਇਲਾਵਾ 62 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 16 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਇੱਕ ਭਗੌੜੇ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 453ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 50 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜੇ ਵਿੱਚੋਂ 935 ਗ੍ਰਾਮ ਹੈਰੋਇਨ, 500 ਗ੍ਰਾਮ ਅਫੀਮ ਤੇ 6000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 453 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸਾ ਤਸਕਰਾਂ ਦੀ ਗਿਣਤੀ 65,646 ਹੋ ਗਈ ਹੈ। ਨਸਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ ਛੇ ਵਿਅਕਤੀਆਂ ਨੂੰ ਨਸਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

# ਜ਼ੀਰਕਪੁਰ ਵਿੱਚ ਟਿਕਾਊ ਸ਼ਹਿਰੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋਂ ਬਿਲਡਰਾਂ ਨਾਲ ਵਿਚਾਰ-ਵਟਾਂਦਰਾ

ਜੀਰਕਪੁਰ/ਚੰਡੀਗੜ੍ਹ, 28 ਮਈ (ਚ.ਨ.ਸ.): ਜਾਗਰੂਕਤਾ ਅਤੇ ਆਪਸੀ ਸਹਿਯੋਗ ਰਾਹੀਂ ਵਾਤਾਵਰਣ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਮਜਬੂਤ ਕਰਨ ਦੇ ਮਕਸਦ ਨਾਲ ਇੱਕ ਅਹਿਮ ਪਹਿਲਕਦਮੀ ਕਰਦਿਆਂ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ (ਪੀ.ਪੀ.ਸੀ.ਬੀ.), ਖੇਤਰੀ ਦਫਤਰ ਐਸ.ਏ.ਐਸ. ਨਗਰ ਵੱਲੋਂ ਜੀਰਕਪੁਰ ਵਿਖੇ ਬਿਲਡਰ ਵੈਲਫੇਅਰ ਐਸੋਸੀਏਸਨ ਨਾਲ ਇੱਕ ਵਿਚਾਰ-ਵਟਾਂਦਰਾ ਮੀਟਿੰਗ ਕੀਤੀ ਗਈ। ਇਸ ਸੈਸਨ ਦਾ ਆਯੋਜਨ ਸੁਪਰਡੈਂਟਿੰਗ ਐਨਵਾਇਰਨਮੈਂਟਲ ਇੰਜੀਨੀਅਰ (ਐਸ.ਈ.ਈ.) ਇੰਜੀ. ਗੁਰਸਰਨ ਦਾਸ ਗਰਗ ਤੇ ਐਗਜੀਕਿਊਟਿਵ ਇੰਜੀਨੀਅਰ (ਈ.ਈ.) ਇੰਜੀ. ਕੰਵਲਦੀਪ ਕੌਰ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੀਟਿੰਗ ਦਾ ਮੁੱਖ ਉਦੇਸ ਵਾਤਾਵਰਣ ਸਬੰਧੀ ਨਿਯਮਾਂ ਨੂੰ ਸਰਲ ਬਣਾਉਣਾ ਤੇ ਬਿਲਡਰਾਂ ਨੂੰ ਉਸਾਰੀ ਤੇ ਹਾਊਸਿੰਗ ਪ੍ਰੋਜੈਕਟਾਂ ਨਾਲ ਸਬੰਧਤ ਕਾਨੂੰਨੀ ਨਿਯਮਾਂ ਬਾਰੇ ਸੇਧ ਦੇਣਾ ਸੀ। ਅਧਿਕਾਰੀਆਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਬੋਰਡ ਦਾ ਮਕਸਦ ਸਿਰਫ ਕਾਨੂੰਨ ਲਾਗੂ ਕਰਨਾ ਹੀ ਨਹੀਂ ਹੈ, ਸਗੋਂ ਬਿਹਤਰ ਤਾਲਮੇਲ ਤੇ ਪਾਰਦਰਸਤਾ ਰਾਹੀਂ ਵਾਤਾਵਰਣ ਪੱਖੀ ਤੇ ਟਿਕਾਊ ਸਹਿਰੀ ਵਿਕਾਸ 'ਚ ਮਦਦ ਕਰਨਾ ਹੈ। ਮੀਟਿੰਗ ਦੌਰਾਨ, ਐਸ.ਈ.ਈ. ਨੇ ਪ੍ਰੋਜੈਕਟਾਂ ਦੀ ਉਸਾਰੀ ਅਤੇ ਉਹਨਾਂ ਦੇ ਚੱਲਣ (ਆਪ੍ਰੇਸਨਲ) ਦੋਵਾਂ ਪੜਾਵਾਂ ਦੌਰਾਨ ਵਾਤਾਵਰਣ ਕਲੀਅਰੈਂਸ (ਈ.ਸੀ.) ਦੀਆਂ ਸਰਤਾਂ ਦੀ ਪਾਲਣਾ ਕਰਨ ਦੀ ਮਹੱਤਤਾ 'ਤੇ ਜੋਰ ਦਿੱਤਾ। ਉਨ੍ਹਾਂ ਸਲਾਹ ਦਿੱਤੀ ਕਿ ਉਸਾਰੀ ਦੇ ਪੜਾਅ ਦੌਰਾਨ ਵਾਤਾਵਰਣ ਦੇ ਨਿਯਮਾਂ ਨੂੰ ਵੱਡੇ ਬੋਰਡਾਂ 'ਤੇ ਪ੍ਰਦਰਸ਼ਿਤ ਕੀਤਾ ਜਾਵੇ ਤਾਂ ਜੋ ਉੱਥੇ ਕੰਮ ਕਰ ਰਹੇ ਸਟਾਫ ਤੇ ਮਜਦੂਰਾਂ ਨੂੰ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਬਾਰੇ ਲਗਾਤਾਰ ਯਾਦ ਰਹੇ।



ਬਿਲਡਰਾਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਕਿਸੇ ਤੀਜੀ ਧਿਰ (ਏਜੰਟਾਂ) 'ਤੇ ਪੂਰੀ ਤਰ੍ਹਾਂ ਨਿਰਭਰ ਰਹਿਣ ਦੀ ਬਜਾਏ, ਅਰਜੀ ਫਾਰਮਾਂ ਨੂੰ ਖੁਦ ਪੜ੍ਹਨ, ਸਮਝਣ ਤੇ ਸਹੀ ਤਰੀਕੇ ਨਾਲ ਭਰਨ, ਤਾਂ ਜੋ ਆਪਸੀ ਤਾਲਮੇਲ ਬਿਹਤਰ ਹੋ ਸਕੇ ਤੇ ਨਿਯਮਾਂ ਦੀ ਪਾਲਣਾ ਦੀ ਪ੍ਰਕਿਰਿਆ ਸੁਖਾਲੀ ਹੋਵੇ।

ਆਉਣ ਵਾਲੇ ਮਾਨਸੂਨ ਦੇ ਸੀਜਨ ਦੀਆਂ ਤਿਆਰੀਆਂ 'ਤੇ ਵਿਸੇਸ ਜੋਰ ਦਿੱਤਾ ਗਿਆ। ਬਿਲਡਰਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਮੀਂਹ ਦੇ ਪਾਣੀ ਨੂੰ ਸੰਭਾਲਣ ਵਾਲੇ ਪਿਟਸ (ਰੇਨਵਾਟਰ ਹਾਰਵੈਸਟਿੰਗ ਪਿਟਸ) ਦੀ ਸਫਾਈ ਕਰਵਾਉਣ ਅਤੇ ਇਹ ਯਕੀਨੀ ਬਣਾਉਣ ਕਿ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਨੂੰ ਬਚਾਉਣ ਲਈ ਰੀਚਾਰਜ ਪ੍ਰਣਾਲੀਆਂ ਵਿੱਚ ਸਿਰਫ ਸਤਹ ਦਾ ਸਾਫ ਪਾਣੀ ਹੀ ਜਾਵੇ। ਬੋਰਡ ਨੇ ਸੀਵੇਜ ਟ੍ਰੀਟਮੈਂਟ ਪਲਾਂਟਾਂ (ਐਸ.ਟੀ.ਪੀਜ਼) ਨੂੰ ਸਹੀ ਤਰੀਕੇ ਨਾਲ ਚਲਾਉਣ, ਸੋਧੇ ਹੋਏ (ਟ੍ਰੀਟ ਕੀਤੇ) ਪਾਣੀ ਦੀ ਡੁਅਲ ਪਲੰਬਿੰਗ ਅਤੇ ਬਾਗਬਾਨੀ ਵਿੱਚ ਵਰਤੋਂ ਕਰਨ, ਅਤੇ ਘਰੇਲੂ ਗੰਦੇ ਪਾਣੀ ਨੂੰ ਬਿਨਾਂ ਮਨਜੂਰੀ ਦੇ ਬਾਹਰ ਸੁੱਟਣ ਤੋਂ ਸਖਤੀ ਨਾਲ ਬਚਣ ਲਈ ਵੀ ਕਿਹਾ। ਅਧਿਕਾਰੀਆਂ ਨੇ ਰਿਹਾਇਸੀ ਸੁਸਾਇਟੀਆਂ ਦੇ ਅੰਦਰ ਤੇ ਆਲੇ-ਦੁਆਲੇ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਉਣ ਲਈ ਪ੍ਰੇਰਿਤ ਕੀਤਾ। ਨਾਲ ਹੀ, ਵਾਤਾਵਰਣ-ਪੱਖੀ ਸਮੱਗਰੀ ਅਤੇ ਟਿਕਾਊ ਜੀਵਨ ਸੈਲੀ ਅਪਨਾ ਕੇ ਠੋਸ ਕੂੜੇ (ਸਾਲਿਡ ਵੇਸਟ) ਦੀ ਪੈਦਾਵਾਰ ਨੂੰ ਘਟਾਉਣ ਦੀ ਵਕਾਲਤ ਕੀਤੀ। ਮੀਟਿੰਗ ਵਿੱਚ ਸਾਮਲ ਬਿਲਡਰਾਂ ਨੇ ਬੋਰਡ ਦੇ ਇਸ ਪਾਰਦਰਸੀ ਤੇ ਦੋਸਤਾਨਾ ਗੱਲਬਾਤ ਦੇ ਤਰੀਕੇ ਦੀ ਸਲਾਘਾ ਕੀਤੀ। ਬਿਲਡਰਜ ਐਸੋਸੀਏਸਨ, ਜੀਰਕਪੁਰ ਦੇ ਪ੍ਰਧਾਨ ਹਰੀਸ ਗੁਪਤਾ ਨੇ ਬਿਲਡਰ ਭਾਈਚਾਰੇ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਤੇ ਅਜਿਹੀਆਂ ਮੀਟਿੰਗਾਂ ਲਗਾਤਾਰ ਕਰਵਾਉਣ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਨੇ ਜੀਰਕਪੁਰ ਦੇ ਟਿਕਾਊ ਸਹਿਰੀ ਵਿਸਤਾਰ ਲਈ ਇਲਾਕੇ ਵਿੱਚ ਹੋਰ ਐਸ.ਟੀ.ਪੀਜ ਦੀ ਵੱਧ ਰਹੀ ਲੋੜ ਬਾਰੇ ਵੀ ਦੱਸਿਆ।

ਇਸ ਮੌਕੇ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਕਿਹਾ, "ਵਾਤਾਵਰਣ ਦੀ ਸੰਭਾਲ ਉਦੋਂ ਹੀ ਸੱਚਮੁੱਚ ਪ੍ਰਭਾਵਸਾਲੀ ਹੁੰਦੀ ਹੈ ਜਦੋਂ ਰੈਗੂਲੇਟਰ (ਪ੍ਰਸਾਸਨ) ਅਤੇ ਹਿੱਸੇਦਾਰ (ਸਟੇਕਹੋਲਡਰ) ਆਪਸੀ ਵਿਸਵਾਸ ਤੇ ਸਾਂਝੀ ਜ਼ਿੰਮੇਵਾਰੀ ਨਾਲ ਮਿਲ ਕੇ ਕੰਮ ਕਰਦੇ ਹਨ। ਸਾਡਾ ਮਕਸਦ ਜਾਗਰੂਕਤਾ, ਪਾਰਦਰਸਤਾ ਤੇ ਅਮਲੀ ਸੇਧ ਰਾਹੀਂ ਵਾਤਾਵਰਣ ਨਿਯਮਾਂ ਦੀ ਪਾਲਣਾ ਦੇ ਸੱਭਿਆਚਾਰ ਨੂੰ ਵਿਕਸਤ ਕਰਨਾ ਹੈ, ਤਾਂ ਜੋ ਪੰਜਾਬ ਦਾ ਸਹਿਰੀ ਵਿਕਾਸ ਟਿਕਾਊ, ਮਜਬੂਤ ਤੇ ਨਾਗਰਿਕ-ਪੱਖੀ ਰਹੇ। ਆਪਸੀ ਤਾਲਮੇਲ ਦੀ ਕਮੀ ਨੂੰ ਦੂਰ ਕਰਨ ਤੇ ਲੰਬੇ ਸਮੇਂ ਲਈ ਵਾਤਾਵਰਣ ਦੀ ਰਾਖੀ ਦੇ ਨਵੇਂ ਰਾਹ ਖੋਲ੍ਹਣ ਲਈ ਅਜਿਹੀਆਂ ਗੱਲਬਾਤਾਂ ਬਹੁਤ ਜਰੂਰੀ ਹਨ।" ਇਸ ਪਹਿਲਕਦਮੀ ਦੀ ਸਲਾਘਾ ਕਰਦਿਆਂ ਹਰੀਸ ਗੁਪਤਾ ਨੇ ਕਿਹਾ, "ਇਹ ਬਿਲਡਰਾਂ ਲਈ ਸੱਚਮੁੱਚ ਇੱਕ ਬਹੁਤ ਹੀ ਸਿੱਖਿਆਦਾਇਕ ਸੈਸਨ ਸੀ ਅਤੇ ਮੈਨੂੰ ਉਮੀਦ ਹੈ ਕਿ ਇਸ ਨਾਲ ਇਲਾਕੇ ਦੇ ਵਾਤਾਵਰਣ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੇਗੀ। ਅਸੀਂ ਦੂਰਅੰਦੇਸੀ ਸੋਚ ਵਾਲੇ ਮਾਨਯੋਗ ਚੇਅਰਪਰਸਨ ਮੈਡਮ ਦੇ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਅਤੇ ਬਿਲਡਰਾਂ ਵਿਚਕਾਰ ਤਾਲਮੇਲ ਦੀ ਕਮੀ ਨੂੰ ਦੂਰ ਕਰਨ ਲਈ ਇਹ ਪਹਿਲ ਕੀਤੀ।" ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਨੇ ਸਾਂਝੇ ਸਾਸਨ (ਪਾਰਟੀਸਿਪੇਟਰੀ ਗਵਰਨੈਂਸ) ਅਤੇ ਵਾਤਾਵਰਣ ਪ੍ਰਤੀ ਜਾਗਰੂਕ ਵਿਕਾਸ ਕਾਰਜਾਂ ਨੂੰ ਉਤਸਾਹਿਤ ਕਰਨ ਲਈ ਪੂਰੇ ਪੰਜਾਬ ਵਿੱਚ ਅਜਿਹੀਆਂ ਮੁਹਿੰਮਾਂ ਲਗਾਤਾਰ ਜਾਰੀ ਰੱਖਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

# ਕਾਂਗਰਸ ਕਮੇਟੀ ਦਫ਼ਤਰ 'ਚ ਮਨਾਈ ਗਈ ਈਦ



ਪਟਿਆਲਾ, 28 ਮਈ (ਗੁਰਮੁੱਖ ਸਿੰਘ ਰੁਪਾਣਾ): ਦੇਸ਼ ਭਰ ਵਿਚ ਈਦ ਉਲ ਅਧਾ ਦਾ ਤਿਉਹਾਰ ਬਹੁਤ ਹੀ ਖੁਸ਼ੀ ਨਾਲ ਮਨਾਇਆ ਗਿਆ। ਇਸ ਵਿੱਚ ਜਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦੇ ਦਫ਼ਤਰ ਵਿਚ ਈਦ ਦਾ ਤਿਉਹਾਰ ਮਨਾਇਆ ਗਿਆ,ਜਿਸ ਵਿੱਚ ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਨਰੇਸ਼ ਦੁੱਗਲ ,ਬਲਾਕ ਕਿਲਾ ਮੁਬਾਰਕ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜੇਸ਼ ਮੰਡੋਰਾ ,ਮਦਨ ਲਾਲ ਭਾਂਬਰੀ, ਰਾਕੇਸ਼ ਕੁਮਾਰ ਕੇਸ਼ੀ ਪੰਡਤ ਵਾਈਸ ਪ੍ਰਧਾਨ ਨੇ ਸ਼ਿਰਕਤ ਕੀਤੀ। ਉਥੇ ਸਾਰੀ ਜਿਲ੍ਹਾ ਕਾਂਗਰਸ ਕਮੇਟੀ ਨੇ ਚੇਅਰਮੈਨ ਘਟ ਗਿਣਤੀ ਕਾਂਗਰਸ ਸੈੱਲ ਅਸਲਮ ਸੈਫ਼ੀ ਦਾ ਮੂੰਹ ਮਿੱਠਾ ਕਰਵਾਕੇ ਈਦ ਦੀ ਮੁਬਾਰਕਾਂ ਦਿੱਤੀਆ ਤੇ ਇਕ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਨਰੇਸ਼ ਕੁਮਾਰ ਦੁੱਗਲ ਜੀ ਨੇ ਬੋਲਦਿਆ ਕਿਹਾ ਕਿ ਈਦ ਉਲ ਅੱਧਾ ਤਿਆਗ, ਭਾਈਚਾਰੇ, ਪਿਆਰ ਤੇ ਇਨਸਾਨੀਅਤ ਦਾ ਤਿਉਹਾਰ ਹੈ ਜੋ ਸਾਨੂੰ ਆਪਸੀ ਸਾਂਝ ਤੇ ਏਕਤਾ ਦਾ ਸੰਦੇਸ਼ ਦਿੰਦਾ ਹੈ।

ਪੰਜਾਬ ਹਮੇਸ਼ਾ ਭਾਈਚਾਰਾ ਤੇ ਸਾਂਝੀ ਵਾਲਤਾ ਦੀ ਧਰਤੀ ਰਹੀ ਹੈ ਅਤੇ ਸਾਰੇ ਤਿਉਹਾਰ ਮਿਲ ਜੁਲ ਕੇ ਮਨਾਏ ਜਾਂਦੇ ਹਨ ਅਤੇ ਰਜੇਸ਼ ਮੰਡੋਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਸਾਰੇ ਧਰਮ ਅਤੇ ਵਰਗਾ ਨੂੰ ਨਾਲ ਲੈਕੇ ਚਲਣ ਦੀ ਸੋਚ ਤੇ ਵਿਸ਼ਵਾਸ ਕਰਦੀ ਹੈ ਅਤੇ ਲੋਕਾਂ ਦੇ ਹੱਕਾ ਅਤੇ ਭਾਈਚਾਰੇ ਦੀ ਮਜ਼ਬੂਤੀ ਲਈ ਹਮੇਸ਼ਾ ਕੰਮ ਕਰਦੀ ਰਹੇਗੀ।ਇਸ ਮੌਕੇ ਅਬਦੁਲ ਅਲੀਮ, ਮੋਹੰਮਦ ਸਲੀਮ , ਸ਼ਬੀਰ ਅਹਿਮਦ, ਗੌਤਮ ਸਲੂਜਾ, ਫੀਰੋਜ਼ ਸੈਫ਼ੀ, ਅਸ਼ੋਕ ਸ਼ਰਮਾ, ਵਿਨੋਦ ਮਲਹੋਤਰਾ, ਸਨੀ ਪਵਾਰ, ਦਲਜੀਤ ਸਿੰਘ ਸੁਭਾਸ਼ ਚੰਦ ਹੋਰ ਬਹੁਤ ਆਗੂ ਸ਼ਾਮਲ ਰਹੇ।

## ਕੇਂਦਰੀ ਮੰਤਰੀ ਰਵਨੀਤ ਬਿੱਟੂ ਦੇ ਬਿਆਨਾਂ 'ਤੇ ਅਮਨ ਅਰੋੜਾ ਦਾ ਤਿੱਖਾ ਪਲਟਵਾਰ

# ਬਿੱਟੂ ਘਟੀਆ ਰਾਜਨੀਤੀ ਤੇ ਨਿੱਜੀ ਚਿੱਕੜ ਉਛਾਲਣ ਦੀ ਬਜਾਏ ਸਾਡੇ ਸਿਧਾਂਤਕ ਸਵਾਲਾਂ ਦਾ ਜਵਾਬ ਦੇਣ : ਅਮਨ ਅਰੋੜਾ

ਚੰਡੀਗੜ੍ਹ, 28 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਲਗਾਏ ਗਏ ਤਮਾਮ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਉਨ੍ਹਾਂ 'ਤੇ ਪਲਟਵਾਰ ਕੀਤਾ ਹੈ। ਅਮਨ ਅਰੋੜਾ ਨੇ ਕਿਹਾ ਕਿ ਬੀਤੇ ਰੋਜ਼ ਪੰਜਾਬ ਵਿੱਚ ਹੋਈਆਂ ਨਗਰ ਨਿਗਮ ਚੋਣਾਂ ਨੂੰ ਜਿੱਥੇ ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਪੂਰੀ ਤਰ੍ਹਾਂ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨਾ ਚਾਹੁੰਦੀ ਸੀ, ਉੱਥੇ ਹੀ ਧੂਰੀ ਅਤੇ ਸੰਗਰੂਰ ਵਿੱਚ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਜਿਸ ਤਰ੍ਹਾਂ ਦੀ ਹੁੱਲੜਬਾਜ਼ੀ ਅਤੇ ਅਭੱਦਰ ਵਿਵਹਾਰ ਕੀਤਾ, ਉਸ ਦੀ ਉਮੀਦ ਪੰਜਾਬ ਦਾ ਕੋਈ ਵੀ ਨਾਗਰਿਕ ਉਨ੍ਹਾਂ ਵਰਗੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਤੋਂ ਨਹੀਂ ਕਰ ਰਿਹਾ ਸੀ। ਇਸ ਗੁੰਡਾਗਰਦੀ ਖ਼ਿਲਾਫ਼ ਜਦੋਂ ਸਾਡੀ ਪਾਰਟੀ ਤੇ ਮੈਂ ਸਿਧਾਂਤਕ ਸਵਾਲ ਉਠਾਏ ਤਾਂ ਬਿੱਟੂ ਜੀ ਨੇ ਜਵਾਬ ਦੇਣ ਦੀ ਬਜਾਏ ਮਰਿਆਦਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਉਹ ਪੂਰੀ ਤਰ੍ਹਾਂ ਪੱਧਰਹੀਣ (ਬਿਲੋਅ ਦ ਬੈਲਟ) ਰਾਜਨੀਤੀ 'ਤੇ ਉਤਰ ਆਏ ਤੇ ਮੇਰੇ ਤੇ ਮੇਰੇ ਸਵਰਗੀ ਪਿਤਾ ਖ਼ਿਲਾਫ਼ ਘਟੀਆ ਚਿੱਕੜ ਉਛਾਲਣ ਲੱਗੇ, ਜਿਸ ਦਾ ਜਵਾਬ ਦੇਣਾ ਬੇਹੱਕ ਜ਼ਰੂਰੀ ਹੈ। ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਸਾਡਾ ਸਿਧਾਂਤਕ ਸਵਾਲ ਸਿੱਧਾ ਸੀ ਕਿ ਇੱਕ ਪਾਸੇ ਤਾਂ ਤੁਸੀਂ ਪੰਜਾਬ ਪੁਲਿਸ ਦੇ ਵਰਦੀਧਾਰੀ ਜਵਾਨਾਂ ਤੇ ਅਫ਼ਸਰਾਂ ਦੇ ਗਲਮੇ ਨੂੰ ਹੱਥ ਪਾਉਂਦੇ ਹੋ, ਉਨ੍ਹਾਂ ਨੂੰ 'ਦਲਾਲ' ਅਤੇ 'ਗੁੰਡਾ' ਵਰਗੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋ। ਜੇਕਰ ਤੁਹਾਨੂੰ ਪੰਜਾਬ ਦੀ ਪੁਲਿਸ ਇੰਨੀ ਹੀ ਮਾੜੀ ਲੱਗਦੀ ਹੈ, ਤਾਂ 2017 ਵਿੱਚ ਕਾਂਗਰਸ ਸਰਕਾਰ ਦੇ ਸਮੇਂ ਤੁਸੀਂ ਸਾਰੇ ਨਿਯਮ-ਕਾਨੂੰਨ ਛਿੱਕੇ ਟੰਗ ਕੇ ਆਪਣੇ ਭਰਾ ਗੁਰਇਕਬਾਲ ਸਿੰਘ ਹਨੀ ਨੂੰ ਸਿੱਧਾ ਡੀਐਸਪੀ ਕਿਉਂ ਲਗਵਾਇਆ? ਅੱਜ ਵੀ ਤੁਹਾਡਾ ਭਰਾ ਪੰਜਾਬ ਦੇ ਖ਼ਜ਼ਾਨੇ ਵਿੱਚੋਂ ਅਤੇ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਪੈਸੇ ਤੋਂ ਤਨਖ਼ਾਹ ਲੈ ਰਿਹਾ ਹੈ। ਉਨ੍ਹਾਂ ਬਿੱਟੂ ਨੂੰ ਘੇਰਦਿਆਂ ਕਿਹਾ ਕਿ ਮੈਂ ਤੁਹਾਡੇ ਦਾਦਾ ਬੇਅੰਤ ਸਿੰਘ ਦਾ ਬੇਹੱਦ ਸਤਿਕਾਰ ਕਰਦਾ ਹਾਂ, ਜਿਨ੍ਹਾਂ ਦੇ ਮੁੱਖ ਮੰਤਰੀ ਰਹਿੰਦਿਆਂ ਮੇਰੇ ਪਿਤਾ ਵਿਧਾਇਕ ਸਨ। ਪਰ ਸਵਾਲ ਇਹ ਹੈ ਕਿ ਜੇਕਰ ਤੁਸੀਂ ਸਿਰਫ਼ ਆਪਣੇ ਭਰਾ ਲਈ ਕਾਨੂੰਨ ਬਦਲਵਾ ਸਕਦੇ ਸੀ, ਤਾਂ ਉਸ ਬੰਬ ਧਮਾਕੇ ਵਿੱਚ ਸ਼ਹੀਦ ਹੋਏ ਬਾਕੀ 17



ਪੁਲਿਸ ਮੁਲਾਜ਼ਮਾਂ ਅਤੇ ਆਮ ਨਾਗਰਿਕਾਂ ਦੇ ਪਰਿਵਾਰਾਂ ਨੂੰ ਡੀਐਸਪੀ ਕਿਉਂ ਨਹੀਂ ਲਗਵਾਇਆ? ਕੀ ਉਨ੍ਹਾਂ ਦੇ ਪਰਿਵਾਰਾਂ ਦੀ ਕੋਈ ਸ਼ਹਾਦਤ ਨਹੀਂ ਸੀ? ਤੁਸੀਂ ਕੇਵਲ ਆਪਣੇ ਪਰਿਵਾਰ ਦੇ ਸੁਆਰਥ ਲਈ ਕਾਨੂੰਨ ਨੂੰ ਅੰਗੂਠਾ ਦਿਖਾਇਆ ਅਤੇ ਬਾਕੀ ਪੀੜਤ ਪਰਿਵਾਰ ਅੱਜ ਵੀ ਦਰ-ਦਰ ਭਟਕ ਰਹੇ ਹਨ। ਬਿੱਟੂ ਵੱਲੋਂ ਦਲ-ਬਦਲੂ ਕਹੇ ਜਾਣ 'ਤੇ ਤਿੱਖਾ ਹਮਲਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਬਿੱਟੂ ਜੀ, ਆਮ ਆਦਮੀ ਪਾਰਟੀ ਵਿੱਚ ਆਉਣ ਤੋਂ ਪਹਿਲਾਂ ਮੈਂ ਉਸੇ ਕਾਂਗਰਸ ਵਿੱਚ ਸੀ ਜਿਸ ਵਿੱਚ ਤੁਸੀਂ ਸੀ। ਮੈਂ 2016 ਵਿੱਚ ਸਿਧਾਂਤਾਂ ਲਈ ਕਾਂਗਰਸ ਛੱਡ ਕੇ ਆਇਆ ਸੀ, ਪਰ ਤੁਸੀਂ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਹਾਰ ਸਾਹਮਣੇ ਦੇਖ ਕੇ ਕੇਵਲ ਸੱਤਾ ਦੇ ਲਾਲਚ ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਭੱਜ ਗਏ, ਉਹ ਵੱਖਰੀ ਗੱਲ ਹੈ ਕਿ ਜਨਤਾ ਨੇ ਫਿਰ ਵੀ ਤੁਹਾਨੂੰ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਹਾਰਨ ਤੋਂ ਬਾਅਦ ਵੀ ਤੁਸੀਂ ਕੇਂਦਰ ਵਿੱਚ ਮੰਤਰੀ ਬਣ ਗਏ, ਪਰ ਤੁਹਾਡੀ ਭਾਸ਼ਾ ਅੱਜ ਇੰਨੀ ਘਟੀਆ ਹੋ ਚੁੱਕੀ ਹੈ ਜਿਸ ਨੂੰ ਪੂਰਾ ਪੰਜਾਬ ਦੇਖ ਰਿਹਾ ਹੈ। ਬਿੱਟੂ ਵੱਲੋਂ ਅਰੋੜਾ ਨੂੰ 'ਕਪੁੱਤ' ਕਹਿਣ ਵਾਲੇ ਬਿਆਨ 'ਤੇ ਅਰੋੜਾ ਨੇ ਕਿਹਾ ਕਿ ਪੁੱਤ ਕਪੁੱਤ ਹੈ ਜਾਂ ਸਪੁੱਤ, ਇਹ ਪੁੱਛਣ ਲਈ ਤੁਹਾਨੂੰ ਮੇਰੇ ਸਵਰਗੀ ਪਿਤਾ ਕੋਲ ਉੱਪਰ ਜਾਣਾ ਪਵੇਗਾ, ਜਾਂ ਫਿਰ ਕੱਲ੍ਹ ਤੁਸੀਂ ਸੁਨਾਮ ਆ ਕੇ ਮੇਰੀ ਮਾਂ ਤੋਂ ਪੁੱਛ ਲਵੋ, ਜੋ ਪਿਛਲੇ ਸਵਾ ਮਹੀਨੇ ਤੋਂ ਫੋਰਟਿਸ ਹਸਪਤਾਲ ਵਿੱਚ ਆਪ੍ਰੇਸ਼ਨ ਤੋਂ ਬਾਅਦ ਬਿਸਤਰ 'ਤੇ ਹਨ। ਉਨ੍ਹਾਂ ਦੇ ਸਵਰਗੀ ਪਿਤਾ ਸ਼੍ਰੀ ਭਗਵਾਨ ਦਾਸ ਅਰੋੜਾ ਜੀ ਦੀ ਮੌਤ 'ਤੇ ਬਿੱਟੂ ਵੱਲੋਂ ਕੀਤੀ ਗਈ ਟਿੱਪਣੀ 'ਤੇ ਬੇਹੱਦ ਭਾਵੁਕ ਤੇ ਹਮਲਾਵਰ ਹੁੰਦੇ ਹੋਏ ਅਮਨ ਅਰੋੜਾ ਨੇ ਖੁਲਾਸਾ ਕੀਤਾ ਕਿ ਮੇਰੇ ਪਿਤਾ ਜੀ ਨੇ ਡਿਪ੍ਰੈਸ਼ਨ (ਮਾਨਸਿਕ ਤਣਾਅ) ਵਿੱਚ ਆ ਕੇ ਖੁਦਕੁਸ਼ੀ ਕੀਤੀ ਸੀ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਪਰ ਉਹ ਡਿਪ੍ਰੈਸ਼ਨ ਵਿੱਚ ਕਿਉਂ ਸਨ? ਉਹ ਉਸੇ ਸ਼ਖਸ ਦੀ ਵਜ੍ਹਾ ਕਰਕੇ ਦੁਖੀ ਹੋ ਕੇ ਇਸ ਦੁਨੀਆ ਤੋਂ ਗਏ ਜਿਸ ਦੇ ਲਿਖੇ ਹੋਏ ਕਾਗਜ਼ ਕੱਲ੍ਹ ਤੁਸੀਂ ਪ੍ਰੈਸ ਕਾਨਫਰੰਸ ਵਿੱਚ ਕਿਸੇ ਤੋਤੇ ਵਾਂਗ ਪੜ੍ਹ-ਪੜ੍ਹ ਕੇ ਸੁਣਾ ਰਹੇ ਸੀ। ਉਨ੍ਹਾਂ ਕਿਹਾ ਕਿ ਸਾਡੇ ਆਦਰਯੋਗ ਜੀਜਾ ਰਾਜਿੰਦਰ ਦੀਪਾ ਨੇ ਸਾਡੇ ਪੂਰੇ ਪਰਿਵਾਰ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ 2002 ਵਿੱਚ ਘਰ ਦਾ ਮਾਹੌਲ ਖਰਾਬ ਕੀਤਾ, 2007 ਤੇ 2012 ਦੀਆਂ ਚੋਣਾਂ ਵਿੱਚ ਖੁਦ ਖੜ੍ਹੇ ਹੋ ਕੇ ਮੇਰੀ ਮੁਖਾਲਫਤ (ਵਿਰੋਧਤਾ) ਕੀਤੀ ਤਾਂ ਜੋ ਮੈਂ ਵਿਧਾਇਕ ਨਾ ਬਣ ਸਕਾਂ ਤੇ ਅੱਜ ਵੀ ਉਹ ਸਹੁਰੇ ਘਰ ਰਹਿ ਕੇ ਪੂਰੇ ਪਰਿਵਾਰ ਨੂੰ ਪਰੇਸ਼ਾਨ ਕਰ ਰਹੇ ਹਨ। ਅਰੋੜਾ ਨੇ ਕਿਹਾ ਕਿ ਬਿੱਟੂ ਜੀ, ਤੁਸੀਂ ਜਿਹੇ ਸਮਝਦਾਰ ਦਿਖਣ ਵਾਲੇ ਆਗੂ ਉਸ ਸ਼ਖਸ ਦੇ ਮੋਹਰੇ ਬਣ ਗਏ ਜਿਸ ਨੇ ਜ਼ਿੰਦਗੀ ਵਿੱਚ ਖੁਦ ਕੁਝ ਬਣਨ ਦੀ ਬਜਾਏ ਸਿਰਫ਼ ਦੂਜਿਆਂ ਦੇ ਘਰ ਉਜਾੜਨ ਦਾ ਕੰਮ ਕੀਤਾ ਹੈ।

ਅਮਨ ਅਰੋੜਾ ਨੇ ਬਿੱਟੂ ਦੇ ਹੋਰਨਾਂ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਰਾਜਿੰਦਰ ਦੀਪਾ ਦੇ ਉਕਸਾਉਣ 'ਤੇ ਤੁਸੀਂ ਮੇਰੇ 'ਤੇ ਟ੍ਰਾਂਸਪੋਰਟ ਵਿੱਚ ਫਰਜ਼ੀ ਦਸਤਖਤ ਕਰਨ ਦੇ ਦੋਸ਼ ਲਗਾ ਰਹੇ ਹੋ ਅਤੇ ਤਾਰੀਖਾਂ ਦੱਸ ਰਹੇ ਹੋ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 15-20 ਸਾਲ ਪਹਿਲਾਂ ਜਦੋਂ ਸਾਡੀ ਟ੍ਰਾਂਸਪੋਰਟ ਚੱਲਦੀ ਸੀ, ਉਦੋਂ ਕੀ ਬਿੱਟੂ ਜੀ ਉੱਥੇ ਮੈਨੇਜਰ ਸਨ, ਡਰਾਈਵਰ ਸਨ ਜਾਂ ਕੰਡਕਟਰ ਸਨ ਜੋ ਉਨ੍ਹਾਂ ਨੂੰ ਇੰਨਾ ਗਿਆਨ ਹੈ? ਕੋਰਟ ਕੇਸ ਅਤੇ ਸਜ਼ਾ ਦੇ ਮਾਮਲੇ 'ਤੇ ਉਨ੍ਹਾਂ ਸਾਫ਼ ਕੀਤਾ ਕਿ ਜਦੋਂ ਰਾਜਿੰਦਰ ਦੀਪਾ ਅਤੇ ਉਸ ਦੇ ਸਾਥੀਆਂ ਨੇ ਮੇਰੀ ਮਾਂ 'ਤੇ ਹਮਲਾ ਕੀਤਾ ਸੀ, ਉਦੋਂ ਮੈਂ ਆਪਣੀ ਮਾਂ ਨੂੰ ਬਚਾਇਆ ਸੀ, ਜਿਸ ਦੇ ਟਾਂਕਿਆਂ ਦੇ ਨਿਸ਼ਾਨ ਅੱਜ ਵੀ ਮੇਰੇ ਸਿਰ 'ਤੇ ਹਨ। ਮਾਂ ਦੀ ਰੱਖਿਆ ਕਰਨ ਲਈ ਜੇਕਰ ਮੈਨੂੰ ਕੋਈ ਸਜ਼ਾ ਵੀ ਭੁਗਤਣੀ ਪਵੇ, ਤਾਂ ਮੈਨੂੰ ਕੋਈ ਪਛਤਾਵਾ ਨਹੀਂ ਹੈ। ਪਰ ਤੁਹਾਡੇ ਆਕਾ ਦੀਪਾ ਜੀ ਨੇ ਤੁਹਾਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੇ ਅਤੇ ਮੇਰੀ ਭੈਣ ਸੋਨੀਆ ਨੇ ਮਿਲ ਕੇ ਸਿਰਫ਼ ਮੈਨੂੰ ਹੀ ਨਹੀਂ, ਸਗੋਂ ਸਾਡੀ 85 ਸਾਲਾ ਬਜ਼ੁਰਗ ਮਾਂ ਨੂੰ ਵੀ ਸਜ਼ਾ ਕਰਵਾਈ ਹੈ। ਅਜਿਹੇ ਲੋਕ ਕਿੰਨੇ ਚੰਗੇ 'ਸਪੁੱਤ' ਅਤੇ 'ਜਵਾਈ' ਹਨ, ਇਹ ਪੰਜਾਬ ਦੀ ਜਨਤਾ ਚੰਗੀ ਤਰ੍ਹਾਂ ਜਾਣਦੀ ਹੈ। ਅਮਨ ਅਰੋੜਾ ਨੇ ਚੰਡੀਗੜ੍ਹ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿਣ ਦੇ ਦੋਸ਼ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਬਿੱਟੂ ਜੀ, ਮੈਂ ਸੁਨਾਮ ਛੱਡ ਕੇ ਚੰਡੀਗੜ੍ਹ ਵਿੱਚ ਚਾਹੇ ਕਿਰਾਏ 'ਤੇ ਰਿਹਾ, ਚਾਹੇ ਆਪਣੇ ਘਰ ਵਿੱਚ ਜਾਂ ਸੜਕ 'ਤੇ ਰਿਹਾ, ਪਰ ਮੈਂ ਤੁਹਾਡੀ ਤਰ੍ਹਾਂ ਸਾਲਾਂ ਤੱਕ ਬਿਨਾਂ ਕਿਰਾਇਆ ਦਿੱਤੇ ਸਰਕਾਰੀ ਕੋਠੀ ਦੱਬ ਕੇ ਨਹੀਂ ਬੈਠਾ ਰਿਹਾ। ਜਦੋਂ ਤੁਹਾਨੂੰ ਚੋਣ ਲੜਨ ਲਈ ਪੰਜਾਬ ਸਰਕਾਰ ਤੋਂ ਐਨਓਸੀ ਚਾਹੀਦੀ ਸੀ ਤੇ 2 ਕਰੋੜ ਰੁਪਏ ਦਾ ਬਕਾਇਆ ਸਰਕਾਰੀ ਕੋਠੀ ਦਾ ਕਿਰਾਇਆ ਭਰਨਾ ਪਿਆ, ਤਾਂ ਤੁਹਾਡੀਆਂ ਚੀਕਾਂ ਕਿਵੇਂ ਨਿਕਲ ਰਹੀਆਂ ਸਨ, ਇਹ ਸਭ ਨੇ ਦੇਖਿਆ ਹੈ। ਮੈਂ ਜਿੱਥੇ ਵੀ ਰਿਹਾ, ਆਪਣੀ ਗ਼ੈਰਤ ਅਤੇ ਅਣਖ ਨਾਲ ਰਿਹਾ। ਉਨ੍ਹਾਂ ਨੇ ਆਪਣੇ ਚਰਿੱਤਰ 'ਤੇ ਉਠਾਏ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਮੇਰਾ ਚਰਿੱਤਰ ਦੇਖਣਾ ਹੈ ਤਾਂ ਸੁਨਾਮ ਦੇ ਲੋਕਾਂ ਨੂੰ ਪੁੱਛੋ, ਜਿਨ੍ਹਾਂ ਨੇ 2022 ਵਿੱਚ ਮੈਨੂੰ ਪੰਜਾਬ ਦੇ ਚੋਣ ਇਤਿਹਾਸ ਦੀ ਸਭ ਤੋਂ ਵੱਡੀ 75,277 ਵੋਟਾਂ ਦੀ ਰਿਕਾਰਡ ਜਿੱਤ ਦਿਵਾਈ। ਇਹ ਜਨਤਾ ਦੀ ਮੋਹਰ ਹੈ, ਮੈਨੂੰ ਬਿੱਟੂ ਜਾਂ ਦੀਪਾ ਤੋਂ ਚਰਿੱਤਰ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਹਾਊਸਿੰਗ ਮਹਿਕਮੇ ਦੌਰਾਨ ਲੁਧਿਆਣਾ ਵਿੱਚ ਬਿਲਡਰਾਂ ਨਾਲ ਮਿਲ ਕੇ ਜ਼ਮੀਨ ਕਬਜ਼ਾਉਣ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਅਮਨ ਅਰੋੜਾ ਨੇ ਕੇਂਦਰ ਮੰਤਰੀ ਨੂੰ ਖੁੱਲ੍ਹਾ ਚੈਲੇਂਜ ਦਿੱਤਾ। ਉਨ੍ਹਾਂ ਕਿਹਾ ਕਿ ਬਿੱਟੂ ਜੀ, ਸਮਾਂ ਤੁਹਾਡਾ, ਦਿਨ ਤੁਹਾਡਾ ਅਤੇ ਜਗ੍ਹਾ ਤੁਹਾਡੀ। ਲੁਧਿਆਣਾ ਤਾਂ ਕੀ, ਪੂਰੇ ਪੰਜਾਬ ਵਿੱਚ ਜੇਕਰ ਮੇਰੇ ਮੰਤਰੀ ਰਹਿੰਦਿਆਂ ਇੱਕ ਇੰਚ ਜ਼ਮੀਨ ਵੀ ਕਬਜ਼ਾਉਣਾ ਤਾਂ ਦੂਰ, ਖਰੀਦੀ ਵੀ ਗਈ ਹੋਵੇ, ਤਾਂ ਤੁਸੀਂ ਆ ਕੇ ਉੱਥੇ ਉਂਗਲ ਰੱਖ ਦਿਓ, ਮੈਂ ਉਹ ਜ਼ਮੀਨ ਅੱਜ ਹੀ ਤੁਹਾਡੇ ਨਾਮ ਲਿਖ ਦੇਵਾਂਗਾ। ਅਜਿਹੀ ਬਕਵਾਸ ਤੇ ਹਲਕੀ ਰਾਜਨੀਤੀ ਕਰਨਾ ਬੰਦ ਕਰੋ। ਮੈਂ ਪਰਮਾਤਮਾ ਅੱਗੇ ਦੁਆ ਕਰਦਾ ਹਾਂ ਕਿ ਕਦੇ ਬਿੱਟੂ ਜੀ ਦੇ ਪਰਿਵਾਰ ਜਾਂ ਕਿਸੇ ਦੁਸ਼ਮਣ ਦੇ ਘਰ ਵਿੱਚ ਵੀ ਅਜਿਹਾ ਸਮਾਂ ਨਾ ਆਵੇ ਕਿ ਕਿਸੇ ਮੈਂਬਰ ਨੂੰ ਖੁਦਕੁਸ਼ੀ ਕਰਨੀ ਪਵੇ। ਜੇਕਰ ਬਿੱਟੂ ਜੀ ਨੂੰ ਹੁਣ ਵੀ ਕੋਈ ਸ਼ੱਕ ਹੈ, ਤਾਂ ਉਹ ਕੱਲ੍ਹ ਹੀ ਸੁਨਾਮ ਆ ਕੇ ਮੇਰੀ ਬੀਮਾਰ ਮਾਂ ਨੂੰ ਮਿਲ ਲੈਣ ਜਾਂ ਜ਼ਮੀਨਾਂ ਦੇ ਮਾਮਲੇ 'ਤੇ ਪੰਜਾਬ ਦੇ ਕਿਸੇ ਵੀ ਕੋਨੇ ਵਿੱਚ ਆ ਕੇ ਮੇਰੇ ਨਾਲ ਸਿੱਧੀ ਗੱਲ ਕਰ ਲੈਣ।

# ਸੰਧਵਾਂ ਵੱਲੋਂ ਉਰਦੂ ਦੇ ਸ਼ਾਇਰ ਡਾ. ਬਸੀਰ ਬਦਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟ

ਚੰਡੀਗੜ੍ਹ, 28 ਮਈ (ਚ.ਨ.ਸ.): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਸਵ ਭਰ ਵਿੱਚ ਪ੍ਰਸਿੱਧ ਉਰਦੂ ਸ਼ਾਇਰ ਡਾ. ਬਸੀਰ ਬਦਰ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟਾਇਆ ਹੈ। ਸੋਕ ਸੰਦੇਸ ਵਿੱਚ ਸਪੀਕਰ ਸੰਧਵਾਂ ਨੇ ਕਿਹਾ ਕਿ ਡਾ. ਬਸੀਰ ਬਦਰ ਆਧੁਨਿਕ ਉਰਦੂ ਸਾਹਿਤ ਦੇ ਅਜਿਹੇ ਮਹਾਨ ਵਿਦਵਾਨ ਸਨ, ਜਿਨ੍ਹਾਂ ਨੇ ਗਜਲ ਸੈਲੀ ਨੂੰ ਗੁੰਝਲਦਾਰ ਰੂਪਕਾਂ ਤੋਂ ਬਾਹਰ ਕੱਢ ਕੇ ਆਮ ਲੋਕਾਂ ਦੇ ਦਿਲਾਂ ਤੱਕ ਪਹੁੰਚਾਇਆ।

ਉਨ੍ਹਾਂ ਅੱਗੇ ਕਿਹਾ ਕਿ ਡਾ. ਬਸੀਰ ਬਦਰ ਦਾ ਵਿਛੋੜਾ ਭਾਰਤੀ ਸਾਹਿਤ ਵਿੱਚ ਇੱਕ ਸਾਨਦਾਰ ਯੁੱਗ ਦੇ ਅੰਤ ਦਾ ਸੰਕੇਤ ਹੈ। ਉਨ੍ਹਾਂ ਦੀ ਸ਼ਾਇਰੀ, ਜੋ ਉਨ੍ਹਾਂ ਦੀ ਵਿਲੱਖਣ ਸਾਦਗੀ, ਭਾਵਨਾਤਮਕ ਡੂੰਘਾਈ ਤੇ ਮਨੁੱਖੀ ਹਕੀਕਤਾਂ ਦੇ ਪ੍ਰਤੀਬਿੰਬ ਲਈ ਜਾਣੀ ਜਾਂਦੀ ਹੈ, ਵਿਸ਼ਵ ਭਰ ਦੇ ਸ਼ਾਇਰ ਪ੍ਰੇਮੀਆਂ ਦੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ। ਸਾਹਿਤ ਪ੍ਰਤੀ ਉਨ੍ਹਾਂ ਦਾ ਯੋਗਦਾਨ ਆਉਣ ਵਾਲੀਆਂ ਪੀੜ੍ਹੀਆਂ ਵੱਲੋਂ ਸਦਾ ਯਾਦ ਰੱਖਿਆ ਜਾਵੇਗਾ।

ਵਿਸ਼ਵ ਭਰ ਵਿੱਚ ਪ੍ਰਸਿੱਧ ਸ਼ਾਇਰ ਦੇ ਸੋਗ ਵਿੱਚ ਡੁੱਬੇ ਪਰਿਵਾਰ, ਦੋਸਤਾਂ ਅਤੇ ਅਣਗਿਣਤ ਪ੍ਰਸੰਸਕਾਂ ਨਾਲ ਆਪਣੀ ਦਿਲੀ ਹਮਦਰਦੀ ਸਾਂਝੀ ਕਰਦਿਆਂ ਸਪੀਕਰ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਸਦੀਵੀ ਸਾਂਤੀ ਦੇਵੇ ਅਤੇ ਪਰਿਵਾਰ ਨੂੰ ਇਸ ਕਦੇ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦਾ ਬਲ ਬਖ਼ਸ਼ੇ।

# ਪਟਨਾ ਵਿਖੇ ਗੰਗਾ ਨਦੀ 'ਚ ਕਿਸ਼ਤੀ ਪਲਟਣ ਨਾਲ 3 ਦੀ ਮੌਤ, 4 ਲਾਪਤਾ

## ਤੇਜ਼ ਹਵਾਵਾਂ ਤੇ ਓਵਰਲੋਡਿੰਗ ਦੱਸਿਆ ਜਾ ਰਿਹਾ ਹਾਦਸੇ ਦਾ ਕਾਰਨ

ਪਟਨਾ 28 ਮਈ (ਜਗਜੀਤ ਸਿੰਘ) ਬਿਹਾਰ ਦੀ ਰਾਜਧਾਨੀ ਪਟਨਾ 'ਚ ਗੰਗਾ ਨਦੀ 'ਚ ਇੱਕ ਦਰਦਨਾਕ ਹਾਦਸਾ ਵਾਪਰ ਗਿਆ, ਜਿੱਥੇ ਕਰੀਬ 15 ਲੋਕਾਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਅਚਾਨਕ ਪਲਟ ਗਈ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਚਾਰ ਹੋਰ ਅਜੇ ਵੀ ਲਾਪਤਾ ਹਨ। ਸੱਤ ਲੋਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਮ੍ਰਿਤਕਾਂ 'ਚ ਪਿਤਾ ਤੇ ਪੁੱਤਰ ਵੀ ਸ਼ਾਮਲ ਹਨ। ਹਾਦਸਾ ਪਟਨਾ ਦੇ ਹੜ੍ਹ ਇਲਾਕੇ ਦੇ ਉਮਨਾਥ ਗੰਗਾ ਘਾਟ ਨੇੜੇ ਵਾਪਰਿਆ। ਜਾਣਕਾਰੀ ਮੁਤਾਬਕ ਕਿਸ਼ਤੀ 'ਚ ਲਗਭਗ 14 ਤੋਂ 15 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਤੇ ਬੱਚੇ ਸ਼ਾਮਲ ਸਨ। ਸਾਰੇ ਯਾਤਰੀ ਬਾੜ੍ਹ ਥਾਣਾ ਖੇਤਰ ਦੇ ਮਾਸੂਮਗੰਜ ਬਿੰਦ ਟੋਲੀ ਦੇ ਵਸਨੀਕ ਦੱਸੇ ਜਾ ਰਹੇ ਹਨ।



ਮ੍ਰਿਤਕਾਂ ਦੀ ਪਛਾਣ ਨੀਲਮ ਕੁਮਾਰੀ (30), ਸ਼ਰਵਣ ਮਹਤੋ (36) ਤੇ ਕਾਸ਼ੀ ਕੁਮਾਰ (15) ਵਜੋਂ ਹੋਈ ਹੈ। ਸ਼ਰਵਣ ਮਹਤੋ ਤੇ ਕਾਸ਼ੀ ਕੁਮਾਰ ਪਿਤਾ-ਪੁੱਤਰ ਸਨ। ਜ਼ਖਮੀਆਂ 'ਚ ਰਾਹੁਲ ਕੁਮਾਰ, ਮਮਤਾ ਦੇਵੀ, ਕਬੂਤਰੀ ਕੁਮਾਰੀ ਤੇ ਇੱਕ 16 ਸਾਲਾ ਲੜਕੀ ਸ਼ਾਮਲ ਹਨ, ਜਦਕਿ ਹੋਰ ਕੁਝ ਲੋਕਾਂ ਦੀ ਪਛਾਣ ਅਜੇ ਨਹੀਂ ਹੋ ਸਕੀ। ਦੱਸਿਆ ਜਾ ਰਿਹਾ ਹੈ ਕਿ ਵੀਰਵਾਰ ਸਵੇਰੇ ਕਰੀਬ 5:45 ਵਜੇ ਲੋਕ ਸਮਸਤੀਪੁਰ ਜ਼ਿਲ੍ਹੇ ਦੇ ਸੁਲਤਾਨਪੁਰ ਡਾਇਰਾ ਇਲਾਕੇ ਵੱਲ ਕਿਸ਼ਤੀ ਰਾਹੀਂ ਜਾ ਰਹੇ ਸਨ। ਹੜ੍ਹ ਕਾਰਨ ਲੋਕ ਅਕਸਰ ਉਸ ਖੇਤਰ ਵਿੱਚ ਸਬਜ਼ੀਆਂ ਦੀ ਚੁਗਾਈ ਤੇ ਖੇਤੀਬਾੜੀ ਦੇ ਕੰਮ ਲਈ ਜਾਂਦੇ ਹਨ। ਵਾਪਸੀ ਦੌਰਾਨ ਗੰਗਾ ਨਦੀ ਦੇ ਵਿਚਕਾਰ ਤੇਜ਼ ਹਵਾਵਾਂ ਤੇ ਓਵਰਲੋਡਿੰਗ ਕਾਰਨ ਕਿਸ਼ਤੀ ਬੇਕਾਬੂ ਹੋ ਕੇ ਪਲਟ ਗਈ। ਚਸ਼ਮਦੀਦਾਂ ਨੇ ਦੱਸਿਆ ਕਿ ਜਿਵੇਂ ਹੀ ਕਿਸ਼ਤੀ ਨਦੀ ਦੇ ਵਿਚਕਾਰ ਪਹੁੰਚੀ, ਤੇਜ਼ ਹਵਾ ਕਾਰਨ ਇਹ ਡਗਮਗਾਉਣ ਲੱਗੀ ਤੇ ਕੁਝ ਹੀ ਪਲਾਂ ਵਿੱਚ ਡੁੱਬ ਗਈ। ਦਰਿਆ ਦਾ ਵਹਾਅ ਇੰਨਾ ਤੇਜ਼ ਸੀ ਕਿ ਕਈ ਲੋਕ ਪਾਣੀ ਵਿੱਚ ਵਹਿ ਗਏ। ਕਿਸ਼ਤੀ ਵਿੱਚ ਕੋਈ ਵੀ ਸੁਰੱਖਿਆ ਜਾਂ ਬਚਾਅ ਉਪਕਰਨ ਮੌਜੂਦ ਨਹੀਂ ਸੀ।

ਹਾਦਸੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਥਾਨਕ ਗੋਤਾਖੋਰਾਂ ਤੇ ਕਿਸ਼ਤੀ ਚਾਲਕਾਂ ਨੇ ਤੁਰੰਤ ਗੰਗਾ ਵਿੱਚ ਛਾਲ ਮਾਰ ਕੇ ਬਚਾਅ ਕਾਰਜ ਸ਼ੁਰੂ ਕੀਤਾ। ਬਾਅਦ ਵਿੱਚ SDRF ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ ਅਤੇ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ। ਬਚਾਏ ਗਏ ਸਾਰੇ ਲੋਕਾਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪਟਨਾ ਦੇ ਡੀਐਮ ਤਿਆਗ ਰਾਜਨ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ ਸੀ। SDRF ਦੀ ਟੀਮ ਲਾਪਤਾ ਲੋਕਾਂ ਦੀ ਭਾਲ ਵਿੱਚ ਲੱਗੀ ਹੋਈ ਹੈ।

# ਰਵਨੀਤ ਸਿੰਘ ਬਿੱਟੂ ਦਾ ਪੰਜਾਬ ਪੁਲਿਸ ਦੇ ਅਧਿਕਾਰੀਆਂ ਪ੍ਰਤੀ ਦੁਰਵਿਵਹਾਰ ਸੱਤਾ ਦੇ ਹੰਕਾਰ ਤੇ ਸੁਰੱਖਿਆ ਬਲਾਂ ਪ੍ਰਤੀ ਨਿਰਾਦਰ ਨੂੰ ਦਰਸਾਉਂਦੈ : ਪੰਨੂ

ਚੰਡੀਗੜ੍ਹ 28 ਮਈ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਧੂਰੀ ਵਿਖੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨਾਲ ਕੀਤੇ ਗਏ ਵਿਵਹਾਰ ਨੂੰ ਲੈ ਕੇ ਭਾਜਪਾ ਦੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬਿੱਟੂ ਦੇ ਰਵੱਈਏ ਨੇ ਸ਼ਾਲੀਨਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ ਅਤੇ ਇਸ ਨਾਲ ਭਾਜਪਾ ਆਗੂ ਦਾ ਹੰਕਾਰ ਅਤੇ ਸੁਰੱਖਿਆ ਬਲਾਂ ਪ੍ਰਤੀ ਨਿਰਾਦਰ ਪੂਰੀ ਤਰ੍ਹਾਂ ਜਨਤਕ ਹੋ ਗਿਆ ਹੈ। ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਨੇ ਕੈਮਰਿਆਂ ਦੇ ਸਾਹਮਣੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨਾਲ ਸਰੇਆਮ ਬਦਸਲੂਕੀ ਕੀਤੀ ਅਤੇ ਅਧਿਕਾਰੀਆਂ ਲਈ ਦਲਾਲ ਵਰਗੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਵੀ ਕੀਤੀ। ਉਨ੍ਹਾਂ ਕਿਹਾ ਕਿ ਇੱਕ ਕੇਂਦਰੀ ਮੰਤਰੀ ਵੱਲੋਂ ਅਜਿਹਾ ਵਿਵਹਾਰ ਬਿਲਕੁਲ ਨਾਕਾਬਿਲ-ਏ-ਬਰਦਾਸ਼ਤ ਅਤੇ ਗੈਰ-ਜ਼ਿੰਮੇਵਾਰਾਨਾ ਹੈ।

ਬਲਤੇਜ ਪੰਨੂ ਨੇ ਕਿਹਾ ਕਿ ਚਾਹੇ ਪੰਜਾਬ ਪੁਲਿਸ ਹੋਵੇ, ਕੇਂਦਰੀ ਹਥਿਆਰਬੰਦ ਬਲ ਹੋਣ ਜਾਂ ਭਾਰਤੀ ਫੌਜ, ਹਰ ਸੁਰੱਖਿਆ ਬਲ ਸਤਿਕਾਰ ਦਾ ਹੱਕਦਾਰ ਹੈ ਕਿਉਂਕਿ ਉਹ ਨਾਗਰਿਕਾਂ ਦੀ ਸੁਰੱਖਿਆ ਲਈ ਦਿਨ-ਰਾਤ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਡਰਾਮੇ ਲਈ ਪੂਰੀ ਫੋਰਸ ਨੂੰ ਨਿਸ਼ਾਨਾ ਬਣਾਉਣਾ ਅਤੇ ਉਨ੍ਹਾਂ ਦਾ ਮਨੋਬਲ ਡੇਗਣ ਦੀ ਕੋਸ਼ਿਸ਼ ਕਰਨਾ ਬੇਹੱਦ ਖ਼ਤਰਨਾਕ ਹੈ। ਸੁਰੱਖਿਆ ਕਰਮੀ ਲੋਕਾਂ ਦੀ ਸੁਰੱਖਿਆ ਲਈ ਆਪਣੀ ਜਾਨ ਖ਼ਤਰੇ ਵਿੱਚ ਪਾਉਂਦੇ ਹਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਕਦੇ ਵੀ ਅਪਮਾਨ ਨਹੀਂ ਕੀਤਾ ਜਾਣਾ ਚਾਹੀਦਾ। ਰਵਨੀਤ ਸਿੰਘ ਬਿੱਟੂ ਦੀ ਉਸ ਟਿੱਪਣੀ 'ਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜਦੋਂ ਵੀ ਨਾਕੇ ਲਗਾਏ ਜਾਂਦੇ ਹਨ ਤਾਂ ਪੰਜਾਬੀ ਪੁਲਿਸ ਮੁਲਾਜ਼ਮਾਂ ਨੂੰ ਗਾਲਾਂ ਕੱਢਦੇ ਹਨ, ਪੰਨੂ ਨੇ ਕਿਹਾ ਕਿ ਇਹ ਬਿਆਨ ਨਾ ਸਿਰਫ਼ ਪੰਜਾਬ ਪੁਲਿਸ ਸਗੋਂ ਪੰਜਾਬ ਦੇ ਲੋਕਾਂ ਦਾ ਵੀ ਘੋਰ ਅਪਮਾਨ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ, ਖ਼ਾਸ ਕਰਕੇ ਨੌਜਵਾਨ ਅਧਿਕਾਰੀਆਂ ਨੇ ਜਨਤਾ ਨਾਲ ਨਜਿੱਠਣ ਦੇ ਤਰੀਕੇ ਨੂੰ ਬਦਲਿਆ ਹੈ ਤੇ ਉਹ ਲੋਕਾਂ ਦੀ ਸੁਰੱਖਿਆ ਲਈ ਪੇਸ਼ੇਵਰ ਤਰੀਕੇ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ।



ਸੜਕ ਸੁਰੱਖਿਆ ਫੋਰਸ (ਐਸਐਸਐਫ) ਦੇ ਕੰਮ ਦਾ ਜ਼ਿਕਰ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਅੱਜ ਹਾਦਸੇ ਦੇ ਸ਼ਿਕਾਰ ਲੋਕਾਂ ਨੂੰ ਮਿੰਟਾਂ ਵਿੱਚ ਤੁਰੰਤ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਲੋਕਾਂ ਨੂੰ ਚੋਰੀ, ਹਮਲੇ, ਹਾਦਸੇ ਜਾਂ ਕਿਸੇ ਐਮਰਜੈਂਸੀ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਹ ਸਭ ਤੋਂ ਪਹਿਲਾਂ ਪੁਲਿਸ ਨੂੰ ਫੋਨ ਕਰਦੇ ਹਨ, ਨਾ ਕਿ ਉਨ੍ਹਾਂ ਨੂੰ ਗਾਲਾਂ ਕੱਢਣ ਲਈ। ਇਮਾਨਦਾਰ ਨਾਗਰਿਕ ਪੁਲਿਸ ਨਾਕੇ ਲੱਗਣ 'ਤੇ ਵਧੇਰੇ ਸੁਰੱਖਿਅਤ ਮਹਿਸੂਸ ਕਰਦੇ ਹਨ। ਪੁਲਿਸ ਚੈਕਿੰਗ ਤੋਂ ਸਿਰਫ਼ ਅਪਰਾਧੀਆਂ ਅਤੇ ਸਮਾਜ ਵਿਰੋਧੀ ਅੰਸ਼ਾਂ ਨੂੰ ਹੀ ਤਕਲੀਫ਼ ਹੁੰਦੀ ਹੈ।

ਬਲਤੇਜ ਪੰਨੂ ਨੇ ਵਿਵਾਦ ਭੜਕਣ ਤੋਂ ਬਾਅਦ ਰਵਨੀਤ ਸਿੰਘ ਬਿੱਟੂ ਦੀ ਚੁੱਪ 'ਤੇ ਵੀ ਸਵਾਲ ਚੁੱਕੇ ਤੇ ਕਿਹਾ ਕਿ ਕੇਂਦਰੀ ਮੰਤਰੀ ਪਿਛਲੀਆਂ ਪ੍ਰੈੱਸ ਕਾਨਫਰੰਸਾਂ 'ਚ 'ਆਪ' ਆਗੂਆਂ ਵੱਲੋਂ ਚੁੱਕੇ ਗਏ ਸਵਾਲਾਂ ਦਾ ਜਵਾਬ ਦੇਣ 'ਚ ਨਾਕਾਮ ਰਹੇ ਹਨ। ਉਨ੍ਹਾਂ ਕਿਹਾ ਕਿ ਗੰਭੀਰ ਚਿੰਤਾਵਾਂ ਦਾ ਜਵਾਬ ਦੇਣ ਦੀ ਬਜਾਏ, ਉਹ ਨਿੱਜੀ ਹਮਲਿਆਂ 'ਤੇ ਉਤਰ ਆਏ। ਰਵਨੀਤ ਸਿੰਘ ਬਿੱਟੂ ਨੂੰ ਹੋਰ ਘੇਰਦਿਆਂ ਬਲਤੇਜ ਪੰਨੂ ਨੇ 2017 ਵਿੱਚ ਕਾਂਗਰਸ ਸਰਕਾਰ ਦੌਰਾਨ ਬਿੱਟੂ ਦੇ ਭਰਾ ਨੂੰ ਪੰਜਾਬ ਪੁਲਿਸ ਵਿੱਚ ਡੀਐੱਸਪੀ ਵਜੋਂ ਭਰਤੀ ਕਰਨ ਦਾ ਮੁੱਦਾ ਚੁੱਕਿਆ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਿਯੁਕਤੀ ਨੂੰ ਸੰਭਵ ਬਣਾਉਣ ਲਈ ਉਮਰ ਦੇ ਮਾਪਦੰਡ, ਵਿਦਿਅਕ ਯੋਗਤਾ ਅਤੇ ਭਰਤੀ ਪ੍ਰਕਿਰਿਆਵਾਂ ਸਮੇਤ ਕਈ ਨਿਯਮਾਂ ਵਿੱਚ ਬਦਲਾਅ ਕੀਤੇ ਗਏ ਸਨ। ਬਲਤੇਜ ਪੰਨੂ ਨੇ ਸਵਾਲ ਕੀਤਾ ਕਿ ਜੇਕਰ ਰਵਨੀਤ ਸਿੰਘ ਬਿੱਟੂ ਦਾ ਮੰਨਣਾ ਹੈ ਕਿ ਪੰਜਾਬ ਪੁਲਿਸ ਇੰਨੀ ਮਾੜੀ ਹੈ ਤੇ ਉਹ ਦਾਅਵਾ ਕਰਦੇ ਹਨ ਕਿ ਪੰਜਾਬੀ ਇਸ ਫੋਰਸ ਨੂੰ ਨਫ਼ਰਤ ਕਰਦੇ ਹਨ, ਤਾਂ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰ ਨੂੰ ਉਸੇ ਵਿਭਾਗ ਵਿੱਚ ਭਰਤੀ ਕਰਵਾਉਣ ਲਈ ਇੰਨੇ ਅਸਾਧਾਰਨ ਯਤਨ ਕਿਉਂ ਕੀਤੇ?

ਪਿਛਲੀਆਂ ਸਰਕਾਰਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਲ ਤੁਲਨਾ ਕਰਦਿਆਂ ਬਲਤੇਜ ਪੰਨੂ ਨੇ ਦੱਸਿਆ ਕਿ ਬਿਨਾਂ ਕਿਸੇ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਜਾਂ ਸਿਫ਼ਾਰਸ਼ ਦੇ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ 65,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਵਿਰੋਧੀ ਨੇਤਾਵਾਂ ਨੂੰ ਚੁਣੌਤੀ ਦਿੱਤੀ ਕਿ ਉਹ ਮੌਜੂਦਾ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਰਾਹੀਂ ਹੋਈ ਭਰਤੀ ਦੀ ਇੱਕ ਵੀ ਮਿਸਾਲ ਪੇਸ਼ ਕਰਨ। ਬਿਨਾਂ ਸ਼ਰਤ ਮੁਆਫੀ ਦੀ ਮੰਗ ਕਰਦੇ ਹੋਏ ਬਲਤੇਜ ਪੰਨੂ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਨੂੰ ਪੂਰੀ ਪੰਜਾਬ ਪੁਲਿਸ ਫੋਰਸ, ਖ਼ਾਸ ਕਰਕੇ ਸਬ-ਇੰਸਪੈਕਟਰ ਤੇ ਐੱਸਐੱਸਪੀ ਨਵਜੋਤ ਕੌਰ ਤੋਂ ਮੁਆਫੀ ਮੰਗਣੀ ਚਾਹੀਦੀ ਹੈ, ਜਿਨ੍ਹਾਂ ਖ਼ਿਲਾਫ਼ ਉਨ੍ਹਾਂ ਨੇ ਟਕਰਾਅ ਦੌਰਾਨ ਅਣਉਚਿਤ ਭਾਸ਼ਾ ਦੀ ਵਰਤੋਂ ਕੀਤੀ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਪੁਲਿਸ ਦੇ ਅਧਿਕਾਰੀ ਸਖ਼ਤ ਮਿਹਨਤ, ਪੜ੍ਹਾਈ, ਪ੍ਰਤੀਯੋਗੀ ਪ੍ਰੀਖਿਆਵਾਂ ਤੇ ਆਪਣੇ ਪਰਿਵਾਰਾਂ ਦੀਆਂ ਕੁਰਬਾਨੀਆਂ ਸਦਕਾ ਇਹ ਮੁਕਾਮ ਹਾਸਲ ਕਰਦੇ ਹਨ, ਨਾ ਕਿ ਵਿਸ਼ੇਸ਼ ਨਿਯਮਾਂ ਦੇ ਬਦਲਾਅ ਅਤੇ ਸਿਆਸੀ ਪ੍ਰਭਾਵ ਰਾਹੀਂ।

## ਸੰਪਾਦਕੀ

# ਸੁਪਰੀਮ ਕੋਰਟ ਦਾ ਫੈਸਲਾ

ਲੋਕਤੰਤਰ ਵਿੱਚ ਕਿਸੇ ਵੀ ਚੋਣ ਦੀ ਇਮਾਨਦਾਰੀ ਜਨਤਕ ਪ੍ਰਤੀਨਿਧੀਆਂ ਦੀ ਚੋਣ ਪ੍ਰਕਿਰਿਆ ਦੇ ਸੰਵਿਧਾਨਕ, ਨਿਰਪੱਖ ਅਤੇ ਪਾਰਦਰਸ਼ੀ ਸੁਭਾਅ ’ਤੇ ਨਿਰਭਰ ਕਰਦੀ ਹੈ। ਇਹ ਤਾਂ ਹੀ ਯਕੀਨੀ ਬਣਾਇਆ ਜਾ ਸਕਦਾ ਹੈ ਜਦੋਂ ਵੋਟਰ ਸੱਚਮੁੱਚ ਵੋਟ ਪਾਉਣ ਦੇ ਯੋਗ ਹੁੰਦੇ ਹਨ ਅਤੇ ਸਾਰੀਆਂ ਚੋਣ ਪ੍ਰਕਿਰਿਆਵਾਂ ਸੁਤੰਤਰ ਤੌਰ ’ਤੇ ਕੀਤੀਆਂ ਜਾਂਦੀਆਂ ਹਨ। ਚੋਣ ਕਮਿਸ਼ਨ ਇਸ ਲਈ ਜ਼ਿੰਮੇਵਾਰ ਹੈ ਅਤੇ ਇਹ ਸਮੇਂ-ਸਮੇਂ ’ਤੇ ਵੋਟਰ ਸੂਚੀ ਵਿੱਚ ਸੋਧ ਕਰਦਾ ਹੈ ਤਾਂ ਜੋ ਉਨ੍ਹਾਂ ਲੋਕਾਂ ਦੇ ਨਾਮ ਹਟਾਏ ਜਾ ਸਕਣ ਜੋ ਵੋਟ ਪਾਉਣ ਦੇ ਅਯੋਗ ਹਨ ਜਾਂ ਜਿਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਵਿਸ਼ੇਸ਼ ਤੀਬਰ ਸੋਧ ਵੀ ਇਸ ਪ੍ਰਕਿਰਿਆ ਦਾ ਹਿੱਸਾ ਹੈ, ਪਰ ਵਿਅੰਗਾਤਮਕ ਤੌਰ ’ਤੇ, ਇਸ ਨੇ ਹਾਲ ਹੀ ਵਿੱਚ ਕੁਝ ਰਾਜਾਂ ਵਿੱਚ ਕਈ ਵਿਵਾਦ ਪੈਦਾ ਕੀਤੇ ਹਨ, ਇੱਥੋਂ ਤੱਕ ਕਿ ਇਸਦੀ ਜਾਇਜ਼ਤਾ ’ਤੇ ਵੀ ਸਵਾਲ ਉਠਾਏ ਹਨ। ਬੁੱਧਵਾਰ ਨੂੰ ਆਪਣੇ ਫੈਸਲੇ ਵਿੱਚ, ਸੁਪਰੀਮ ਕੋਰਟ ਨੇ ਕਿਹਾ ਕਿ ਚੋਣ ਕਮਿਸ਼ਨ ਕੋਲ ਵਿਸ਼ੇਸ਼ ਤੀਬਰ ਸੋਧ ਕਰਵਾਉਣ ਦਾ ਪੂਰਾ ਅਧਿਕਾਰ ਹੈ ਅਤੇ ਇਹ ਪ੍ਰਕਿਰਿਆ ਨਿਰਪੱਖ ਚੋਣਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਨੂੰ ਬਰਕਰਾਰ ਰੱਖਦੀ ਹੈ। ਇਹ ਸੁਤੰਤਰ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਦੀ ਜ਼ਰੂਰਤ ਨੂੰ ਅੱਗੇ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ। ਇਹ ਧਿਆਨ ਦੇਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਵਿੱਚ ਸ਼ੁਰੂ ਕੀਤੀ ਗਈ ਵਿਸ਼ੇਸ਼ ਤੀਬਰ ਸੋਧ, ਰਾਜ ਬਾਰੇ ਸਵਾਲ ਉਠਾਉਣ ਵਾਲੀ ਪਹਿਲੀ ਸੀ। ਵਿਰੋਧੀ ਪਾਰਟੀਆਂ ਨੇ ਇਸ ਪ੍ਰਕਿਰਿਆ ਦੇ ਸਮੇਂ ’ਤੇ ਸਵਾਲ ਉਠਾਏ। ਉਨ੍ਹਾਂ ਸਵਾਲ ਕੀਤਾ ਕਿ ਇਹ ਚੋਣਾਂ ਤੋਂ ਠੀਕ ਪਹਿਲਾਂ ਕਿਉਂ ਸ਼ੁਰੂ ਕੀਤਾ ਗਿਆ ਸੀ, ਜਦੋਂ ਕਿ ਚੋਣ ਕਮਿਸ਼ਨ ਇਸਨੂੰ ਇੱਕ ਸਾਲ ਪਹਿਲਾਂ ਸ਼ੁਰੂ ਕਰ ਸਕਦਾ ਸੀ। ਇਸ ਤੋਂ ਬਾਅਦ ਆਧਾਰ ਕਾਰਡਾਂ ਨੂੰ ਨਾਗਰਿਕਤਾ ਸਰਟੀਫਿਕੇਟ ਵਜੋਂ ਸਵੀਕਾਰ ਨਾ ਕਰਨ ’ਤੇ ਵਿਵਾਦ ਸ਼ੁਰੂ ਹੋਇਆ, ਜੋ ਸੁਪਰੀਮ ਕੋਰਟ ਤੱਕ ਪਹੁੰਚਿਆ, ਜਿਸ ਕਾਰਨ ਚੋਣ ਕਮਿਸ਼ਨ ਨੂੰ ਇਸ ਮਾਮਲੇ ’ਤੇ ਆਪਣਾ ਸਟੈਂਡ ਵਾਪਸ ਲੈਣਾ ਪਿਆ। ਸਵਾਲਾਂ ਦੀ ਇਹ ਲੜੀ ਫਿਰ ਉੱਤਰ ਪ੍ਰਦੇਸ਼ ਤੋਂ ਪੱਛਮੀ ਬੰਗਾਲ ਤੱਕ ਫੈਲ ਗਈ, ਜਿਸ ਕਾਰਨ ਸੁਪਰੀਮ ਕੋਰਟ ਨੂੰ ਦੁਬਾਰਾ ਦਖਲ ਦੇਣਾ ਪਿਆ। ਬਿਹਾਰ ਵਿੱਚ ਵਿਸ਼ੇਸ਼ ਤੀਬਰ ਸੋਧ ਨੂੰ ਚੁਣੌਤੀ ਦੇਣ ਵਾਲੀਆਂ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ। ਇਨ੍ਹਾਂ ਪਟੀਸ਼ਨਾਂ ਦਾ ਨਿਪਟਾਰਾ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਸੰਵਿਧਾਨ ਦੀ ਧਾਰਾ 324 ਅਤੇ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 21(3) ਦੇ ਤਹਿਤ ਵਿਸ਼ੇਸ਼ ਸਮੀਖਿਆ ਕਰਨ ਦਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਇਹ ਵੀ ਕਿਹਾ ਕਿ ਵੋਟਰ ਸੂਚੀ ਵਿੱਚੋਂ ਨਾਮ ਹਟਾਉਣਾ ਇੱਕ ਕਾਨੂੰਨੀ ਘੋਸ਼ਣਾ ਨਹੀਂ ਹੈ ਕਿ ਕੋਈ ਵਿਅਕਤੀ ਦੇਸ਼ ਦਾ ਨਾਗਰਿਕ ਨਹੀਂ ਹੈ। ਇਸ ਨਾਲ ਉਨ੍ਹਾਂ ਲੋਕਾਂ ਨੂੰ ਜ਼ਰੂਰ ਰਾਹਤ ਮਿਲੀ ਹੈ ਜਿਨ੍ਹਾਂ ਦੇ ਨਾਮ ਤਕਨੀਕੀ ਕਾਰਨਾਂ ਕਰਕੇ ਵੋਟਰ ਸੂਚੀ ਵਿੱਚੋਂ ਹਟਾ ਦਿੱਤੇ ਗਏ ਹਨ ਅਤੇ ਹੁਣ ਉਹ ਚਿੰਤਤ ਹਨ ਕਿ ਭਵਿੱਖ ਵਿੱਚ ਉਨ੍ਹਾਂ ਦੀ ਨਾਗਰਿਕਤਾ ਖ਼ਤਰੇ ਵਿੱਚ ਪੈ ਸਕਦੀ ਹੈ। ਜਦੋਂ ਕਿ ਇਹ ਸੱਚ ਹੈ ਕਿ ਚੋਣਾਂ ਦੀ ਅਖੰਡਤਾ ਨੂੰ ਬਣਾਈ ਰੱਖਣ ਲਈ ਵੋਟਰ ਸੂਚੀ ਦੀ ਸੋਧ ਜ਼ਰੂਰੀ ਹੈ, ਇਹ ਵੀ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਕੋਈ ਵੀ ਯੋਗ ਵਿਅਕਤੀ ਤਕਨੀਕੀ ਕਾਰਨਾਂ ਕਰਕੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ। ਬਿਹਾਰ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ, ਜਿਸ ਵਿੱਚ ਲੱਖਾਂ ਲੋਕ ਵੋਟਰ ਸੂਚੀ ਵਿੱਚੋਂ ਆਪਣੇ ਨਾਮ ਹਟਾਏ ਜਾਣ ਤੋਂ ਬਾਅਦ ਵੋਟ ਨਹੀਂ ਪਾ ਸਕੇ, ਸੱਚਮੁੱਚ ਚਿੰਤਾਜਨਕ ਹੈ। ਹਾਲਾਂਕਿ, ਇਸ ਤਰ੍ਹਾਂ ਦੇ ਵੋਟ ਤੋਂ ਵਾਂਝੇ ਰਹਿਣ ਨੂੰ ਰੋਕਣ ਲਈ, ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਨਾਗਰਿਕਤਾ ਦੇ ਆਧਾਰ ’ਤੇ ਹਟਾਏ ਗਏ ਨਾਵਾਂ ਦੇ ਸਾਰੇ ਮਾਮਲਿਆਂ ਨੂੰ ਚਾਰ ਹਫ਼ਤਿਆਂ ਦੇ ਅੰਦਰ ਸਮਰੱਥ ਅਧਿਕਾਰੀ ਨੂੰ ਭੇਜੇ ਅਤੇ ਉਨ੍ਹਾਂ ਨੂੰ ਅਗਲੀਆਂ ਵਿਧਾਨ ਸਭਾ ਜਾਂ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਤੋਂ ਪਹਿਲਾਂ ਆਪਣਾ ਫੈਸਲਾ ਸੁਣਾਉਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਪ੍ਰਕਿਰਿਆ ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਿਆ ਹੈ, ਇਹ ਮੰਨਦੇ ਹੋਏ ਕਿ ਇਹ ਪ੍ਰਕਿਰਿਆ ਸੰਵਿਧਾਨ ਅਤੇ ਕਾਨੂੰਨ ਦੇ ਅਨੁਸਾਰ ਹੈ। ਸਿੱਧੇ ਸ਼ਬਦਾਂ ਵਿੱਚ ਅਦਾਲਤ ਨੇ ਕਿਹਾ ਕਿ ਵਿਸ਼ੇਸ਼ ਤੀਬਰ ਸੋਧ ਕਰਵਾਉਣਾ ਚੋਣ ਕਮਿਸ਼ਨ ਦਾ ਅਧਿਕਾਰ ਹੈ ਅਤੇ ਸਹੀ ਅਤੇ ਪਾਰਦਰਸ਼ੀ ਵੋਟਰ ਸੂਚੀਆਂ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਇਹ ਇੱਕ ਵੈਧ ਅਤੇ ਸੰਵਿਧਾਨਕ ਪ੍ਰਕਿਰਿਆ ਹੈ। ਅਦਾਲਤ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਕਾਨੂੰਨ ਦੇ ਅਨੁਸਾਰ ਵਿਸ਼ੇਸ਼ ਤੀਬਰ ਸੋਧ ਕਰਵਾਈ ਅਤੇ ਇਸ ਪ੍ਰਕਿਰਿਆ ਵਿੱਚ ਕੋਈ ਖਾਮੀਆਂ ਨਹੀਂ ਸਨ। ਇਲੈੱਕਸ਼ਨ ਕਮਿਸ਼ਨ ਨੇ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਨਹੀਂ ਕੀਤੀ।

**-ਜਗਜੀਤ ਸਿੰਘ ਦਰਦੀ**

## 2027 ਲਈ ਭਾਜਪਾ ਦਾ ਨਵਾਂ ਰਣਨੀਤਕ ਪੈਂਤੜਾ

# ਭਾਜਪਾ ਦੀ ਸਿੱਖ ਚਿਹਰਾ ਰਣਨੀਤੀ ਦੀ ਅਗਵਾਈ ਹੇਠ 2027 ਦੀਆਂ ਚੋਣਾਂ ਵਿੱਚ ਪਾਰਟੀ ਦੀਆਂ ਸੰਭਾਵਨਾਵਾਂ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 28 ਮਈ 2026 ਨੂੰ ਪੰਜਾਬ ਯੂਨਿਟ ਦਾ ਨਵਾਂ ਪ੍ਰਧਾਨ ਨਿਯੁਕਤ ਕਰਕੇ ਇੱਕ ਵੱਡਾ ਰਾਜਨੀਤਿਕ ਸੰਕੇਤ ਦਿੱਤਾ ਹੈ। ਪੁਰਾਣੇ ਕਾਂਗਰਸੀ ਆਗੂ ਕੇਵਲ ਸਿੰਘ ਢਿੱਲੋਂ ਨੂੰ ਸੁਨੀਲ ਜਾਖੜ ਦੀ ਥਾਂ ਪਾਰਟੀ ਦੀ ਕਮਾਨ ਸੌਂਪੀ ਗਈ ਹੈ। ਇਹ ਫ਼ੈਸਲਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਵੱਲੋਂ ਸਿੱਖ ਚਿਹਰੇ ਨੂੰ ਮੋਹਰਾ ਬਣਾਉਣ ਅਤੇ ਮਾਲਵਾ ਬੈਲਟ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਰਣਨੀਤੀ ਦਾ ਹਿੱਸਾ ਲੱਗਦਾ ਹੈ।

ਅੱਜ ਭਾਜਪਾ ਦੀ ਇਸ ਰਣਨੀਤੀ ਦੀ ਡੂੰਘਾਈ ਨਾਲ ਖੋਜ ਪੜਤਾਲ ਕਰਦਿਆ ਅੰਕੜਿਆਂ, ਇਤਿਹਾਸਕ ਪਿਛੋਕੜ, ਡੇਰਿਆਂ ਦੇ ਪ੍ਰਭਾਵ ਅਤੇ ਚੋਣਾਂ ਦੀਆਂ ਸੰਭਾਵਨਾਵਾਂ ’ਤੇ ਵਿਸਥਾਰ ਨਾਲ ਚਰਚਾ ਵਿਚ ਪਤਾ ਲਗਦਾ ਹੈ ਕਿ ਢਿੱਲੋਂ ਨਿਯੁਕਤੀ ਦੇ ਰਾਜਨੀਤਿਕ ਪਿਛੋਕੜ ਅਤੇ ਮਹੱਤਵ ਕੇਵਲ ਸਿੰਘ ਢਿੱਲੋਂ (ਜਨਮ 16 ਮਈ 1950) ਬਰਨਾਲਾ ਤੋਂ ਦੋ ਵਾਰ (2007 ਅਤੇ 2012) ਕਾਂਗਰਸੀ ਵਿਧਾਇਕ ਰਹਿ ਚੁੱਕੇ ਹਨ। 2022 ਵਿੱਚ ਉਨ੍ਹਾਂ ਨੇ ਭਾਜਪਾ ਜੁਆਇਨ ਕੀਤੀ ਅਤੇ 2024 ਵਿੱਚ ਸੰਗਰੂਰ ਲੋਕ ਸਭਾ ਉਪ ਚੋਣ ਲੜੀ ਪਰ ਹਾਰ ਗਏ। ਉਨ੍ਹਾਂ ਦੀ ਨਿਯੁਕਤੀ ਭਾਜਪਾ ਲਈ ਪਹਿਲੀ ਵਾਰ ਇੱਕ ਜੱਟ ਸਿੱਖ ਆਗੂ ਨੂੰ ਪੰਜਾਬ ਯੂਨਿਟ ਦਾ ਪ੍ਰਧਾਨ ਬਣਾਉਣ ਵਾਲਾ ਕਦਮ ਹੈ। ਇਸ ਨਾਲ ਪਾਰਟੀ ਆਪਣੇ ਉੱਪਰੀ ਹਿੰਦੂ-ਸ਼ਹਿਰੀ ਚਿਹਰੇ ਤੋਂ ਉਭਰ ਕੇ ਗ੍ਰਾਮੀਣ ਸਿੱਖ ਵੋਟਰਾਂ ਤੱਕ ਪਹੁੰਚਣਾ ਚਾਹੁੰਦੀ ਹੈ।

ਅੱਜ ਪੰਜਾਬ ਵਿੱਚ ਜੱਟ ਸਿੱਖ ਲਗਭਗ 20-25% ਆਬਾਦੀ ਹਨ ਅਤੇ ਉਨ੍ਹਾਂ ਕੋਲ ਖੇਤੀਬਾੜੀ ਜ਼ਮੀਨ ਦਾ ਵੱਡਾ ਹਿੱਸਾ ਹੈ। ਮਾਲਵਾ ਖੇਤਰ (ਪੰਜਾਬ ਦਾ ਸਭ ਤੋਂ ਵੱਡਾ ਭਾਗ) ਵਿੱਚ ਉਨ੍ਹਾਂ ਦਾ ਪ੍ਰਭਾਵ ਵਿਸ਼ੇਸ਼ ਤੌਰ ’ਤੇ ਮਜ਼ਬੂਤ ਹੈ। ਭਾਜਪਾ ਇਸ ਰਾਹੀਂ ਅਕਾਲੀ ਦਲ ਤੋਂ ਵੋਟਾਂ ਖਿੰਡਾਉਣ ਅਤੇ ਆਪਣੀ ਤਾਕਤ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਪਿਛਲੀਆਂ ਚੋਣਾਂ ਦੇ ਅੰਕੜਿਆਂ ਅਨੁਸਾਰ ਭਾਜਪਾ ਦਾ ਵੋਟ ਸ਼ੇਅਰ ਵਾਧਾ 2022 ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 6.6% ਵੋਟ ਸ਼ੇਅਰ ਹਾਸਲ ਕੀਤਾ ਅਤੇ ਸਿਰਫ 2 ਸੀਟਾਂ ਜਿੱਤੀਆਂ (ਅਕਾਲੀਆਂ ਨਾਲ ਗਠਜੋੜ ਵਿੱਚ)। ਆਪ ਨੇ 42% ਵੋਟਾਂ ਨਾਲ 92 ਸੀਟਾਂ ਜਿੱਤੀਆਂ। 2024 ਲੋਕ ਸਭਾ ਚੋਣਾਂ: ਭਾਜਪਾ ਦਾ ਵੋਟ ਸ਼ੇਅਰ ਵਧ ਕੇ 18.56% ਹੋ ਗਿਆ (2019 ਵਿੱਚ 9.63% ਸੀ)। ਇਹ ਇੱਕ ਵੱਡੀ ਤਰੱਕੀ ਹੈ ਪਰ ਕੋਈ ਸੀਟ ਨਾ ਜਿੱਤ ਸਕੀ। ਪਾਰਟੀ ਨੇ 24 ਵਿਧਾਨ ਸਭਾ ਸੈਗਮੈਂਟਾਂ ਵਿੱਚ ਲੀਡ ਕੀਤੀ, ਜਿਨ੍ਹਾਂ ਵਿੱਚ ਖੇਤੀ ਅੰਦੋਲਨ ਵਾਲੇ ਖੇਤਰ ਵੀ ਸ਼ਾਮਲ ਹਨ।

ਅੱਜ ਇਸ ਵਾਧੇ ਤੋਂ ਭਾਜਪਾ ਨੂੰ ਭਰੋਸਾ ਹੈ ਕਿ ਸਟੈਂਡ-ਅਲੋਨ ਲੜਾਈ ਵਿੱਚ ਵੀ ਉਹ 20-25% ਵੋਟ ਸ਼ੇਅਰ ਤੱਕ ਪਹੁੰਚ ਸਕਦੀ ਹੈ, ਜੋ ਗਠਜੋੜ ਵਾਲੀਆਂ ਚੋਣਾਂ ਵਿੱਚ ਸੀਟਾਂ ਬਣਾ ਸਕਦਾ ਹੈ। ਅਸਲ ਵਿੱਚ ਮਾਲਵਾ ਬੇਲਟ ਅਤੇ ਡੇਰਿਆਂ ਦੀ ਰਣਨੀਤੀ ਮਾਲਵਾ ਖੇਤਰ (ਪਟਿਆਲਾ, ਲੁਧਿਆਣਾ, ਬਠਿੰਡਾ ਆਦਿ) ਵਿੱਚ ਭਾਜਪਾ ਡੇਰਿਆਂ ਰਾਹੀਂ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੱਜ ਪੰਜਾਬ ਵਿੱਚ ਲਗਭਗ 9000 ਡੇਰੇ ਹਨ ਜੋ 80% ਆਬਾਦੀ ਤੱਕ ਪਹੁੰਚ ਰੱਖਦੇ ਹਨ। ਖਾਸ ਕਰਕੇ:ਡੇਰਾ ਸਚਖੰਡ ਬੱਲਾਂ (ਜਲੰਧਰ): ਰਵਿਦਾਸੀਆ ਭਾਈਚਾਰੇ (ਦਲਿਤ ਵੋਟਰਾਂ) ਵਿੱਚ ਵੱਡਾ ਪ੍ਰਭਾਵ। ਪੀਐੱਮ ਮੋਦੀ ਨੇ ਇਥੇ ਗੁਰੂ ਰਵਿਦਾਸ ਜੈਅੰਤੀ ’ਤੇ ਜਾ ਕੇ ਸੰਬੋਧਨ ਕੀਤਾ ਅਤੇ ਡੇਰਾ ਮੁਖੀ ਨੂੰ ਪਦਮ ਸ਼੍ਰੀ ਦਿੱਤਾ ਗਿਆ। ਇਹ ਦਲਿਤ ਵੋਟ (32% ਆਬਾਦੀ) ਲਈ ਵੱਡਾ ਆਊਟਰੀਚ ਹੈ। ਹੋਰ ਡੇਰੇ ਜਿਵੇਂ ਰਾਧਾ ਸਵਾਮੀ, ਸਚਾ ਸੌਦਾ ਆਦਿ ਵੀ ਟਾਰਗੇਟ ਹਨ। ਅੱਜ ਇਹ ਡੇਰੇ ਪੰਜਾਬ ਵਿੱਚ 68 ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ, ਖਾਸ ਕਰਕੇ ਦਲਿਤ ਅਤੇ ਓਬੀਸੀ ਵੋਟਰਾਂ ਵਿੱਚ। ਭਾਜਪਾ ਇਸ ਰਾਹੀਂ ਜੱਟ ਸਿੱਖਾਂ ਤੋਂ ਇਲਾਵਾ ਗੈਰ-ਜੱਟ ਸਿੱਖ ਅਤੇ ਹਿੰਦੂ ਵੋਟ ਵੀ ਇਕੱਠੀ ਕਰਨਾ ਚਾਹੁੰਦੀ ਹੈ।ਭਾਜਪਾ ਦੀਆਂ ਮਜ਼ਬੂਤੀਆਂ ਅਤੇ ਕਮਜ਼ੋਰੀਆਂ ਮਜ਼ਬੂਤੀਆਂ:ਕੇਂਦਰੀ ਯੋਜਨਾਵਾਂ (ਪੀਐੱਮ ਕਿਸਾਨ, ਆਯੂਸ਼ਮਾਨ ਭਾਰਤ ਆਦਿ) ਰਾਹੀਂ ਲਾਭਪਾਤਰੀ ਵੋਟ।

ਉਰਬਨ ਹਿੰਦੂ ਵੋਟ (ਪਹਿਲਾਂ ਤੋਂ ਮਜ਼ਬੂਤ)।

ਰਾਸ਼ਟਰਵਾਦੀ ਭਾਵਨਾ ਅਤੇ ਵਿਕਾਸ ਮਾਡਲ। ਆਪ ਅਤੇ ਕਾਂਗਰਸ ਵਿੱਚ ਐਂਟੀ-ਇੰਕੰਬੈਂਸੀ।

ਅੱਜ ਖੇਤੀ ਕਾਨੂੰਨਾਂ ਵਾਲਾ ਅੰਦੋਲਨ ਅਤੇ 1984 ਘਟਨਾਵਾਂ ਦਾ ਸਵਾਲ ਹੈ ਹੁਣ ਗ੍ਰਾਮੀਣ ਸਿੱਖ ਵੋਟਰਾਂ ਵਿੱਚ ਡੂੰਘੀ ਨਾ-ਪਸੰਦਗੀ।

ਸੰਸਥਾਗਤ ਢਾਂਚਾ ਗ੍ਰਾਮੀਣ ਖੇਤਰਾਂ ਵਿੱਚ ਲੋੜੀਂਦਾ ਹੈ।

ਅਕਾਲੀ ਦਲ ਨਾਲ ਪੁਰਾਣਾ ਗਠਜੋੜ ਟੁੱਟਣ ਕਾਰਨ ਵੋਟ ਖਿੰਡਾਅ ਹੈ।

ਅੱਜ ਪੰਜਾਬ ਵਿੱਚ ਸਿੱਖ ਆਬਾਦੀ ਲਗਭਗ 58% ਹੈ ਅਤੇ ਉਨ੍ਹਾਂ ਵਿੱਚ ਭਾਜਪਾ ਦੀ ਪਕੜ ਇਕੱਲੀ ਤਾਕਤ ਨਾਲ ਬਹੁਤ ਘੱਟ ਹੈ।2027 ਲਈ ਸੰਭਾਵਨਾਵਾਂ: ਅੰਕੜਾ-ਆਧਾਰਿਤ ਵਿਸ਼ਲੇਸ਼ਣ ਜੇਕਰ ਭਾਜਪਾ 18-22% ਵੋਟ ਸ਼ੇਅਰ ਤੱਕ ਪਹੁੰਚਦੀ ਹੈ ਤਾਂ ਉਹ 15-25 ਸੀਟਾਂ ਜਿੱਤ ਸਕਦੀ ਹੈ (ਖਾਸ ਕਰਕੇ ਮਾਲਵਾ ਅਤੇ ਦੋਆਬਾ ਵਿੱਚ)। ਗਠਜੋੜ ਵਾਲੀ ਸਥਿਤੀ ਵਿੱਚ ਇਹ ਵਧ ਕੇ 30+ ਹੋ ਸਕਦਾ ਹੈ। ਪਰ ਬਹੁਮਤ (59+) ਲਈ ਉਸ ਨੂੰ ਵੱਡਾ ਗਠਜੋੜ ਚਾਹੀਦਾ ਹੈ ਜਾਂ ਆਪ/ਕਾਂਗਰਸ ਵਿੱਚ ਭਾਰੀ ਟੁੱਟ।ਪ੍ਰਭਾਵਿਤ ਖੇਤਰ:ਮਾਲਵਾ: ਡੇਰਾ ਅਤੇ ਜੱਟ ਆਊਟਰੀਚ ਨਾਲ ਸੰਭਾਵਨਾ।ਮਾਝਾ ਅਤੇ ਦੋਆਬਾ: ਉਰਬਨ ਅਤੇ ਹਿੰਦੂ ਵੋਟ ਤੋਂ ਲਾਭ।

ਦਲਿਤ ਵੋਟ: ਡੇਰਾ ਬੱਲਾਂ ਵਰਗੀਆਂ ਗਤੀਵਿਧੀਆਂ ਨਾਲ 10-15% ਵਾਧਾ ਸੰਭਵ ਹੈ।

ਅੱਜ ਆਪ ਦੀ ਸਰਕਾਰ ਵਿੱਚ ਐਂਟੀ-ਇੰਕੰਬੈਂਸੀ ਹੋਣ ਦੇ ਬਾਵਜੂਦ ਭਗਵੰਤ ਮਾਨ ਦੀ ਲੋਕਪ੍ਰਿਅਤਾ ਅਤੇ ਅਕਾਲੀਆਂ ਦਾ ਪੰਥਕ ਵੋਟ ਬੈਂਕ ਭਾਜਪਾ ਲਈ ਰੋਕ ਹੈ।ਸਿੱਖ ਚਿਹਰੇ ਦੀ ਰਣਨੀਤੀ ਸਫਲਤਾ ਜਾਂ ਰਾਜਨੀਤਿਕ ਚਾਲ ਹੈ। ਢਿੱਲੋਂ ਵਰਗੇ ਆਗੂਆਂ ਰਾਹੀਂ ਭਾਜਪਾ ਸਿੱਖ ਭਾਈਚਾਰੇ ਵਿੱਚ ਭਰੋਸਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਵਿੱਚ ਰਵਨੀਤ ਸਿੰਘ ਬਿੱਟੂ ਵਰਗੇ ਆਗੂ ਵੀ ਭੂਮਿਕਾ ਨਿਭਾ ਰਹੇ ਹਨ। ਪਰ ਇਤਿਹਾਸਕ ਘਟਨਾਵਾਂ ਅਤੇ ਖੇਤੀ ਅੰਦੋਲਨ ਕਾਰਨ ਡੂੰਘੀ ਅਵਿਸ਼ਵਾਸ ਦੀ ਭਾਵਨਾ ਬਣੀ ਹੋਈ ਹੈ। ਇਹ ਰਣਨੀਤੀ ਲੰਬੇ ਸਮੇਂ ਲਈ ਫਲਦਾਇਕ ਹੋ ਸਕਦੀ ਹੈ ਜੇਕਰ ਗ੍ਰਾਸਰੂਟ ਲੈਵਲ ਤੱਕ ਸੰਸਥਾਗਤ ਮਜ਼ਬੂਤੀ ਆਵੇ। ਨਿਸ਼ਕਰਸ਼ ਭਾਜਪਾ ਦੀ ਸਿੱਖ ਚਿਹਰਾ ਰਣਨੀਤੀ ਇੱਕ ਵਿਚਾਰਧਾਰਕ ਅਤੇ ਰਣਨੀਤਕ ਤਬਦੀਲੀ ਹੈ। ਕੇਵਲ ਸਿੰਘ ਢਿੱਲੋਂ ਦੀ ਅਗਵਾਈ, ਡੇਰਾ ਆਊਟਰੀਚ ਅਤੇ ਵੋਟ ਸ਼ੇਅਰ ਵਾਧਾ ਇਸ ਗੱਲ ਦਾ ਸੰਕੇਤ ਹੈ ਕਿ ਭਾਜਪਾ 2027 ਵਿੱਚ ਗੰਭੀਰ ਖਿਡਾਰੀ ਬਣਨਾ ਚਾਹੁੰਦੀ ਹੈ। ਪਰ ਪੰਜਾਬ ਦੀਆਂ ਵਿਸ਼ੇਸ਼ਤਾਵਾਂ (ਪੰਥਕ ਭਾਵਨਾ, ਖੇਤੀ ਆਰਥਿਕਤਾ, ਦਲਿਤ ਬਣਤਰ) ਇੱਕ ਵੱਡੀ ਚੁਣੌਤੀ ਹਨ। ਅੱਜ ਜੇਕਰ ਭਾਜਪਾ ਆਪਣੀ ਰਣਨੀਤੀ ਨੂੰ ਜ਼ਮੀਨੀ ਪੱਧਰ ਤੱਕ ਲੈ ਜਾਵੇ ਤਾਂ ਉਹ ਤੀਜੀ ਵੱਡੀ ਤਾਕਤ ਤੋਂ ਵਧ ਕੇ ਮੁੱਖ ਵਿਰੋਧੀ ਬਣ ਸਕਦੀ ਹੈ। ਪਰ ਇੱਕਲੀ ਬਹੁਮਤ ਲਈ ਉਸ ਨੂੰ ਹਾਲੇ ਲੰਬਾ ਸਫ਼ਰ ਤੈਅ ਕਰਨਾ ਹੈ। ਰਾਜਨੀਤੀ ਗਤੀਸ਼ੀਲ ਹੈ - ਡੇਰਿਆਂ, ਯੋਜਨਾਵਾਂ ਅਤੇ ਆਗੂਆਂ ਦੀ ਚੋਣ ਫੈਸਲਾ ਕਰੇਗੀ।

## ਪੈਟਰੋਲ ਦੀਆਂ ਵਧਦੀਆਂ ਕੀਮਤਾਂ

# ਮਹਿੰਗਾਈ, ਊਰਜਾ ਸੁਰੱਖਿਆ ਅਤੇ ਨੀਤੀ ਨਿਰਮਾਣ ਦੀ ਚੁਣੌਤੀ



ਡਾ. ਪ੍ਰਿਅੰਕਾ ਸੌਰਭ
7015375570

ਕੁਝ ਸਮੇਂ ਤੋਂ ਦੇਸ਼ ਭਰ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਇੱਕ ਵਧਦੀ ਚਿੰਤਾ ਗੂੰਜ ਰਹੀ ਹੈ ਪੈਟਰੋਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ। ਇਹ ਚਿੰਤਾ ਸਿਰਫ਼ ਵਾਹਨ ਚਾਲਕਾਂ ਤੱਕ ਸੀਮਤ ਨਹੀਂ ਹੈ; ਇਹ ਹਰ ਨਾਗਰਿਕ ਨੂੰ ਪ੍ਰਭਾਵਿਤ ਕਰਦੀ ਹੈ ਜੋ ਰੋਜ਼ਾਨਾ ਦੀਆਂ ਚੀਜ਼ਾਂ ਅਤੇ ਸੇਵਾਵਾਂ ਦੀ ਵਰਤੋਂ ਕਰਦਾ ਹੈ। ਜਦੋਂ ਪੈਟਰੋਲ ਮਹਿੰਗਾ ਹੋ ਜਾਂਦਾ ਹੈ ਤਾਂ ਇਸਦਾ ਪ੍ਰਭਾਵ ਸਿਰਫ਼ ਪੈਟਰੋਲ ਪੰਪ ਤੋਂ ਪਰੇ ਜਾਂਦਾ ਹੈ; ਇਹ ਆਵਾਜਾਈ, ਭੋਜਨ, ਨਿਰਮਾਣ ਸਮੱਗਰੀ, ਖੇਤੀਬਾੜੀ ਲਾਗਤਾਂ ਅਤੇ ਘਰੇਲੂ ਬਜਟ ਤੱਕ ਪਹੁੰਚਦਾ ਹੈ। ਇਸ ਲਈ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਸਿਰਫ਼ ਇੱਕ ਆਰਥਿਕ ਵਰਤਾਰਾ ਮੰਨਣਾ ਕਾਫ਼ੀ ਨਹੀਂ ਹੈ। ਇਹ ਇੱਕ ਸਮਾਜਿਕ, ਰਾਜਨੀਤਿਕ ਅਤੇ ਨੀਤੀਗਤ ਮੁੱਦਾ ਵੀ ਹੈ, ਜਿਸ ਵਿੱਚ ਸਰਕਾਰ, ਬਜ਼ਾਰ ਅਤੇ ਨਾਗਰਿਕ ਸ਼ਾਮਲ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਊਰਜਾ ਨਾ ਸਿਰਫ਼ ਆਰਥਿਕ ਗਤੀਵਿਧੀਆਂ ਦੀ ਨੀਂਹ ਹੈ, ਸਗੋਂ ਸਮਾਜਿਕ ਗਤੀਸ਼ੀਲਤਾ ਅਤੇ ਵਿਕਾਸ ਲਈ ਇੱਕ ਮਹੱਤਵਪੂਰਨ ਸ਼ਕਤੀ ਵੀ ਹੈ। ਦੇਸ਼ ਦੀ ਵਿਸ਼ਾਲ ਆਵਾਜਾਈ ਪ੍ਰਣਾਲੀ, ਖੇਤੀਬਾੜੀ, ਉਦਯੋਗਿਕ ਉਤਪਾਦਨ ਅਤੇ ਸੇਵਾ ਖੇਤਰ ਪੈਟਰੋਲੀਅਮ ਉਤਪਾਦਾਂ ’ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਇਸ ਲਈ, ਜਦੋਂ ਪੈਟਰੋਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਉਨ੍ਹਾਂ ਦਾ ਪ੍ਰਭਾਵ ਅਰਥਵਿਵਸਥਾ ਦੇ ਲਗਭਗ ਹਰ ਖੇਤਰ ਵਿੱਚ ਮਹਿਸੂਸ ਕੀਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਹਮੇਸ਼ਾ ਜਨਤਕ ਚਰਚਾ ਅਤੇ ਰਾਜਨੀਤਿਕ ਬਹਿਸ ਦਾ ਵਿਸ਼ਾ ਬਣ ਜਾਂਦੀਆਂ ਹਨ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਭਾਰਤ ਆਪਣੀਆਂ ਜ਼ਿਆਦਾਤਰ ਤੇਲ ਜ਼ਰੂਰਤਾਂ ਨੂੰ ਆਯਾਤ ਕਰਦਾ ਹੈ। ਦੇਸ਼ ਆਪਣੀਆਂ ਕੁੱਲ ਕੱਚੇ ਤੇਲ ਦੀਆਂ ਜ਼ਰੂਰਤਾਂ ਦਾ 80 ਪ੍ਰਤੀਸ਼ਤ ਤੋਂ ਵੱਧ ਵਿਦੇਸ਼ਾਂ ਤੋਂ ਖਰੀਦਦਾ ਹੈ। ਇਸਦਾ ਮਤਲਬ ਹੈ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਉਤਰਾਅ-ਚੜ੍ਹਾਅ ਸਿੱਧੇ ਤੌਰ ’ਤੇ ਭਾਰਤੀ ਖਪਤਕਾਰਾਂ ਦੀਆਂ ਜੇਬਾਂ ’ਤੇ ਪ੍ਰਭਾਵ ਪਾਉਂਦਾ ਹੈ। ਜੇਕਰ ਵਿਸ਼ਵ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਭਾਰਤ ਨੂੰ ਵਧੇਰੇ ਭੁਗਤਾਨ ਕਰਨਾ ਪੈਂਦਾ ਹੈ ਅਤੇ ਇਹ ਅੰਤ ਵਿੱਚ ਪ੍ਰਚੂਨ ਕੀਮਤਾਂ ਵਿੱਚ ਪ੍ਰਤੀਬਿੰਬਤ ਹੁੰਦਾ ਹੈ।

ਵਿਸ਼ਵ ਤੇਲ ਬਾਜ਼ਾਰ ਸਿਰਫ਼ ਆਰਥਿਕ ਕਾਰਕਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ। ਭੂ-ਰਾਜਨੀਤਿਕ ਕਾਰਕ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪੱਛਮੀ ਏਸ਼ੀਆ ਵਿੱਚ ਤਣਾਅ, ਸਮੁੰਦਰੀ ਮਾਰਗਾਂ ਦੀ ਸੁਰੱਖਿਆ, ਪ੍ਰਮੁੱਖ ਤੇਲ ਉਤਪਾਦਕ ਦੇਸ਼ਾਂ ਦੀਆਂ ਉਤਪਾਦਨ ਨੀਤੀਆਂ ਅਤੇ ਰੂਸ-ਯੂਕਰੇਨ ਟਕਰਾਅ ਵਰਗੇ ਕਾਰਕ ਤੇਲ ਦੀਆਂ ਕੀਮਤਾਂ ਨੂੰ ਪ੍ਰਭਾਵਤ ਕਰਦੇ ਹਨ। ਕਿਸੇ ਵੀ ਖੇਤਰੀ ਟਕਰਾਅ ਜਾਂ ਸਪਲਾਈ ਸੰਕਟ ਦਾ ਪ੍ਰਭਾਵ ਕੁਝ ਦਿਨਾਂ ਦੇ ਅੰਦਰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਪ੍ਰਤੀਬਿੰਬਤ ਹੁੰਦਾ ਹੈ। ਇਹ ਭਾਰਤ ਵਰਗੇ ਆਯਾਤ-ਨਿਰਭਰ ਦੇਸ਼ ਲਈ ਇੱਕ ਮਹੱਤਵਪੂਰਨ ਚੁਣੌਤੀ ਪੈਦਾ ਕਰਦਾ ਹੈ, ਕਿਉਂਕਿ ਘਰੇਲੂ ਬਾਜ਼ਾਰ ਨੂੰ ਇਨ੍ਹਾਂ ਸਥਿਤੀਆਂ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਕੀਤਾ ਜਾ ਸਕਦਾ।

ਜਦੋਂ ਕਿ ਅੰਤਰਰਾਸ਼ਟਰੀ ਬਾਜ਼ਾਰ ਇੱਕ ਮਹੱਤਵਪੂਰਨ ਕਾਰਕ ਹੈ, ਪੈਟਰੋਲ ਦੀਆਂ ਕੀਮਤਾਂ ਬਾਰੇ ਪੂਰੀ ਸੱਚਾਈ ਇਸ ਤੱਕ ਸੀਮਤ ਨਹੀਂ ਹੈ। ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਪ੍ਰਚੂਨ ਕੀਮਤਾਂ ਵਿੱਚ ਟੈਕਸ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪੈਟਰੋਲ ਦੀ ਅੰਤਿਮ ਕੀਮਤ ਵਿੱਚ ਕੱਚੇ ਤੇਲ ਦੀ ਕੀਮਤ, ਨਾਲ ਹੀ ਕੇਂਦਰ ਸਰਕਾਰ ਦੀ ਐਕਸਾਈਜ਼ ਡਿਊਟੀ, ਰਾਜ ਸਰਕਾਰ ਦਾ ਮੁੱਲ-ਵਰਧਿਤ ਟੈਕਸ (VAT), ਆਵਾਜਾਈ ਲਾਗਤਾਂ ਅਤੇ ਡੀਲਰ ਕਮਿਸ਼ਨ ਸ਼ਾਮਲ ਹੁੰਦੇ ਹਨ। ਇਹੀ ਕਾਰਨ ਹੈ ਕਿ ਪੈਟਰੋਲ ਦੀਆਂ ਕੀਮਤਾਂ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਹੁੰਦੀਆਂ ਹਨ। ਤੇਲ ਟੈਕਸ ਸਰਕਾਰਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹਨ। ਇਹਨਾਂ ਟੈਕਸਾਂ ਤੋਂ ਹੋਣ ਵਾਲੇ ਮਾਲੀਏ ਦੀ ਵਰਤੋਂ ਸੜਕ ਨਿਰਮਾਣ, ਬੁਨਿਆਦੀ ਢਾਂਚੇ, ਸਿਹਤ, ਸਿੱਖਿਆ ਅਤੇ ਵੱਖ-ਵੱਖ ਸਮਾਜ ਭਲਾਈ ਪ੍ਰੋਗਰਾਮਾਂ ਨੂੰ ਵਿੱਤ ਦੇਣ ਲਈ ਕੀਤੀ ਜਾਂਦੀ ਹੈ। ਹਾਲਾਂਕਿ, ਇਹ ਟੈਕਸ ਆਮ ਨਾਗਰਿਕਾਂ ’ਤੇ ਵਾਧੂ ਵਿੱਤੀ ਬੋਝ ਵੀ ਪਾਉਂਦੇ ਹਨ। ਜਦੋਂ ਅੰਤਰਰਾਸ਼ਟਰੀ ਪੱਧਰ ’ਤੇ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਅਤੇ ਟੈਕਸ ਢਾਂਚਾ ਕੋਈ ਰਾਹਤ ਨਹੀਂ ਦਿੰਦਾ ਤਾਂ ਖਪਤਕਾਰਾਂ ਨੂੰ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਥਿਤੀ ਅਕਸਰ ਰਾਜਨੀਤਿਕ ਬਹਿਸ ਵੱਲ ਲੈ ਜਾਂਦੀ ਹੈ। ਪੈਟਰੋਲ ਦੀਆਂ ਵਧਦੀਆਂ ਕੀਮਤਾਂ ਦਾ ਸਭ ਤੋਂ ਸਿੱਧਾ ਪ੍ਰਭਾਵ ਆਵਾਜਾਈ ਖੇਤਰ ’ਤੇ ਦੇਖਿਆ ਜਾ ਰਿਹਾ ਹੈ। ਟੈਕਸੀ ਡਰਾਈਵਰ, ਆਟੋ ਡਰਾਈਵਰ, ਟਰੱਕ ਮਾਲਕ, ਬੱਸ ਆਪਰੇਟਰ ਅਤੇ ਲੱਖਾਂ ਡਿਲੀਵਰੀ ਸੇਵਾ ਪ੍ਰਦਾਤਾ ਵਧਦੀਆਂ ਲਾਗਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕੋਲ ਆਮ ਤੌਰ ’ਤੇ ਦੋ ਵਿਕਲਪ ਹੁੰਦੇ ਹਨ: ਜਾਂ ਤਾਂ ਵਧੀਆਂ ਲਾਗਤਾਂ ਨੂੰ ਖੁਦ ਸਹਿਣ ਕਰਨ ਜਾਂ ਕਿਰਾਏ ਅਤੇ ਸੇਵਾ ਖਰਚਿਆਂ ਨੂੰ ਵਧਾ ਕੇ ਖਪਤਕਾਰਾਂ ’ਤੇ ਪਾਉਣ। ਜ਼ਿਆਦਾਤਰ ਮਾਮਲਿਆਂ ਵਿੱਚ, ਬਾਅਦ ਵਾਲਾ ਵਿਕਲਪ ਅਪਣਾਇਆ ਜਾਂਦਾ ਹੈ, ਜਿਸਦੇ ਨਤੀਜੇ ਵਜੋਂ ਚੀਜ਼ਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ।

ਇਹੀ ਉਹ ਥਾਂ ਹੈ ਜਿੱਥੇ ਮਹਿੰਗਾਈ ਦਾ ਵਿਆਪਕ ਪ੍ਰਭਾਵ ਸ਼ੁਰੂ ਹੁੰਦਾ ਹੈ। ਜਦੋਂ ਭਾੜੇ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਸਬਜ਼ੀਆਂ, ਫਲ, ਦੁੱਧ, ਅਨਾਜ, ਦਵਾਈਆਂ, ਨਿਰਮਾਣ ਸਮੱਗਰੀ ਅਤੇ ਹੋਰ ਖਪਤਕਾਰ ਸਮਾਨ ਵੀ ਮਹਿੰਗੇ ਹੋ ਜਾਂਦੇ ਹਨ। ਇਸ ਵਰਤਾਰੇ ਨੂੰ ਅਰਥਸ਼ਾਸਤਰ ਵਿੱਚ ਲਾਗਤ-ਧੱਕਾ ਮਹਿੰਗਾਈ ਕਿਹਾ ਜਾਂਦਾ ਹੈ। ਇਹ ਖਾਸ ਤੌਰ ’ਤੇ ਮੱਧ ਅਤੇ ਹੇਠਲੇ ਆਮਦਨ ਸਮੂਹਾਂ ਨੂੰ ਪ੍ਰਭਾਵਿਤ ਕਰਦਾ ਹੈ, ਕਿਉਂਕਿ ਉਨ੍ਹਾਂ ਦੀ ਆਮਦਨ ਸੀਮਤ ਹੁੰਦੀ ਹੈ ਜਦੋਂ ਕਿ ਖਰਚੇ ਲਗਾਤਾਰ ਵਧਦੇ ਰਹਿੰਦੇ ਹਨ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਦਾ ਅਸਰ ਪੇਂਡੂ ਭਾਰਤ ਵਿੱਚ ਹੋਰ ਵੀ ਡੂੰਘਾ ਹੈ। ਖੇਤੀਬਾੜੀ ਅਜੇ ਵੀ ਡੀਜ਼ਲ ਨਾਲ ਚੱਲਣ ਵਾਲੀਆਂ ਮਸ਼ੀਨਾਂ ਅਤੇ ਉਪਕਰਣਾਂ ’ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਟਰੈਕਟਰ, ਸਿੰਚਾਈ ਪੰਪ, ਵਾਢੀ ਮਸ਼ੀਨਾਂ, ਅਤੇ ਖੇਤੀਬਾੜੀ ਉਪਜ ਦੀ ਢੋਆ-ਢੁਆਈ ਸਾਰਿਆਂ ਲਈ ਬਾਲਣ ਦੀ ਲੋੜ ਹੁੰਦੀ ਹੈ। ਜਦੋਂ ਡੀਜ਼ਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਖੇਤੀਬਾੜੀ ਲਾਗਤਾਂ ਵਧ ਜਾਂਦੀਆਂ ਹਨ। ਛੋਟੇ ਅਤੇ ਸੀਮਾਂਤ ਕਿਸਾਨ, ਜਿਨ੍ਹਾਂ ਦੀ ਆਮਦਨ ਪਹਿਲਾਂ ਹੀ ਸੀਮਤ ਹੈ, ਇਨ੍ਹਾਂ ਵਧਦੀਆਂ ਲਾਗਤਾਂ ਦਾ ਭਾਰ ਝੱਲਦੇ ਹਨ। ਇਸ ਤੋਂ ਇਲਾਵਾ ਖੇਤੀਬਾੜੀ ਉਤਪਾਦਾਂ ਨੂੰ ਬਾਜ਼ਾਰ ਤੱਕ ਪਹੁੰਚਾਉਣ ਦੀ ਲਾਗਤ ਵੀ ਵਧ ਜਾਂਦੀ ਹੈ। ਕਿਸਾਨ ਅਕਸਰ ਆਪਣੀ ਉਪਜ ਦੀ ਕੀਮਤ ਨਿਰਧਾਰਤ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਵਿਚੋਲਿਆਂ ਜਾਂ ਥੋਕ ਵਿਕਰੇਤਾਵਾਂ ’ਤੇ ਨਿਰਭਰ ਕਰਨਾ ਪੈਂਦਾ ਹੈ। ਵਧਦੀ ਆਵਾਜਾਈ ਲਾਗਤ ਦਾ ਦਬਾਅ ਕਿਸਾਨਾਂ ਦੀ ਆਮਦਨ ਨੂੰ ਹੋਰ ਘਟਾ ਸਕਦਾ ਹੈ। ਨਤੀਜੇ ਵਜੋਂ ਪੇਂਡੂ ਅਰਥਵਿਵਸਥਾ ਨੂੰ ਦੋਹਰੇ ਪ੍ਰਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ - ਉਤਪਾਦਨ ਲਾਗਤਾਂ ਵਿੱਚ ਵਾਧਾ ਅਤੇ ਮੁਨਾਫ਼ੇ ਵਿੱਚ ਕਮੀ।

ਸ਼ਹਿਰੀ ਮੱਧ ਵਰਗ ਵੀ ਇਸ ਮਹਿੰਗਾਈ ਤੋਂ ਮੁਕਤ ਨਹੀਂ ਹੈ। ਅੱਜ ਦਾ ਸ਼ਹਿਰੀ ਜੀਵਨ ਡਿਜੀਟਲ ਸੇਵਾਵਾਂ, ਔਨਲਾਈਨ ਖਰੀਦਦਾਰੀ, ਭੋਜਨ ਡਿਲੀਵਰੀ ਅਤੇ ਨਿੱਜੀ ਆਵਾਜਾਈ ’ਤੇ ਨਿਰਭਰ ਹੋ ਗਿਆ ਹੈ। ਹਾਲਾਂਕਿ, ਇਹਨਾਂ ਸਾਰੀਆਂ ਸੇਵਾਵਾਂ ਵਿੱਚ ਆਵਾਜਾਈ ਦੀ ਲਾਗਤ ਇੱਕ ਮਹੱਤਵਪੂਰਨ ਕਾਰਕ ਹੈ। ਭਾਵੇਂ ਭੋਜਨ ਔਨਲਾਈਨ ਆਰਡਰ ਕਰਨਾ ਹੋਵੇ ਜਾਂ ਈ-ਕਾਮਰਸ ਪਲੇਟਫਾਰਮ ਤੋਂ ਸਾਮਾਨ ਖਰੀਦਣਾ ਹੋਵੇ, ਇਸਨੂੰ ਡਿਲੀਵਰ ਕਰਨ ਵਾਲਾ ਵਾਹਨ ਅੰਤ ਵਿੱਚ ਬਾਲਣ ’ਤੇ ਨਿਰਭਰ ਕਰਦਾ ਹੈ। ਇਸ ਲਈ, ਪੈਟਰੋਲ ਦੀਆਂ ਵਧਦੀਆਂ ਕੀਮਤਾਂ ਹੌਲੀ-ਹੌਲੀ ਖਪਤਕਾਰਾਂ ਦੇ ਰੋਜ਼ਾਨਾ ਖਰਚਿਆਂ ਨੂੰ ਵਧਾਉਂਦੀਆਂ ਹਨ। ਪੈਟਰੋਲ ਦੀਆਂ ਵਧਦੀਆਂ ਕੀਮਤਾਂ ’ਤੇ ਚਰਚਾ ਕਰਦੇ ਹੋਏ, ਇੱਕ ਮਹੱਤਵਪੂਰਨ ਸਵਾਲ ਇਹ ਉੱਠਦਾ ਹੈ ਕਿ ਭਾਰਤ ਊਰਜਾ ਸੁਰੱਖਿਆ ਦੇ ਮਾਮਲੇ ਵਿੱਚ ਕਿੰਨਾ ਆਤਮਨਿਰਭਰ ਹੈ। ਹਾਲ ਹੀ ਦੇ ਸਾਲਾਂ ਵਿੱਚ, ਸਰਕਾਰ ਨੇ ਰਣਨੀਤਕ ਤੇਲ ਭੰਡਾਰਾਂ ਨੂੰ ਵਿਕਸਤ ਕਰਨ ਅਤੇ ਊਰਜਾ ਸਰੋਤਾਂ ਨੂੰ ਵਿਭਿੰਨ ਬਣਾਉਣ ਲਈ ਯਤਨ ਕੀਤੇ ਹਨ। ਇਸ ਨਾਲ ਸਪਲਾਈ ਦੀਆਂ ਰੁਕਾਵਟਾਂ ਤੋਂ ਕੁਝ ਰਾਹਤ ਮਿਲ ਸਕਦੀ ਹੈ, ਪਰ ਇਹ ਲੰਬੇ ਸਮੇਂ ਦਾ ਹੱਲ ਨਹੀਂ ਹੈ। ਜਿੰਨਾ ਚਿਰ ਦੇਸ਼ ਆਯਾਤ ਕੀਤੇ ਤੇਲ ’ਤੇ ਬਹੁਤ ਜ਼ਿਆਦਾ ਨਿਰਭਰ ਰਹੇਗਾ, ਵਿਸ਼ਵ ਬਾਜ਼ਾਰ ਦੀ ਅਸਥਿਰਤਾ ਘਰੇਲੂ ਅਰਥਵਿਵਸਥਾ ਨੂੰ ਪ੍ਰਭਾਵਤ ਕਰਦੀ ਰਹੇਗੀ।

ਇਹੀ ਉਹ ਥਾਂ ਹੈ ਜਿੱਥੇ ਊਰਜਾ ਸੁਤੰਤਰਤਾ ਦਾ ਸਵਾਲ ਸਾਹਮਣੇ ਆਉਂਦਾ ਹੈ। ਊਰਜਾ ਸੁਤੰਤਰਤਾ ਦਾ ਮਤਲਬ ਸਿਰਫ਼ ਘਰੇਲੂ ਤੇਲ ਉਤਪਾਦਨ ਨੂੰ ਵਧਾਉਣਾ ਹੀ ਨਹੀਂ ਸਗੋਂ ਵਿਕਲਪਕ ਊਰਜਾ ਸਰੋਤਾਂ ਨੂੰ ਮਜ਼ਬੂਤ ਕਰਨਾ ਵੀ ਹੈ। ਸੂਰਜੀ ਊਰਜਾ, ਪੌਣ ਊਰਜਾ, ਹਰੀ ਹਾਈਡਰੋਜਨ, ਬਾਇਓਫਿਊਲ ਅਤੇ ਬਿਜਲੀ ਆਵਾਜਾਈ ਪ੍ਰਣਾਲੀਆਂ ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਭਾਰਤ ਨੇ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਪਰ ਅਜੇ ਵੀ ਇੱਕ ਲੰਮਾ ਰਸਤਾ ਤੈਅ ਕਰਨਾ ਹੈ।

ਆਵਾਜਾਈ ਨੀਤੀ ਵੀ ਇਸ ਚਰਚਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇੱਕ ਮਜ਼ਬੂਤ, ਪਹੁੰਚਯੋਗ ਅਤੇ ਭਰੋਸੇਮੰਦ ਜਨਤਕ ਆਵਾਜਾਈ ਪ੍ਰਣਾਲੀ ਨਿੱਜੀ ਵਾਹਨਾਂ ’ਤੇ ਨਿਰਭਰਤਾ ਨੂੰ ਘਟਾ ਸਕਦੀ ਹੈ। ਮੈਟਰੋ, ਬੱਸ ਰੈਪਿਡ ਟਰਾਂਜ਼ਿਟ, ਉਪਨਗਰੀ ਰੇਲ ਅਤੇ ਸੁਰੱਖਿਅਤ ਸਾਈਕਲ ਲੇਨਾਂ ਵਰਗੇ ਵਿਕਲਪ ਨਾ ਸਿਰਫ਼ ਬਾਲਣ ਦੀ ਖਪਤ ਨੂੰ ਘਟਾ ਸਕਦੇ ਹਨ ਬਲਕਿ ਪ੍ਰਦੂਸ਼ਣ ਅਤੇ ਆਵਾਜਾਈ ਦੀ ਭੀੜ ਨੂੰ ਵੀ ਘਟਾ ਸਕਦੇ ਹਨ। ਬਦਕਿਸਮਤੀ ਨਾਲ, ਬਹੁਤ ਸਾਰੇ ਸ਼ਹਿਰਾਂ ਅਤੇ ਜ਼ਿਆਦਾਤਰ ਪੇਂਡੂ ਖੇਤਰਾਂ ਵਿੱਚ ਅਜੇ ਵੀ ਅਜਿਹੀਆਂ ਸਹੂਲਤਾਂ ਦੀ ਘਾਟ ਹੈ।

ਇਸ ਸੰਦਰਭ ਵਿੱਚ ਇਲੈਕਟ੍ਰਿਕ ਵਾਹਨਾਂ ਦੀ ਨੀਤੀ ਨੂੰ ਉਤਸ਼ਾਹਿਤ ਕਰਨਾ ਵੀ ਮਹੱਤਵਪੂਰਨ ਹੈ। ਪੈਟਰੋਲ ਅਤੇ ਡੀਜ਼ਲ ’ਤੇ ਨਿਰਭਰਤਾ ਘਟਾਉਣ ਲਈ ਇਲੈਕਟ੍ਰਿਕ ਵਾਹਨਾਂ ਨੂੰ ਭਵਿੱਖ ਦਾ ਵਿਕਲਪ ਮੰਨਿਆ ਜਾਂਦਾ ਹੈ। ਜਦੋਂ ਕਿ ਉਨ੍ਹਾਂ ਨੂੰ ਅਪਣਾਇਆ ਜਾ ਰਿਹਾ ਹੈ, ਚਾਰਜਿੰਗ ਬੁਨਿਆਦੀ ਢਾਂਚਾ, ਬੈਟਰੀ ਦੀ ਲਾਗਤ ਅਤੇ ਪੇਂਡੂ ਖੇਤਰਾਂ ਵਿੱਚ ਪਹੁੰਚ ਵਰਗੀਆਂ ਚੁਣੌਤੀਆਂ ਅਜੇ ਵੀ ਕਾਇਮ ਹਨ। ਜੇਕਰ ਸਰਕਾਰਾਂ ਇਸ ਖੇਤਰ ਵਿੱਚ ਨਿਵੇਸ਼ ਵਧਾਉਂਦੀਆਂ ਹਨ ਅਤੇ ਜ਼ਰੂਰੀ ਬੁਨਿਆਦੀ ਢਾਂਚਾ ਵਿਕਸਤ ਕਰਦੀਆਂ ਹਨ, ਤਾਂ ਆਉਣ ਵਾਲੇ ਸਾਲਾਂ ਵਿੱਚ ਤੇਲ ’ਤੇ ਨਿਰਭਰਤਾ ਕਾਫ਼ੀ ਘੱਟ ਸਕਦੀ ਹੈ।

ਪੈਟਰੋਲ ਦੀਆਂ ਕੀਮਤਾਂ ਦਾ ਇੱਕ ਵਾਤਾਵਰਣਕ ਪਹਿਲੂ ਵੀ ਹੈ। ਜੈਵਿਕ ਇੰਧਨ ਦੀ ਬਹੁਤ ਜ਼ਿਆਦਾ ਵਰਤੋਂ ਜਲਵਾਯੂ ਪਰਿਵਰਤਨ ਅਤੇ ਹਵਾ ਪ੍ਰਦੂਸ਼ਣ ਵਿੱਚ ਇੱਕ ਵੱਡਾ ਯੋਗਦਾਨ ਪਾਉਂਦੀ ਹੈ। ਵਧਦੀਆਂ ਈਂਧਨ ਦੀਆਂ ਕੀਮਤਾਂ ਕਈ ਵਾਰ ਲੋਕਾਂ ਨੂੰ ਆਵਾਜਾਈ ਦੇ ਵਿਕਲਪਕ ਤਰੀਕਿਆਂ ਵੱਲ ਧੱਕਦੀਆਂ ਹਨ, ਪਰ ਇਹ ਤਾਂ ਹੀ ਸੰਭਵ ਹੈ ਜੇਕਰ ਉਹ ਵਿਕਲਪ ਸੱਚਮੁੱਚ ਉਪਲਬਧ ਅਤੇ ਸੁਵਿਧਾਜਨਕ ਹੋਣ। ਵਾਤਾਵਰਣ ਸੰਬੰਧੀ ਟੀਚੇ ਸਿਰਫ਼ ਕੀਮਤਾਂ ਵਧਾ ਕੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ; ਉਹਨਾਂ ਲਈ ਇੱਕ ਵਿਆਪਕ ਅਤੇ ਤਾਲਮੇਲ ਵਾਲੀ ਨੀਤੀ ਦੀ ਲੋੜ ਹੁੰਦੀ ਹੈ।

ਇਸ ਪ੍ਰਕਿਰਿਆ ਵਿੱਚ ਨਾਗਰਿਕਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਊਰਜਾ ਸੰਭਾਲ, ਸਾਂਝੀ ਆਵਾਜਾਈ, ਜਨਤਕ ਆਵਾਜਾਈ ਦੀ ਵਰਤੋਂ, ਬਾਲਣ-ਕੁਸ਼ਲ ਵਾਹਨਾਂ ਨੂੰ ਅਪਣਾਉਣਾ ਅਤੇ ਬੇਲੋੜੀ ਬਾਲਣ ਦੀ ਖਪਤ ਨੂੰ ਘਟਾਉਣਾ ਅਜਿਹੇ ਕਦਮ ਹਨ ਜੋ ਵਿਅਕਤੀਗਤ ਪੱਧਰ ’ਤੇ ਸਕਾਰਾਤਮਕ ਪ੍ਰਭਾਵ ਪਾ ਸਕਦੇ ਹਨ। ਹਾਲਾਂਕਿ ਇਹ ਉਪਾਅ ਪੈਟਰੋਲ ਦੀਆਂ ਕੀਮਤਾਂ ਨੂੰ ਕੰਟਰੋਲ ਨਹੀਂ ਕਰ ਸਕਦੇ, ਪਰ ਇਹ ਵਧਦੀਆਂ ਲਾਗਤਾਂ ਦੇ ਪ੍ਰਭਾਵ ਨੂੰ ਕੁਝ ਹੱਦ ਤੱਕ ਘਟਾ ਸਕਦੇ ਹਨ। ਅੰਤ ਵਿੱਚ, ਪੈਟਰੋਲ ਦੀਆਂ ਵਧਦੀਆਂ ਕੀਮਤਾਂ ਸਿਰਫ਼ ਇੱਕ ਆਰਥਿਕ ਸਮੱਸਿਆ ਨਹੀਂ ਹਨ। ਇਹ ਊਰਜਾ ਸੁਰੱਖਿਆ, ਟੈਕਸ ਨੀਤੀ, ਸਮਾਜਿਕ ਨਿਆਂ, ਵਾਤਾਵਰਣ ਸੰਤੁਲਨ ਅਤੇ ਰਾਜਨੀਤਿਕ ਜਵਾਬਦੇਹੀ ਸਮੇਤ ਕਈ ਸਵਾਲ ਉਠਾਉਂਦੀਆਂ ਹਨ। ਜੇਕਰ ਭਾਰਤ ਨੇ ਭਵਿੱਖ ਵਿੱਚ ਇਸ ਚੁਣੌਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨਾ ਹੈ, ਤਾਂ ਇਸਨੂੰ ਥੋੜ੍ਹੇ ਸਮੇਂ ਦੇ ਰਾਹਤ ਉਪਾਵਾਂ ਤੋਂ ਅੱਗੇ ਵਧਣਾ ਚਾਹੀਦਾ ਹੈ ਅਤੇ ਇੱਕ ਲੰਬੀ ਮਿਆਦ ਦੀ ਊਰਜਾ ਰਣਨੀਤੀ ਵਿਕਸਤ ਕਰਨੀ ਚਾਹੀਦੀ ਹੈ। ਊਰਜਾ ਸੁਤੰਤਰਤਾ, ਮਜ਼ਬੂਤ ਜਨਤਕ ਆਵਾਜਾਈ, ਇੱਕ ਪਾਰਦਰਸ਼ੀ ਟੈਕਸ ਢਾਂਚਾ, ਅਤੇ ਨਵਿਆਉਣਯੋਗ ਊਰਜਾ ਵਿੱਚ ਨਿਵੇਸ਼ ਉਹ ਰਸਤੇ ਹਨ ਜੋ ਦੇਸ਼ ਨੂੰ ਵਾਰ-ਵਾਰ ਆਉਣ ਵਾਲੇ ਬਾਲਣ ਕੀਮਤਾਂ ਦੇ ਸੰਕਟਾਂ ਤੋਂ ਮੁਕਾਬਲਤਨ ਮੁਕਤ ਬਣਾ ਸਕਦੇ ਹਨ। ਪੈਟਰੋਲ ਦੀਆਂ ਵਧਦੀਆਂ ਕੀਮਤਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਮਹਿੰਗਾਈ ’ਤੇ ਚਰਚਾ ਸਿਰਫ਼ ਕੀਮਤਾਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਅੰਤਰੀਵ ਊਰਜਾ ਨੀਤੀ, ਆਰਥਿਕ ਢਾਂਚੇ ਅਤੇ ਵਿਕਾਸ ਮਾਡਲ ਨੂੰ ਵੀ ਬਰਾਬਰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜਦੋਂ ਤੱਕ ਇਹ ਵਿਆਪਕ ਪਹੁੰਚ ਨੀਤੀ ਅਤੇ ਜਨਤਕ ਚਰਚਾ ਦਾ ਹਿੱਸਾ ਨਹੀਂ ਬਣ ਜਾਂਦੀ, ਹਰ ਨਵੀਂ ਕੀਮਤ ਵਿੱਚ ਵਾਧਾ ਇਹੀ ਸਵਾਲ ਉਠਾਏਗਾ: ਪੈਟਰੋਲ ਦੀਆਂ ਉੱਚੀਆਂ ਕੀਮਤਾਂ ਲਈ ਕੌਣ ਜ਼ਿੰਮੇਵਾਰ ਹੈ ਅਤੇ ਸਥਾਈ ਹੱਲ ਕੀ ਹੈ?



ਬਘੇਲ ਸਿੰਘ ਧਾਲੀਵਾਲ
99142-58142

# ਭਾਜਪਾ ਨੇ ਕੇਵਲ ਸਿੰਘ ਢਿੱਲੋਂ ਦੇ ਸਿਰ ਸਜਾਇਆ ਪੰਜਾਬ ਦੀ ਪ੍ਰਧਾਨਗੀ ਦਾ ਤਾਜ

## ਕੀ ਇਹ ਪੈਂਤੜਾ ਭਾਜਪਾ ਨੂੰ ਪੇਂਡੂ ਵੋਟਰ ਤੱਕ ਲੈ ਕੇ ਜਾਣ ਵਿੱਚ ਸਫਲ ਹੋ ਸਕੇਗਾ ?

ਪੰਜਾਬ ਦੀ ਸਿਆਸਤ ਅੰਦਰ ਅਜਿਹੀਆਂ ਤਬਦੀਲੀਆਂ ਅਕਸਰ ਹੀ ਰਾਸ਼ਟਰੀ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ, ਜਿਹੜੀਆਂ ਆਉਣ ਵਾਲੇ ਸਮੇਂ ਦੀ ਸਿਆਸੀ ਦਿਸ਼ਾ ਤੈਅ ਕਰਦੀਆਂ ਹਨ। ਭਾਰਤੀ ਜਨਤਾ ਪਾਰਟੀ ਹਾਈਕਮਾਂਡ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦੇ ਪ੍ਰਧਾਨ ਬਣਾਉਣ ਨੂੰ ਵੀ ਇਕ ਅਜਿਹੀ ਤਬਦੀਲੀ ਵਜੋਂ ਦੇਖਿਆ ਜਾ ਰਿਹਾ ਹੈ। ਇਹ ਨਿਯੁਕਤੀ ਪੰਜਾਬ ਦੀ ਰਾਜਨੀਤੀ ਵਿੱਚ ਭਾਜਪਾ ਦੇ ਨਵੇਂ ਸਮੀਕਰਨਾਂ ਅਤੇ ਮਾਲਵੇ ਵਿੱਚ ਆਪਣੀ ਜੜ੍ਹ ਮਜ਼ਬੂਤ ਕਰਨ ਦੀ ਵੱਡੀ ਰਣਨੀਤੀ ਦਾ ਹਿੱਸਾ ਹੈ। ਕੇਵਲ ਸਿੰਘ ਢਿੱਲੋਂ ਮਾਲਵੇ ਦੀ ਮਿੱਟੀ ’ਚੋਂ ਪੈਦਾ ਹੋਇਆ,ਬਰਨਾਲਾ ਜ਼ਿਲ੍ਹੇ ਦੇ ਪਿੰਡ ਟੱਲੇਵਾਲ ਵਿੱਚੋਂ ਉੱਠਿਆ ਇੱਕ ਕਿਸਾਨ ਪੁੱਤ, ਜਿਸਨੇ ਵਪਾਰ ਅਤੇ ਸਿਆਸਤ ਦੋਵਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਈ, ਲਿਹਾਜ਼ਾ ਅੱਜ ਪੰਜਾਬ ਭਾਜਪਾ ਦੇ ਸਭ ਤੋਂ ਉੱਚੇ ਅਹੁਦੇ ’ਤੇ ਸੱਜ ਗਿਆ ਹੈ। ਪਿੰਡ ਤੋਂ ਲੈ ਕੇ ਪੈਪਸੀਕੋ ਵਰਗੀ ਵੱਡੀ ਕੰਪਨੀ ਅਤੇ ਟੈਕਸਟਾਈਲ ਉਦਯੋਗ ਸਥਾਪਤ ਕਰਕੇ ਕਾਰੋਬਾਰੀ ਦੁਨੀਆ ਵਿੱਚ ਸਫਲ ਕਾਰੋਬਾਰੀ ਵਜੋਂ ਆਪਣਾ ਨਾਮ ਦਰਜ ਕਰਵਾਉਣ ਅਤੇ ਫਿਰ ਪੰਜਾਬ ਦੀਆਂ ਸਭ ਤੋਂ ਤਿੱਖੀਆਂ ਸਿਆਸੀ ਲੜਾਈਆਂ ਵਿੱਚ ਆਪਣੇ ਆਪ ਨੂੰ ਸਾਬਤ ਕਰਨ ਤੱਕ ਦਾ ਸਫ਼ਰ, ਸਿਆਸੀ ਸਮਝ ਅਤੇ ਧੀਰਜ ਨਾਲ ਭਰਿਆ ਹੋਇਆ ਹੈ। ਕੇਵਲ ਸਿੰਘ ਢਿੱਲੋਂ ਦੀ ਸਿਆਸਤ ਦੀ ਸਭ ਤੋਂ ਵੱਡੀ ਪਛਾਣ ਇਹ ਰਹੀ ਕਿ ਉਹਨਾਂ ਨੇ ਬਰਨਾਲਾ ਵਿੱਚ ਉਹ ਕੰਮ ਕਰ ਦਿਖਾਇਆ ਜਿਸਦੀ ਉਮੀਦ ਨਹੀਂ ਸੀ। ਜਿਹੜੇ ਹਲਕੇ ਨੂੰ ਤਿੰਨ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਕਿਲ੍ਹਾ ਮੰਨਿਆ ਜਾਂਦਾ ਰਿਹਾ ਸੀ, ਉਸ ਕਿਲ੍ਹੇ ਨੂੰ 2007 ਵਿੱਚ ਢਾਹ ਕੇ ਕਾਂਗਰਸ ਦਾ ਝੰਡਾ ਲਹਿਰਾਉਣਾ ਕੇਵਲ ਸਿੰਘ ਢਿੱਲੋਂ ਦੇ ਹਿੱਸੇ ਆਇਆ ਸੀ। ਅਕਾਲੀ ਦਲ ਦੀ ਚੜ੍ਹਤ ਦੇ ਸਮੇਂ ਵਿੱਚ ਕੇਵਲ ਸਿੰਘ ਢਿੱਲੋਂ ਨੇ ਆਪਣੀ ਸਿਆਸੀ ਸੂਝ, ਬੂਝ ਨਾਲ ਲੋਕ ਧਾਰਨਾ ਨੂੰ ਹੀ ਬਦਲ ਦਿੱਤਾ। ਬਰਨਾਲਾ ਨੂੰ ਜ਼ਿਲ੍ਹਾ ਬਣਾਉਣ ਵਿੱਚ ਉਹਨਾਂ ਦੀ ਮੁੱਖ ਭੂਮਿਕਾ ਰਹੀ ਸੀ। ਮਾਲਵੇ ਦੇ ਇਸ ਕੇਂਦਰੀ ਖੇਤਰ ਨੂੰ ਪ੍ਰਸ਼ਾਸਨਿਕ ਪਛਾਣ ਮਿਲਣ ਨਾਲ ਵਿਕਾਸ ਦਾ ਨਵਾਂ ਦੌਰ ਸ਼ੁਰੂ ਹੋਇਆ। ਪ੍ਰਸ਼ਾਸਨਿਕ ਢਾਂਚੇ ਦੇ ਵਧਣ ਨਾਲ ਬਰਨਾਲਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਕਹਾਵਤ ਹੈ ਕਿ ਸਮਾਂ ਕਦੇ ਇੱਕੋ ਜਿਹਾ ਨਹੀਂ ਰਹਿੰਦਾ, ਸੋ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਕਾਂਗਰਸ ਪਾਰਟੀ ਨੇ ਉਹਨਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। 2022 ਦੀ ਚੋਣ ਵਿੱਚ ਉਹਨਾਂ ਦੀ ਟਿਕਟ ਕੱਟੇ ਜਾਣਾ ਅਜਿਹੇ ਆਗੂ ਲਈ ਵੱਡਾ ਝਟਕਾ ਸੀ, ਜਿਸਦਾ ਕੱਦ ਬੁੱਤ, ਕਾਰੋਬਾਰ ਅਤੇ ਸਿਆਸਤ ਦੋਵਾਂ ਵਿੱਚ ਹੀ ਵੱਡੀ ਪਛਾਣ ਰੱਖਦਾ ਹੋਵੇ। ਸਿਆਸਤ ਦੀ ਸ਼ਤਰੰਜ ਨੂੰ ਸਮਝਣਾ ਵੀ ਬੇਹੱਦ ਮੁਸ਼ਕਲ ਹੈ, ਆਪਣੇ ਬੇਟੇ ਖਾਤਰ ਕੇਵਲ ਸਿੰਘ ਢਿੱਲੋਂ ਦੀ ਟਿਕਟ ਕਟਵਾਉਣ ਵਾਲੇ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ, ਸਾਬਕਾ ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਨੂੰ ਨਾਲ ਲੈ ਕੇ ਉਹਨਾਂ ਨੂੰ ਮਨਾਉਣ ਲਈ ਵੀ ਕੇਵਲ ਸਿੰਘ ਢਿੱਲੋਂ ਦੇ ਘਰ ਤੱਕ ਗਏ ਸਨ। ਪਰੰਤੂ ਕੇਵਲ ਢਿੱਲੋਂ ਨੇ ਮੁੜ ਕਾਂਗਰਸ ਨੂੰ ਆਪਣਾ ਹੱਥ ਨਹੀਂ ਫੜਾਇਆ। ਕਾਂਗਰਸ ਵਿੱਚੋਂ ਬਾਹਰ ਹੋਣ ਤੋਂ ਬਾਅਦ ਉਹਨਾਂ ਦਾ ਭਾਜਪਾ ਵਿੱਚ ਜਾਣਾ ਵੀ ਉਹਨਾਂ ਦੀ ਰਾਜਨੀਤੀ ਦਾ ਇੱਕ ਚੁਣੌਤੀ ਭਰਿਆ ਮੋੜ ਸੀ। ਉਸ ਵੇਲੇ ਸਿਆਸੀ ਮਾਹਰਾਂ ਦਾ ਮੰਨਣਾ ਸੀ ਕਿ ਕਿਸਾਨੀ ਅੰਦੋਲਨਾਂ ਕਾਰਨ ਪੰਜਾਬ ਵਿੱਚ ਭਾਜਪਾ ਨੂੰ ਸਿਆਸੀ ਜ਼ਮੀਨ ਮਿਲਣੀ ਮੁਸ਼ਕਲ ਹੈ, ਇਸ ਲਈ ਕੇਵਲ ਢਿੱਲੋਂ ਦਾ ਇਹ ਫੈਸਲਾ ਉਹਨਾਂ ਦੇ ਰਾਸ ਆਉਣ ਵਾਲਾ ਨਹੀਂ ਹੈ, ਪਰ ਕੇਵਲ ਢਿੱਲੋਂ ਨੇ ਉਸ ਔਖੇ ਸਮੇਂ ਵਿੱਚ ਭਾਜਪਾ ਦਾ ਝੰਡਾ ਮਜ਼ਬੂਤੀ ਨਾਲ ਚੁੱਕਿਆ।



ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਹੋਵੇ ਜਾਂ ਬਰਨਾਲਾ ਦੀ ਉਪ ਚੋਣ, ਉਹ ਹਾਰੇ ਜ਼ਰੂਰ, ਪਰ ਉਹਨਾਂ ਦੀ ਵੋਟ ਪ੍ਰਤੀਸ਼ਤ ਨੇ ਇਹ ਸਾਬਤ ਕਰ ਦਿੱਤਾ ਕਿ ਮਾਲਵੇ ਦੇ ਇਸ ਕੇਂਦਰੀ ਇਲਾਕੇ ਵਿੱਚ ਉਹਨਾਂ ਦੀ ਨਿੱਜੀ ਪਕੜ ਅਜੇ ਵੀ ਕਾਇਮ ਹੈ। ਸਭ ਤੋਂ ਦਿਲਚਸਪ ਗੱਲ ਇਹ ਰਹੀ ਕਿ ਕਿਸਾਨੀ ਅੰਦੋਲਨਾਂ ਦੇ ਗੜ੍ਹ ਮੰਨੇ ਜਾਂਦੇ ਇਲਾਕੇ ਵਿੱਚ ਵੀ ਭਾਜਪਾ ਨੂੰ ਉਹਨਾਂ ਦੀ ਅਗਵਾਈ ਹੇਠ ਅਜਿਹੀ ਵੋਟ ਪ੍ਰਤੀਸ਼ਤ ਮਿਲੀ, ਜਿਸਦੀ ਉਮੀਦ ਬਹੁਤ ਘੱਟ ਕੀਤੀ ਜਾ ਰਹੀ ਸੀ। ਭਾਜਪਾ ਨੇ ਉਪਰੋਕਤ ਸਾਰੇ ਪਹਿਲੂਆਂ ਨੂੰ ਬਰੀਕੀ ਨਾਲ ਵਾਚਣ ਉਪਰੰਤ ਕੇਵਲ ਸਿੰਘ ਢਿੱਲੋਂ ਨੂੰ ਇੱਕ ਜੱਟ ਸਿੱਖ ਅਤੇ ਕਿਸਾਨੀ ਪਿਛੋਕੜ ਵਾਲੇ ਚਿਹਰੇ ਵਜੋਂ ਅੱਗੇ ਕੀਤਾ ਹੈ। ਪੰਜਾਬ ਵਿੱਚ ਭਾਜਪਾ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਮੰਨੀ ਜਾਂਦੀ ਰਹੀ ਸੀ ਕਿ ਉਸਦੇ ਕੋਲ ਸੂਬੇ ਦੀ ਮਿੱਟੀ ਨਾਲ ਜੁੜਿਆ ਅਜਿਹਾ ਵੱਡਾ ਸਿੱਖ ਚਿਹਰਾ ਨਹੀਂ ਸੀ, ਜਿਸਦਾ ਆਪਣਾ ਜਨ ਅਧਾਰ ਵੀ ਹੋਵੇ। ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਨਾਲ ਭਾਜਪਾ ਨੇ ਇਸ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੇਵਲ ਸਿੰਘ ਢਿੱਲੋਂ ਦੀ ਇੱਕ ਹੋਰ ਖਾਸੀਅਤ ਇਹ ਰਹੀ ਕਿ ਉਹਨਾਂ ਦੇ ਸਿਆਸੀ ਜੀਵਨ ਨਾਲ ਕੋਈ ਵੱਡਾ ਵਿਵਾਦ ਵੀ ਨਹੀਂ ਜੁੜਿਆ। ਆਰਥਿਕ ਪੱਖੋਂ ਕੇਵਲ ਸਿੰਘ ਢਿੱਲੋਂ ਪੰਜਾਬ ਦੇ ਸਭ ਤੋਂ ਅਮੀਰ ਨੇਤਾਵਾਂ ਵਿੱਚ ਗਿਣੇ ਜਾਂਦੇ ਹਨ। ਕਰੋੜਾਂ ਦੀ ਜਾਇਦਾਦ, ਮਹਿੰਗੀਆਂ ਘੜੀਆਂ, ਹੀਰੇ, ਸੋਨਾ ਅਤੇ ਚੰਡੀਗੜ, ਗੁੜਗਾਉਂ ਅਤੇ ਦਿੱਲੀ ਵਰਗੇ ਮਹਾਂ ਨਗਰਾਂ ਵਿੱਚ ਘਰ ਅਤੇ ਹੋਰ ਜਾਇਦਾਦਾਂ, ਉਹਨਾਂ ਦੀ ਆਰਥਿਕ ਹੈਸੀਅਤ ਦਾ ਪ੍ਰਮਾਣ ਹਨ। ਇੱਥੇ ਇਹ ਕੌੜਾ ਸੱਚ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਸਿਰਫ਼ ਦੌਲਤ ਕਾਫੀ ਨਹੀਂ ਹੁੰਦੀ,ਬਲਕਿ ਲੋਕਾਂ ਨਾਲ ਰਿਸ਼ਤਾ ਅਤੇ ਜ਼ਮੀਨੀ ਪਕੜ ਵੀ ਉਤਨੀ ਹੀ ਅਹਿਮ ਹੁੰਦੀ ਹੈ। ਸੋ ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕੇਵਲ ਢਿੱਲੋਂ ਭਾਜਪਾ ਨੂੰ ਮਾਲਵੇ ਵਿੱਚ ਉਹ ਸਥਾਨ ਦਿਵਾ ਸਕਣਗੇ ਜਿਸਦੀ ਪਾਰਟੀ ਲੰਮੇ ਸਮੇਂ ਤੋਂ ਉਡੀਕ ਕਰ ਰਹੀ ਹੈ, ਕੀ ਉਹ ਕਿਸਾਨੀ ਅੰਦੋਲਨਾਂ ਤੋਂ ਬਾਅਦ ਬਣੇ ਭਾਜਪਾ ਵਿਰੋਧੀ ਮਾਹੌਲ ਨੂੰ ਬਦਲ ਸਕਣਗੇ, ਕੀ ਉਹ ਮਾਲਵੇ ਵਿੱਚ ਅਕਾਲੀ ਦਲ ਦੀ ਖਾਲੀ ਹੋ ਰਹੀ ਜ਼ਮੀਨ ’ਤੇ ਭਾਜਪਾ ਦਾ ਝੰਡਾ ਗੱਡ ਸਕਣ ਦੀ ਸਮਰੱਥਾ ਰੱਖਦੇ ਹਨ, ਇਹਨਾਂ ਸਵਾਲਾਂ ਦੇ ਜਵਾਬ ਭਾਵੇਂ ਭਵਿੱਖ ਦੀ ਝੋਲੀ ਵਿੱਚ ਹਨ, ਪਰੰਤੂ ਇਕ ਗੱਲ ਸਾਫ਼ ਹੈ ਕਿ ਭਾਜਪਾ ਨੇ ਪੰਜਾਬ ਵਿੱਚ ਹੁਣ ਸਿਰਫ਼ ਸ਼ਹਿਰੀ ਪਾਰਟੀ ਬਣ ਕੇ ਰਹਿਣ ਦੀ ਥਾਂ ਪਿੰਡਾਂ ਅਤੇ ਕਿਸਾਨੀ ਖੇਤਰਾਂ ਵਿੱਚ ਦਾਖਲ ਹੋਣ ਦਾ ਪੱਕਾ ਮਨ ਬਣਾ ਲਿਆ ਹੈ ਅਤੇ ਇਸ ਮੁਹਿੰਮ ਦਾ ਸਭ ਤੋਂ ਵੱਡਾ ਚਿਹਰਾ ਹੁਣ ਕੇਵਲ ਸਿੰਘ ਢਿੱਲੋਂ ਬਣਾ ਦਿੱਤੇ ਗਏ ਹਨ। ਮਾਲਵੇ ਦੀ ਧਰਤੀ ਤੋਂ ਉੱਠਿਆ ਇਹ ਸਿਆਸੀ ਖਿਡਾਰੀ ਹੁਣ ਪੰਜਾਬ ਅੰਦਰ ਪਾਰਟੀ ਦੀ ਹੋਣੀ ਬਦਲਣ ਲਈ ਸਿਆਸੀ ਮੈਦਾਨ ਵਿੱਚ ਭਾਜਪਾ ਦੇ ਜਰਨੈਲ ਵਜੋਂ ਕਮਾਨ ਸੰਭਾਲੇਗਾ। ਪੰਜਾਬ ਦੀ ਰਾਜ ਸੱਤਾ ਤੱਕ ਪਹੁੰਚਣ ਦੇ ਉਦੇਸ਼ ਨਾਲ ਪੇਂਡੂ ਪਕੜ ਬਣਾਉਣ ਲਈ ਖੇਡਿਆ ਇਹ ਦਾਅ ਭਾਜਪਾ ਲਈ ਕਿੰਨਾ ਕੁ ਕਾਰਗਰ ਸਾਬਤ ਹੋਵੇਗਾ ਇਹ ਅਜੇ ਸਮੇਂ ਦੇ ਗਰਭ ਵਿੱਚ ਹੈ।

# ਈਦ-ਉਲ-ਅਜ਼ਹਾ ਦੀ ਨਮਾਜ਼ ਅਦਾ ਕੀਤੀ

ਕਾਦੀਆਂ, 28 ਮਈ (ਸੰਧੂ/ਤਾਰੀ): ਅਹਿਮਦੀਆ ਮੁਸਲਿਮ ਜਮਾਤ ਭਾਰਤ ਦੇ ਸਾਰੇ ਮੁਸਲਮਾਨ ਭਰਾਵਾਂ ਨੂੰ ਈਦ ਮੁਬਾਰਕ ਦਾ ਤੋਹਫਾ ਪੇਸ਼ ਕਰਦੀ ਹੈ ਤੇ ਆਪਣੇ ਦੇਸ਼ ਵਾਸੀਆਂ ਦੇ ਲਈ ਨੇਕ ਖ਼ਾਹਿਸ਼ਾਂ ਦਾ ਇਜ਼ਹਾਰ ਕਰਦੀ ਹੈ। ਅੱਜ ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਂ ਵਿਖੇ ਈਦ-ਉਲ-ਅਜ਼ਹਾ ਦੀ ਨਮਾਜ਼ ਅਦਾ ਕੀਤੀ ਗਈ। ਇਸ ਮੌਕੇ ਕਾਦੀਆਂ ਤੇ ਆਸ-ਪਾਸ ਦੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਨਮਾਜ਼ ਏ ਈਦ ਅਦਾ ਕਰਨ ਲਈ ਪਹੁੰਚੇ। ਇਸ ਮੌਕੇ ਅੱਜ ਨਮਾਜ਼ ਈਦ ਜਮਾਤ ਅਹਿਮਦੀਆ ਦੇ ਐਡੀਸ਼ਨਲ ਮੁੱਖ ਸਕੱਤਰ ਮੌਲਾਨਾ ਮਖ਼ਦੂਮ ਸ਼ਰੀਫ ਨੇ ਅਦਾ ਕਰਵਾਈ। ਇਸ ਮੌਕੇ ਈਦ ਦਾ ਖ਼ੁਤਬਾ ਦਿੰਦਿਆਂ ਉਨ੍ਹਾਂ ਕਿਹਾ ਕਿ ਹੱਜ ਇਰਕਾਨੇ ਇਸਲਾਮ ਦਾ ਪੰਜਵਾਂ ਰੁਕਨ ਹੈ। ਹਜ ਸਮਰੱਥਾ ਰੱਖਣ ਵਾਲੇ ਮੁਸਲਮਾਨ ਦੇ ਲਈ ਆਪਣੀ ਜ਼ਿੰਦਗੀ ਦੇ ਵਿੱਚ ਇੱਕ ਵਾਰ ਹੱਜ ਬੈਤੁੱਲਾ ਦੀ ਅਦਾਇਗੀ ਕਰਨਾ ਫ਼ਰਜ਼ ਹੈ। ਇਹ ਈਦ ਕੁਰਬਾਨੀ ਵਾਲੀ ਈਦ ਦੇ ਨਾਂ ਤੋਂ ਵੀ ਜਾਣੀ ਜਾਂਦੀ ਹੈ। ਹਜ਼ਰਤ ਇਬਰਾਹੀਮ ਅਲੈਹਿੱਸਲਾਮ ਤੇ ਆਪ ਜੀ ਦੀ ਪਤਨੀ ਹਜ਼ਰਤ ਹਾਜਰਾ ਤੇ ਬੇਟੇ ਹਜ਼ਰਤ ਇਸਮਾਈਲ ਦੀ ਕੁਰਬਾਨੀ ਦੀ ਯਾਦ ਵਿੱਚ ਅਸੀਂ ਈਦ ਕੁਰਬਾਨ ਮਨਾਉਂਦੇ ਹਾਂ ਤੇ ਹੱਜ ਅਦਾ ਕਰਦੇ ਹਾਂ। ਕੁਰਾਨ ਮਜੀਦ ਸਾਨੂੰ ਦੱਸਦਾ ਹੈ ਕਿ ਜ਼ਾਹਰੀ ਕੁਰਬਾਨੀ ਦਾ ਗੋਸ਼ਤ ਤੇ ਉਸਦਾ ਖ਼ੂਨ ਅੱਲ੍ਹਾ ਤੱਕ ਨਹੀਂ ਪਹੁੰਚਦਾ ਹੈ। ਬਲ ਕੇ ਕੁਰਬਾਨੀ ਕਰਨ ਵਾਲੇ ਦੀ ਨੀਅਤ ਤੇ ਮੁਖਲੂਕੇ ਖ਼ੁਦਾ ਦੀ ਹਮਦਰਦੀ ਦੇ ਲਈ ਉਸ ਦੇ ਦਿੱਲੀ ਜਜ਼ਬੇ ਦਾ ਅਮਲੀ ਇਜ਼ਹਾਰ ਅੱਲ੍ਹਾ ਤੱਕ ਪਹੁੰਚਦਾ ਹੈ। ਇਹ ਈਦ ਹੱਜ ਤੇ ਜਾਨਵਰਾਂ ਦੀਆਂ ਕੁਰਬਾਨੀਆਂ ਇਹ ਕੇਵਲ ਜ਼ਾਹਰੀ ਕੁਰਬਾਨੀਆਂ ਨਹੀਂ ਹਨ। ਬਲਕਿ ਇਹ ਇੱਕ ਵੱਡੇ ਮਕਸਦ ਵੱਲ ਧਿਆਨ ਦਿਵਾਉਂਦੇ ਹਨ ਤੇ ਉਹ ਮਕਸਦ ਅੱਲ੍ਹਾ ਦਾ ਹੱਕ ਅਦਾ ਕਰਨਾ ਤੇ ਉਸ ਦੀ ਮਖ਼ਲੂਕ ਦਾ ਹੱਕ ਅਦਾ ਕਰਨਾ ਹੈ ਤੇ ਇਹੀ ਦੋ ਹਕੂਕ ਹਨ, ਜਿਨ੍ਹਾਂ ਨੂੰ ਕਾਇਮ ਕਰਨ ਦੇ ਲਈ ਅੱਲ੍ਹਾ ਤਾਅਲਾ ਨੇ ਜ਼ਾਹਰੀ ਕੁਰਬਾਨੀ ਦਾ ਹੁਕਮ ਦਿੱਤਾ ਹੈ।ਕਾਦੀਆਨ ਦਾਰੁਲ ਅਮਾਨ ਵਿੱਚ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ ਇਲਾਕੇ ਦੇ ਸਿਆਸੀ ਸਮਾਜਿਕ ਤੇ ਹਿੰਦੂ ਸਿੱਖ ਇਸਾਈ ਭਾਈਚਾਰੇ ਦੇ ਲੋਕਾਂ ਨੇ ਵੀ ਆਪਣੇ ਮੁਸਲਿਮ ਭਰਾਵਾਂ ਨੂੰ ਗਲਵੱਕੜੀ ਪਾ ਕੇ ਈਦ ਦੀ ਮੁਬਾਰਕਬਾਦ ਦਿੱਤੀ।ਇਸ ਮੌਕੇ 'ਤੇ ਵਿਸ਼ਵ ਸ਼ਾਂਤੀ ਤੇ ਆਪਣੇ ਪਿਆਰੇ ਵਤਨ ਭਾਰਤ ਵਿੱਚ ਅਮਨ ਸ਼ਾਂਤੀ ਏਕਤਾ ਤੇ ਅਖੰਡਤਾ ਲਈ ਵੀ ਦੁਆ ਕੀਤੀ ਗਈ



# ਐਸ.ਡੀ.ਐਮ. ਲਵਪ੍ਰੀਤ ਔਲਖ ਤੇ ਡੀ.ਐਸ.ਪੀ. ਦਵਿੰਦਰ ਬਾਜਵਾ ਵੱਲੋਂ ਕਾਊਂਟਿੰਗ ਸੈਂਟਰ ਦਾ ਨਿਰੀਖਣ

ਟਾਂਡਾ ਉੜਮੁੜ, 28 ਮਈ (ਅਰਜੁਨ ਜੈਨ): ਨਗਰ ਕੌਂਸਲ ਟਾਂਡਾ ਦੇ 15 ਵਾਰਡਾਂ ਲਈ ਬੀਤੀ 26 ਮਈ ਨੂੰ ਪਈਆਂ ਵੋਟਾਂ ਦੀ ਗਿਣਤੀ ਸ਼ਾਂਤੀ ਪੂਰਵਕ ਤੇ ਅਮਨ-ਅਮਾਨ ਨਾਲ ਕਰਵਾਉਣ ਲਈ ਸਮੁੱਚੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐਸ.ਡੀ.ਐਮ. ਕਮ ਚੋਣ ਅਫਸਰ ਟਾਂਡਾ ਲਵਪ੍ਰੀਤ ਸਿੰਘ ਔਲਖ ਤੇ ਡੀ.ਐਸ.ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ ਨੇ ਸਕੂਲ ਆਫ ਐਮੀਨੈਂਸ ਟਾਂਡਾ ਵਿੱਚ ਬਣਾਏ ਗਏ ਸਟਰਾਂਗ ਰੂਮ ਤੇ ਕਾਊਂਟਿੰਗ ਸੈਂਟਰ ਦਾ ਦੌਰਾ ਕਰਨ ਸਮੇਂ ਕੀਤਾ। ਉਕਤ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ ਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕਮ ਜ਼ਿਲ੍ਹਾ ਚੋਣ ਅਫਸਰ ਆਸ਼ਿਕਾ ਜੈਨ ਦੀ ਅਗਵਾਈ ਵਿੱਚ ਕੱਲ੍ਹ ਸਵੇਰੇ 8 ਵਜੇ ਵੋਟਾਂ ਦੀ ਗਿਣਤੀ ਦਾ ਕੰਮ ਆਰੰਭ ਹੋ ਜਾਵੇਗਾ ਤੇ ਬੈਲਟ ਪੇਪਰ ਨਾਲ ਪਾਈਆਂ ਗਈਆਂ ਵੋਟਾਂ ਸਬੰਧੀ ਰੁਝਾਨ 10 ਵਜੇ ਤੋਂ ਬਾਅਦ ਪ੍ਰਾਪਤ ਹੋਣੇ ਸ਼ੁਰੂ ਹੋ ਜਾਣਗੇ। ਉਨ੍ਹਾਂ ਇਸ ਮੌਕੇ ਹੋਰ ਜਾਣਕਾਰੀ ਦੱਸਿਆ ਕਿ ਕੱਲ੍ਹ ਵੋਟਾਂ ਦੀ ਗਿਣਤੀ ਦੇ ਮੱਦੇਨਜ਼ਰ ਸ਼ਹੀਦ ਭਗਤ ਸਿੰਘ ਚੌਕ ਤੋਂ ਲੈ ਕੇ ਐਫ.ਸੀ.ਆਈ. ਗੋਦਾਮ ਤਹਿਸੀਲ ਰੋਡ ਪੂਰੀ ਤਰ੍ਹਾਂ ਬੰਦ ਰਹੇਗੀ ਤੇ ਇੱਥੋਂ ਦੀ ਟ੍ਰੈਫਿਕ ਦਾ ਕੋਈ ਬਦਲਵਾਂ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗਿਣਤੀ ਕਾਊਂਟਿੰਗ ਸੈਂਟਰ ਵਿੱਚ ਕੇਵਲ ਪਾਰਟੀਆਂ ਦੇ ਬਣਾਏ ਗਏ ਕਾਊਂਟਿੰਗ ਏਜੰਟ ਤੇ ਕਾਊਂਟਿੰਗ ਸਟਾਫ ਹੀ ਐਂਟਰ ਕਰ ਸਕਣਗੇ। ਇਸ ਮੌਕੇ ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜਿਸ ਤਰੀਕੇ ਨਾਲ ਵੋਟਾਂ ਦੀ ਗਿਣਤੀ ਦਾ ਕੰਮ ਅਮਨ ਅਮਾਨ ਨਾਲ ਸਮਾਪਤ ਹੋਇਆ, ਇਸੇ ਤਰ੍ਹਾਂ ਹੀ ਸ਼ਹਿਰ ਵਾਸੀ ਵੋਟਾਂ ਦੀ ਗਿਣਤੀ ਸਮੇਂ ਵੀ ਪੁਲਿਸ ਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ।ਇਸ ਮੌਕੇ ਉਨ੍ਹਾਂ ਦੇ ਨਾਲ ਥਾਣਾ ਮੁਖੀ ਟਾਂਡਾ ਗੁਰਿੰਦਰਜੀਤ ਸਿੰਘ ਨਾਗ, ਸੁਪਰਡੈਂਟ ਸੁਖਵਿੰਦਰ ਸਿੰਘ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



# ਹਵਾਰਾ ਦੀ ਪੈਰੋਲ ਦੀ ਮੰਗ ਦੇ ਵਿਰੁੱਧ ਸਾਰਾ ਸਰਕਾਰੀ ਤੰਤਰ ਇਕੱਠਾ ਹੋਇਆ: ਬਾਜਵਾ

### ☛ਸੌਦਾ ਸਾਧ ਨੂੰ 16ਵੀਂ ਵਾਰ ਮੁੜ ਮਿਲੀ ਪੈਰੋਲ

ਕਲਾਨੌਰ, 28 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਬੇਗਮਪੁਰਾ ਖ਼ਾਲਸਾ ਰਾਜ ਪਾਰਟੀ ਦੇ ਪ੍ਰਧਾਨ ਤੇ ਕੌਮੀ ਇਨਸਾਫ ਮੋਰਚੇ ਦੀ ਤਾਲਮੇਲ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਜਵਾ ਨੇ ਇੱਕ ਲਿਖਤੀ ਪ੍ਰੈਸ ਨੋਟ ਵਿੱਚ ਆਖਿਆ ਕਿ ਜਥੇ. ਜਗਤਾਰ ਸਿੰਘ ਹਵਾਰਾ ਤਕਰੀਬਨ ਪਿਛਲੇ 29 ਸਾਲਾਂ ਤੋਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲਕਾਂਡ ਵਿੱਚ ਜੇਲ੍ਹ 'ਚ ਬੰਦ ਹੈ। ਇਸ ਸਮੇਂ ਦੌਰਾਨ ਉਸ ਨੇ ਕਦੇ ਵੀ ਪੈਰੋਲ ਦੀ ਮੰਗ ਨਹੀਂ ਕੀਤੀ ਹੈ। ਹੁਣ ਜਥੇ. ਹਵਾਰਾ ਨੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿੱਚ ਪਟੀਸ਼ਨ ਪਾ ਕੇ ਆਪਣੀ ਬਿਮਾਰ ਮਾਂ ਦੀ ਦੇਖ ਭਾਲ ਲਈ 4 ਹਫਤਿਆਂ ਦੀ ਪੈਰੋਲ ਮੰਗੀ ਹੈ। ਜਿਸ 'ਤੇ ਹਾਈ ਕੋਰਟ ਵਿੱਚ ਸੀਬੀਆਈ ਨੇ ਆਪਣੇ ਜਵਾਬ ਵਿੱਚ ਪੈਰੋਲ ਦਾ ਸਖਤ ਵਿਰੋਧ ਕੀਤਾ। ਬਾਜਵਾ ਨੇ ਆਖਿਆ ਕਿ ਜਦੋਂ ਵੀ ਬੰਦੀ ਸਿੰਘਾਂ ਦੀ ਪੈਰੋਲ ਜਾਂ ਰਿਹਾਈ ਦੀ ਕੋਈ ਗੱਲ ਆਉਂਦੀ ਹੈ ਤਾਂ ਸਾਰਾ ਸਰਕਾਰੀ ਤੰਤਰ ਵਿਰੋਧ ਵਿੱਚ ਖੜ੍ਹਾ ਹੋ ਜਾਂਦਾ ਹੈ। ਭਾਵੇਂ ਉਹ ਕੇਂਦਰ ਸਰਕਾਰ ਹੋਵੇ ਜਾਂ ਪੰਜਾਬ ਸਰਕਾਰ। ਇਨ੍ਹਾਂ ਦੀ ਸਿੱਖਾਂ ਪ੍ਰਤੀ ਨੀਤੀ ਇੱਕ ਹੀ ਹੈ। ਉਨ੍ਹਾਂ ਆਖਿਆ ਕਿ 32-35 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਾਈ ਨਾ ਦੇ ਕੇ ਕੇਂਦਰ ਦੀ ਭਾਜਪਾ ਸਰਕਾਰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕਰ ਰਹੀ ਹੈ। ਜਦ ਕਿ ਸੌਦਾ ਸਾਧ ਨੂੰ 16ਵੀਂ ਵਾਰ ਮੁੜ ਪੈਰੋਲ ਦਿੱਤੀ ਗਈ ਹੈ। ਜਿਹੜਾ ਸੰਗੀਨ ਅਪਰਾਧਿਕ ਮਾਮਲਿਆਂ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਬਾਜਵਾ ਨੇ ਅੱਗੇ ਆਖਿਆ ਕਿ ਸਰਕਾਰਾਂ ਦੇ ਅਜਿਹੇ ਵਤੀਰੇ ਤੋਂ ਸਿੱਖ ਪੰਥ ਵਿੱਚ ਭਾਰੀ ਰੋਸ ਹੈ।

# ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਡਾ.ਅਰਸ਼ਦੀਪ ਸਿੰਘ ਵੱਲੋਂ ਨਸ਼ਾ ਮੁਕਤੀ ਟੀਮ ਨਾਲ ਮੀਟਿੰਗ



ਡੇਰਾ ਬਾਬਾ ਨਾਨਕ/ਗੁਰਦਾਸਪੁਰ, 28 ਮਈ (ਹੈਪੀ ਕੋਟਲੀ): ਅੱਜ ਹਲਕਾ ਡੇਰਾ ਬਾਬਾ ਨਾਨਕ ਵਿਖੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਡਾ.ਅਰਸ਼ਦੀਪ ਸਿੰਘ ਵੱਲੋਂ ਨਸ਼ਾ ਮੁਕਤੀ ਟੀਮ ਨਾਲ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਨੂੰ ਪਾਰਟੀ ਵੱਲੋਂ ਮਿਲੇ ਆਈ ਕਾਰਡ ਦਿੱਤੇ ਗਏ। ਇਸ ਮੌਕੇ ਗੱਲ ਕਰਦਿਆਂ ਜ਼ਿਲ੍ਹਾ ਪ੍ਰਧਾਨ ਡਾ.ਅਰਸ਼ਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ, ਨਸ਼ਿਆਂ ਨੂੰ ਖ਼ਤਮ ਕਰਨ ਲਈ ਵਚਨਬੱਧ ਹੈ ਤੇ ਸਰਕਾਰ ਵੱਲੋਂ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਦਿਆਂ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਵਿਰੁੱਧ ਵਿੱਢੇ ਯੁੱਧ ਤਹਿਤ ਪਿੰਡਾਂ ਤੇ ਸ਼ਹਿਰੀ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਖ਼ਿਲਾਫ਼ ਇਕਜੁੱਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਨੰਬਰ 'ਤੇ ਮਿਸ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਹੋ ਰਹੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ।

# ਐਨਪੀਐਸ ਮੁਲਾਜ਼ਮਾਂ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ

ਧਾਰੀਵਾਲ, 28 ਮਈ (ਅਸ਼ੋਕ ਕੁਮਾਰ): ਪੰਜਾਬ ਸਰਕਾਰ ਦੇ ਲਾਰਿਆਂ ਤੋਂ ਅੱਕੇ ਪੂਰੇ ਪੰਜਾਬ ਦੇ 2004 ਤੋਂ ਬਾਅਦ ਭਰਤੀ ਐਨਪੀਐਸ ਕਰਮਚਾਰੀਆਂ ਨੇ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਲੰਬੇ ਸਮੇਂ ਤੋਂ ਇਸ ਮੁੱਦੇ 'ਤੇ ਸੰਘਰਸ਼ ਕਰ ਰਹੀਆਂ ਤਿੰਨ ਜਥੇਬੰਦੀਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ, ਸੀਪੀਐਫ ਕਰਮਚਾਰੀ ਯੂਨੀਅਨ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਆਗੂਆਂ ਲਵਪ੍ਰੀਤ ਸਿੰਘ ਰੋੜਾਂਵਾਲੀ, ਪੁਨੀਤ ਸਾਗਰ, ਗੁਰਪ੍ਰੀਤ ਸਿੰਘ ਰੰਗੀਲਪੁਰ, ਅਰਵਿੰਦ ਸ਼ਰਮਾ ਤੇ ਲਖਵਿੰਦਰ ਸਿੰਘ ਭੌਰ ਨੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੇ ਬੈਨਰ ਹੇਠ ਸਰਕਾਰ ਵਿਰੁੱਧ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲੀ ਦੇ ਆਪਣੇ ਚੋਣ ਵਾਅਦੇ ਤੋਂ ਮੁਨਕਰ ਹੋ ਗਈ ਹੈ ਤੇ ਚਾਰ ਸਾਲ ਬੀਤ ਜਾਣ ਬਾਅਦ ਵੀ ਆਪਣਾ ਹੀ ਪੁਰਾਣੀ ਪੈਨਸ਼ਨ ਬਹਾਲੀ ਦਾ 18 ਨਵੰਬਰ 2022 ਦਾ ਨੋਟੀਫਿਕੇਸ਼ਨ ਲਾਗੂ ਕਰਨਾ ਭੁੱਲ ਗਈ ਹੈ। ਸਰਕਾਰ ਦੀ ਵਾਅਦਾ ਖ਼ਿਲਾਫੀ ਦੇ ਰੋਸ ਵੱਜੋਂ ਮੰਚ ਨੇ ਫੈਸਲਾ ਕੀਤਾ ਸੀ ਕਿ 28 ਮਈ ਨੂੰ ਪੰਜਾਬ ਸਰਕਾਰ ਦੇ ਨਾਲ ਮੱਝ ਦੇ ਬੈਨਰ ਅੱਗੇ ਵੀਨ ਵਜਾ ਕੇ ਸੱਤਾ ਦੇ ਨਸ਼ੇ ਵਿੱਚ ਘੂਕ ਸੁੱਤੀ ਸਰਕਾਰ ਨੂੰ ਜਗਾਇਆ। ਕਿਉਂਕਿ ਸਰਕਾਰ ਹੁਣ ਮੁਲਾਜ਼ਮ ਮੰਗਾਂ ਨੂੰ ਅਣਗੋਲਿਆ ਤੇ ਲਗਾਤਾਰ ਅਣਡਿੱਠ ਕਰ ਰਹੀ ਹੈ। 4 ਜੁਲਾਈ ਨੂੰ ਮੋਗਾ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ ਤੇ ਇਸ ਕਨਵੈਨਸ਼ਨ ਵਿੱਚ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਵਿਸ਼ੇਸ਼ ਸੱਦਾ ਦਿੱਤਾ ਜਾਵੇਗਾ ਤੇ ਉਨ੍ਹਾਂ ਦੀਆਂ ਕੁਰਸੀਆਂ ਵੀ ਲਗਾਈਆਂ ਜਾਣਗੀਆਂ ਤਾਂ ਕਿ ਉਹ ਮੁਲਾਜ਼ਮਾਂ ਦੇ ਭੱਖਦੇ ਮਸਲਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਨ। ਜੇਕਰ ਮੁੱਖ ਮੰਤਰੀ ਇਸ ਕਨਵੈਨਸ਼ਨ ਵਿੱਚ ਨਾ ਆਏ ਤਾਂ 23 ਅਗਸਤ ਨੂੰ ਪਿੰਡ ਸਤੌਜ ਵਿਖੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਵੱਲੋਂ ਮਹਾਂ ਰੈਲੀ ਕੀਤੀ ਜਾਵੇਗੀ, ਜਿਸ ਸਬੰਧੀ ਕਰਮਚਾਰੀਆਂ ਨੇ ਆਪਣੀਆਂ ਬਲਾਕ ਪੱਧਰੀ ਤੋਂ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਮੌਕੇ 'ਤੇ ਸੁਰਿੰਦਰ ਪੱਪੂ, ਅਮਨਜੋਤ, ਰਾਹੁਲ ਮਹਾਜਨ, ਨਨੀਤ ਰਿਖੀ, ਗੁਰਜੀਤ ਸਿੰਘ, ਵਿਕਾਸ ਸ਼ਰਮਾ, ਜੁਗਲ ਕਿਸ਼ੋਰ ਬੱਲ, ਬਲਜੀਤ ਸਿੰਘ ਦੀਨਾਨਗਰ, ਓਮ ਪ੍ਰਕਾਸ਼, ਰਾਜੇਸ਼ ਮਹਾਜਨ, ਜਸਪਾਲ ਸਿੰਘ ਵਿੰਝਵਾਂ, ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਕੁਲਦੀਪ ਸਿੰਘ, ਨਵਨੀਤ ਕੁਮਾਰ, ਹਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਜਰਨੈਲ ਸਿੰਘ, ਸਿਮਰਨਜੀਤ ਸਿੰਘ ਕਾਹਨੂੰਵਾਨ, ਮਨਜੀਤ ਸਿੰਘ, ਅੰਮ੍ਰਿਤਪਾਲ ਸਿੰਘ ਸੋਹੀ, ਚੇਤਨ ਮਹਾਜਨ, ਅਮਿਤਸ਼ੇਵਰ ਚੌਧਰੀ, ਵਿਕਰਮਜੀਤ ਸਿੰਘ, ਜੋਗਿੰਦਰ ਮੰਝ ਆਦਿ ਹਾਜ਼ਰ ਸਨ।



# ਐਸ.ਪੀ. ਰਮਨਦੀਪ ਸਿੰਘ ਬੱਲ ਸਟੇਟ ਐਵਾਰਡ 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ', 5 ਲੱਖ ਰਾਸ਼ੀ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ

ਬਟਾਲਾ, 28 ਮਈ (ਬਲਵਿੰਦਰ ਸਿੰਘ ਪੰਜਗਰਾਈਂ): ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਪਿੰਡ ਮੀਕੇ ਦੇ ਜੰਮਪਲ ਰਮਨਦੀਪ ਸਿੰਘ ਬੱਲ (ਅੰਤਰਰਾਸ਼ਟਰੀ ਹਾਕੀ ਖਿਡਾਰੀ) ਨੇ ਹਾਕੀ ਦੇ ਖੇਤਰ 'ਚ ਕਈ ਵਾਰ ਵੱਡੀਆਂ ਮੱਲਾਂ ਮਾਰੀਆਂ ਹਨ। ਉਨ੍ਹਾਂ ਨੇ ਇੰਡੀਅਨ ਹਾਕੀ ਟੀਮ ਵਿੱਚ ਅਹਿਮ ਭੂਮਿਕਾ ਨਿਭਾਈ ਤੇ ਕਈ ਅੰਤਰਰਾਸ਼ਟਰੀ ਪੱਧਰ ਦੇ ਹਾਕੀ ਮੁਕਾਬਲਿਆਂ 'ਚ ਦੇਸ਼ ਲਈ ਸੋਨੇ, ਚਾਂਦੀ ਤੇ ਕਾਂਸੇ ਦੇ ਤਮਗੇ ਜਿੱਤ ਕੇ ਦੇਸ਼, ਪੰਜਾਬ ਤੇ ਆਪਣੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਪਿਛਲੇ ਦਿਨੀਂ ਐਸ.ਪੀ.ਰਮਨਦੀਪ ਸਿੰਘ ਬੱਲ ਪੀ.ਪੀ.ਐਸ. ਨੂੰ ਮਹਾਰਾਜਾ ਰਣਜੀਤ ਸਿੰਘ ਪੰਜਾਬ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਜਿਸ ਨਾਲ ਇਲਾਕੇ 'ਚ ਖ਼ੁਸ਼ੀ ਦੀ ਲਹਿਰ ਹੈ ਤੇ ਹਾਕੀ ਦੇ ਖੇਤਰ ਵਿੱਚ ਵੀ ਖੇਡ ਪ੍ਰੇਮੀਆਂ 'ਚ ਇਸ ਪ੍ਰਾਪਤੀ ਨਾਲ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ। ਰਮਨਦੀਪ ਸਿੰਘ ਬੱਲ ਦੇ ਪਿਤਾ ਰਘਬੀਰ ਸਿੰਘ ਤੇ ਮਾਤਾ ਹਰਜਿੰਦਰ ਕੌਰ ਨੇ ਦੱਸਿਆ ਕਿ ਰਮਨਦੀਪ ਸਿੰਘ ਨੇ 2004 'ਚ 11 ਸਾਲ ਦੀ ਉਮਰ ਵਿੱਚ ਹਾਕੀ ਖੇਡਣ ਦੀ ਸ਼ੁਰੂਆਤ ਕਰ ਦਿੱਤੀ ਸੀ। ਪਰਿਵਾਰ 'ਚ ਹਾਕੀ ਪ੍ਰਤੀ ਰੁਚੀ ਹੋਣ ਕਰਕੇ ਰਮਨ ਨੇ ਹਾਕੀ ਨੂੰ ਜਨੂੰਨ ਬਣਾ ਲਿਆ। ਵੱਖ-ਵੱਖ ਅਕੈਡਮੀਆਂ 'ਚ ਹਾਕੀ ਖੇਡਦੇ ਹੋਏ ਇੰਡੀਆ ਸ਼ਾਮਲ ਹੋਣ ਦਾ ਮੌਕਾ ਮਿਲ ਗਿਆ, ਜਿਸ ਨਾਲ ਦਿਨੋਂ-ਦਿਨ ਕਮਾਲ ਕਰ ਦਿੱਤੀ ਤੇ ਦੇਸ਼ ਲਈ 2013 ਏਸ਼ੀਆ ਕੱਪ ਮਲੇਸ਼ੀਆ 'ਚ ਖੇਡਿਆ ਤੇ ਚਾਂਦੀ ਦਾ ਤਮਗਾ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ 2014 ਵਿੱਚ ਏਸ਼ੀਅਨ ਖੇਡਾਂ ਕੋਰੀਆ ਵਿੱਚ ਹੋਈਆਂ, ਜਿਸ ਵਿੱਚ ਸੋਨੇ ਦਾ ਤਮਗਾ ਹਾਸਲ ਕੀਤਾ। ਇਸੇ ਤਰ੍ਹਾਂ ਕਾਮਨ ਵੈਲਥ ਖੇਡਾਂ ਜੋ ਕਿ ਸਕਾਟਲੈਂਡ ਵਿੱਚ 2014 ਵਿੱਚ ਹੋਈਆਂ, ਜਿਸ ਵਿੱਚ ਚਾਂਦੀ ਤਮਗਾ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਇੰਡੀਆ ਦੀ ਟੀਮ ਵਿੱਚ ਸ਼ਾਮਲ ਹੋਣ ਤੋਂ ਬਾਅਦ 2016 ਵਿੱਚ ਸਰਕਾਰ ਨੇ ਡੀ.ਐਸ.ਪੀ. ਭਰਤੀ ਕਰ ਲਿਆ, ਜਿਸ ਤੋਂ ਬਾਅਦ ਅਕਤੂਬਰ 2025 ਵਿੱਚ ਡੀ.ਐਸ.ਪੀ. ਤੋਂ ਤਰੱਕੀ ਹੋ ਕੇ ਐਸ.ਪੀ. ਬਣ ਗਏ। ਗੋਲਡਨ ਬੁਆਏ ਦੇ ਨਾਂਅ ਨਾਲ ਜਾਣੇ ਜਾਣ ਵਾਲੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਰਮਨਦੀਪ ਸਿੰਘ ਬੱਲ ਨੇ ਜਿੱਥੇ ਹਾਕੀ ਦੇ ਖੇਤਰ 'ਚ ਆਪਣੀ ਵੱਖਰੀ ਪਹਿਚਾਣ ਬਣਾਈ, ਉਥੇ ਪੰਜਾਬ ਪੁਲਿਸ ਜੁਆਇੰਨ ਕਰਨ ਉਪਰੰਤ ਬਹੁਤ ਹੀ ਮਿਹਨਤ ਤੇ ਲਗਨ ਨਾਲ ਆਪਣੀ ਡਿਊਟੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਅ ਰਹੇ ਹਨ, ਜੋ ਕਿ ਅੱਜ ਕੱਲ੍ਹ ਪੁਲਿਸ ਜ਼ਿਲ੍ਹਾ ਬਟਾਲਾ ਦੇ ਹੈਡ ਕੁਆਰਟਰ ਵਿਖੇ ਐਸ.ਪੀ. (ਪੀਬੀਆਈ) ਵਜੋਂ ਸੇਵਾਵਾਂ ਨਿਭਾ ਰਹੇ ਹਨ। ਐਸ.ਪੀ. ਰਮਨਦੀਪ ਸਿੰਘ ਬੱਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਹਾਕੀ ਦੇ ਖੇਤਰ ਵਿੱਚ ਲਿਆਉਣ ਲਈ ਮੇਰੇ ਮਾਤਾ-ਪਿਤਾ ਦਾ ਵੱਡਾ ਰੋਲ ਰਿਹਾ ਹੈ।



# ਦਮਦਮੀ ਟਕਸਾਲ ਨੇ ਸ੍ਰੀ ਕਲਗੀਧਰ ਤੇ ਨਿਊ ਇੰਡੀਅਨ ਸਕੂਲ ਬੁਤਾਲਾ ਵਿਖੇ 27ਵਾਂ ਦੀਵਾਨ ਸਜਾਇਆ

ਚੌਕ ਮਹਿਤਾ, 28 ਮਈ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ ਜੂਨ 1984 (ਘੱਲੂਘਾਰਾ) ਦੇ ਸਮੂਹ ਸ਼ਹੀਦਾਂ ਦੀ 42ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਸ਼ਬਦ ਕੀਰਤਨ ਤੇ ਕਥਾ ਸਮਾਗਮ ਮਾਝੇ ਇਲਾਕੇ ਦੇ ਵੱਖ-ਵੱਖ ਨਗਰਾਂ, ਕਸਬਿਆਂ ਤੇ ਸ਼ਹਿਰਾਂ ਦੇ ਅੰਦਰ ਬੀਤੀ 1 ਮਈ ਤੋਂ ਲਗਾਤਾਰ ਕੀਤੇ ਜਾ ਰਹੇ ਹਨ। ਜਿਸ ਤਹਿਤ ਅੱਜ 27ਵੇਂ ਦਿਨ ਸ੍ਰੀ ਕਲਗੀਧਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤੇ ਨਿਊ ਇੰਡੀਅਨ ਪਬਲਿਕ ਸਕੂਲ (ਬੁਤਾਲਾ) ਵਿਖੇ ਸ਼ਾਮ ਦੇ ਦੀਵਾਨ ਸਜਾਏ ਗਏ।ਸਮਾਗਮ ਨੂੰ ਲੈ ਕੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਪ੍ਰਿੰਸੀਪਲ ਕੁਲਬੀਰ ਸਿੰਘ ਮਾਨ ਦੀ ਦੇਖ ਰੇਖ ਹੇਠ ਸਕੂਲ ਮੈਨੇਜਮੈਂਟ ਵੱਲੋਂ ਸੁਚੱਜੇ ਤੇ ਵਿਸ਼ਾਲ ਪ੍ਰਬੰਧ ਕੀਤੇ ਗਏ। ਇਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਦੇ ਜੱਥੇ ਨੇ ਰਸਭਿੰਨਾ ਕੀਰਤਨ ਕੀਤਾ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਭਾਈ ਸੰਤੋਖ ਸਿੰਘ ਦੁਆਰਾ ਰਚਿਤ ਸੂਰਜ ਪ੍ਰਕਾਸ਼ ਗ੍ਰੰਥ ਦੇ ਵਿਚੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਬਿਰਤਾਂਤ ਨਾਲ ਸਬੰਧਤ ਲੜੀਵਾਰ ਕਥਾ ਦਾ ਪ੍ਰਸੰਗ ਸਰਵਨ ਕਰਵਾਇਆ ਤੇ ਸਮਾਗਮ ਵਿੱਚ ਹਾਜ਼ਰੀ ਭਰ ਰਹੀਆਂ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਾ ਕੀਤਾ। ਕਥਾ ਵਿਚਾਰ ਦੌਰਾਨ ਪੋਥੀ ਦੇ ਪਾਠ ਦੀ ਸੇਵਾ ਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ ਵੀ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਭਾਈ ਸਤਨਾਮ ਸਿੰਘ ਖ਼ਾਲਸਾ ਨੇ ਨਿਭਾਈ। ਇਸ ਸਮੇਂ ਗਿਆਨੀ ਖ਼ਾਲਸਾ ਨੇ ਆਖਿਆ ਕਿ ਦਮਦਮੀ ਟਕਸਾਲ ਦੇ ਹੈਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਦੇ ਵਿੱਚ 1 ਤੋਂ 5 ਜੂਨ ਤੱਕ ਸ਼ਹੀਦੀ ਹਫਤਾ ਤੇ 6 ਜੂਨ ਨੂੰ 42ਵਾਂ ਮਹਾਨ ਸ਼ਹੀਦੀ ਸਮਾਗਮ ਅੰਤਰ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਵੇਗਾ।ਉਨ੍ਹਾਂ ਨੇ ਸਮੂਹ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ ਹੁਮਾ ਕੇ ਹਾਜ਼ਰੀਆਂ ਭਰਕੇ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨ ਦੀ ਅਪੀਲ ਕੀਤੀ। ਦੀਵਾਨ ਦੀ ਸਮਾਪਤੀ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਕੁਲਬੀਰ ਸਿੰਘ ਮਾਨ ਤੇ ਸਕੂਲ ਮੈਨੇਜਮੈਂਟ ਦੇ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਸਤਿਕਾਰ ਵਿੱਚ ਦੁਸ਼ਾਲਾ ਤੇ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇ. ਸੁਖਦੇਵ ਸਿੰਘ, ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਜਥੇ. ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇ. ਬਾਬਾ ਬੋਹੜ ਸਿੰਘ, ਗਿਆਨੀ ਗੁਰਬਾਜ ਸਿੰਘ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖ਼ਾਲਸਾ ਦੀਵਾਨ), ਭਾਈ ਅਜਮੇਰ ਸਿੰਘ ਧਰਦਿਉ, ਭਾਈ ਸੁਰਜੀਤ ਸਿੰਘ ਧਰਦਿਉ, ਭਾਈ ਹਰਦੇਵ ਸਿੰਘ ਬੂੜੇ ਨੰਗਲ, ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ ਵੈਦ, ਪ੍ਰੋ. ਗਿਆਨੀ ਜੋਬਨਜੀਤ ਸਿੰਘ, ਭਾਈ ਨਿਰਮਲ ਸਿੰਘ, ਗਿਆਨੀ ਮੋਹਣ ਸਿੰਘ, ਭਾਈ ਗੁਰਕਿਰਪਾਲ ਸਿੰਘ, ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਸੜਕ 'ਤੇ ਪਿਆ ਛੇ ਮਹੀਨੇ ਤੋਂ ਪੱਥਰ, ਠੇਕੇਦਾਰ ਕਹਿੰਦਾ ਲੁੱਕ ਮਹਿੰਗੀ ਹੋ ਗਈ, ਹੁਣ ਨਹੀਂ ਬਣੇਗੀ ਸੜਕ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 28 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਇਹ ਪੜ੍ਹ ਕੇ ਤੁਹਾਨੂੰ ਭਾਵੇਂ ਅਜੀਬ ਲੱਗੇ ਪਰ ਇਹ ਸੱਚਾਈ ਹੈ ਕਿ ਵੀਲਾ ਬੱਜੂ ਤੋਂ ਅਠਵਾਲ ਤੇ ਦਕੋਹਾ ਜਾਣ ਵਾਲੀ ਸੜਕ 'ਤੇ ਪਿਛਲੇ ਛੇ ਮਹੀਨੇ ਤੋਂ ਪੱਥਰ ਪਿਆ ਹੈ, ਪਰ ਹੁਣ ਠੇਕੇਦਾਰ ਕਹਿੰਦਾ ਹੈ ਕਿ ਲੁੱਕ ਮਹਿੰਗੀ ਹੋ ਗਈ ਹੈ ਤੇ ਮੈਂ ਇਹ ਸੜਕ ਨਹੀਂ ਬਣਾਵਾਂਗਾ। ਸਿਰਫ ਕਿਹਾ ਹੀ ਨਹੀਂ ਬਲਕਿ ਹੌਲੀ ਹੌਲੀ ਸਾਰੀ ਮਸ਼ੀਨਰੀ ਵੀ ਇਥੋਂ ਲੈ ਗਿਆ ਹੈ। ਪਿੰਡ ਦੀ ਪੰਚਾਇਤ ਤੇ ਮੋਹਤਬਾਰ ਆਦਮੀ ਹੈਰਾਨ-ਪ੍ਰੇਸ਼ਾਨ ਇੱਕ-ਦੂਜੇ ਦਾ ਮੂੰਹ ਵੇਖ ਰਹੇ ਹਨ ਕਿ ਸਾਡੇ ਨਾਲ ਇਹ ਕੀ ਵਾਪਰਿਆ। ਇਹ ਕਿਹੋ ਜਿਹਾ ਵਿਕਾਸ ਹੈ ਜੀ। ਇਸ ਪ੍ਰੇਸ਼ਾਨੀ ਨੂੰ ਵੇਖਦੇ ਹੋਏ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਜ਼ੋਨ ਮੀਰੀ-ਪੀਰੀ ਸਾਹਿਬ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਵੀਲਾ ਬੱਜੂ, ਤਲਵੰਡੀ ਭਿੰਡਰ ਤੇ ਮੀਕੇ ਪਿੰਡਾਂ ਦੇ ਕਿਸਾਨ ਮਜ਼ਦੂਰ ਵੀ ਇਕੱਤਰ ਹੋਏ। ਬੜਾ ਰੋਹ ਭਰਿਆ ਰੋਸ ਮੁਜ਼ਾਹਰਾ ਜ਼ੋਨ ਪ੍ਰਧਾਨ ਮਾਸਟਰ ਗੁਰਜੀਤ ਸਿੰਘ ਤੇ ਸਕੱਤਰ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ। ਸਰਕਾਰਾਂ ਖ਼ਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ, ਵੱਡੀ ਗਿਣਤੀ ਵਿੱਚ ਕਿਸਾਨਾਂ-ਮਜ਼ਦੂਰਾਂ ਨੇ ਇਸ ਪ੍ਰਦਰਸ਼ਨ ਵਿੱਚ ਭਾਗ ਲਿਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜ਼ੋਨ ਪ੍ਰਧਾਨ ਮਾਸਟਰ ਗੁਰਜੀਤ ਸਿੰਘ ਬੱਲੜਵਾਲ ਨੇ ਦੱਸਿਆ ਕਿ ਇਹ ਸੜਕ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਬਣ ਰਹੀ ਹੈ। ਇਸ ਸੜਕ ਰਾਹੀਂ ਹੀ ਇਸ ਪਿੰਡ ਦੇ ਵਾਸੀ ਅਠਵਾਲ ਹੁੰਦੇ ਹੋਏ ਘੁਮਾਣ ਤੇ ਮਹਿਤਾ ਚੌਕ ਤੋਂ ਅੰਮ੍ਰਿਤਸਰ ਪਹੁੰਚ ਰਹੇ ਹਨ, ਦੂਜੇ ਪਾਸੇ ਵੀਲਾ ਬੱਜੂ ਤੋਂ ਦਕੋਹੇ ਦੇ ਰਾਹੀਂ ਪਿੰਡ ਵਾਸੀ ਰਈਆ ਬਿਆਸ ਬਾਬਾ ਸ਼ਹਿਰਾਂ ਨੂੰ ਜਾਂਦੇ ਹਨ ਪਰ ਲੰਮੇ ਸਮੇਂ ਤੋਂ ਇਸ 'ਤੇ ਸਿਰਫ ਮੋਟਾ ਪੱਥਰ ਗਟਕਾ ਪਿਆ ਹੈ, ਜੋ ਕਈ ਲੋਕਾਂ ਨੂੰ ਜ਼ਖ਼ਮੀ ਕਰ ਚੁੱਕਾ ਹੈ। ਕਈ ਸਕੂਲ ਵਿਦਿਆਰਥੀਆਂ ਨੂੰ ਸੱਟਾਂ ਲੱਗ ਚੁੱਕੀਆਂ ਹਨ ਪਰ ਇਸ ਸੜਕ ਦੇ ਜ਼ਿੰਮੇਵਾਰ ਅਧਿਕਾਰੀ ਜੇਈ ਐਸਡੀਓ ਜਾਂ ਐਕਸੀਅਨ ਕੋਈ ਕਾਰਵਾਈ ਨਹੀਂ ਕਰਦੇ। ਠੇਕੇਦਾਰ ਲੁੱਕ ਮਹਿੰਗੀ ਹੋਣ ਦਾ ਬਹਾਨਾ ਲਗਾ ਕੇ ਪੱਲਾ ਝਾੜ ਗਿਆ ਹੈ, ਹੁਣ ਬੇਵੱਸ ਪਿੰਡ ਵਾਸੀ ਧਰਨਾ ਮੁਜ਼ਾਹਰਾ ਕਰਨ ਲਈ ਮਜਬੂਰ ਹਨ। ਜੋ ਆਗੂਆਂ ਨੇ ਸਰਕਾਰ ਨੂੰ ਸਖਤ ਚਿਤਾਵਨੀ ਦਿੰਦਿਆਂ ਐਲਾਨ ਕੀਤਾ ਕਿ ਜੇ ਇੱਕ ਹਫਤੇ ਦੇ ਅੰਦਰ ਅੰਦਰ ਸੜਕ ਬਣਨ ਦਾ ਕੰਮ ਸ਼ੁਰੂ ਨਹੀਂ ਹੁੰਦਾ ਤਾਂ ਵੱਡੇ ਸੰਘਰਸ਼ ਦੀ ਰੂਪਰੇਖਾ ਤਿਆਰ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਰੋਸ ਮੁਜ਼ਾਹਰੇ ਵਿੱਚ ਮੁੱਖ ਤੌਰ 'ਤੇ ਪਿੰਡ ਇਕਾਈ ਪ੍ਰਧਾਨ ਮਹਿਲ ਸਿੰਘ, ਸਰਵਣ ਸਿੰਘ, ਇੰਦਰਜੀਤ ਸਿੰਘ, ਸ਼ਮਸ਼ੇਰ ਸਿੰਘ, ਯੂਸਫ ਅਲੀ, ਸ਼ੌਕਤ ਅਲੀ, ਰਣਜੀਤ ਸਿੰਘ, ਜਸਵੰਤ ਸਿੰਘ, ਗੁਰਦੀਪ ਸਿੰਘ, ਮੇਜਰ ਸਿੰਘ, ਸਾਹਿਬ ਸਿੰਘ ਮੈਂਬਰ ਪੰਚਾਇਤ ਦਵਿੰਦਰ ਸਿੰਘ ਤਲਵੰਡੀ ਭਿੰਡਰ ਗੁਰਮੁਖ ਸਿੰਘ, ਸਰਪੰਚ ਮੀਕੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਤਿੰਨਾਂ ਪਿੰਡਾਂ ਦੇ ਕਿਸਾਨ-ਮਜ਼ਦੂਰ ਹਾਜ਼ਰ ਸਨ।



# ਬੀ.ਐਸ.ਸੀ. ਸਮੈਸਟਰ ਪਹਿਲਾ ਦੇ ਨਤੀਜਿਆਂ ਨਾਲ ਸਰਕਾਰੀ ਕਾਲਜ ਦਾ ਨਾਮ ਰੌਸ਼ਨ

ਤਲਵਾੜਾ, 28 ਮਈ (ਜਗਮੋਹਨ ਸ਼ਰਮਾ): ਐਮ.ਆਰ.ਪੀ.ਡੀ ਸਰਕਾਰੀ ਕਾਲਜ, ਤਲਵਾੜਾ ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਐਲਾਨੇ ਗਏ ਦਸੰਬਰ 2025 ਦੇ ਬੀ.ਐਸ.ਸੀ. ਪਹਿਲੇ ਸਮੈਸਟਰ ਪ੍ਰੀਖਿਆ ਦੇ ਨਤੀਜਿਆਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਖ਼ਾਸ ਕਰਕੇ ਬੀ.ਐਸ.ਸੀ. ਮੈਡੀਕਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕਰਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਕਾਲਜ ਰਜਿਸਟਰਾਰ ਪ੍ਰੋ. ਅਜੈ ਕੁਮਾਰ ਅਰਸ਼ ਨੇ ਦੱਸਿਆ ਕਿ ਵਿਦਿਆਰਥਣ ਰਾਜਵੀਰ ਕੌਰ ਨੇ 92.50% ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਮੈਰਿਟ ਸੂਚੀ ਵਿੱਚ ਤੀਜਾ ਸਥਾਨ ਤੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕੋਮਲ ਨੇ 89.60% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਪ੍ਰਿਟੀ ਨੇ 75.40% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਤੀਜੇ ਸਥਾਨ 'ਤੇ ਰਹੀ ।ਕਾਲਜ ਪ੍ਰਿੰਸੀਪਲ ਡਾ. ਰਾਜੀਵ ਖੋਸਲਾ ਨੇ ਰਾਜਵੀਰ ਕੌਰ ਤੇ ਕੋਮਲ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਸਨਮਾਨਿਤ ਕੀਤਾ ਤੇ ਉਨ੍ਹਾਂ ਦੀ ਮਿਹਨਤ, ਲਗਨ ਤੇ ਅਨੁਸ਼ਾਸਨ ਦੀ ਪ੍ਰਸ਼ੰਸਾ ਕੀਤੀ।




# ਰਾਜਨੀਤੀ 'ਚ ਜੱਗੂ ਭਗਵਾਨਪੁਰੀਆ ਦੇ ਪਰਿਵਾਰ ਦਾ ਕੱਦ ਉਚਾ ਹੋਣ ਲੱਗਾ

## ਲੋਕ ਭਲਾਈ ਦੇ ਕੰਮਾਂ ਸਦਕਾ ਭਗਵਾਨਪੁਰੀਆ ਦੇ ਪਰਿਵਾਰ ਦੀ ਪਿੰਡਾਂ ਦੀਆਂ ਸੱਥਾਂ 'ਚ ਹੋ ਰਹੀ ਹੈ ਚਰਚਾ

ਡੇਰਾ ਬਾਬਾ ਨਾਨਕ, 28 ਮਈ (ਹੈਪੀ ਕੋਟਲੀ): ਇੱਕ ਪਾਸੇ ਜਿੱਥੇ 2027 ਦੀਆਂ ਚੋਣਾਂ ਨੂੰ ਲੈ ਕੇ ਸੂਬੇ ਭਰ 'ਚ ਵੱਖੋ-ਵੱਖ ਪਾਰਟੀਆਂ ਵੱਲੋਂ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ ਤੇ ਆਪੋ-ਆਪਣੀ ਪਾਰਟੀ ਦੀ ਮਜ਼ਬੂਤੀ ਲਈ ਕੰਮ ਕੀਤਾ ਜਾ ਰਿਹਾ ਹੈ, ਉਥੇ ਹੀ ਇਸ ਵਾਰ ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਦੀ ਸਿਆਸਤ 'ਚ ਵੀ ਪੂਰੀ ਗਰਮਾ-ਗਰਮੀ ਚੱਲ ਰਹੀ ਹੈ ਤੇ ਵੱਖੋ ਵੱਖ ਪਾਰਟੀਆਂ ਵੱਲੋਂ ਆਮ ਲੋਕਾਂ ਤੱਕ ਪਹੁੰਚ ਬਣਾਉਣ ਲਈ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਇਸੇ ਤਰ੍ਹਾਂ ਦੂਜੇ ਪਾਸੇ ਜੱਗੂ ਭਗਵਾਨਪੁਰੀਆ ਦੇ ਪਰਿਵਾਰ ਵੱਲੋਂ ਵੀ ਹਲਕਾ ਡੇਰਾ ਬਾਬਾ ਨਾਨਕ 'ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਹਲਕੇ ਦੇ ਪਿੰਡਾਂ ਵਿੱਚ ਸਮਾਜ ਸੇਵਾ ਦੇ ਕਾਰਜ ਆਰੰਭੇ ਹੋਏ ਹਨ। ਇਸੇ ਤਹਿਤ ਹੀ ਪਿਛਲੇ ਦਿਨੀਂ ਜੱਗੂ ਭਗਵਾਨਪੁਰੀਆ ਦੇ ਪਰਿਵਾਰ ਵੱਲੋਂ ਆਪਣੀ ਮਾਤਾ ਬੀਬੀ ਹਰਜੀਤ ਕੌਰ ਤੇ ਪਿਤਾ ਸੁਖਵਿੰਦਰ ਸਿੰਘ ਦੀ ਨਿੱਘੀ ਯਾਦ ਵਿੱਚ 100 ਬੇਸਹਾਰਾ ਤੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਗਏ ਸਨ, ਜਿਸਦੀ ਪੂਰੇ ਸੂਬੇ ਭਰ ਵਿੱਚ ਖੂਬ ਚਰਚਾ ਹੋਈ ਸੀ। ਜੱਗੂ ਭਗਵਾਨਪੁਰੀਆ ਦੇ ਪਰਿਵਾਰ ਵੱਲੋਂ ਸਮਾਜ ਸੇਵਾ ਨੂੰ ਅੱਗੇ ਤੋਰਦੇ ਹੋਏ, ਪਿਛਲੇ ਦਿਨੀਂ ਹੀ ਜੱਗੂ ਭਗਵਾਨਪੁਰੀਆ ਦੇ ਮਾਸੀ ਚੇਅਰਪਰਸਨ ਬਲਾਕ ਸੰਮਤੀ ਡੇਰਾ ਬਾਬਾ ਨਾਨਕ ਬੀਬੀ ਰਾਜਵਿੰਦਰ ਕੌਰ ਵੱਲੋਂ ਆਪਣੀ ਤਾਜਪੋਸ਼ੀ ਸਿੰਘ ਮੌਕੇ ਹਲਕਾ ਡੇਰਾ ਬਾਬਾ ਨਾਨਕ ਦੇ ਹਰੇਕ ਪਿੰਡ ਵਿੱਚ ਬੇਸਹਾਰਾ ਤੇ ਗਰੀਬ ਪਰਿਵਾਰ ਦੀ ਲੜਕੀ ਦੇ ਵਿਆਹ ਮੌਕੇ ਸਗਨ ਵਜ਼ੋਂ 21 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੋਇਆ ਸੀ। ਉਨ੍ਹਾਂ ਆਪਣੇ ਐਲਾਨ ਖਰਾ ਉਤਰਦੇ ਹੋਏ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ 'ਚ ਗਰੀਬ ਤੇ ਬੇਸਹਾਰਾ ਲੜਕੀਆਂ ਦੇ ਵਿਆਹ ਲਈ ਆਪਣੇ ਪੁੱਤਰਾਂ ਦੀ ਅਨੇਕ ਕਮਾਈ 'ਚੋਂ 21 ਹਜ਼ਾਰ ਨਗਦ ਰਾਸ਼ੀ ਸ਼ਗਨ ਵਜੋਂ ਗਰੀਬ ਧੀਆਂ ਨੂੰ ਦਾਨ ਵਜੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਵੱਲੋਂ ਲੋੜਵੰਦ ਤੇ ਗਰੀਬ ਪਰਿਵਾਰਾਂ ਦੇ ਘਰ ਬਣਾ ਕੇ ਦੇਣ ਦਾ ਵੀ ਬੀੜਾ ਚੁੱਕਿਆ ਹੋਇਆ ਹੈ।



# ਡਾ. ਰਮਿੰਦਰ ਸਿੰਘ ਭਾਮ ਨੂੰ ਝੂਠੇ ਕੇਸ 'ਚ ਫਸਾਉਣ ਖ਼ਿਲਾਫ਼ ਕਿਸਾਨ ਜਥੇਬੰਦੀਆਂ ਹੋਈਆਂ ਇਕੱਠੀਆਂ

### ☛30 ਨੂੰ ਐਸਐਸਪੀ ਨੂੰ ਮਿਲ ਕੇ ਇਨਸਾਫ਼ ਦੀ ਕਰਨਗੀਆਂ ਮੰਗ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 28 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਕਿਰਤੀ ਕਿਸਾਨ ਯੂਨੀਅਨ ਬਲਾਕ ਕਾਹਨੂੰਵਾਨ ਦੀ ਇੱਕ ਵਿਸ਼ੇਸ਼ ਮੀਟਿੰਗ ਅਨੋਖ ਸਿੰਘ ਘੋੜੇਵਾਹ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਤਬੀਰ ਸਿੰਘ ਸੁਲਤਾਨੀ ਸੂਬਾ ਮੀਤ ਪ੍ਰਧਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਡਾ. ਰਮਿੰਦਰ ਸਿੰਘ ਭਾਮ ਨੂੰ ਝੂਠੇ ਕੇਸ ਵਿੱਚ ਫਸਾਉਣ ਦੇ ਮਾਮਲੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਆਗੂਆਂ ਨੇ ਕਿਹਾ ਕਿ ਮਾਸਟਰ ਕਰਮ ਸਿੰਘ ਕਲੇਰ ਖ਼ੁਰਦ ਨਾਲ ਸਬੰਧਤ ਥਾਣਾ ਸੇਖਵਾਂ ਦੇ ਕੇਸ ਵਿੱਚ ਡਾ. ਰਮਿੰਦਰ ਸਿੰਘ ਭਾਮ ਨੂੰ ਜਾਣਬੁੱਝ ਕੇ ਉਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਿਸਾਨ ਜਥੇਬੰਦੀਆਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੀਆਂ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਕਿਸਾਨ ਜਥੇਬੰਦੀਆਂ ਦਾ ਇੱਕ ਵਫਦ 30 ਮਈ 2026 ਨੂੰ ਬਟਾਲਾ ਵਿਖੇ ਐਸਐਸਪੀ ਨੂੰ ਮਿਲੇਗਾ ਤੇ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਇਨਸਾਫ ਦੀ ਮੰਗ ਕਰੇਗਾ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਬੇਕਸੂਰ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ 'ਤੇ ਜਸਪਾਲ ਸਿੰਘ, ਮਨਜੀਤ ਸਿੰਘ, ਦਵਿੰਦਰ ਸਿੰਘ, ਹਰਜਿੰਦਰ ਸਿੰਘ, ਸੁਖਦੇਵ ਸਿੰਘ, ਦਿਲਬਾਗ ਸਿੰਘ, ਦਲੇਰ ਸਿੰਘ, ਗੁਰਦਿਆਲ ਸਿੰਘ, ਹਰਪ੍ਰੀਤ ਸਿੰਘ, ਚੰਚਲ ਸਿੰਘ, ਅਰਸ਼ਦੀਪ ਸਿੰਘ, ਮਨੋਹਰ ਸਿੰਘ ਸਮੇਤ ਆਗੂ ਤੇ ਵਰਕਰ ਹਾਜ਼ਰ ਸਨ।



# ਜੇਕਰ ਪੰਜਾਬ 'ਚ ਐਸ.ਆਈ.ਆਰ. ਹੁੰਦੈ ਤਾਂ ਵਿਦੇਸ਼ 'ਚ ਰਹਿੰਦੇ ਨੌਜਵਾਨਾਂ ਦਾ ਹੋ ਸਕਦੈ ਨੁਕਸਾਨ: ਕਿਸ਼ੋਰੀ ਲਾਲ ਸ਼ਰਮਾ



ਗੜ੍ਹਸ਼ੰਕਰ, 28 ਮਈ (ਅਜਮੇਰ ਸਿੰਘ ਭਨੋਟ): ਅੱਜ ਗੜ੍ਹਸ਼ੰਕਰ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਵੱਡੇ ਨੇਤਾ ਗਾਂਧੀ ਪਰਿਵਾਰ ਦੇ ਕਰੀਬੀ ਕਿਸ਼ੋਰੀ ਲਾਲ ਸ਼ਰਮਾ ਆਪਣੇ ਪੁਸ਼ਤੈਨੀ ਪਿੰਡ ਭਵਾਨੀਪੁਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਪਿੰਡ ਦੇ ਵਿਕਾਸ ਕਾਰਜ ਲਈ 50 ਲੱਖ ਤੋਂ ਜ਼ਿਆਦਾ ਦੇ ਫੰਡ ਦਿੱਤੇ ਗਏ ਸਨ, ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਸ਼ੋਰੀ ਲਾਲ ਸ਼ਰਮਾ ਨੇ ਕਿਹਾ ਕਿ ਅੱਜ ਪੰਜਾਬ ਦੇ ਅੰਦਰ ਕੇਂਦਰ ਦੀ ਭਾਜਪਾ ਸਰਕਾਰ ਐਸਆਈਆਰ ਕਰਵਾਉਣ ਜਾ ਰਹੀ ਹੈ। ਇਹ ਇੱਕ ਚਿੰਤਾ ਦਾ ਵਿਸ਼ੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜ਼ਿਆਦਾਤਰ ਨੌਜਵਾਨ ਰੋਜ਼ੀ-ਰੋਟੀ ਦੇ ਲਈ ਵਿਦੇਸ਼ਾਂ ਦਾ ਰੁੱਖ ਕਰ ਚੁੱਕੇ ਹਨ, ਜੋ ਵਿਦੇਸ਼ਾਂ ਦੇ ਵਿੱਚ ਸਿਟੀਜ਼ਨ ਨਹੀਂ ਹਨ, ਜੇਕਰ ਐਸਆਈਆਰ ਹੁੰਦਾ ਹੈ ਤਾਂ ਉਨ੍ਹਾਂ ਦਾ ਨੁਕਸਾਨ ਹੋ ਸਕਦਾ ਹੈ। ਇਸ ਲਈ ਸਭ ਨੂੰ ਬੂਥ ਲੈਵਲ 'ਤੇ ਸਤਾਰਕ ਰਹਿਣਾ ਪਵੇਗਾ, ਜੋ ਵਿਦੇਸ਼ ਵਿੱਚ ਗਏ ਹਨ, ਉਨ੍ਹਾਂ ਦਾ ਵੋਟ ਕੱਟਣਾ ਨਹੀਂ ਚਾਹੀਦਾ ਦੇਸ਼ ਵਿੱਚ ਹੀ ਰਹਿਣਾ ਚਾਹੀਦਾ, ਉਨ੍ਹਾਂ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਅੱਜ ਦੇਸ਼ ਦੇ ਆਰਥਿਕ ਹਾਲਾਤ ਚੰਗੇ ਨਹੀਂ ਹਨ। ਕੇਂਦਰ ਸਰਕਾਰ ਮੁੱਦਿਆਂ ਦੀ ਗੱਲ ਨਹੀਂ ਕਰ ਰਹੀ, ਸਗੋਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਲੋਕਾਂ ਨੂੰ ਘੁੰਮਣ ਤੇ ਸੋਨਾ ਨਾ ਖਰੀਦਣ ਦੀ ਗੱਲ ਕਰਦੇ ਹਨ ਪਰ ਪਹਿਲਾਂ ਆਪ ਉਨ੍ਹਾਂ ਨੂੰ ਵੀ ਆਦਰਸ਼ ਪੈਦਾ ਕਰਨੇ ਪੈਣਗੇ, ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਦੇ ਸਮੇਂ ਵੀ ਦੇਸ਼ ਵਿੱਚ ਆਰਥਿਕ ਮੰਦਹਾਲੀ ਆਈ ਸੀ ਪਰ ਦੇਸ਼ ਤੇ ਉਸ ਦਾ ਅਹਿਸਾਸ ਵੀ ਨਹੀਂ ਸੀ ਹੋਇਆ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਕਈ ਸਾਲ ਤੋਂ ਕਹਿ ਰਹੇ ਹਨ ਕਿ ਦੇਸ਼ ਅੰਦਰ ਆਰਥਿਕ ਸੰਕਟ ਆਉਣ ਵਾਲੇ ਹਨ। ਇਸ ਲਈ ਪਹਿਲਾਂ ਹੀ ਇੰਤਜ਼ਾਮ ਸਰਕਾਰ ਨੂੰ ਕਰਨੇ ਚਾਹੀਦੇ ਸਨ। ਉਨ੍ਹਾਂ ਪੰਜਾਬ ਦੀ ਕਾਂਗਰਸ ਸਰਕਾਰ ਦੇ ਹਾਲਾਤਾਂ 'ਤੇ ਬੋਲਦਿਆਂ ਕਿਹਾ ਕਿ ਪੰਜਾਬ ਕਾਂਗਰਸ ਇਕਜੁੱਟ ਹੈ ਕੋਈ ਵੀ ਪੰਜਾਬ ਕਾਂਗਰਸ ਪਾਰਟੀ ਵਿੱਚ ਧੜੇਬੰਦੀ ਨਹੀਂ ਹੈ।

### ਕਾਹਨੂੰਵਾਨ ਕਿਸਾਨ ਕਤਲ ਕਾਂਡ....

# ਐਸ.ਪੀ. ਹੈਡ ਕੁਆਰਟਰ ਵੱਲੋਂ ਭਰੋਸਾ ਦੇਣ ਮਗਰੋਂ ਮ੍ਰਿਤਕ ਦਾ ਅੰਤਿਮ ਸਸਕਾਰ



ਕਾਹਨੂੰਵਾਨ, 28 ਮਈ (ਕੁਲਜੀਤ ਸਿੰਘ ਖੋਖਰ): ਐਸ.ਪੀ. ਹੈਡ ਕੁਆਰਟਰ ਜੁਗਰਾਜ ਸਿੰਘ ਵੱਲੋਂ ਮਿਲੇ ਪੁਖ਼ਤਾ ਭਰੋਸੇ ਤੋਂ ਬਾਅਦ ਕਤਲ ਕੀਤੇ ਗਏ ਕਿਸਾਨ ਕੁਲਵਿੰਦਰ ਸਿੰਘ ਦਾ ਪਰਿਵਾਰ ਵੱਲੋਂ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਅੰਤਿਮ ਸਸਕਾਰ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਘਟਨਾ ਨੂੰ 6 ਦਿਨ ਬੀਤ ਜਾਣ ਦੇ ਬਾਵਜੂਦ ਵੀ ਮੁੱਖ ਮੁਲਜ਼ਮ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ, ਜਿਸ ਕਾਰਨ ਪੀੜਤ ਪਰਿਵਾਰ ਤੇ ਪੂਰੇ ਇਲਾਕੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸੀ। ਬੀਤੇ ਦਿਨ ਜਦੋਂ ਕਤਲ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਦੁਬਾਰਾ ਤਿੱਖਾ ਸੰਘਰਸ਼ ਵਿੱਢਣ ਦੀ ਚੇਤਾਵਨੀ ਦਿੱਤੀ ਗਈ ਤਾਂ ਐਸ.ਪੀ. ਹੈਡ ਕੁਆਰਟਰ ਜੁਗਰਾਜ ਸਿੰਘ ਨੇ ਖ਼ੁਦ ਪੀੜਤ ਪਰਿਵਾਰ ਦੇ ਘਰ ਪਹੁੰਚ ਕੇ ਮੁਲਾਕਾਤ ਕੀਤੀ। ਉਨ੍ਹਾਂ ਪਰਿਵਾਰ ਨੂੰ ਹਰ ਹਾਲ ਵਿੱਚ ਇਨਸਾਫ਼ ਦਿਵਾਉਣ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਪਰਿਵਾਰ ਦੀ ਹਰ ਸੰਭਵ ਸਹਾਇਤਾ ਲਈ ਹਮੇਸ਼ਾ ਤੱਤਪਰ ਰਹੇਗਾ ਤੇ ਜਾਂਚ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਵੇਗੀ। ਉਨ੍ਹਾਂ ਅਪੀਲ ਕੀਤੀ ਕਿ ਹੁਣ ਕੋਈ ਹੋਰ ਤਿੱਖਾ ਸੰਘਰਸ਼ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪੁਲਿਸ ਹਰ ਪੱਧਰ 'ਤੇ ਸਹਿਯੋਗ ਲਈ ਵਚਨਬੱਧ ਹੈ। ਪੁਲਿਸ ਦੇ ਇਸ ਭਰੋਸੇ ਤੋਂ ਬਾਅਦ ਪਰਿਵਾਰ ਤੇ ਐਕਸ਼ਨ ਕਮੇਟੀ ਦੇ ਮੈਂਬਰਾਂ ਨੇ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਕਰਨ ਦੀ ਸਹਿਮਤੀ ਦਿੱਤੀ। ਅੱਜ ਸਵੇਰੇ ਜਦੋਂ ਕੁਲਵਿੰਦਰ ਸਿੰਘ ਦੀ ਅੰਤਿਮ ਯਾਤਰਾ ਸ਼ੁਰੂ ਹੋਈ ਤਾਂ ਇਹ ਇੱਕ ਬਹੁਤ ਵੱਡੇ ਕਾਫ਼ਲੇ ਦੇ ਰੂਪ ਵਿੱਚ ਬਦਲ ਗਈ। ਇਸ ਮੌਕੇ ਕਸਬਾ ਕਾਹਨੂੰਵਾਨ ਦਾ ਮਾਹੌਲ ਬਹੁਤ ਗ਼ਮਗੀਨ ਹੋ ਗਿਆ। ਮੌਜੂਦ ਲੋਕਾਂ ਨੇ ਰੋਸ ਵਜੋਂ ਮੁਲਜ਼ਮਾਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਗੁੱਸੇ ਦਾ ਇਜ਼ਹਾਰ ਕੀਤਾ। ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ, ਪਿੰਡਾਂ ਦੇ ਸਰਪੰਚ ਤੇ ਵੱਖ-ਵੱਖ ਰਾਜਨੀਤਿਕ ਆਗੂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਭੁਪਿੰਦਰ ਸਿੰਘ, ਕੁਲਵੰਤ ਸਿੰਘ ਭੈਣੀ ਖਾਦਰ, ਕੰਵਲਪ੍ਰੀਤ ਸਿੰਘ ਕਾਕੀ, ਸਰਪੰਚ ਸਤਨਾਮ ਸਿੰਘ ਲਵਲੀਵਾਲੇ, ਕਿਸਾਨ ਆਗੂ ਰਾਜੂ ਔਲਖ, ਠਾਕੁਰ ਆਫਤਾਬ ਉਚੇਚੇ ਤੌਰ 'ਤੇ ਅੰਤਿਮ ਯਾਤਰਾ 'ਚ ਸ਼ਾਮਲ ਹੋਏ।

# ਮਾਤਾ ਸ੍ਰੀ ਨਿੱਕੀ ਦਾਦੀ ਧਾਮ ਪੰਡੋਰੀ ਅਟਵਾਲ ਦਾ ਮੇਲਾ 30 ਤੇ 31 ਨੂੰ

ਗੜ੍ਹਦੀਵਾਲਾ, 28 ਮਈ (ਗੌਰਵ): ਪਿੰਡ ਪੰਡੋਰੀ ਅਟਵਾਲ ਵਿਖੇ ਸਥਿਤ ਪ੍ਰਾਚੀਨ ਧਾਰਮਿਕ ਅਸਥਾਨ ਮਾਤਾ ਸ੍ਰੀ ਨਿੱਕੀ ਦਾਦੀ ਧਾਮ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਰਧਾ ਤੇ ਉਤਸ਼ਾਹ ਨਾਲ ਸਾਲਾਨਾ ਮੇਲਾ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਮੰਦਰ ਕਮੇਟੀ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਮੂਹ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੰਦਰ ਕਮੇਟੀ ਦੇ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 30 ਮਈ ਦਿਨ ਸ਼ਨੀਵਾਰ ਨੂੰ ਵਿਸ਼ਾਲ ਮਾਤਾ ਦਾ ਵਿਸ਼ਾਲ ਜਾਗਰਣ ਕਰਵਾਇਆ ਜਾਵੇਗਾ, ਜਿਸ ਵਿੱਚ ਇਲਾਕੇ ਦੇ ਪ੍ਰਸਿੱਧ ਗਾਇਕ ਦੀਪਾ ਦਰਾਵਾਂ ਵਾਲਾ ਤੇ ਪਰਮਜੀਤ ਪੰਮੀ ਮਾਤਾ ਰਾਣੀ ਦਾ ਗੁਣਗਾਨ ਕਰਨਗੇ। ਇਸ ਤੋਂ ਇਲਾਵਾ 31 ਮਈ ਦਿਨ ਐਤਵਾਰ ਨੂੰ ਹਵਨ ਯੱਗ ਤੇ ਕੰਜਕ ਪੂਜਨ ਉਪਰੰਤ ਸਲਾਨਾ ਭੰਡਾਰਾ ਤੇ ਮਾਤਾ ਦਾ ਲੰਗਰ ਲਗਾਇਆ ਜਾਵੇਗਾ। ਪਿੰਕੂ ਰਤਨ ਨੇ ਦੱਸਿਆ ਕਿ ਸਮਾਗਮ ਦੌਰਾਨ ਆਉਣ ਵਾਲੀ ਸਮੂਹ ਸੰਗਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਮੰਦਰ ਕਮੇਟੀ ਵੱਲੋਂ ਦੇਸ਼-ਵਿਦੇਸ਼ ਵਿੱਚ ਵੱਸਦੀ ਸਮੂਹ ਸੰਗਤ ਨੂੰ ਖੁੱਲ੍ਹਾ ਨਿਮੰਤਰਣ ਦਿੱਤਾ ਗਿਆ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ 'ਤੇ ਪੰਡਿਤ ਪ੍ਰਦੀਪ ਕੁਮਾਰ ਸ਼ਰਮਾ, ਪ੍ਰਦੀਪ ਕੁਮਾਰ ਰਤਨ, ਰਿਸ਼ੀ ਰਤਨ, ਕਾਰਤਿਕ ਸ਼ਰਮਾ ਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।



# ਨਿੱਜੀ ਜਾਇਦਾਦ ’ਤੇ ਜੇਠੇ ਪੁੱਤਰ ਦਾ ਹੱਕ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ, 28 ਮਈ (ਚ.ਨ.ਸ): ਸੁਪਰੀਮ ਕੋਰਟ ਨੇ ਕਪੂਰਥਲਾ ਦੇ ਸ਼ਾਹੀ ਪਰਿਵਾਰ ਦੇ ਜਾਇਦਾਦ ਵਿਵਾਦ ਵਿੱਚ ਇੱਕ ਇਤਿਹਾਸਕ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਰਿਆਸਤ ਦੇ ਰਾਜੇ ਦੀਆਂ ਨਿੱਜੀ ਜਾਇਦਾਦਾਂ ਉਤੇ ਰਵਾਇਤੀ ‘ਜੇਠੇ ਪੁੱਤਰ ਨੂੰ ਸਾਰੀ ਜਾਇਦਾਦ ਮਿਲਣ ਦਾ ਨਿਯਮ’ ਲਾਗੂ ਨਹੀਂ ਹੋਵੇਗਾ। ਇਹ ਜਾਇਦਾਦਾਂ ਹਿੰਦੂ ਜਾਂ ਮੁਸਲਿਮ ਪਰਸਨਲ ਲਾਅ (ਹਿੰਦੂ ਉਤਰਾਧਿਕਾਰ ਐਕਟ) ਦੇ ਤਹਿਤ ਸਾਰੇ ਵਾਰਸਾਂ ਵਿੱਚ ਬਰਾਬਰ ਵੰਡੀਆਂ ਜਾਣਗੀਆਂ। ਜਸਟਿਸ ਪੰਕਜ ਮਿਥਲ ਤੇ ਜਸਟਿਸ ਐਸ.ਵੀ.ਐਨ. ਭੱਟੀ ਦੀ ਬੈਂਚ ਨੇ ਕਿਹਾ ਕਿ ਜੇਠੇ ਪੁੱਤਰ ਦਾ ਨਿਯਮ ਸਿਰਫ਼ ਪ੍ਰਤੀਕਾਤਮਕ ਗੱਦੀ ਤੇ ਖ਼ਿਤਾਬਾਂ ਲਈ ਹੋ ਸਕਦਾ ਹੈ, ਨਿੱਜੀ ਜਾਇਦਾਦਾਂ ਲਈ ਨਹੀਂ। ਸੁਪਰੀਮ ਕੋਰਟ ਨੇ ਟਿਪਣੀ ਕਰਦਿਆਂ ਕਿਹਾ ਕਿ ਰਿਆਸਤਾਂ ਦੇ ਰਲੇਵੇਂ ਦੇ ਸਮਝੌਤੇ ’ਤੇ ਦਸਤਖਤ ਕਰਨ ਤੋਂ ਬਾਅਦ, ਤਤਕਾਲੀ ਰਾਜਾ ਇੱਕ ਪੂਰਨ ਪ੍ਰਭੂਸੱਤਾ ਸੰਪੰਨ ਸ਼ਾਸਕ ਨਹੀਂ ਰਿਹਾ ਤੇ ਉਸ ਨੇ ਭਾਰਤ ਦੇ ਇੱਕ ਆਮ ਨਾਗਰਿਕ ਦਾ ਦਰਜਾ ਪ੍ਰਾਪਤ ਕਰ ਲਿਆ ਸੀ। ਅਦਾਲਤ ਨੇ ਅੱਗੇ ਸਪੱਸ਼ਟ ਕੀਤਾ ਕਿ ਰਾਸ਼ਟਰਪਤੀ ਵੱਲੋਂ ਸੰਵਿਧਾਨ ਦੀ ਧਾਰਾ 366 (22) ਦੇ ਤਹਿਤ ਮਹਾਰਾਜਾ ਨੂੰ



ਸ਼ਾਸਕ ਵਜੋਂ ਮਾਨਤਾ ਦੇਣਾ ਰਸਮੀ ਉਦੇਸ਼ਾਂ ਲਈ ਇੱਕ ਸਿਆਸੀ ਜਾਂ ਕਾਰਜਕਾਰੀ ਕਾਰਵਾਈ ਸੀ, ਜੋ ਮਹਾਰਾਜਾ ਨੂੰ ਪ੍ਰਿਵੀ ਪਰਸ ਤੇ ਹੋਰ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਦਾ ਹੱਕਦਾਰ ਬਣਾਉਂਦੀ ਸੀ, ਪਰ ਇਹ ਜਾਇਦਾਦ ਦੀ ਮਲਕੀਅਤ ਦਾ ਸੰਕੇਤ ਨਹੀਂ ਸੀ। ਅਦਾਲਤ ਨੇ ਕਿਹਾ ਕਿ ਬ੍ਰਿਟਿਸ਼ ਰਾਜ ਦੇ ਖ਼ਾਤਮੇ ਤੇ ਰਲੇਵੇਂ ਤੋਂ ਬਾਅਦ ਮਹਾਰਾਜਾ ਨੇ ਸਿਰਫ਼ ਨਾਮ ਦੇ ਸ਼ਾਸਕ ਵਜੋਂ ਗੱਦੀ ਦਾ ਵਾਰਸ ਬਣਨ ਤੇ ਉਸ ਨਾਲ ਜੁੜੇ ਕੁੱਝ ਵਿਸ਼ੇਸ਼ ਅਧਿਕਾਰਾਂ ਦਾ ਅਨੰਦ ਲੈਣ ਲਈ ਇਹ ਦਰਜਾ ਪ੍ਰਾਪਤ ਕੀਤਾ ਸੀ। ਇਹ ਕੇਸ ਕਪੂਰਥਲਾ ਦੇ ਮਹਾਰਾਜਾ ਬ੍ਰਿਗੇਡੀਅਰ ਸੁਖਜੀਤ ਸਿੰਘ, ਉਨ੍ਹਾਂ ਦੀ ਪਤਨੀ ਗੀਤਾ ਦੇਵੀ ਤੇ ਬੱਚਿਆਂ ਵਿੱਚਕਾਰ ਚੱਲ ਰਿਹਾ ਸੀ। ਅਦਾਲਤ ਨੇ ਫੈਸਲਾ ਦਿੱਤਾ ਕਿ ਵਿਵਾਦਿਤ ਚਾਰ ਜਾਇਦਾਦਾਂ ’ਚੋਂ ਤਿੰਨ ਸਾਂਝੇ ਨਾਮ ’ਤੇ ਹਨ, ਇਸ ਲਈ ਉਹ ਵੰਡਣਯੋਗ ਹਨ। ਅੰਤ ਵਿੱਚ ਬੈਂਚ ਨੇ ਕਿਹਾ ਕਿ ਆਖਰੀ ਜਾਇਦਾਦ, ਜੋ ਮਸੂਰੀ ਵਿੱਚ ਹੈ, ਯਾਨੀ ‘ਕਪੂਰਥਲਾ ਸ਼ੈਟੋ ਤੇ ਸੇਂਟ ਹੇਲਨਸ, ਮਸੂਰੀ’, ਹਿੰਦੂ ਕਾਨੂੰਨ ਦੇ ਤਹਿਤ ਵਾਰਸਾਂ ਨੂੰ ਮਿਲੇਗੀ ਤੇ ਪਰਿਵਾਰਕ ਮੈਂਬਰਾਂ ਵਿੱਚਕਾਰ ਵੰਡੀ ਜਾਵੇਗੀ।

# ਕੈਨੇਡਾ ’ਚ ਵੱਖਵਾਦੀਆਂ ਵੱਲੋਂ ਦਿਨੇਸ਼ ਪਟਨਾਇਕ ਦੇ ਬਿਆਨ ਦਾ ਵਿਰੋਧ !

## ☛ਦੇਸ਼ ਨਿਕਾਲਾ ਦੇਣ ਦੀ ਕੀਤੀ ਮੰਗ

ਓਟਾਵਾ, 28 ਮਈ (ਚ.ਨ.ਸ): ਕੈਨੇਡਾ ’ਚ ਰਹਿੰਦੇ ਖਾਲਿਸਤਾਨੀ ਸਮਰਥਕਾਂ ਵੱਲੋਂ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦੇ ਤਾਜ਼ਾ ਬਿਆਨ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਰਿਪੋਰਟਾਂ ਮੁਤਾਬਿਕ ਵੱਖਵਾਦੀ ਸੰਗਠਨਾਂ ਨੇ ਪਟਨਾਇਕ ਦੇ ਦੋਸ਼ਾਂ ਨੂੰ ਨਕਾਰਦਿਆਂ ਕੈਨੇਡਾ ਸਰਕਾਰ ਤੋਂ ਉਨ੍ਹਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦੀ ਮੰਗ ਕੀਤੀ ਹੈ। ਖਾਲਿਸਤਾਨੀ ਸਮਰਥਕ ਇਸ ਗੱਲੋਂ ਭੜਕੇ ਹੋਏ ਹਨ ਕਿ ਦਿਨੇਸ਼ ਪਟਨਾਇਕ ਨੇ ਹਰਦੀਪ ਸਿੰਘ ਨਿੱਜਰ ਕਤਲਕਾਂਡ ’ਚ ਭਾਰਤ ਸਰਕਾਰ ਦਾ ਹੱਥ ਹੋਣ ਦੇ ਕੈਨੇਡੀਅਨ ਦੋਸ਼ਾਂ ਨੂੰ ਮਨਘੜਤ ਕਹਾਣੀ ਕਰਾਰ ਦਿੱਤਾ ਹੈ। ਵੱਖਵਾਦੀਆਂ ਦਾ ਕਹਿਣਾ ਹੈ ਕਿ ਭਾਰਤੀ ਰਾਜਦੂਤ ਵੱਲੋਂ ਕੈਨੇਡਾ ਦੀ ਮੁੱਖ ਖ਼ੁਫ਼ੀਆ ਏਜੰਸੀ ਨੂੰ ਸਮਝੌਤਾਵਾਦੀ ਕਹਿਣਾ ਕੈਨੇਡਾ ਦੀ




ਪ੍ਰਭੂਸੱਤਾ ਤੇ ਉਸ ਦੇ ਸੁਰੱਖਿਆ ਢਾਂਚੇ ਦਾ ਅਪਮਾਨ ਹੈ। ਵੱਖਵਾਦੀ ਸਮਰਥਕਾਂ ਨੇ ਪਟਨਾਇਕ ਦੇ ਉਸ ਬਿਆਨ ਦੀ ਵੀ ਨਿੰਦਾ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੇ ਸੰਭਾਵਨਾ ਜਤਾਈ ਸੀ ਕਿ ਸ਼ਾਇਦ ਕੁਝ ਸਿਰਫਿਰੇ ਅਨਸਰਾਂ ਨੇ ਆਪਣੇ ਪੱਧਰ ’ਤੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਹੋਵੇ। ਸਿੱਖਸ ਫਾਰ ਜਸਟਿਸ ਤੇ ਹੋਰ ਸਥਾਨਕ ਖਾਲਿਸਤਾਨੀ ਗਰੁੱਪਾਂ ਨੇ ਓਟਾਵਾ ਤੇ ਟੋਰਾਂਟੋ ਵਿੱਚ ਭਾਰਤੀ ਦੂਤਾਵਾਸਾਂ ਦੇ ਬਾਹਰ ਪ੍ਰਦਰਸ਼ਨ ਕਰਨ ਦੀ ਚਿਤਾਵਨੀ ਦਿੱਤੀ ਹੈ। ਦੂਜੇ ਪਾਸੇ, ਕੈਨੇਡੀਅਨ ਪ੍ਰਸ਼ਾਸਨ ਨੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਭਾਰਤੀ ਡਿਪਲੋਮੈਟਾਂ ਤੇ ਦੂਤਾਵਾਸਾਂ ਦੀ ਸੁਰੱਖਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ।

# ਰਿੱਛ ਦੇ ਹਮਲੇ ’ਚ ਮਾਰੇ ਭਾਰਤੀ ਨੌਜਵਾਨ ਦੀ ਹੋਈ ਸ਼ਨਾਖਤ

ਵੈਨਕੂਵਰ, 28 ਮਈ (ਚ.ਨ.ਸ): ਕੈਨੇਡਾ ਦੇ ਸਸਕੈਚਵਨ ਸੂਬੇ ਦੇ ਉਤਰੀ ਇਲਾਕੇ ਵਿੱਚ ਰਿੱਛ ਦੇ ਹਮਲੇ ਦੌਰਾਨ ਮਾਰੇ ਗਏ ਨੌਜਵਾਨ ਦੀ ਪਹਿਚਾਣ ਭਾਰਤ ਨਾਲ ਸਬੰਧਤ 27 ਸਾਲਾ ਰਿਸ਼ਿਕੇਸ਼ ਕੋਲੋਥ ਵਜੋਂ ਹੋਈ ਹੈ। ਇਸ ਦੁਖਦਾਈ ਘਟਨਾ ਮਗਰੋਂ ਭਾਰਤੀ ਭਾਈਚਾਰੇ ਤੇ ਖੇਡ ਜਗਤ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ



ਰਿਸ਼ਿਕੇਸ਼ ਕੋਲੋਥ ਮਿਲੀ-ਜੁਲੀ ਮਾਰਸ਼ਲ ਆਰਟ ਦਾ ਖਿਡਾਰੀ ਸੀ ਤੇ ਕੈਨੇਡਾ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਇਆ ਹੋਇਆ ਸੀ। ਉਸਦੇ ਪਰਿਵਾਰਕ ਮੈਂਬਰਾਂ ਮੁਤਾਬਿਕ ਉਹ ਪੇਸ਼ੇਵਰ ਲੜਾਕਾ ਬਣਨ ਦਾ ਸੁਪਨਾ ਲੈ ਕੇ ਕੈਨੇਡਾ ਪਹੁੰਚਿਆ ਸੀ। ਉਸਦੇ ਭਰਾ ਨੇ ਭਾਵੁਕ ਹੋ ਕੇ ਦੱਸਿਆ ਕਿ ਰਿਸ਼ਿਕੇਸ਼ ਦਾ ਦਿਲ ਬਹੁਤ ਨਿਰਮਲ ਸੀ ਤੇ ਉਸਦੇ ਅੰਦਰ ਇੱਕ ਯੋਧੇ ਵਾਲਾ ਜਜ਼ਬਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਉਹ ਮਿਹਨਤੀ, ਨਿਮਰ ਸੁਭਾਉ ਵਾਲਾ ਤੇ ਆਪਣੇ ਟੀਚੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਨੌਜਵਾਨ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਹਮਲਾ 8 ਮਈ ਨੂੰ ਉਤਰੀ ਸਸਕੈਚਵਨ ਵਿੱਚ ਵਾਪਰਿਆ ਸੀ। ਰਿਸ਼ਿਕੇਸ਼ ਦੀ ਮੌਤ ਦੀ ਖ਼ਬਰ ਸਾਹਮਣੇ ਆਉਣ ਮਗਰੋਂ ਉਸਦੇ ਦੋਸਤਾਂ, ਖੇਡ ਪ੍ਰੇਮੀਆਂ ਤੇ ਭਾਰਤੀ ਭਾਈਚਾਰੇ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

# ਸੜਕ ਹਾਦਸੇ ’ਚ ਦੋ ਨੌਜਵਾਨਾਂ ਦੀ ਮੌਤ

ਫਰੀਦਕੋਟ, 28 ਮਈ (ਚ.ਨ.ਸ): ਇਥੋਂ ਨੇੜਲੇ ਪਿੰਡ ਮਹਿਮੂਆਣਾ ਦੇ ਦੋ ਨੌਜਵਾਨਾਂ ਦੀ ਸੜਕ ਹਾਦਸੇ ਵਿੱਚ



ਮੌਤ ਹੋ ਗਈ। ਗੁਰਪ੍ਰੀਤ ਸਿੰਘ (19) ਤੇ ਜਸ਼ਨਪ੍ਰੀਤ ਸਿੰਘ (19) ਸਵੇਰੇ ਆਪਣੇ ਪਿੰਡ ਤੋਂ ਫ਼ਰੀਦਕੋਟ ਲਈ ਮੋਟਰਸਾਈਕਲ ਉਪਰ ਮਜ਼ਦੂਰੀ ਕਰਨ ਲਈ ਆ ਰਹੇ ਸਨ, ਜਦੋਂ ਇਨ੍ਹਾਂ ਨੌਜਵਾਨਾਂ ਦਾ ਮੋਟਰਸਾਈਕਲ ਸੜਕ ਉਪਰ ਸਰਕਾਰੀ ਸਕੂਲ ਦੇ ਨਜ਼ਦੀਕ ਪੁੱਜਿਆ ਤਾਂ ਫ਼ਰੀਦਕੋਟ ਵੱਲੋਂ ਜਾਂਦੀ ਆਈ-20 ਕਾਰ ਨੇ ਇਨ੍ਹਾਂ ਨੂੰ ਟੱਕਰ ਮਾਰ ਦਿੱਤੀ। ਮ੍ਰਿਤਕ ਨੌਜਵਾਨਾਂ ਦੇ ਕਰੀਬੀ ਰਿਸ਼ਤੇਦਾਰ ਨਿਰਮਲ ਸਿੰਘ ਤੇ ਗੁਰਤੇਜ ਸਿੰਘ ਨੇ ਦੱਸਿਆ ਕਿ ਹਾਦਸੇ ਵਿੱਚ ਦੋਹਾਂ ਨੌਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਸਦਰ ਪੁਲਿਸ ਫਰੀਦਕੋਟ ਨੇ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਕਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਸੂਚਨਾ ਅਨੁਸਾਰ ਕਾਰ ਡਰਾਈਵਰ ਮੌਕੇ ਤੋਂ ਫ਼ਰਾਰ ਹੈ। ਪੋਸਟਮਾਰਟਮ ਉਪਰੰਤ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਹਨ ਤੇ ਕਸੂਰਵਾਰ ਕਾਰ ਦੇ ਡਰਾਈਵਰ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ।

# ਵਿਧਾਇਕ ਰਾਏ ਵੱਲੋਂ ਪਿੰਡ ਰਜਿੰਦਰ ਨਗਰ ਵਿਖੇ ਨਵੀਂ ਬਣੀ ਪਾਣੀ ਦੀ ਟੈਂਕੀ ਦਾ ਉਦਘਾਟਨ

ਸ੍ਰੀ ਫਤਹਿਗੜ੍ਹ ਸਾਹਿਬ, 28 ਮਈ (ਨਰਿੰਦਰ ਸਿੰਘ): ਹਲਕਾ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਐਡ. ਲਖਬੀਰ ਸਿੰਘ ਰਾਏ ਨੇ ਬਲਾਕ ਸਰਹਿੰਦ ਦੇ ਪਿੰਡ ਰਜਿੰਦਰ ਨਗਰ ਵਿਖੇ 30 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਬਣੀ ਪਾਣੀ



ਦੀ ਟੈਂਕੀ ਦਾ ਉਦਘਾਟਨ ਕੀਤਾ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਵਚਨਬੱਧ ਹੈ। ਜਿਸ ਦੇ ਤਹਿਤ ਪਿੰਡਾਂ ਦੀਆਂ ਸੜਕਾਂ ਦਾ ਨਵੀਨੀਕਰਨ ਹੋ ਰਿਹਾ ਹੈ ਤੇ ਪਾਣੀ ਵਾਲੀਆਂ ਟੈਂਕੀਆਂ ਬਣਾ ਕੇ ਲੋਕਾਂ ਨੂੰ ਸ਼ੁੱਧ ਤੇ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸੇ ਲੜੀ ਦੇ ਤਹਿਤ ਪਿੰਡ ਰਜਿੰਦਰ ਨਗਰ ਵਿਖੇ 30 ਲੱਖ ਦੀ ਲਾਗਤ ਨਾਲ ਬਣੀ ਪਾਣੀ ਦੀ ਟੈਂਕੀ ਪਿੰਡ ਵਾਸੀਆਂ ਨੂੰ ਸਮਰਪਿਤ ਕੀਤੀ ਗਈ ਹੈ। ਇਸ ਟੈਂਕੀ ਦੇ ਬਣਨ ਨਾਲ ਪਿੰਡ ਦੇ ਲੋਕਾਂ ਨੂੰ ਸ਼ੁੱਧ ਤੇ ਸਾਫ ਪਾਣੀ ਮਿਲੇਗਾ। ਪਿੰਡ ਵਾਸੀਆਂ ਦੀ ਲੰਬੇ ਸਮੇਂ ਤੋਂ ਲਟਕੀ ਇਹ ਮੰਗ ਪੂਰੀ ਕੀਤੀ ਗਈ। ਰਜਿੰਦਰ ਨਗਰ ਇਲਾਕੇ ਦਾ ਵੱਡਾ ਨਗਰ ਹੈ, ਪਿਛਲੇ ਚਾਰ ਸਾਲਾਂ ਦੇ ਦੌਰਾਨ ਉਕਤ ਪਿੰਡ ਨੂੰ ਇਕ ਕਰੋੜ ਰੁਪਏ ਤੋਂ ਵੱਧ ਦੀਆਂ ਗ੍ਰਾਂਟਾਂ ਦਿੱਤੀਆਂ ਜਾ ਚੁੱਕੀਆਂ ਹਨ। ਆਉਣ ਵਾਲੇ ਸਮੇਂ ਵਿੱਚ ਪਿੰਡ ਦੀਆਂ ਹੋਰ ਲੋੜਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਉਹ ਪਹਿਲੀ ਸਰਕਾਰ ਹੈ, ਜਿਸ ਨੇ ਗਰਾਊਂਡ ਪੱਧਰ ’ਤੇ ਜਾ ਕੇ ਆਮ ਲੋਕਾਂ ਦੇ ਜੀਵਨ ਉਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਯਤਨਸ਼ੀਲ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਭਿੰਡਰ, ਮਨਦੀਪ ਸਿੰਘ ਪੋਲਾ, ਸਾਬਕਾ ਸਰਪੰਚ ਅਮਰੀਕ ਸਿੰਘ ਬਾਲਪੁਰ, ਸਰਪੰਚ ਜਗਜੀਵਨ ਸਿੰਘ, ਪੰਚ ਜ਼ੋਰਾ ਸਿੰਘ, ਗੁਰਦੇਵ ਸਿੰਘ, ਗੁਰਨਾਮ ਸਿੰਘ, ਨੰਬਰਦਾਰ ਕੁਲਵੰਤ ਸੰਧੂ, ਜਰਨੈਲ ਸਿੰਘ ਮਾਂਗਟ, ਜਗਵਿੰਦਰ ਸਿੰਘ ਮਾਂਗਟ, ਇੰਦਰਜੀਤ ਸਿੰਘ ਸਾਬਕਾ ਸਰਪੰਚ, ਸੁਖਦੀਪ ਸਿੰਘ ਸਾਬਕਾ ਸਰਪੰਚ, ਸੰਜੀਵਨ ਸਿੰਘ ਸਰਾਣਾ, ਤੀਰਥ ਸਿੰਘ ਗੁਣੀਆਂ ਮਾਜਰਾ, ਗੁਰਪ੍ਰੀਤ ਸਿੰਘ ਗੁਣੀਆ ਮਾਜਰਾ ਆਦਿ ਵੀ ਹਾਜ਼ਰ ਸਨ।

# ਕਸੌਲੀ ਦੇ ਜੰਗਲਾਂ ’ਚ ਲੱਗੀ ਅੱਗ ਸੈਨਾ ਨੇ ਬੁਝਾਈ

## ☛ਗਿਲਬਰਟ ਟ੍ਰੇਲ ਤੇ ਅਪਰ ਮਾਲ ਇਲਾਕੇ ਦੀਆਂ ਢਲਾਣਾਂ ਤੱਕ ਫੈਲ ਗਈ ਸੀ ਅੱਗ

ਸ਼ਿਮਲਾ, 28 ਮਈ (ਚ.ਨ.ਸ): ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਸੈਲਾਨੀ ਕੇਂਦਰ ਕਸੌਲੀ ਵਿਚਲੇ ਜੰਗਲਾਤ ਖੇਤਰ ਵਿੱਚ ਭੜਕੀ ਭਿਆਨਕ ਅੱਗ ’ਤੇ ਭਾਰਤੀ ਸੈਨਾ ਨੇ ਭਾਰਤੀ ਹਵਾਈ ਸੈਨਾ ਤੇ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਜ ਕਾਬੂ ਪਾ ਲਿਆ ਗਿਆ। ਇਹ ਅੱਗ ਗਿਲਬਰਟ ਟਰੇਲ ਤੇ ਅੱਪਰ ਮਾਲ ਇਲਾਕੇ ਦੀਆਂ ਪੱਛਮੀ ਢਲਾਣਾਂ ’ਚ ਫੈਲੀ ਹੋਈ ਸੀ। ਅਧਿਕਾਰੀਆਂ ਅਨੁਸਾਰ ਅੱਗ ਲੰਘੀ ਬਾਅਦ ਦੁਪਹਿਰ ਤਕਰੀਬਨ 3 ਵਜੇ ਕਸੌਲੀ ਹਿੱਲਜ਼ ਦੇ ਜੰਗਲਾਤ ਖੇਤਰ ਵਿੱਚ ਲੱਗੀ ਤੇ ਤੇਜ਼ੀ ਨਾਲ ਆਲੇ-ਦੁਆਲੇ ਦੇ ਜੰਗਲਾਂ ਵਿੱਚ ਫੈਲ ਗਈ। ਅੱਗ ਬੁਝਾਉਣ ਦੀ ਇਹ ਸਾਂਝੀ ਮੁਹਿੰਮ 15 ਘੰਟਿਆਂ ਤੋਂ ਵੱਧ ਸਮੇਂ ਤੱਕ ਚੱਲੀ, ਜਿਸ ਵਿੱਚ ਭਾਰਤੀ ਸੈਨਾ, ਭਾਰਤੀ ਹਵਾਈ ਸੈਨਾ, ਕਸੌਲੀ ਤੇ ਚੰਡੀਗੜ੍ਹ ਦੇ ਸਿਵਲ ਪ੍ਰਸ਼ਾਸਨ ਤੇ ਹੋਰ ਸਥਾਨਕ ਏਜੰਸੀਆਂ ਨੇ ਮਿਲ ਕੇ ਕੰਮ ਕੀਤਾ। ਜੰਗਲਾਤ ਵਿਭਾਗ ਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਸਥਾਨਕ ਲੋਕਾਂ ਦੀ ਮਦਦ ਨਾਲ ਮੌਕੇ ’ਤੇ ਪੁੱਜੀਆਂ, ਪਰ ਸ਼ੁਰੂਆਤੀ ਕੋਸ਼ਿਸ਼ਾਂ ਦੇ ਬਾਵਜੂਦ ਅੱਗ ’ਤੇ ਕਾਬੂ ਨਹੀਂ



ਪਾਇਆ ਜਾ ਸਕਿਆ। ਇਸ ਤੋਂ ਬਾਅਦ ਭਾਰਤੀ ਸੈਨਾ ਦੀ ਕਸੌਲੀ ਬ੍ਰਿਗੇਡ ਨੇ ਤੇਜ਼ੀ ਨਾਲ ਤਾਲਮੇਲ ਵਾਲੀ ਮੁਹਿੰਮ ਸ਼ੁਰੂ ਕੀਤੀ ਤਾਂ ਕਿ ਅੱਗ ਨੂੰ ਸੰਘਣੇ ਜੰਗਲ ਵਿੱਚ ਫੈਲਣ ਤੋਂ ਰੋਕਿਆ ਜਾ ਸਕੇ। ਅਧਿਕਾਰੀਆਂ ਨੇ ਦੱਸਿਆ ਕਿ ਮੁਹਿੰਮ ਦੌਰਾਨ ਜ਼ਮੀਨੀ ਪੱਧਰ ’ਤੇ ਸੈਨਾ ਦੇ ਜਵਾਨਾਂ ਨੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤੇ ਪਾਣੀ ਦੇ ਟੈਂਕਰਾਂ ਦੀ ਮਦਦ ਨਾਲ ਅੱਗ ਬੁਝਾਈ ਤੇ ਭਾਰਤੀ ਹਵਾਈ ਸੈਨਾ ਦੇ ਹੈਲੀਕਾਪਟਰਾਂ ਨੇ ਚੰਡੀਗੜ੍ਹ ਸਥਿਤ ਸੁਖਨਾ ਝੀਲ ਤੋਂ ਪਾਣੀ ਲੈ ਕੇ ਉਪਰੋਂ ਛਿੜਕਾਅ ਕੀਤਾ। ਇਸ ਪੂਰੀ ਮੁਹਿੰਮ ਵਿੱਚ ਕੋਈ ਵੀ ਜਵਾਨ ਜ਼ਖਮੀ ਨਹੀਂ ਹੋਇਆ ਤੇ ਨਾ ਹੀ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਹੈ।

# ਲੈ ਤੂੰ ਮੇਰੀ ਗੀਤਾ ਪੜ੍ਹ ਲੈ ਮੈਂ ਪੜ੍ਹ ਲਾਂ ਕੁਰਾਨ ਏਕ ਥਾਲੀ ਮੈਂ ਖਾਣਾ ਖਾਏ ਸਾਰਾ ਹਿੰਦੋਸਥਾਨ: ਅਨਵਰ ਹੁਸੈਨ



ਜ਼ੀਰਾ, 28 ਮਈ (ਦੀਪਕ ਭਾਰਗੋ): ਈਦ-ਉਲ-ਅਜ਼ਹਾ ਦੇ ਪਵਿੱਤਰ ਤਿਉਹਾਰ ਉਪਰ ਸਮੂਹ ਮੁਸਲਿਮ ਭਾਈਚਾਰੇ ਤੇ ਹਿੰਦੂ ਭਾਈਚਾਰੇ ਜ਼ੀਰਾ ਦੇ ਲੋਕਾਂ ਵੱਲੋਂ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਮਿੱਤਰ ਜਨਾਬ ਅਨਵਰ ਹੁਸੈਨ ਜ਼ੀਰਾ ਪ੍ਰਧਾਨ ਮਸਜਿਦ ਬਾਬਾ ਮੋਜਦੀਨ ਵੈਲਫੇਅਰ ਸੁਸਾਇਟੀ ਰਜਿ. ਨੰਬਰ 6824 ਜ਼ੀਰਾ ਤੇ ਵਾਈਸ ਚੇਅਰਮੈਨ ਕਿਸਾਨ ਸੈਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਗਲੇ ਮਿਲ ਕੇ ਵਧਾਈਆਂ ਦਿੱਤੀਆਂ ਤੇ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ’ਤੇ ਜਨਾਬ ਅਨਵਰ ਹੁਸੈਨ ਜ਼ੀਰਾ ਨੇ ਕਿਹਾ ਕਿ ਈਦ ਬਕਰੀਦ ਤੇ ਦੀਵਾਲੀ ਦੁਸਹਿਰੇ ਦੇ ਤਿਉਹਾਰ ਸਾਡੇ ਸਭ ਧਰਮਾਂ ਦੇ ਸਾਂਝੇ ਹਨ, ਜੋ ਤਿਉਹਾਰ ਸਾਨੂੰ ਸਭ ਲੋਕਾਂ ਨੂੰ ਜਾਤ-ਪਾਤ ਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਮਨਾਉਣੇ ਚਾਹੀਦੇ ਹਨ ਤਾਂ ਜੋ ਜਿਸ ਦੀ ਏਕਤਾ ਦਾ ਸੰਦੇਸ਼ ਗੁਆਂਢੀ ਮੁਲਕਾਂ ਵਿੱਚ ਵੀ ਪਹੁੰਚ ਸਕੇ। ਇਸ ਮੌਕੇ ’ਤੇ ਜਨਾਬ ਅਨਵਰ ਹੁਸੈਨ ਜ਼ੀਰਾ ਨੇ ਕਿਹਾ ਕਿ ਉਹ ਸਭ ਧਰਮਾਂ ਦੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਜਾਤ ਪਾਤ ਤੋਂ ਉਪਰ ਉਠ ਕੇ ਸਭ ਧਰਮਾਂ ਦੇ ਲੋਕ ਆਪਸੀ ਭਾਈਚਾਰੇ ਦੀ ਸਾਂਝ ਤੇ ਪਿਆਰ ਬਣਾਈ ਰੱਖਣ ਤਾਂ ਜੋ ਦੇਸ਼ ਵਿਰੋਧੀ ਤਾਕਤਾਂ ਸਾਡੇ ਲੋਕਾਂ ਨੂੰ ਕਿਸੇ ਤਰ੍ਹਾਂ ਕੋਈ ਗਲਤ ਇਸਤੇਮਾਲ ਕਰ ਕੋਈ ਗਲਤ ਫਾਇਦਾ ਨਾ ਚੁੱਕ ਸਕਣ ਤਾਂ ਜੋ ਸਾਡੇ ਦੇਸ਼ ਦੀ ਏਕਤਾ ਤੇ ਅਖੰਡਤਾ ਬਹਾਲ ਰਹਿ ਸਕੇ। ਮੌਕੇ ’ਤੇ ਉਨ੍ਹਾਂ ਦੇ ਨਾਲ ਜੋਗਾ ਸਿੰਘ ਸਕੱਤਰ ਘੱਟ ਗਿਣਤੀ ਵਿਭਾਗ ਪੰਜਾਬ ਪ੍ਰਦੇਸ਼ ਕਾਂਗਰਾ ਕਮੇਟੀ ਮੋਹਸ਼ੀਨ ਸੁੱਖਜਿੰਦਰ ਸਿੰਘ ਭੋਲਾ ਸਕੱਤਰ ਬਲਾਕ ਕਾਂਗਰਸ ਕਮੇਟੀ ਜ਼ੀਰਾ, ਵਿਜੈ ਕੁਮਾਰ ਵੋਹਰਾ ਸਾਬਕਾ ਸ਼ਹਿਰੀ ਪ੍ਰਧਾਨ ਯੂਥ ਕਾਂਗਰਸ ਜ਼ੀਰਾ, ਪੂਰਨ ਚੰਦ ਟਿੱਬਾ ਵਸਤੀ ਜ਼ੀਰਾ, ਅਜੀਤ ਸਿੰਘ ਘਾਰੂ, ਰਾਮ ਸਰੂਪ ਸਾਬਕਾ ਪੰਚ ਕਲਗੀਧਰ ਨਗਰ ਜ਼ੀਰਾ ਹੀਰਾ ਲਾਲ ਪ੍ਰਧਾਨ ਬੋਰੀਆ ਬਰਾਦਰੀ ਜ਼ੀਰਾ ਤੇ ਹੋਰ ਆਗੂ ਹਾਜ਼ਰ ਸਨ।

# ਨਗਰ ਕੌਂਸਲ ਵੋਟਾਂ ਦੀ ਗਿਣਤੀ ਲਈ ਗਿਣਤੀ ਕੇਂਦਰਾਂ ’ਤੇ ਸਾਰੇ ਪ੍ਰਬੰਧ ਮੁਕੰਮਲ: ਦੀਪਸ਼ਿਖਾ ਸ਼ਰਮਾ

## ☛ਨਗਰ ਕੌਂਸਲ ਜ਼ੀਰਾ ਦੀਆਂ ਵੋਟਾਂ ਦੀ ਗਿਣਤੀ ਬੀਡੀਪੀਓ ਦਫ਼ਤਰ ਵਿਖੇ ਹੋਵੇਗੀ

ਫਿਰੋਜ਼ਪੁਰ, 28 ਮਈ (ਤਿਵਾੜੀ): ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 26 ਮਈ 2026 ਨੂੰ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਨਗਰ ਕੌਂਸਲ ਫਿਰੋਜ਼ਪੁਰ, ਜ਼ੀਰਾ ਤੇ ਨਗਰ ਕੌਂਸਲ ਤਲਵੰਡੀ ਭਾਈ ਦੀਆਂ ਪਈਆਂ ਵੋਟਾਂ ਦੀ ਗਿਣਤੀ 29 ਮਈ 2026 ਦਿਨ ਸ਼ੁੱਕਰਵਾਰ ਸਵੇਰੇ 08.00 ਵਜੇ ਸ਼ੁਰੂ ਹੋਵੇਗੀ, ਜਿਸ ਲਈ ਗਿਣਤੀ ਕੇਂਦਰਾਂ ’ਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜ਼ਿਲ੍ਹਾ ਚੋਣਕਾਰ ਅਫਸਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 29 ਮਈ ਹੋਣ ਵਾਲੀ ਵੋਟਾਂ ਦੀ ਗਿਣਤੀ



ਲਈ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਕੁੱਲ 3 ਗਿਣਤੀ ਕੇਂਦਰ ਬਣਾਏ ਗਏ ਹਨ, ਜਿਸ ਤਹਿਤ ਨਗਰ ਕੌਂਸਲ ਫਿਰੋਜ਼ਪੁਰ ਤੇ ਨਗਰ ਕੌਂਸਲ ਤਲਵੰਡੀ ਭਾਈ ਦੀਆਂ ਵੋਟਾਂ ਦੀ ਗਿਣਤੀ ਐਮ.ਐਲ.ਐਮ. ਸੀਨੀਅਰ ਸੈਕੰਡਰੀ ਸਕੂਲ ਫਿਰੋਜ਼ਪੁਰ ਛਾਉਣੀ ਵਿਖੇ ਬਣਾਏ ਗਏ ਗਿਣਤੀ ਕੇਂਦਰਾਂ ’ਤੇ ਹੋਵੇਗੀ ਤੇ ਨਗਰ ਕੌਂਸਲ ਜ਼ੀਰਾ ਦੀਆਂ ਵੋਟਾਂ ਦੀ ਗਿਣਤੀ ਕਮਿਊਨਿਟੀ ਹਾਲ, ਬੀਡੀਪੀਓ ਦਫਤਰ ਜ਼ੀਰਾ ਵਿਖੇ ਬਣਾਏ ਗਿਣਤੀ ਕੇਂਦਰਾਂ ’ਤੇ ਹੋਵੇਗੀ। ਦੀਪਸ਼ਿਖਾ ਸ਼ਰਮਾ ਨੇ ਅੱਗੇ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਪਹਿਲਾਂ ਤੋਂ ਹੀ ਅਧਿਕਾਰੀਆਂ/ਕਰਚਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤੇ ਗਿਣਤੀ ਕੇਂਦਰਾਂ ’ਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਤਾਂ ਜੋ ਵੋਟਾਂ ਦੀ ਗਿਣਤੀ ਦੇ ਇਸ ਕੰਮ ਨੂੰ ਪੂਰੇ ਸਹੀ ਢੰਗ ਨਾਲ ਮੁਕੰਮਲ ਕੀਤਾ ਜਾ ਸਕੇ।

# ਨਗਰ ਕੌਂਸਲ ਚੋਣਾਂ ਦੀ ਗਿਣਤੀ ਅੱਜ: ਜ਼ਿਲ੍ਹਾ ਚੋਣ ਅਫ਼ਸਰ

## ☛ਜ਼ਿਲ੍ਹੇ ’ਚ ਗਿਣਤੀ ਲਈ 3 ਗਿਣਤੀ ਕੇਂਦਰ ਬਣਾਏ

ਫਾਜ਼ਿਲਕਾ, 28 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 26 ਮਈ 2026 ਨੂੰ ਫਾਜ਼ਿਲਕਾ ਜ਼ਿਲ੍ਹੇ ਦੀਆਂ ਨਗਰ ਨਿਗਮ ਅਬੋਹਰ, ਨਗਰ ਕੌਂਸਲ ਫਾਜ਼ਿਲਕਾ ਤੇ ਨਗਰ ਪੰਚਾਇਤ ਅਰਨੀਵਾਲਾ ਸ਼ੇਖ ਸੁਭਾਨ ਦੀਆਂ ਵੋਟਾਂ ਕਰਵਾਈਆਂ



ਗਈਆਂ ਸਨ ਤੇ ਇਨ੍ਹਾਂ ਵੋਟਾਂ ਦੀ ਗਿਣਤੀ 29 ਮਈ 2026 ਦਿਨ ਸ਼ੁੱਕਰਵਾਰ ਨੂੰ ਹੋਵੇਗੀ। ਜ਼ਿਲ੍ਹਾ ਚੋਣਕਾਰ ਅਫਸਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 29 ਮਈ ਹੋਣ ਵਾਲੀ ਵੋਟਾਂ ਦੀ ਗਿਣਤੀ ਲਈ ਫਾਜ਼ਿਲਕਾ ਜ਼ਿਲ੍ਹੇ ਵਿੱਚ 3 ਗਿਣਤੀ ਕੇਂਦਰ ਬਣਾਏ ਗਏ ਹਨ, ਜਿਸ ਤਹਿਤ ਨਗਰ ਕੌਂਸਲ ਫਾਜ਼ਿਲਕਾ ਦੀ ਗਿਣਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ ਦੇ ਆਡੀਟੋਰੀਅਮ ਹਾਲ ਤੇ ਨਗਰ ਪੰਚਾਇਤ ਅਰਨੀਵਾਲਾ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ ਦੇ ਬੈਡਮਿੰਟਨ ਹਾਲ ਤੇ ਨਗਰ ਨਿਗਮ ਅਬੋਹਰ ਦੀਆਂ ਵੋਟਾਂ ਦੀ ਗਿਣਤੀ ਡੀਏਵੀ ਕਾਲਜ ਅਬੋਹਰ ਵਿਖੇ ਹੋਵੇਗੀ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਸਾਰੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਪਹਿਲਾਂ ਤੋਂ ਹੀ ਅਧਿਕਾਰੀਆਂ/ਕਰਚਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਵੋਟਾਂ ਦੀ ਗਿਣਤੀ ਦੇ ਇਸ ਕੰਮ ਨੂੰ ਪੂਰੇ ਸਹੀ ਢੰਗ ਨਾਲ ਮੁਕੰਮਲ ਕੀਤਾ ਜਾ ਸਕੇ।

# ਸਿੱਧ ਬਾਬਾ ਬਾਲਕ ਨਾਥ ਮੰਦਰ ਦੇ ਵਿਸ਼ਾਲ ਗੁੰਬਦ ਦਾ ਨੀਂਹ ਪੱਥਰ ਰੱਖਿਆ

ਮੰਡੀ ਗੋਬਿੰਦਗੜ੍ਹ, 28 ਮਈ (ਰੂਪਲ ਸੂਦ): ਸਿੱਧ ਬਾਬਾ ਬਾਲਕ ਨਾਥ ਤੇ ਦੁਰਗਾ ਮਾਤਾ ਮੰਦਰ ਵਿਖੇ ਵਿਸ਼ਾਲ ਗੁੰਬਦ ਦੇ ਨਿਰਮਾਣ ਦਾ ਨੀਂਹ ਪੱਥਰ



ਸ਼ਰਧਾ ਨਾਲ ਰੱਖਿਆ ਗਿਆ। ਇਸ ਮੌਕੇ ਤਰਸੇਮ ਭਜਨ ਮੰਡਲੀ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਮਨੋਜ ਜਸਵਾਲ, ਮੰਦਰ ਕਮੇਟੀ ਨੇ ਸ਼ਰਧਾਲੂਆਂ ਦਾ ਸਵਾਗਤ ਕੀਤਾ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰੂ ਦੱਤ ਮਹਿਰਾ, ਦਵਿੰਦਰ ਸ਼ਾਹੀ ਮੈਟੀ, ਮਨਦੀਪ ਸ਼ਰਮਾ ਮਾਧਵ, ਰੋਹਿਤ ਗਰਗ, ਰਾਜੀਵ ਸੁਲੋਧੀਆ, ਪੰਕਜ ਖੁਰਾਣਾ, ਅਮਿਤ ਅਰੋੜਾ, ਗੁਰਿੰਦਰ ਸਿੰਘ ਸਰਹਿੰਦ, ਪ੍ਰਸ਼ੋਤਮ ਗੁਪਤਾ, ਅਸ਼ਵਨੀ ਦੁਰਗਾ, ਰਾਜ ਕੁਮਾਰ ਦੁਰਗਾ, ਵਿਨੋਦ ਜਸਵਾਲ, ਸੁਨੀਲ ਕੁਮਾਰ ਕਾਕਾ, ਸੰਕੂਵਾਲ, ਯੁਵਰਾਜ ਭੀਮ, ਮਨੋਜ ਬਾਂਸਲ, ਮੁਕੇਸ਼ ਬਾਂਸਲ, ਕੁਲਦੀਪ ਮਰਜਾਰਾ ਲੱਕੀ, ਗੁਰਮੀਤ ਗੀਤਾ ਅਮਲੋਹ, ਅਸ਼ੋਕ ਅਮਲੋਹ, ਦੀਪਕ ਪ੍ਰਤਾਪ, ਕ੍ਰਿਸ਼ਨ ਕੁਮਾਰ ਰਮਾ, ਪ੍ਰੇਮ, ਬੇਅੰਤ, ਗੁਰਪ੍ਰੀਤ ਗੁਰੀ, ਨੀਰਜ ਸੈਨ, ਅਨੁਰਾਗ ਰਜਤ, ਸੁਮਿਤ, ਮੋਹਿਤ, ਵਰੁਣ, ਹੇਮੰਤ, ਵਿਕਰਮ ਤੇ ਪ੍ਰਿੰਸ ਕੁਮਾਰ ਆਦਿ ਹਾਜ਼ਰ ਸਨ। ਅਰਦਾਸ ਉਪਰੰਤ ਪ੍ਰਸ਼ਾਦ ਵੰਡਿਆ ਗਿਆ।

# ਐਫ.ਸੀ.ਆਈ. ਦੇ ਗੋਦਾਮ ਨੱਕੋ-ਨੱਕ ਭਰੇ ਹੋਣ ਕਾਰਨ ਸ਼ੈਲਰ ਮਾਲਕ ਗੰਭੀਰ ਸੰਕਟ ਦਾ ਸ਼ਿਕਾਰ: ਰਕੇਸ਼ ਗਰਗ

ਅਮਲੋਹ, 28 ਮਈ (ਜਸਵੰਤ ਸਿੰਘ): ਸ਼ੈਲਰ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਰਕੇਸ਼ ਗਰਗ ਨੇ ਦੱਸਿਆ ਕਿ ਐਫ.ਸੀ.ਆਈ. ਦੇ ਪੰਜਾਬ ਵਿੱਚ ਗੋਦਾਮ ਨੱਕੋ-ਨੱਕ ਭਰੇ ਹੋਣ ਕਾਰਨ ਸ਼ੈਲਰ ਮਾਲਕਾਂ ਦਾ 2025-26 ਦਾ ਮਿਲਿੰਗ ਦਾ ਚੌਲ ਜਗ੍ਹਾ ਨਾ ਹੋਣ ਕਰਕੇ 65 ਪ੍ਰਤੀਸ਼ਤ ਦਾ ਹੀ ਭੁਗਤਾਨ ਹੋਇਆ ਹੈ ਤੇ ਮੌਜੂਦਾ ਹਾਲਾਤ ਇਹ ਹਨ ਕਿ 2023-24 ਦਾ ਚੌਲ ਕੱਢਣ ਦੇ ਕੇਂਦਰ ਸਰਕਾਰ ਦੇ ਸਖਤ ਆਦੇਸ਼ ਦਿੱਤੇ ਹੋਏ ਹਨ ਪ੍ਰੰਤੂ 22 ਲੱਖ 31 ਹਜ਼ਾਰ 215 ਲੱਖ ਟਨ ਚੌਲ ਇਕੱਲੇ ਪੰਜਾਬ ਵਿੱਚ ਅੱਜ ਵੀ ਪਿਆ ਹੈ ਜਦੋਂ ਕਿ 71 ਲੱਖ 16 ਹਜ਼ਾਰ 149 ਲੱਖ ਟਨ ਚੌਲ 2024-25 ਦਾ ਗੋਦਾਮਾਂ ਵਿੱਚ ਪਿਆ ਹੈ। ਇਸ ਤੋਂ ਇਲਾਵਾ 75 ਲੱਖ ਟਨ ਚੌਲ ਮੌਜੂਦਾ ਸਾਲ 2025-26 ਦਾ ਭੁਗਤਦਾਨ ਕਰਨ ਲਈ 700 ਦੇ ਕਰੀਬ ਚੌਲਾਂ ਦੇ ਰੇਲਵੇ ਦੇ ਰੈਕ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕ ਬਹੁਤ ਹੀ ਗੰਭੀਰ ਸਮੱਸਿਆ ਵਿੱਚ ਫਸ ਗਏ ਹਨ। ਇਸ ਸਾਲ ਚੌਲਾਂ ਦਾ ਭੁਗਤਾਨ ਬਹੁਤ ਹੀ ਮੁਸ਼ਕਿਲ ਨਾਲ ਹੋਵੇਗਾ ਜਦੋਂ ਕਿ ਲੇਬਰ ਦਾ ਰੇਟ ਤਿੰਨ ਗੁਣਾ ਵੱਧ ਚੁੱਕਿਆ ਹੈ, ਚੌਲਾਂ ਵਿੱਚ ਨਮੀ ਦੀ ਮਾਤਰਾ 11 ਪ੍ਰਤੀਸ਼ਤ ਰਹਿ ਗਈ ਹੈ ਤੇ ਹਰੇਕ 40 ਗੱਡੀਆਂ ਤੱਕ ਦਾ ਕੰਮ ਕਰਨ ਵਾਲੇ ਚੌਲ ਮਿੱਲ ਨੂੰ ਸਰਕਾਰ ਨੂੰ ਇਸ ਭਿਆਨਕ ਗਰਮੀ ਨਾਲ ਘੱਟੇ ਚੌਲ ਕਰੀਬ ਘੱਟੋ-ਘੱਟ ਹਰੇਕ ਸ਼ੈਲਰ ਨੂੰ 20 ਲੱਖ ਰੁਪਏ ਖਰਚ ਕਰਕੇ ਹਰ ਹਾਲਤ ਵਿੱਚ ਪੂਰੇ ਕਰਨੇ ਜਿਨ੍ਹਾਂ ਕੋਲ ਜ਼ਿਆਦਾ ਕੰਮ ਹੈ, ਉਨ੍ਹਾਂ ਨੂੰ ਜ਼ਿਆਦਾ ਰਾਸ਼ੀ ਖਰਚ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਨਵੇਂ ਆਉਣ ਵਾਲੇ ਸੀਜ਼ਨ ਵਿੱਚ ਸਰਕਾਰ ਕੋਲ ਗੋਦਾਮਾਂ ਵਿੱਚ ਜਗ੍ਹਾ ਦਾ ਇੰਤਜ਼ਾਮ ਜ਼ੀਰੋ ਹੈ। ਕਿਸਾਨਾਂ ਵੱਲੋਂ ਵੱਡੀ ਸੰਖਿਆ ਵਿੱਚ ਹਾਈਬ੍ਰਿਡ ਝੋਨੇ ਦੀ ਲਵਾਈ ਸ਼ੁਰੂ ਕਰ ਦਿੱਤੀ ਹੈ। ਸਰਕਾਰ ਜੋ ਹਾਈਬ੍ਰਿਡ ਝੋਨੇ ਦੀ ਚੌਲਾਂ ਦੀ ਨਿਕਾਲ 60 ਕਿਲੋ ਹੈ ਤੇ ਟੁਕੜਾ 35 ਤੋਂ 40 ਪ੍ਰਤੀਸ਼ਤ ਹੈ, ਉਸ ’ਤੇ ਸ਼ੈਲਰ ਮਾਲਕਾਂ ਨੂੰ ਕਿਸੇ ਕਿਸਮ ਦੀ ਰਾਹਤ ਨਹੀਂ ਹੈ। ਉਨ੍ਹਾਂ



ਕਿਹਾ ਕਿ ਹਾਈਬ੍ਰਿਡ ਝੋਨੇ ਤੋਂ ਤਿਆਰ ਹੋਣ ਵਾਲੇ ਚੌਲ ਦੀ ਸਪੈਸੀਫਿਕੇਸ਼ਨ ਵਿੱਚ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੁਰੰਤ ਰਾਹਤ ਦੇ ਕੇ ਬਦਲ ਕੀਤਾ ਜਾਵੇ। ਉਨ੍ਹਾਂ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਚੌਲ ਦਾ ਐਕਸਪੋਰਟ ਤੁਰੰਤ ਕੀਤਾ ਜਾਵੇ ਨਹੀਂ ਤਾਂ ਹਾਲਾਤ ਇੰਨੇ ਗੰਭੀਰ ਹੋ ਜਾਣਗੇ ਕਿ ਆਉਣ ਵਾਲੇ 2026-27 ਝੋਨੇ ਦੇ ਸੀਜ਼ਨ ਵਿੱਚ ਸ਼ੈਲਰ ਮਾਲਕ ਐਫ.ਸੀ.ਆਈ. ਦੇ ਗੋਦਾਮਾਂ ਵਿੱਚ ਚੌਲ ਲਗਾਉਣ ਲਈ ਜਗ੍ਹਾ ਨਾ ਹੋਣ ਕਾਰਨ ਆਪਣੇ ਸ਼ੈਲਰ ਵਿੱਚ ਝੋਨੇ ਦਾ ਮਿਲਿੰਗ ਕਰਨ ਤੋਂ ਅਸਮਰਥ ਹੋ ਜਾਣਗੇ ਤੇ ਸ਼ੈਲਰ ਬੰਦ ਹੋ ਜਾਣਗੇ ਤੇ ਪੰਜਾਬ ਦੇ ਆੜ੍ਹਤੀ ਤੇ ਪੰਜਾਬ ਦੇ ਕਿਸਾਨ ਆਰਥਿਕ ਪੱਖੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ, ਪੰਜਾਬ ਵਿੱਚ ਝੋਨਾ ਮੰਡੀਆਂ ਵਿੱਚੋਂ ਨਾ ਚੁੱਕੇ ਜਾਣ ਕਰਕੇ ਪੰਜਾਬ ਦੇ ਹਾਲਾਤ ਬਹੁਤ ਜ਼ਿਆਦਾ ਗੰਭੀਰ ਹੋ ਜਾਣਗੇ ਤੇ ਅਮਨ-ਕਾਨੂੰਨ ਦੀ ਹਾਲਤ ਖਰਾਬ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਨੂੰ ਆਉਣ ਵਾਲੇ 2026-27 ਦੇ ਝੋਨੇ ਨੂੰ ਚੁੱਕਣ ਲਈ ਖਰੀਦਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਤੁਰੰਤ ਰਾਬਤਾ ਕਰਕੇ ਇਸ ਪੁਰਾਣੇ ਚੌਲ ਦਾ ਨਿਪਟਾਰਾ ਕਰਵਾਉਣਾ ਚਾਹੀਦਾ ਹੈ।

# ਲੇਖਕ ਰਿਪੂਦਮਨ ਸਿੰਘ ਰੂਪ ਦੇ ਅਕਾਲ ਚਲਾਣੇ ’ਤੇ ਜ਼ਿਲ੍ਹਾ ਲਿਖਾਰੀ ਸਭਾ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਦੁੱਖ ਦਾ ਪ੍ਰਗਟਾਵਾ

ਸ੍ਰੀ ਫਤਹਿਗੜ੍ਹ ਸਾਹਿਬ, 28 ਮਈ (ਹਰਪ੍ਰੀਤ ਕੌਰ ਟਿਵਾਣਾ): ਪ੍ਰਸਿੱਧ ਲੇਖਕ, ਉਚਪਾਏ ਦੇ ਕਵੀ, ਨਾਵਲਕਾਰ ਤੇ ਕਹਾਣੀਕਾਰ ਰਿਪੂਦਮਨ ਸਿੰਘ ਰੂਪ ਦੇ ਅਕਾਲ ਚਲਾਣੇ ’ਤੇ ਜ਼ਿਲ੍ਹਾ ਲਿਖਾਰੀ ਸਭਾ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਲਿਖਾਰੀ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਰਿਪੂਦਮਨ ਸਿੰਘ ਰੂਪ ਪਿੰਡ ਡੜਹੇੜੀ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਜੰਮਪਲ ਸਨ। ਦੱਸਣਯੋਗ ਹੈ ਕਿ ਉਹ ਪਹਿਲਾਂ ਅਧਿਆਪਨ ਦੇ ਕਿੱਤੇ ਨਾਲ ਜੁੜੇ ਹੋਏ ਸਨ ਤੇ ਉਪਰੰਤ ਉਨ੍ਹਾਂ ਵਕਾਲਤ ਨੂੰ ਪੇਸ਼ੇ ਵਜੋਂ ਅਪਣਾਇਆ। ਇੱਥੇ ਜ਼ਿਕਰਯੋਗ ਹੈ ਕਿ ਇਨ੍ਹਾਂ ਦੇ ਪਿਤਾ ਵੀ ਕਵੀ ਸਨ ਤੇ ਇਨ੍ਹਾਂ ਦੇ ਵੱਡੇ ਭਰਾ ਸੰਤੋਖ ਸਿੰਘ ਧੀਰ ਇੱਕ ਨਾਮੀ ਤੇ ਮਸ਼ਹੂਰ ਲੇਖਕ ਸਨ। ਇਨ੍ਹਾਂ ਦਾ ਬੇਟਾ ਰੰਜੀਵਨ ਸੰਜੀਵਨ ਵੀ ਨਾਟਕਕਾਰ ਤੇ ਲੇਖਕ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਪੋਤੇ-ਪੋਤੀਆਂ ਵੀ ਲੇਖਕ ਹਨ। ਇੱਥੇ ਦੱਸਣਯੋਗ ਹੈ ਕਿ ਸਵ. ਰਿਪੂਦਮਨ ਸਿੰਘ ਰੂਪ ਤੇ ਇਨ੍ਹਾਂ ਦੀ ਮਰਹੂਮ ਪਤਨੀ ਸਤਪਾਲ ਕੌਰ ਬਹੁਤ ਹੀ ਮਿਲਵਰਤਨ ਵਾਲੇ ਸੁਭਾਅ ਦੇ ਮਾਲਕ



ਸਨ ਤੇ ਹਰੇਕ ਨੂੰ ਖੁੱਲ੍ਹਦਿਲੀ ਨਾਲ ਮਿਲਦੇ ਸਨ। ਪੇਂਡੂ ਰਹਿਤਲ ਵਿੱਚੋਂ ਉਠੇ ਹੋਣ ਕਾਰਨ ਇਨ੍ਹਾਂ ਤੇ ਇਨ੍ਹਾਂ ਦੇ ਪਰਿਵਾਰ ਵਿੱਚ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਵਾਲਾ ਗੁਣ ਹੈ। ਇਨ੍ਹਾਂ ਆਪਣਾ ਸਾਰਾ ਜੀਵਨ ਸਮਾਜ ਸੇਵਾ ਵਿੱਚ ਗੁਜ਼ਾਰਿਆ ਤੇ ਲੋਕ ਹਿੱਤਾਂ ਲਈ ਇਨ੍ਹਾਂ ਨੇ ਜੇਲ੍ਹਾਂ ਵੀ ਕੱਟੀਆਂ। ਇਸ ਮੌਕੇ ਬੀਬੀ ਸਰਹਿੰਦ ਨੇ ਦੱਸਿਆ ਕਿ ਸਵ. ਰੂਪ ਹੋਰਾਂ ਦਾ ਇਨ੍ਹਾਂ ਦੇ ਭਰਾ ਸਵ. ਸ਼ਮਸ਼ੇਰ ਸਿੰਘ ਨਿਰਮਲ ਹੋਰਾਂ ਨਾਲ ਬਹੁਤ ਪਿਆਰ ਸੀ ਤੇ ਉਹ ਬੀਬੀ ਸਰਹਿੰਦ ਨੂੰ ਆਪਣੀ ਛੋਟੀ ਭੈਣ ਹੀ ਸਮਝਦੇ ਸਨ। ਇਸ ਮੌਕੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਉਨ੍ਹਾਂ ਦੇ ਪਰਿਵਾਰ ਤੇ ਸਮਾਜ ਤੋਂ ਇਲਾਵਾ ਉਨ੍ਹਾਂ ਨੂੰ ਵੀ ਬਹੁਤ ਘਾਟਾ ਪਿਆ ਹੈ ਤੇ ਉਨ੍ਹਾਂ ਆਪਣਾ ਇੱਕ ਹੋਰ ਭਰਾ ਗਵਾ ਲਿਆ ਹੈ।

# ਦੀਨਾਨਗਰ ਸ਼ਹਿਰ ਦੇ ਵਾਰਡ 11 ਤੇ 15 ਦੇ ਕਈ ਲੋਕ ਕਾਂਗਰਸ ਨੂੰ ਛੱਡ ਕੇ ‘ਆਪ’ ’ਚ ਸ਼ਾਮਲ

ਗੁਰਦਾਸਪੁਰ, 28 ਮਈ (ਜਸਵਿੰਦਰ ਸਿੰਘ): ਦੀਨਾਨਗਰ ’ਚ ਆਮ ਆਦਮੀ ਪਾਰਟੀ ਨੂੰ ਅੱਜ ਉਦੋਂ ਤਗੜਾ ਹੁੰਗਾਰਾ ਮਿਲਿਆ, ਜਦੋਂ ਸ਼ਹਿਰ




ਦੇ ਵਾਰਡ ਨੰਬਰ 11 ਤੇ 15 ਨਾਲ ਸਬੰਧਤ ਕਈ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦਾ ਝਾੜੂ ਫੜ ਲਿਆ। ਆਮ ਆਦਮੀ ਪਾਰਟੀ ’ਚ ਸ਼ਾਮਲ ਹੋਣ ਵਾਲਿਆਂ ਵਿੱਚ ਕੰਗਨਾ ਯੂਨੀਫਾਰਮ ਵਾਲੇ ਮਦਨ ਮੋਹਨ ਡੌਲੀ, ਨਰੇਸ਼ ਕੁਮਾਰ, ਵੀਨਾ ਰਾਣੀ, ਕਿਰਨ ਬਾਲਾ, ਸੰਤੋਸ਼ ਕੁਮਾਰੀ, ਨੀਤੂ, ਮਧੂ ਬਾਲਾ, ਗੁਨਗੁਨ, ਕੰਗਨਾ, ਪੰਕਜ ਕੁਮਾਰ, ਤਰੁਣ ਕੁਮਾਰ, ਅਨਿਕੇਤ, ਮਾਨਿਕ, ਮਸੁੰਦ, ਸੰਦੀਪ ਕੁਮਾਰ, ਹਰਸ਼ਪ੍ਰੀਤ, ਅਭਿਸ਼ੇਕ, ਪ੍ਰਵੀਨ ਕੁਮਾਰ ਤੇ ਸੋਨੀਆ ਨੇ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ ਪਰ ਹੁਣ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ ਉਹ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ’ਚ ਸ਼ਾਮਲ ਹੋ ਰਹੇ ਹਨ। ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ’ਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਅੰਦਰ ਪੂਰੇ ਮਾਣ-ਸਨਮਾਨ ਦਾ ਭਰੋਸਾ ਦਿਵਾਇਆ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਸਾਰੀਆਂ ਹੀ ਗਾਰੰਟੀਆਂ ਨੂੰ ਪੂਰਾ ਕਰਕੇ ਵਿਖਾ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਵਾਅਦੇ ਦੀ ਪੱਕੀ ਪਾਰਟੀ ਹੈ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲਗਾਤਾਰ ਆਮ ਆਦਮੀ ਪਾਰਟੀ ’ਚ ਸ਼ਾਮਲ ਹੋ ਰਹੇ ਹਨ ਤੇ ਇਹ ਗੱਲ ਸਾਬਿਤ ਕਰਦੀ ਹੈ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ। ਇਸ ਮੌਕੇ ’ਤੇ ਬਲਾਕ ਸੰਮਤੀ ਮੈਂਬਰ ਰੁਪਿੰਦਰ ਕੌਰ ਕੱਤੋਵਾਲ, ਗੋਰਾ ਕੱਤੋਵਾਲ, ਰਾਜੂ ਜੋਗਰ, ਚੰਦਰ ਸ਼ੇਖਰ ਦੀਪਾ, ਗੌਰਵ ਧੀਰ, ਵਿੱਕੀ ਮਿਆਨੀ ਤੇ ਪ੍ਰਦੀਪ ਕੁਮਾਰ ਨੰਨੀ ਵੀ ਮੌਜੂਦ ਸਨ।

# ਐਮਬਰੋਜ਼ੀਅਲ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਕ੍ਰਿਕਟ ਮੈਦਾਨ ’ਚ ਦਿਖਾਇਆ ਦਮ

## ☛ਸੀ.ਆਈ.ਐਸ.ਸੀ.ਈ. ਮੋਗਾ ਜ਼ੋਨਲ ਟੂਰਨਾਮੈਂਟ ’ਚ ਜਿੱਤਿਆ ਸਿਲਵਰ ਮੈਡਲ: ਬੁੱਟਰ

ਜ਼ੀਰਾ, 28 ਮਈ (ਦੀਪਕ ਭਾਰਗੋ): ਐਮਬਰੋਜ਼ੀਅਲ ਪਬਲਿਕ ਸਕੂਲ, ਜ਼ੀਰਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਇਹ ਸੰਸਥਾ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਖੇਡਾਂ ਦੇ ਖੇਤਰ ਵਿੱਚ ਵੀ ਆਪਣੀ ਵਿਲੱਖਣ ਪਛਾਣ ਬਣਾਈ ਹੋਈ ਹੈ। ਬੀਤੇ ਦਿਨੀਂ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ, ਸਮਾਧ ਭਾਈ, ਮੋਗਾ ਵਿਖੇ ਆਯੋਜਿਤ ਸੀ.ਆਈ.ਐਸ.ਸੀ.ਈ. ਮੋਗਾ ਜ਼ੋਨਲ ਕ੍ਰਿਕਟ ਟੂਰਨਾਮੈਂਟ ਵਿੱਚ ਐਮਬਰੋਜ਼ੀਅਲ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਬੇਹਤਰੀਨ ਪ੍ਰਦਰਸ਼ਨ ਕਰਦਿਆਂ ਅੰਡਰ-19 ਲੜਕਿਆਂ ਦੇ ਵਰਗ ਵਿੱਚ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਆਪਣੇ ਨਾਮ ਕੀਤਾ। ਇਸ ਟੂਰਨਾਮੈਂਟ ਵਿੱਚ ਪੰਜ ਪ੍ਰਮੁੱਖ ਪਬਲਿਕ ਸਕੂਲਾਂ ਦੇ ਕਰੀਬ 80 ਖਿਡਾਰੀਆਂ ਨੇ ਭਾਗ ਲਿਆ। ਮੁਕਾਬਲੇ ਦੌਰਾਨ ਐਮਬਰੋਜ਼ੀਅਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਅਨੁਸ਼ਾਸਨ, ਟੀਮ ਵਰਕ, ਖੇਡ ਭਾਵਨਾ ਤੇ ਉਤਸ਼ਾਹ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਖਿਡਾਰੀਆਂ ਦੀ ਜ਼ਬਰਦਸਤ ਬੈਟਿੰਗ, ਸ਼ਾਨਦਾਰ ਬੌਲਿੰਗ ਤੇ ਮਜ਼ਬੂਤ ਫੀਲਡਿੰਗ ਨੇ ਦਰਸ਼ਕਾਂ ਤੇ ਹੋਰ ਟੀਮਾਂ ਨੂੰ ਪ੍ਰਭਾਵਿਤ ਕੀਤਾ। ਸਕੂਲ ਪਹੁੰਚਣ ’ਤੇ ਜੇਤੂ ਖਿਡਾਰੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਸਤਨਾਮ ਸਿੰਘ ਭੁੱਟਰ ਤੇ ਪ੍ਰਿੰਸੀਪਲ ਤੇਜ ਸਿੰਘ ਠਾਕੁਰ ਵੱਲੋਂ ਖਿਡਾਰੀਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਖਿਡਾਰੀਆਂ ਦੇ




ਨਾਲ-ਨਾਲ ਕੋਚਾਂ ਤੇ ਮਾਪਿਆਂ ਦੀ ਭੂਮਿਕਾ ਦੀ ਵੀ ਭਰਪੂਰ ਸਰਾਹਨਾ ਕੀਤੀ। ਚੇਅਰਮੈਨ ਸਤਨਾਮ ਸਿੰਘ ਬੁੱਟਰ ਨੇ ਕਿਹਾ ਕਿ ਐਮਬਰੋਜ਼ੀਅਲ ਪਬਲਿਕ ਸਕੂਲ, ਜ਼ੀਰਾ ਲਈ ਇਹ ਬਹੁਤ ਮਾਣ ਤੇ ਖੁਸ਼ੀ ਦਾ ਪਲ ਹੈ ਕਿ ਸਾਡੇ ਵਿਦਿਆਰਥੀ ਹਰ ਖੇਤਰ ਵਿੱਚ ਨਵੀਆਂ ਮਿਸਾਲਾਂ ਕਾਇਮ ਕਰ ਰਹੇ ਹਨ। ਸਾਡੇ ਬੱਚਿਆਂ ਨੇ ਕ੍ਰਿਕਟ ਮੈਦਾਨ ਵਿੱਚ ਜੋ ਅਨੁਸ਼ਾਸਨ, ਧੀਰਜ ਤੇ ਟੀਮ ਸਪਿਰਟ ਦਿਖਾਈ ਹੈ, ਉਹ ਕਾਬਿਲ-ਏ-ਤਾਰੀਫ਼ ਹੈ। ਇਸ ਮੌਕੇ ’ਤੇ ਕੋਆਰਡੀਨੇਟਰ ਮਿਸ ਰੀਨਾ ਠਾਕੁਰ, ਮਿਸਟਰ ਸੁਰਿੰਦਰ ਕਟੋਚ, ਮਿਸਟਰ ਦਵਿੰਦਰ, ਮਿਸ ਅਨੁਪਮਾ ਠਾਕੁਰ ਤੇ ਡੀਪੀ ਸੰਜੇ ਭਾਰਦਵਾਜ, ਰੇਣੂਕਾ ਠਾਕੁਰ, ਅਸ਼ਵਨੀ ਕੁਮਾਰ, ਅਸ਼ੋਕ ਕੁਮਾਰ ਤੇ ਰਮਨਦੀਪ ਕੌਰ ਵੀ ਹਾਜ਼ਰ ਸਨ।

# ਓਮ ਪ੍ਰਕਾਸ਼ ਬਾਂਸਲ ਸਕੂਲ ਵਿਖੇ ਵੈਦਿਕ ਗਣਿਤ ਵਰਕਸ਼ਾਪ ਕਰਵਾਈ



ਮੰਡੀ ਗੋਬਿੰਦਗੜ੍ਹ, 28 ਮਈ (ਰੂਪਲ ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਵਿੱਚ ਦੋ ਰੋਜ਼ਾ ਪੰਜਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੈਦਿਕ ਗਣਿਤ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਸਰੋਤ ਵਿਅਕਤੀ ਮੋਹਿਤ ਮਾਰਕੇਨ ਤੇ ਸੁਦੀਕਸ਼ਾ ਪੁਸ਼ਾ ਨੇ ਵਿਦਿਆਰਥੀਆਂ ਨੂੰ ਵੈਦਿਕ ਗਣਿਤ ਤੇ ਪ੍ਰਾਚੀਨ ਭਾਰਤੀ ਗਣਿਤ ਪ੍ਰਣਾਲੀ ਦੀਆਂ ਦਿਲਚਸਪ ਤੇ ਤੇਜ਼ ਗਣਨਾ ਤਕਨੀਕਾਂ ਬਾਰੇ ਜਾਣੂੰ ਕਰਵਾਇਆ। ਵਿਦਿਆਰਥੀਆਂ ਨੇ ਉਤਸ਼ਾਹ ਨਾਲ ਵੱਖ-ਵੱਖ ਵੈਦਿਕ ਸੂਤਰ ਸਿੱਖੇ ਜਿਨ੍ਹਾਂ ਵਿੱਚ ‘ਏਕਾਧਿਕੇਨ ਪੂਰਵੇਨ’, ‘ਨਿਖਿਲਮ ਨਵਤਾਸ਼ਚਰਮਮ ਦਸ਼ਾਤਹ’ ਤੇ ‘ਵਰਗੰਚ ਯੋਗਯੇਤ’ ਜਾਣਕਾਰੀ ਲਈ। ਇਨ੍ਹਾਂ ਇੰਟਰਐਕਟਿਵ ਸੈਸ਼ਨਾਂ ਰਾਹੀਂ ਉਨ੍ਹਾਂ ਨੇ ਗੁਣ, ਵਰਗ, ਘਟਾਓ, ਮਾਨਸਿਕ ਗਣਨਾ ਤੇ ਸਾਧਾਰਨ ਸਮੱਸਿਆ-ਹੱਲ ਦੇ ਤੇਜ਼ ਤੇ ਪ੍ਰਭਾਵਸ਼ਾਲੀ ਤਰੀਕਿਆਂ ਦਾ ਅਭਿਆਸ ਕੀਤਾ। ਵਰਕਸ਼ਾਪ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਸਮਾਗਮ ਨੇ ਉਨ੍ਹਾਂ ਦੀ ਤਰਕਸ਼ੀਲ ਸੋਚ, ਇਕਾਗਰਤਾ, ਆਤਮਵਿਸ਼ਵਾਸ ਤੇ ਸੰਖਿਆਤਮਕ ਯੋਗਤਾ ਨੂੰ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਨਾਲ ਗਣਿਤ ਨੂੰ ਹੋਰ ਦਿਲਚਸਪ ਤੇ ਆਨੰਦਦਾਇਕ ਬਣਾਇਆ ਗਿਆ। ਸਰੋਤ ਵਿਅਕਤੀਆਂ ਦੀ ਪ੍ਰਭਾਵਸ਼ਾਲੀ ਤੇ ਭਾਗੀਦਾਰੀ ਵਾਲੀ ਸਿੱਖਿਆ ਨੇ ਵਰਕਸ਼ਾਪ ਨੂੰ ਜਾਣਕਾਰੀ ਭਰਪੂਰ ਤੇ ਯਾਦਗਾਰੀ ਬਣਾਇਆ। ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਵੈਦਿਕ ਗਣਿਤ ਸਿਰਫ਼ ਗਣਨਾਵਾਂ ਬਾਰੇ ਨਹੀਂ ਹੈ। ਇਹ ਤਕਨਾਲੋਜੀ ਨਹੀਂ ਸਗੋਂ ਸੋਚਣ ਤੇ ਸਿੱਖਣ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ। ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਵਿਦਿਆਰਥੀਆਂ ਦੀ ਗਣਿਤ ਵਿੱਚ ਦਿਲਚਸਪੀ ਤੇ ਵਿਸ਼ਵਾਸ ਨੂੰ ਵਧਾਉਂਦੀਆਂ ਹਨ।

# ਐਸ.ਐਸ.ਪੀ. ਖੰਨਾ ਨੇ ਵੋਟ ਗਿਣਤੀ ਕੇਂਦਰਾਂ ਦਾ ਕੀਤਾ ਦੌਰਾ



ਲੁਧਿਆਣਾ, 28 ਮਈ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ/ਅਰਸ਼ ਸ਼ਰਮਾ): ਨਗਰ ਕੌਂਸਲ ਚੋਣਾਂ ਦੀ ਵੋਟਾਂ ਦੀ ਗਿਣਤੀ ਨੂੰ ਲੈ ਕੇ ਖੰਨਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਐਸ.ਐਸ.ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਪੁਲਿਸ ਜ਼ਿਲ੍ਹਾ ਖੰਨਾ ਅਧੀਨ ਬਣਾਏ ਗਏ ਗਿਣਤੀ ਕੇਂਦਰਾਂ ਖੰਨਾ, ਸਮਰਾਲਾ, ਦੋਰਾਹਾ ਦਾ ਦੌਰਾ ਕਰਕੇ ਸੁਰੱਖਿਆ ਅਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਖੰਨਾ ਦੇ ਐਸ.ਡੀ.ਐਮ ਖੰਨਾ ਸਵਾਤੀ ਟਿਵਾਣਾ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ। ਗੌਰਤਲਬ ਹੈ ਕਿ ਖੰਨਾ, ਪਾਇਲ, ਦੋਰਾਹਾ ਅਤੇ ਸਮਰਾਲਾ ਨਗਰ ਕੌਂਸਲ ਲਈ 26 ਮਈ ਨੂੰ ਵੋਟਿੰਗ ਹੋਈ ਸੀ, ਜਦਕਿ ਵੋਟਾਂ ਦੀ ਗਿਣਤੀ 29 ਮਈ ਨੂੰ ਖੰਨਾ, ਦੋਰਾਹਾ ਅਤੇ ਸਮਰਾਲਾ ਵਿੱਚ ਕਰਵਾਈ ਜਾ ਰਹੀ ਹੈ। ਖੰਨਾ ਦਾ ਗਿਣਤੀ ਕੇਂਦਰ ਏ.ਐਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਣਾਇਆ ਗਿਆ ਹੈ, ਜਿੱਥੇ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਅਤੇ ਐਸ.ਡੀ.ਐਮ ਸਵਾਤੀ ਟਿਵਾਣਾ ਨੇ ਪ੍ਰਬੰਧਾਂ ਦੀ ਜਾਂਚ ਕੀਤੀ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ।

ਐਸ.ਐਸ.ਪੀ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਨੂੰ ਸ਼ਾਂਤੀਪੂਰਨ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਪੂਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੁਰੱਖਿਆ ਲਈ ਕਰੀਬ 410 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ 2 ਐਸ.ਪੀ ਅਤੇ 9 ਡੀ.ਐਸ.ਪੀ ਪੱਧਰ ਦੇ ਅਧਿਕਾਰੀਆਂ ਨੂੰ ਵੀ ਡਿਊਟੀ ’ਤੇ ਲਗਾਇਆ ਗਿਆ ਹੈ। ਇਲਾਕਿਆਂ ਵਿੱਚ ਪੈਟਰੋਲਿੰਗ ਪਾਰਟੀਆਂ ਲਗਾਤਾਰ ਗਸ਼ਤ ਕਰਨਗੀਆਂ ਤਾਂ ਜੋ ਕਿਸੇ ਵੀ ਅਣਚਾਹੀ ਘਟਨਾ ਨੂੰ ਰੋਕਿਆ ਜਾ ਸਕੇ। ਐਸ.ਐਸ. ਨੇ ਦੱਸਿਆ ਕਿ ਗਿਣਤੀ ਕੇਂਦਰਾਂ ਦੇ ਬਾਹਰ 200 ਮੀਟਰ ਤੱਕ ਦਾ ਇਲਾਕਾ ਨੋ ਵਹੀਕਲ ਜ਼ੋਨ ਕਰਾਰ ਦਿੱਤਾ ਗਿਆ ਹੈ।

ਉਨ੍ਹਾਂ ਉਮੀਦਵਾਰਾਂ ਅਤੇ ਸਮਰੱਥਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕਤੰਤਰ ਵਿੱਚ ਹਾਰ-ਜਿੱਤ ਨਿਸ਼ਚਿਤ ਹੁੰਦੀ ਹੈ, ਇਸ ਲਈ ਸਾਰੇ ਲੋਕ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਕਿਸੇ ਵੀ ਤਰ੍ਹਾਂ ਦੀ ਹੁੱਲੜਬਾਜ਼ੀ ਤੋਂ ਬਚਣ। ਇਸ ਮੌਕੇ ਐਸ.ਡੀ.ਐਮ ਖੰਨਾ ਨੇ ਦੱਸਿਆ ਕਿ ਖੰਨਾ ਵਿੱਚ ਵੋਟਾਂ ਦੀ ਗਿਣਤੀ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ 14 ਟੇਬਲਾਂ ’ਤੇ ਗਿਣਤੀ ਹੋਵੇਗੀ, ਜਦਕਿ 2 ਟੇਬਲ ਰਿਜ਼ਰਵ ਰੱਖੇ ਗਏ ਹਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕਿਸੇ ਨੂੰ ਵੀ ਗਿਣਤੀ ਕੇਂਦਰ ਦੇ ਅੰਦਰ ਮੋਬਾਈਲ ਫੋਨ ਲਿਜਾਣ ਦੀ ਆਗਿਆ ਨਹੀਂ ਹੋਵੇਗੀ। ਮੀਡੀਆ ਲਈ ਵਿਸ਼ੇਸ਼ ਨੋਡਲ ਅਫਸਰ ਤਾਇਨਾਤ ਕੀਤਾ ਗਿਆ ਹੈ, ਜੋ ਹਰ ਰਾਊਂਡ ਦੀ ਅਧਿਕਾਰਤ ਜਾਣਕਾਰੀ ਮੀਡੀਆ ਨਾਲ ਸਾਂਝੀ ਕਰੇਗਾ। ਐਸ.ਡੀ.ਐਮ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਚੋਣ ਆਯੋਗ, ਲੁਧਿਆਣਾ ਪ੍ਰਸ਼ਾਸਨ ਜਾਂ ਅਧਿਕਾਰਤ ਮੀਡੀਆ ਅਦਾਰਿਆਂ ਵੱਲੋਂ ਜਾਰੀ ਕੀਤੀ ਜਾਣਕਾਰੀ ’ਤੇ ਹੀ ਭਰੋਸਾ ਕਰਨ ਅਤੇ ਕਿਸੇ ਵੀ ਤਰ੍ਹਾਂ ਦੀ ਅਫਵਾਹ ਨਾ ਫੈਲਾਉਣ।

# ਬਾਬਾ ਸੁਖਬੀਰ ਸਿੰਘ ਖ਼ਾਲਸਾ ਤੇ ਜੱਥੇ: ਨਿਮਾਣਾ ਨੇ ਮਨਿੰਦਰ ਸਿੰਘ ਅਹੂਜਾ ਨੂੰ ਕੀਤਾ ਸਨਮਾਨਿਤ



ਲੁਧਿਆਣਾ, 28 ਮਈ (ਕਰਨੈਲ ਸਿੰਘ ਐੱਮ.ਏ.): ਅੱਜ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਨੇੜੇ ਗਰੀਨ ਸਿਟੀ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਸੰਤ ਬਾਬਾ ਸੁਖਬੀਰ ਸਿੰਘ ਜੀ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੀ ਚੜ੍ਹਦੀਕਲਾ ਵਾਸਤੇ ਵਿਸ਼ੇਸ਼ ਗੁਰਮਤਿ ਸਮਾਗਮ ਸੰਬੰਧੀ ਮੀਟਿੰਗ ਹੋਈ । ਜਿਸ ਵਿੱਚ ਜਥੇਦਾਰ ਤਰਨਜੀਤ ਸਿੰਘ ਨਿਮਾਣਾ, ਬਾਬਾ ਬਲਵਿੰਦਰ ਸਿੰਘ, ਰਿਟਾ: ਇੰਸਪੈਕਟਰ ਬਹਾਦਰ ਸਿੰਘ, ਰਣਜੀਤ ਸਿੰਘ ਸਿਡਾਨਾ, ਅਨਿਲ ਮਿੱਡਾ, ਇੰਦਰਜੀਤ ਸਿੰਘ, ਗੁਰਦੀਪ ਸਿੰਘ ਗਰੇਵਾਲ, ਕੁਲਜੀਤ ਸਿੰਘ, ਦਵਿੰਦਰ ਸਿੰਘ, ਹਰਿੰਦਰ ਸਿੰਘ ਡੈਨੀ, ਸਤਨਾਮ ਸਿੰਘ ਹਾਜ਼ਰ ਹੋਏ। ਇਸ ਮੌਕੇ ’ਤੇ ਮੀਟਿੰਗ ਦੌਰਾਨ ਚੋਪਹਿਰਾ ਪਰਿਵਾਰ ਦੇ ਸਰਪ੍ਰਸਤ, ਸਿੱਖ ਨੌਜਵਾਨ ਸੇਵਾ ਸੁਸਾਇਟੀ ਦੇ ਪ੍ਰਧਾਨ ਮਨਿੰਦਰ ਸਿੰਘ ਅਹੂਜਾ ਵਿਸ਼ੇਸ਼ ਤੌਰ ’ਤੇ ਪੁੱਜੇ ਅਤੇ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮਾਂ ਦੀ ਭਵਿੱਖ ਲਈ ਰਣਨੀਤੀ ਤਿਆਰ ਕੀਤੀ ਗਈ। ਮਨਿੰਦਰ ਸਿੰਘ ਅਹੂਜਾ ਨੇ ਮਹਾਂਪੁਰਸ਼ਾਂ ਨੂੰ ਯਕੀਨ ਦਿਵਾਉਂਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਵਿਖੇ ਵੱਡੇ ਪੱਧਰ ’ਤੇ ਗੁਰਮਤਿ ਸਮਾਗਮ ਉਲੀਕੇ ਜਾਣਗੇ। ਇਸ ਮੌਕੇ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ ਨੇ ਮਨਿੰਦਰ ਸਿੰਘ ਅਹੂਜਾ ਨੂੰ ਜੀ ਆਇਆਂ ਆਖਿਆ ਤੇ ਕਿਹਾ ਸਾਡਾ ਬੜਾ ਪਿਆਰਾ ਬੱਚਾ ਹੈ । ਸਤਿਗੁਰੂ ਜੀ ਦੀ ਵਿਸ਼ੇਸ਼ ਕਿਰਪਾ ਹੈ । ਸਤਿਗੁਰੂ ਹਰ ਥਾਂ ’ਤੇ ਵੱਡੇ ਪੱਧਰ ’ਤੇ ਆਪ ਹੀ ਸੇਵਾਵਾਂ ਲੈ ਰਹੇ ਹਨ। ਇਸ ਸਮੇਂ ਸ੍: ਮਨਿੰਦਰ ਸਿੰਘ ਅਹੂਜਾ ਨੂੰ ਗੁਰੂ ਗ੍ਰੰਥ ਤੇ ਗੁਰੂ ਪੰਥ ਲਈ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਲਈ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ, ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ। ਇਸ ਸਮੇਂ ਉਨ੍ਹਾਂ ਨਾਲ ਮਨਿੰਦਰਪਾਲ ਸਿੰਘ ਸੋਨੂੰ ਨੂੰ ਵੀ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

# ਦੇਸ਼ ਦੇ ਸੈਨਿਕਾਂ ਲਈ ਖੰਨਾ ਦੇ ਐਸ.ਐਸ.ਪੀ. ਦੀ ਸ਼ਲਾਘਾਯੋਗ ਪਹਿਲ

ਲੁਧਿਆਣਾ, 28 ਮਈ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ/ਅਰਸ਼ ਸ਼ਰਮਾ): ਦੇਸ਼ ਦੀਆਂ ਸਰਹੱਦਾਂ ’ਤੇ ਤਾਇਨਾਤ ਫੌਜੀਆਂ ਅਤੇ ਪੈਰਾ ਮਿਲਟਰੀ ਫੋਰਸ ਦੇ ਜਵਾਨਾਂ ਨੂੰ ਆਪਣੇ ਘਰੇਲੂ ਜ਼ਿਲ੍ਹਿਆਂ ਵਿੱਚ ਚੱਲ ਰਹੇ ਪੁਲਿਸ ਵਿਭਾਗ ਨਾਲ ਸਬੰਧਤ ਮਾਮਲਿਆਂ ਲਈ ਹੁਣ ਛੁੱਟੀ ਲੈ ਕੇ ਆਉਣ ਦੀ ਲੋੜ ਨਹੀਂ ਪਵੇਗੀ। ਪੁਲਿਸ ਜ਼ਿਲ੍ਹਾ ਖੰਨਾ ਵੱਲੋਂ ਜਵਾਨਾਂ ਦੀ ਸਹੂਲਤ ਅਤੇ ਉਨ੍ਹਾਂ ਨੂੰ ਡਿਊਟੀ ਦੌਰਾਨ ਹੀ ਇਨਸਾਫ ਮੁਹੱਈਆ ਕਰਵਾਉਣ ਲਈ ਇੱਕ ਵਿਲੱਖਣ ਅਤੇ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ। ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ) ਖੰਨਾ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਸੈਨਿਕ ਸਮਾਧਾਨ ਉਪਰਾਲਾ ਨਾਮ ਨਾਲ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਫੌਜੀ ਅਤੇ ਪੈਰਾ ਮਿਲਟਰੀ ਫੋਰਸ ਦੇ ਜਵਾਨ ਆਪਣੀਆਂ ਸ਼ਿਕਾਇਤਾਂ ਦੀ ਸੁਣਵਾਈ ਵੀਡੀਓ ਕਾਨਫਰੰਸ ਰਾਹੀਂ ਕਰਵਾ ਸਕਣਗੇ। ਦੇਸ਼ ਦੇ ਸੈਨਿਕ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਈ-ਮੇਲ ਰਾਹੀਂ ਸ਼ਿਕਾਇਤ ਕਰ ਸਕਣਗੇ। ਸਿਰਫ ਸ਼ਨੀਵਾਰ ਨੂੰ ਦੋ ਘੰਟੇ ਵੀਡਿਓ ਕਾਨਫਰੰਸ ਰਾਹੀਂ ਸੁਣਵਾਈ ਹੋਵੇਗੀ। ਇਸ ਸੰਬੰਧੀ ਜਾਣਕਾਰੀ



ਦਿੰਦਿਆਂ ਐਸ.ਐਸ.ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਅਕਸਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਦੇਸ਼ ਦੀ ਸੁਰੱਖਿਆ ਲਈ ਸਰਹੱਦਾਂ ਜਾਂ ਦੂਰ-ਦਰਾਜ ਇਲਾਕਿਆਂ ਵਿੱਚ ਡਿਊਟੀ ਨਿਭਾਅ ਰਹੇ ਜਵਾਨ ਛੁੱਟੀ ਨਾ ਮਿਲਣ ਜਾਂ ਡਿਊਟੀ ਦੀਆਂ ਪਾਬੰਦੀਆਂ ਕਾਰਨ ਆਪਣੇ ਘਰੇਲੂ ਜ਼ਿਲ੍ਹਿਆਂ ਵਿੱਚ ਚੱਲ ਰਹੇ ਮਾਮਲਿਆਂ ਦੀ ਪੈਰਵੀ ਨਹੀਂ ਕਰ ਪਾਉਂਦੇ। ਇਸ ਕਾਰਨ ਕਈ ਵਾਰ ਉਨ੍ਹਾਂ ਦੀਆਂ ਸ਼ਿਕਾਇਤਾਂ ਲੰਮੇ ਸਮੇਂ ਤੱਕ ਲਟਕੀਆਂ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਮਾਨਸਿਕ ਤੌਰ ’ਤੇ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਇਸ ਸਕੀਮ ਤਹਿਤ ਖਾਸ ਤੌਰ ’ਤੇ ਇੱਕ ਅਧਿਕਾਰਿਕ ਈਮੇਲ ਆਈ.ਡੀ ssu.khanna@punjabpolice.gov.in ਜਾਰੀ ਕੀਤੀ ਗਈ ਹੈ। ਇਸ ਈਮੇਲ ਰਾਹੀਂ ਫੌਜੀ ਅਤੇ ਪੈਰਾ ਮਿਲਟਰੀ ਫੋਰਸ ਦੇ ਜਵਾਨ ਆਪਣੀਆਂ ਸ਼ਿਕਾਇਤਾਂ, ਦਰਖਾਸਤਾਂ ਜਾਂ ਹੋਰ ਜਾਣਕਾਰੀ ਸਿੱਧੇ ਪੁਲਿਸ ਜ਼ਿਲ੍ਹਾ ਖੰਨਾ ਨੂੰ ਭੇਜ ਸਕਣਗੇ। ਇਸ ਦੌਰਾਨ ਸੈਨਿਕਾਂ ਨਾਲ ਸਿੱਧੇ ਐਸ.ਐਸ.ਪੀ ਗੱਲਬਾਤ ਕਰਕੇ ਮੁਸ਼ਕਲਾਂ ਸੁਣਨਗੇ। ਇਸ ਨਾਲ ਨਾ ਸਿਰਫ਼ ਜਵਾਨਾਂ ਨੂੰ ਸਹੂਲਤ ਮਿਲੇਗੀ, ਸਗੋਂ ਉਨ੍ਹਾਂ ਨੂੰ ਇਹ ਭਰੋਸਾ ਵੀ ਮਿਲੇਗਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਹੱਲ ਕੀਤਾ ਜਾ ਰਿਹਾ ਹੈ। ਪੁਲਿਸ ਜ਼ਿਲ੍ਹਾ ਖੰਨਾ ਦੀ ਇਹ ਪਹਿਲ ਸਿਰਫ਼ ਤਕਨੀਕ ਦੇ ਸਹੀ ਇਸਤੇਮਾਲ ਦੀ ਮਿਸਾਲ ਹੀ ਨਹੀਂ, ਸਗੋਂ ਦੇਸ਼ ਦੀ ਸੁਰੱਖਿਆ ਲਈ ਦਿਨ-ਰਾਤ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਜਵਾਨਾਂ ਪ੍ਰਤੀ ਸਨਮਾਨ, ਸਤਿਕਾਰ ਅਤੇ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਵੀ ਹੈ। ਸੈਨਿਕ ਸਮਾਧਾਨ ਉਪਰਾਲਾ ਦੇ ਨਾਲ ਹੁਣ ਫੌਜੀ ਅਤੇ ਪੈਰਾ ਮਿਲਟਰੀ ਜਵਾਨ ਘਰ ਤੋਂ ਦੂਰ ਰਹਿੰਦੇ ਹੋਏ ਵੀ ਆਪਣੀਆਂ ਸਮੱਸਿਆਵਾਂ ਦਾ ਹੱਲ ਆਸਾਨੀ ਨਾਲ ਪ੍ਰਾਪਤ ਕਰ ਸਕਣਗੇ।

# ਵਰਧਮਾਨ ਸਟੀਲਜ਼ ਨੇ ਟੀ.ਬੀ. ਮਰੀਜ਼ਾਂ ਨੂੰ 200 ਪੋਸ਼ਣ ਕਿੱਟਾਂ ਵੰਡੀਆਂ




ਲੁਧਿਆਣਾ, 28 ਮਈ (ਵਿਸ਼ਾਲ ਸ਼ਰਮਾ): ਟੀ.ਬੀ ਮੁਕਤ ਭਾਰਤ ਪਹਿਲਕਦਮੀ ਦੇ ਤਹਿਤ ਵਰਧਮਾਨ ਸਪੈਸ਼ਲ ਸਟੀਲਜ਼ (ਵੀ.ਐਸ.ਐਸ) ਨੇ ਵੀਰਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਅਤੇ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਆਪਣੀ ਸਵਸਥ ਸਮਾਜ ਮੁਹਿੰਮ ਦੇ ਤਹਿਤ ਟੀ.ਬੀ ਮਰੀਜ਼ਾਂ ਨੂੰ 200 ਪੋਸ਼ਣ ਕਿੱਟਾਂ ਵੰਡੀਆਂ। ਇਸ ਪਹਿਲਕਦਮੀ ਦਾ ਉਦੇਸ਼ ਟੀ.ਬੀ.ਮੁਕਤ ਭਾਰਤ ਬਣਾਉਣ ਦੇ ਯਤਨਾਂ ਨੂੰ ਮਜ਼ਬੂਤ ਕਰਦੇ ਹੋਏ ਟੀ.ਬੀ. ਮਰੀਜ਼ਾਂ ਨੂੰ ਪੋਸ਼ਣ ਅਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਨਾ ਹੈ। ਵੰਡ ਪ੍ਰੋਗਰਾਮ ਦੌਰਾਨ ਰੈੱਡ ਕਰਾਸ ਸੋਸਾਇਟੀ ਦੇ ਪ੍ਰਤੀਨਿਧੀ ਵੀ ਮੌਜੂਦ ਸਨ। ਨਿਕਸ਼ੇ ਮਿੱਤਰ ਪਹਿਲਕਦਮੀ ਦੇ ਤਹਿਤ ਟੀ.ਬੀ ਮਰੀਜ਼ਾਂ ਨੂੰ ਗੋਦ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਅਤੇ ਸੰਗਠਨ ਹੈਲਪਲਾਈਨ ਨੰਬਰ: 6361209985 ’ਤੇ ਸੰਪਰਕ ਕਰ ਸਕਦੇ ਹਨ। ਇਹ ਕਿੱਟਾਂ ਟੀ.ਬੀ ਤੋਂ ਪੀੜਤ ਬੱਚਿਆਂ, ਔਰਤਾਂ ਅਤੇ ਮਰਦਾਂ ਨੂੰ ਵੰਡੀਆਂ ਗਈਆਂ। ਦਫ਼ਤਰ ਜ਼ਿਲ੍ਹਾ ਸਿਹਤ ਅਤੇ ਸਿਵਲ ਹਸਪਤਾਲ ਟੀ.ਬੀ ਦੇ ਮੁਖੀ ਡਾ. ਆਸ਼ੀਸ਼ ਚਾਵਲਾ ਅਤੇ ਸਕੱਤਰ ਰੈੱਡ ਕਰਾਸ ਸੋਸਾਇਟੀ ਲੁਧਿਆਣਾ ਨਵਨੀਤ ਜੋਸ਼ੀ ਨੇ ਲੋੜਵੰਦ ਮਰੀਜ਼ਾਂ ਲਈ ਇਸ ਤਰ੍ਹਾਂ ਦੀ ਸਹਾਇਤਾ ਲਈ ਵਰਧਮਾਨ ਸਟੀਲਜ਼ ਦੇ ਪ੍ਰਬੰਧਨ ਦਾ ਧੰਨਵਾਦ ਕੀਤਾ।’

# ਭਾਰੀ ਮੋਟਾਪੇ ਨਾਲ ਪੀੜਤ ਮਰੀਜ਼ ਦਾ ਕੀਤਾ ਸਫ਼ਲ ਆਪ੍ਰੇਸ਼ਨ



ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ): ਫੋਰਟਿਸ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਨੇ 61 ਸਾਲ ਦੇ ਇੱਕ ਮਰੀਜ਼ ਦੀ ਬਹੁਤ ਹੀ ਜਟਿਲ ਬੈਰੀਆਟ੍ਰਿਕ ਸਰਜਰੀ ਕੀਤੀ। ਮਰੀਜ਼ ਦਾ ਵਜ਼ਨ 152 ਕਿੱਲੋ ਸੀ ਜੋ ਕਿ ਸਰਜਰੀ ਤੋਂ ਬਾਅਦ 142 ਕਿੱਲੋ ਦੇ ਕਰੀਬ ਦੱਸਿਆ ਜਾਂਦਾ ਹੈ। ਮਰੀਜ਼ ਨੂੰ ਮੋਟਾਪੇ ਦੇ ਨਾਲ ਦਿਲ ਦੀ ਗੰਭੀਰ ਬਿਮਾਰੀ ਡਾਇਲੇਟਿਡ ਕਾਰਡੀਓਮਾਇਓਪੈਥੀ ਵੀ ਸੀ , ਜਿਸ ਕਰਕੇ ਉਸਦਾ ਦਿਲ ਸਿਰਫ 25-30 ਫੀਸਦੀ ਹੀ ਕੰਮ ਕਰ ਰਿਹਾ ਸੀ। ਇਸ ਤੋਂ ਇਲਾਵਾ ਮਰੀਜ਼ ਨੂੰ ਗੰਭੀਰ ਨੀਂਦ ਦੌਰਾਨ ਸਾਹ ਰੁਕਣ ਦੀ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਪਹਿਲਾਂ ਸਾਹ ਦੀ ਗੰਭੀਰ ਸਮੱਸਿਆ ਕਾਰਨ ਆਈਸੀਯੂ ਵਿੱਚ ਦਾਖਲ ਰਹਿਣ ਦਾ ਇਤਿਹਾਸ ਵੀ ਸੀ। ਆਪਰੇਸ਼ਨ ਬੈਰੀਆਟ੍ਰਿਕ ਸਰਜਨ ਡਾ. ਅਮਿਤ ਭਾਂਬਰੀ ਦੀ ਦੇਖਰੇਖ ਹੇਠ ਕੀਤਾ ਗਿਆ। ਸਰਜਰੀ ਤੋਂ ਪਹਿਲਾਂ ਲੱਗਭੱਗ 45 ਦਿਨ ਤੱਕ ਕਈ ਵਿਭਾਗਾਂ ਦੀਆਂ ਟੀਮਾਂ ਨੇ ਮਿਲ ਕੇ ਮਰੀਜ਼ ਦੀ ਤਿਆਰੀ ਕੀਤੀ। ਇਸ ਟੀਮ ਵਿੱਚ ਡਾ. ਸੰਦੀਪ ਚੋਪੜਾ ( ਕਾਰਡੀਓਲੋਜੀ), ਡਾ. ਸੁਸ਼ੀਲ ਗੁਪਤਾ ( ਪਲਮੋਨੋਲੋਜੀ), ਡਾ. ਕਿਰਨ ਪਾਟਿਲ ( ਐਨੇਸਥੀਸੀਆਲੋਜੀ), ਆਈਸੀਯੂ ਟੀਮ, ਡਾਇਟ ਵਿਭਾਗ ਅਤੇ ਸਰਜੀਕਲ ਟੀਮ ਸ਼ਾਮਲ ਰਹੀ। ਆਪਰੇਸ਼ਨ ਤੋਂ 24 ਘੰਟਿਆਂ ਦੇ ਅੰਦਰ ਹੀ ਮਰੀਜ਼ ਨੂੰ ਆਈਸੀਯੂ ਵਿੱਚ ਤੁਰਾਇਆ ਗਿਆ ।

# ਸੇਕਰਡ ਹਾਰਟ ਸਕੂਲ ਨੇ ਮੁਕਾਬਲਿਆਂ ਵਿੱਚ ਤਮਗ਼ੇ ਜਿੱਤੇ



ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਲੁਧਿਆਣਾ ਜ਼ੋਨ ਦੇ ਲੱਗਭੱਗ 12 ਸਕੂਲਾਂ ਦੇ ਵਿਦਿਆਰਥੀਆਂ ਨੇ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਸ਼੍ਰੇਣੀਆਂ ਅਧੀਨ ਵੱਖ-ਵੱਖ ਸਾਹਿਤਕ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸੈਕਰਡ ਹਾਰਟ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਬੇਮਿਸਾਲ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਕਈ ਪ੍ਰੋਗਰਾਮਾਂ ਵਿੱਚ ਸ਼ਾਨਦਾਰ ਸਥਾਨ ਪ੍ਰਾਪਤ ਕੀਤੇ।

ਅੰਗਰੇਜ਼ੀ ਬਹਿਸ ਮੁਕਾਬਲੇ ਵਿੱਚ, ਇਸ਼ਿਤਾ ਸੈਨੀ ਨੇ ਪਹਿਲਾ ਸਥਾਨ ਅਤੇ ਸਰਵੋਤਮ ਸਪੀਕਰ ਪੁਰਸਕਾਰ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚ, ਅਸ਼ਮੀਨ ਕੌਰ ਨੇ ਸੀਨੀਅਰ ਸ਼੍ਰੇਣੀ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਰਚਨਾਤਮਕ ਲੇਖਣ ਮੁਕਾਬਲੇ ਵਿੱਚ ਸੀਨੀਅਰ ਵਰਗ ਵਿੱਚ, ਵਰਨਿਕਾ ਕੱਕੜ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਸਾਨਿਆ ਠਾਕੁਰ ਅਤੇ ਰਚਿਤ ਯਾਦਵ ਨੇ ਕ੍ਰਮਵਾਰ ਸਬ-ਜੂਨੀਅਰ ਅਤੇ ਜੂਨੀਅਰ ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਡਰਾਇੰਗ ਅਤੇ ਪੇਂਟਿੰਗ ਮੁਕਾਬਲੇ ਵਿੱਚ, ਸਬ-ਜੂਨੀਅਰ ਵਰਗ ਵਿੱਚ, ਅਯਾਨਾ ਬਾਂਸਲ ਅਤੇ ਸੀਨੀਅਰ ਵਰਗ ਵਿੱਚ, ਜਾਨਵੀ ਗੁਪਤਾ - ਸੈਕਰਡ ਹਾਰਟ ਕਾਨਵੈਂਟ ਸਕੂਲ ਦੀ ਪਿਕਾਸੋ - ਨੇ ਸੋਨੇ ਦੇ ਤਗਮੇ ਜਿੱਤੇ। ਕੁਇਜ਼ ਮੁਕਾਬਲੇ ਵਿੱਚ ਸੈਕਰਡ ਹਾਰਟ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਤਿੰਨੋਂ ਸ਼੍ਰੇਣੀਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਪ੍ਰਿੰਸੀਪਲ, ਰੇਵ. ਸੀਨੀਅਰ ਕ੍ਰਿਸਪਿਨ ਮਾਰੀਆ, ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਜੁਲਾਈ 2026 ਵਿੱਚ ਹੋਣ ਵਾਲੇ ਆਉਣ ਵਾਲੇ ਖੇਤਰੀ ਪੱਧਰ ਦੇ ਮੁਕਾਬਲਿਆਂ ਲਈ ਉਨ੍ਹਾਂ ਦੀ ਸਫਲਤਾ ਦੀ ਕਾਮਨਾ ਕੀਤੀ।

# ਹਲਵਾਰਾ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਉਡਾਨਾਂ ਸ਼ੁਰੂ ਕਰਨਾ ਲੁਧਿਆਣਾ ਦੇ ਵਪਾਰੀਆਂ ਦੀ ਸਖ਼ਤ ਲੋੜ : ਬਾਵਾ



ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ): ਨੇੜਲੇ ਕਸਬੇ ਹਲਵਾਰਾ ਤੋਂ ਬੇਸ਼ੱਕ ਹਵਾਈ ਅੱਡਾ ਸ਼ੁਰੂ ਹੋ ਗਿਆ ਹੈ ਅਤੇ ਇਥੋਂ ਰੋਜ਼ਾਨਾ ਦਿੱਲੀ ਨੂੰ ਉਡਾਨਾ ਆਉਂਦੀਆਂ ਅਤੇ ਜਾਂਦੀਆਂ ਹਨ, ਪਰੰਤੂ ਲੋਕਾਂ ਵਿੱਚ ਚਰਚਾ ਹੈ ਕਿ ਜਿੰਨਾ ਚਿਰ ਇੱਥੋਂ ਅੰਤਰਰਾਸ਼ਟਰੀ ਉਡਾਨਾਂ ਸ਼ੁਰੂ ਨਹੀਂ ਕੀਤੀਆਂ ਜਾਂਦੀਆਂ ਉਨਾ ਚਿਰ ਲੁਧਿਆਣਾ ਦੇ ਵਪਾਰੀਆਂ ਅਤੇ ਹੋਰ ਲੋਕਾਂ ਨੂੰ ਇਸ ਦਾ ਕੋਈ ਲਾਭ ਨਹੀਂ ਹੈ। ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ (ਜੀਐਸਟੀ) ਡਿਪਾਰਟਮੈਂਟ ਆਫ ਐਕਸਾਈਜ਼ ਐਂਡ ਟੈਕਸੇਸ਼ਨ ਦੇ ਚੇਅਰਮੈਨ ਪਰਮਪਾਲ ਸਿੰਘ ਬਾਵਾ ਨੇ ਇਸ ਸਬੰਧੀ ਆਖਿਆ ਹੈ ਕਿ ਲੁਧਿਆਣੇ ਵਿੱਚ ਸਾਈਕਲ, ਸਾਈਕਲ ਦੇ ਪੁਰਜੇ, ਹੈਂਡ ਟੂਲਜ਼, ਪਾਈਪ ਫਿਟਿੰਗ, ਮੋਟਰਾਂ ਦੇ ਪੁਰਜੇ, ਮਸ਼ੀਨ ਟੂਲਜ਼, ਸਿਲਾਈ ਮਸ਼ੀਨਾਂ, ਇਹਨਾਂ ਦੇ ਪੁਰਜ਼ੇ, ਹੌਜ਼ਰੀ, ਗਾਰਮੈਂਟਸ, ਫੈਬਰਿਕ ਅਤੇ ਫੂਡ ਆਈਟਮਾਂ ਦੀਆਂ ਕਈ ਵੱਡੀਆਂ ਵੱਡੀਆਂ ਇੰਡਸਟਰੀਆਂ ਹਨ, ਜਿੱਥੋਂ ਕਿ ਮਾਲ ਬਣ ਕੇ ਅਮਰੀਕਾ, ਕੈਨੇਡਾ ਅਫਰੀਕਣ ਦੇਸ਼, ਆਸਟਰੇਲੀਆ, ਜਾਪਾਨ, ਜਰਮਨ, ਨਿਊਜ਼ੀਲੈਂਡ ਅਤੇ ਹੋਰ ਅਨੇਕਾਂ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ। ਬਾਹਰਲੇ ਦੇਸ਼ਾਂ ਵਿੱਚ ਬਣੀਆਂ ਹੋਈਆਂ ਅਨੇਕਾਂ ਆਈਟਮਾਂ ਲੁਧਿਆਣੇ ਮੰਗਵਾਈਆਂ ਜਾਂਦੀਆਂ ਹਨ। ਉਨਾਂ ਆਖਿਆ ਕਿ ਬਾਹਰ ਮਾਲ ਭੇਜਣ ਲਈ ਵਪਾਰੀ ਆਰਡਰ ਬੁੱਕ ਕਰਨ ਵਾਸਤੇ ਇਹਨਾਂ ਦੇਸ਼ਾਂ ਵਿੱਚ ਜਾਂਦੇ ਹਨ ਅਤੇ ਬਾਅਦ ਵਿੱਚ ਮਾਲ ਦੇ ਸੈਂਪਲ ਬਾਹਰ ਭੇਜਦੇ ਹਨ ਅਤੇ ਜਿਹੜੇ ਦੇਸ਼ਾਂ ਨੇ ਮਾਲ ਮੰਗਵਾਉਣਾ ਹੁੰਦਾ ਹੈ ਉਹ ਬਣੇ ਹੋਏ ਮਾਲ ਦੀ ਇੰਸਪੈਕਸ਼ਨ ਕਰਨ ਲੁਧਿਆਣਾ ਆਉਂਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਦੇਸ਼ਾਂ ਤੋਂ ਮਾਲ ਮੰਗਵਾਉਣਾ ਹੁੰਦਾ ਹੈ ਉਹਨਾਂ ਤੋਂ ਪਹਿਲਾਂ ਸੈਂਪਲ ਮੰਗਵਾਏ ਜਾਂਦੇ ਹਨ। ਵਿਦੇਸ਼ਾਂ ਦੇ ਵਪਾਰੀ ਪਹਿਲਾਂ ਹਵਾਈ ਜਹਾਜ ਰਾਹੀਂ ਦਿੱਲੀ ਪਹੁੰਚਦੇ ਹਨ ਫਿਰ ਫੇਲ ਗੱਡੀ ਕਾਰ ਜਾਂ ਹਵਾਈ ਜਹਾਜ ਰਾਹੀਂ ਲੁਧਿਆਣਾ ਆਉਂਦੇ ਹਨ। ਇਸ ਤਰ੍ਹਾਂ ਉਹਨਾਂ ਦਾ ਕਾਫੀ ਸਮਾਂ ਬਰਬਾਦ ਹੋ ਜਾਂਦਾ ਹੈ। ਸ੍ਰੀ ਬਾਵਾ ਨੇ ਆਖਿਆ ਕਿ ਜੇਕਰ ਹਲਵਾਰੇ ਦੇ ਹਵਾਈ ਅੱਡੇ ਤੋਂ ਦੁਨੀਆਂ ਦੇ ਉਨਾਂ ਮੁਲਕਾਂ ਜਿੱਥੇ ਕਿ ਲੁਧਿਆਣੇ ਦਾ ਬਣਿਆ ਹੋਇਆ ਸਮਾਨ ਭੇਜਿਆ ਜਾਂਦਾ ਹੈ ਜਾਂ ਜਿੱਥੋਂ ਬਣਿਆ ਹੋਇਆ ਮਾਲ ਲੁਧਿਆਣੇ ਮੰਗਵਾਇਆ ਜਾਂਦਾ ਹੈ, ਨੂੰ ਸਿੱਧੀਆਂ ਉਡਾਨਾਂ ਜਾਣ ਅਤੇ ਉਥੋਂ ਸਿੱਧੀਆਂ ਉਡਾਨਾਂ ਹਲਵਾਰੇ ਉਤਰਨ ਤਾਂ ਇਸ ਦਾ ਲੁਧਿਆਣੇ ਦੇ ਸਨਅਤਕਾਰਾਂ ਅਤੇ ਵਪਾਰੀਆਂ ਨੂੰ ਵੱਡਾ ਲਾਭ ਹੋ ਸਕਦਾ ਹੈ। ਉਹਨਾਂ ਕਿਹਾ ਕਿ ਅੱਜ ਦੀ ਘੜੀ ਵਪਾਰੀਆਂ ਨੂੰ ਇਸ ਹਵਾਈ ਅੱਡੇ ਦਾ ਕੋਈ ਲਾਭ ਨਹੀਂ ਜਾਪਦਾ। ਉਹਨਾਂ ਕਿਹਾ ਕਿ ਵੱਖ-ਵੱਖ ਵਪਾਰੀਆਂ ਨਾਲ ਮੀਟਿੰਗਾਂ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਲੁਧਿਆਣੇ ਦੇ ਵਿਦੇਸ਼ਾਂ ਵਿੱਚ ਮਾਲ ਭੇਜਣ ਅਤੇ ਵਿਦੇਸ਼ਾਂ ਵਿੱਚੋਂ ਮਾਲ ਮੰਗਵਾਉਣ ਵਾਲੇ ਵਪਾਰੀ ਚਾਹੁੰਦੇ ਹਨ ਕਿ ਹਲਵਾਰਾ ਦੇ ਅੱਡੇ ਤੋਂ ਵਿਦੇਸ਼ਾਂ ਨੂੰ ਅਤੇ ਵਿਦੇਸ਼ਾਂ ਤੋਂ ਹਲਵਾਰੇ ਦੇ ਅੱਡੇ ਤੱਕ ਤੁਰੰਤ ਉਡਾਨਾਂ ਸ਼ੁਰੂ ਕੀਤੀਆਂ ਜਾਣ।

# ਨੂਰ ਆਲਮ ਭਾਗਪੁਰ ਵੱਲੋਂ ਦੇਸ਼ ਵਾਸੀਆਂ ਨੂੰ ਈਦ-ਉਲ-ਅਜ਼ਹਾ ਦੀਆਂ ਮੁਬਾਰਕਾਂ



ਸਾਹਨੇਵਾਲ/ ਕੁਹਾੜਾ, 28 ਮਈ (ਕੁਲਦੀਪ ਸਿੰਘ ਕੁਹਾੜਾ) : ਸਮਾਜਸੇਵੀ ਅਤੇ ਇਲਾਕੇ ਦੀ ਪ੍ਰਮੁੱਖ ਸ਼ਖਸੀਅਤ ਅਤੇ ਗੁਜਰ ਏਕਤਾ ਇਸਲਾਮਿਕ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਨੂਰ ਆਲਮ ਭਾਗਪੁਰ ਨੇ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਸਮੂਹ ਮੁਸਲਿਮ ਭਾਈਚਾਰੇ ਸਮੇਤ ਸਾਰੇ ਦੇਸ਼ ਵਾਸੀਆਂ ਨੂੰ ਈਦ ਉਲ ਅਜ਼ਹਾ ਦੀਆਂ ਦਿਲੋਂ ਮੁਬਾਰਕਾਂ ਦਿੱਤੀਆਂ ਹਨ।

ਆਪਣੇ ਸੰਦੇਸ਼ ਵਿੱਚ ਨੂਰ ਆਲਮ ਭਾਗਪੁਰ ਨੇ ਕਿਹਾ ਕਿ ਈਦ ਉਲ ਅਜ਼ਹਾ ਤਿਆਗ, ਕੁਰਬਾਨੀ, ਭਾਈਚਾਰੇ ਅਤੇ ਮਨੁੱਖਤਾ ਦੀ ਸੇਵਾ ਦਾ ਪਵਿੱਤਰ ਤਿਉਹਾਰ ਹੈ। ਇਹ ਤਿਉਹਾਰ ਸਾਨੂੰ ਆਪਸੀ ਪਿਆਰ, ਸਾਂਝ ਅਤੇ ਇੱਕ-ਦੂਜੇ ਦੀ ਮੱਦਦ ਕਰਨ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਦੇਸ਼ ਨੂੰ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਦੀ ਸਭ ਤੋਂ ਵੱਧ ਲੋੜ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਈਦ ਦਾ ਤਿਉਹਾਰ ਸਾਦਗੀ ਅਤੇ ਸ਼ਾਂਤੀਪੂਰਨ ਢੰਗ ਨਾਲ ਮਨਾਇਆ ਜਾਵੇ ਅਤੇ ਗਰੀਬ ਤੇ ਲੋੜਵੰਦ ਲੋਕਾਂ ਦੀ ਮੱਦਦ ਕਰਕੇ ਇਸ ਖੁਸ਼ੀ ਨੂੰ ਸਭ ਨਾਲ ਸਾਂਝਾ ਕੀਤਾ ਜਾਵੇ।

ਨੂਰ ਆਲਮ ਭਾਗਪੁਰ ਨੇ ਦੁਆ ਕੀਤੀ ਕਿ ਇਹ ਪਵਿੱਤਰ ਤਿਉਹਾਰ ਸਭ ਲਈ ਖੁਸ਼ਹਾਲੀ, ਅਮਨ ਅਤੇ ਤਰੱਕੀ ਲੈ ਕੇ ਆਵੇ ਇਸ ਈਦ ਉਲ ਅਜ਼ਹਾ ਦੇ ਤਿਉਹਾਰ ਵਾਲੇ ਦਿਨ ਨੂਰ ਆਲਮ ਦੇ ਗ੍ਰਹਿ ਵਿਖੇ ਕਾਲਾ.ਭੈਰੋ ਮੁੰਨਾ, ਸੈਫ ਅਲੀ ਰਾਮਗੜ੍ਹ ਆਪਣੇ ਪ੍ਰੀਵਾਰ ਸਮੇਤ ਅਤੇ ਆਸ ਪਾਸ ਦੇ ਇਲਾਕੇ ਤੋਂ ਭਾਰੀ ਗਿਣਤੀ ਵਿੱਚ ਗੁੱਜਰ ਭਾਈਚਾਰੇ ਦੇ ਲੋਕ ਨੂਰ ਆਲਮ ਨੂੰ ਈਦ ਪਵਿੱਤਰ ਦਿਹਾੜੇ ਦੀਆਂ ਮੁਬਾਰਕ ਦੇਣ ਆਏ ਸਨ।

# ਕਾਂਗਰਸ ਪਾਰਟੀ ਨੇ ਪੰਡਿਤ ਨਹਿਰੂ ਨੂੰ ਦਿੱਤੀ ਸ਼ਰਧਾਂਜਲੀ



ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ): ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵ. ਪੰਡਿਤ ਜਵਾਹਰ ਲਾਲ ਨਹਿਰੂ ਦੀ ਬਰਸੀ ਮੌਕੇ ਉਹਨਾਂ ਨੂੰ ਕਾਂਗਰਸ ਪਾਰਟੀ ਵੱਲੋਂ ਸਥਾਨਕ ਸਰਾਭਾ ਨਗਰ ਵਿਖੇ ਇੱਕ ਸਮਾਗਮ ਦੌਰਾਨ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਦੌਰਾਨ ਪਾਰਟੀ ਆਗੂਆਂ ਨੇ ਦੇਸ਼ ਦੇ ਨਿਰਮਾਣ ਵਿੱਚ ਪੰਡਿਤ ਨਹਿਰੂ ਦੇ ਯੋਗਦਾਨ ਨੂੰ ਯਾਦ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ, ਲੁਧਿਆਣਾ ਸ਼ਹਿਰੀ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਕਿਹਾ ਕਿ ਆਜ਼ਾਦੀ ਅਤੇ ਉਸ ਤੋਂ ਬਾਅਦ ਦੇਸ਼ ਦੇ ਨਿਰਮਾਣ ਵਿੱਚ ਪੰਡਿਤ ਨਹਿਰੂ ਜੀ ਦਾ ਮਹਾਨ ਯੋਗਦਾਨ ਸੀ। ਉਹਨਾਂ ਨੇ ਕਿਹਾ ਕਿ ਭਾਖੜਾ ਨੰਗਲ ਡੈਮ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਪੰਡਿਤ ਨਹਿਰੂ ਜੀ ਦੀ ਮਹਾਨ ਸੋਚ ਦੀ ਦੇਣ ਹਨ। ਉਹਨਾਂ ਨੇ ਆਧੁਨਿਕ ਭਾਰਤ ਦੇ ਨਹੀਂ ਰੱਖੀ ਅਤੇ ਦੇਸ਼ ਨੂੰ ਆਤਮ ਨਿਰਭਰ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ।ਉਹਨਾਂ ਨੇ ਪਾਰਟੀ ਵਰਕਰਾਂ ਨੂੰ ਪੰਡਿਤ ਨਹਿਰੂ ਜੀ ਦੇ ਵਿਚਾਰਾਂ ਉੱਪਰ ਚੱਲਣ ਦੀ ਅਪੀਲ ਕੀਤੀ। ਪੰਡਿਤ ਨਹਿਰੂ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿੱਚ ਇੰਦਰਜੀਤ ਕਪੂਰ, ਬੀਐਮ ਕਾਲੀਆ, ਵਰੁਣ ਸ਼ਰਮਾ, ਪੁਲਕਿਤ ਚੌਧਰੀ, ਜਸਵਿੰਦਰ ਸਿੰਘ ਓਸਾਹਨ, ਤਰਸੇਮ ਲਾਲ, ਨਿਰਭੈ ਸਿੰਘ ਰੰਗੂਵਾਲ, ਬਾਲ ਕ੍ਰਿਸ਼ਨ ਬਾਲੀ ਵੀ ਸ਼ਾਮਲ ਰਹੇ।

# ਅੱਖਾਂ ਦੇ ਕੈਂਪ ਵਿੱਚ ਆਸ਼ੂ ਮੁੱਖ ਮਹਿਮਾਨ ਅਤੇ ਕੜਵਲ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ



ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ): ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰੱਸਟ ਵੱਲੋਂ ਗੁਰਦੁਆਰਾ ਬਾਬਾ ਵਿਸ਼ਵਕਰਮਾ ਸ਼ਿਮਲਾਪੁਰੀ ਵਿਖੇ ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਕਲਸੀ ਦੀ ਅਗਵਾਈ ਹੇਠ ਅੱਖਾਂ ਦਾ ਮੁਫਤ ਜਾਂਚ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਮੁੱਖ ਮਹਿਮਾਨ ਵਜੋਂ ਅਤੇ ਸੀਨੀਅਰ ਕਾਂਗਰਸੀ ਨੇਤਾ ਕਮਲਜੀਤ ਸਿੰਘ ਕੜਵਲ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਸ੍ਰੀ ਆਸ਼ੂ ਨੇ ਆਖਿਆ ਕਿ ਅੱਖਾਂ ਦੇ ਕੈਂਪ ਲਗਾ ਕੇ ਲੋੜਵੰਦਾਂ ਦੀ ਸੇਵਾ ਕਰਨਾ ਦੁਨੀਆਂ ਦਾ ਸਭ ਤੋਂ ਵੱਡਾ ਪੁੰਨ ਹੈ। ਸ੍ਰੀ ਕੜਵਲ ਨੇ ਆਖਿਆ ਕਿ ਬੇਸ਼ੱਕ ਲੋਕਾਂ ਦੀ ਸਿਹਤ ਨੂੰ ਠੀਕ ਰੱਖਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ, ਪ੍ਰੰਤੂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਵੱਖ ਵੱਖ ਬਿਮਾਰੀਆਂ ਨਾਲ ਸੰਬੰਧਿਤ ਕੈਂਪ ਲਗਾ ਕੇ ਮਨੁੱਖਤਾ ਦੀ ਸੇਵਾ ਕਰਨ। ਡਾ ਓਂਕਾਰ ਚੰਦ ਸ਼ਰਮਾ ਨੇ ਦੱਸਿਆ ਕਿ ਇਸ ਕੈਂਪ ਵਿੱਚ 56 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 11 ਨੂੰ ਆਪਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ ਗਈ। ਇਸ ਮੌਕੇ ਪਲਵਿੰਦਰ ਸਿੰਘ ਤੱਗੜ, ਜਸਵਿੰਦਰ ਕੌਰ ਤੇ ਗੁਰਪ੍ਰੀਤ ਗੋਪੀ ਤਿੰਨੋ ਸਾਬਕਾ ਕੌਂਸਲਰ, ਰਜਿੰਦਰ ਸਿੰਘ ਬੇਦੀ, ਗੁਰਮੀਤ ਸਿੰਘ ਚਾਨਾ, ਡਾ ਜਸਵੰਤ ਸਿੰਘ ਗੁਲਾਟੀ, ਮਨੀ ਖੀਵਾ, ਬਹਾਦਰ ਸਿੰਘ ਰਿਐਤ, ਹਰਦੇਵ ਸਿੰਘ ਮਣਕੂ, ਗੁਰਪ੍ਰੀਤ ਸਿੰਘ ਗੋਰਾ, ਬਲਦੇਵ ਸਿੰਘ ਹੂੰਝਣ, ਰਜਿੰਦਰ ਕੁਮਾਰ ਸ਼ੀਲਾ, ਗੁਰਮੁਖ ਸਿੰਘ ਚਾਨੇ ਅਤੇ ਮਾਸਟਰ ਨਾਜਰ ਸਿੰਘ ਤੋਂ ਇਲਾਵਾ ਡਾ ਗੋਲਡਨਪ੍ਰੀਤ, ਡਾ ਈਸ਼ਾ, ਡਾ ਪ੍ਰਾਂਚਲ ਅਤੇ ਡਾ ਮੰਨਣ ਆਦਿ ਨੇ ਕੈਂਪ ਵਿੱਚ ਆਪੋ ਆਪਣੀਆਂ ਸੇਵਾਵਾਂ ਨਿਭਾਈਆਂ।



ਪੰਜਾਬ ਭਾਜਪਾ ਦੀ ਕਾਰਜਕਾਰਨੀ ਦੇ ਮੈਂਬਰ ਤੇ ਪੰਜਾਬ ਮੀਡੀਅਮ ਉਦਯੋਗ ਵਿਕਾਸ ਬੋਰਡ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਟਿੱਕਾ ਈਦ ਦੇ ਮੌਕੇ ਤੇ ਸ਼ਾਹੀ ਇਮਾਮ ਪੰਜਾਬ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੂੰ ਜਾਮਾ ਮਸਜਿਦ ਲੁਧਿਆਣਾ ਵਿਖੇ ਮਿਲ ਕੇ ਈਦ ਦੀ ਮੁਬਾਰਕਬਾਦ ਦਿੰਦੇ ਹੋਏ। ਇਸ ਮੌਕੇ ਉਹਨਾਂ ਪੰਜਾਬ ਸਮੇਤ ਸਮੁੱਚੀ ਮਨੁੱਖਤਾ ਦੀ ਭਲਾਈ ਦੀ ਕਾਮਨਾ ਵੀ ਕੀਤੀ। (ਫੋਟੋ ਤੇ ਵੇਰਵਾ : ਰਵਿੰਦਰ ਸਿੰਘ ਨਿੱਝਰ)

# ਮਹਿੰਗਾਈ ਦਾ ਬੋਝ ਆਮ ਲੋਕਾਂ ’ਤੇ, ਗੱਫ਼ੇ ਅਡਾਨੀਆਂ-ਅੰਬਾਨੀਆਂ ਨੂੰ : ਸੀ.ਪੀ.ਆਈ.

ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ) :ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਜ਼ਿਲ੍ਹਾ ਲੁਧਿਆਣਾ ਵੱਲੋਂ ਤੇਲ, ਡੀਜ਼ਲ, ਖਾਦਾਂ ਅਤੇ ਹੋਰ ਲੋੜੀਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਕਰਕੇ ਲੋਕਾਂ ’ਤੇ ਬੋਝ ਪਾਉਣ ਦੀ ਕੇਂਦਰ ਦੀ ਮੋਦੀ ਸਰਕਾਰ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਪਿਛਲੇ ਕਈ ਸਾਲਾਂ ਤੋਂ ਸਰਕਾਰ ਕਾਰਪੋਰੇਟ ਖੇਤਰ ਨੂੰ ਟੈਕਸਾਂ ਵਿੱਚੋਂ ਛੂਟ ਦੇ ਰਹੀ ਹੈ ਤੇ ਬੈਂਕਾਂ ਦੇ ਲਏ ਗਏ ਕਰਜੇ ਉਨ੍ਹਾਂ ਨੂੰ ਮਾਫ ਕਰ ਰਹੀ ਹੈ। ਇਨ੍ਹਾਂ ਗਲਤ ਆਰਥਿਕ ਨੀਤੀਆਂ ਦੇ ਕਾਰਨ ਪਹਿਲਾਂ ਹੀ ਦੇਸ਼ ਦੇ ਆਮ ਲੋਕਾਂ ’ਤੇ ਬਹੁਤ ਬੋਝ ਪਿਆ ਹੋਇਆ ਹੈ। ਪਾਰਟੀ ਆਗੂਆਂ ਨੇ ਮੰਗ ਕੀਤੀ ਹੈ ਕਿ ਇਸ ਵੇਲੇ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਦੇ ਵਿੱਚ ਤੇਲ ਦੀ ਕੀਮਤ ਦਾ ਸੰਕਟ ਹੈ ਤਾਂ ਜਿਨ੍ਹਾਂ ਕਾਰਪੋਰੇਟਾਂ ਨੂੰ ਸਰਕਾਰ ਨੇ ਪਹਿਲਾਂ ਰਿਆਇਤਾਂ ਦਿੱਤੀਆਂ ਹੋਈਆਂ ਹਨ ਉਹਨਾਂ ਤੋਂ ਹੁਣ ਪੈਸਾ ਲਵੇ ਤੇ ਆਮ ਲੋਕਾਂ ’ਤੇ ਬੋਝ ਨਾ ਪਾਏ। ਰੂਸ ਤੇ ਇਰਾਨ ਹੁਣ ਵੀ ਭਾਰਤ ਨੂੰ ਸਸਤਾ ਤੇਲ ਦੇਣ ਲਈ ਤਿਆਰ ਹਨ, ਪਰ ਅਮਰੀਕਾ ਦੇ ਦਬਾਅ ਹੇਠ ਭਾਰਤ ਅਜਿਹਾ ਨਹੀਂ ਕਰ ਰਿਹਾ। ਬਲਕਿ ਅਮਰੀਕਾ ਦੇ ਕਹਿਣ ’ਤੇ ਵੈਨਿਜ਼ੁਵੇਲਾ ਤੋਂ ਤੇਲ ਲੈਣ ਦੀਆਂ ਗੱਲਾਂ ਕਰ ਰਿਹਾ ਹੈ, ਜੋ ਕਿ ਮਹਿੰਗਾ ਵੀ ਹੋਏਗਾ ਤੇ ਉਸਨੂੰ ਭਾੜਾ ਵੀ ਵੱਧ ਪਏਗਾ, ਤੇ ਉਸਦੇ ਗੁਣਵੱਤਾ ਵੀ ਕਮਜ਼ੋਰ ਹੈ। ਪਿਛਲੇ ਸਾਲ ਜਦੋਂ ਰੂਸ ਤੋਂ ਤੇਲ ਲਿਆ ਗਿਆ ਸੀ ਤਾਂ ਅਡਾਨੀਆਂ ਤੇ ਅੰਬਾਨੀਆਂ ਨੇ ਉਸ ਤੇਲ ਦੀ ਸਫਾਈ ਕਰਕੇ ਯੂਰਪ ਨੂੰ ਮਹਿੰਗੇ ਭਾਅ ’ਤੇ ਵੇਚ ਕੇ ਗੱਫੇ ਕਮਾਏ ਸਨ, ਪਰ ਭਾਰਤ ਦੇ ਲੋਕਾਂ ਨੂੰ ਕੋਈ ਰਾਹਤ ਨਹੀਂ ਸੀ ਮਿਲੀ। ਅੱਜ ਉਹਨਾਂ ਤੋਂ ਪੈਸੇ ਵਸੂਲ ਕੇ ਸੰਕਟ ਨੂੰ ਹੱਲ ਕੀਤਾ ਜਾਏ ਤੇ ਲੋਕਾਂ ’ਤੇ ਬੋਝ ਨਾ ਪਾਇਆ ਜਾਏ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਸਹਾਇਕ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ, ਐਮ ਐਸ ਭਾਟੀਆ ਅਤੇ ਰਜਿੰਦਰ ਪਾਲ ਸਿੰਘ ਔਲਖ, ਡਾ ਅਰੁਣ ਮਿੱਤਰਾ, ਰਮੇਸ਼ ਰਤਨ ਅਤੇ ਵਿਜੇ ਕੁਮਾਰ ਸ਼ਾਮਲ ਹਨ।

# ਆਤਮ ਨਗਰ ਵਿਖੇ ਵਿਧਾਇਕ ਸਿੱਧੂ ਨੇ ਮੇਰੀ ਰਸੋਈ ਤਹਿਤ ਰਾਸ਼ਨ ਵੰਡਿਆ : ਗੋਗਾ



ਲੁਧਿਆਣਾ, 28 ਮਈ (ਰਵਿੰਦਰ ਸਿੰਘ ਨਿੱਝਰ): ਮੇਰੀ ਰਸੋਈ ਸਕੀਮ ਤਹਿਤ ਵੰਡੇ ਜਾਣ ਵਾਲੇ ਰਾਸ਼ਨ ਜਿਸ ਵਿੱਚ 2 ਕਿੱਲੋ ਦਾਲ, 2ਕਿੱਲੋ ਖੰਡ, ਕਿੱਲੋ ਨਮਕ, ਕਿੱਲੋ ਸਰ੍ਹੋਂ ਦਾ ਤੇਲ ਅਤੇ 200 ਗਰਾਮ ਹਲਦੀ ਦੇ ਕੇ ਹਲਕਾ ਆਤਮ ਨਗਰ ਵਿੱਚ ਪੰਜਾਬ ਸਰਕਾਰ ਦੀ ਇਸ ਸਕੀਮ ਦੀ ਸ਼ੁਰੂਆਤ ਕੀਤੀ ਗਈ। ਕਈ ਡੀਪੂਆਂ ’ਤੇ ਜਾ ਕੇ ਕਿੱਟਾਂ ਵੰਡੀਆਂ ਗਈਆਂ। ਰਾਜ ਕੁਮਾਰ ਸ਼ਰਮਾ ਅਤੇ ਦੀਪੀ ਸਿਆਣ ਆਦਿ ਦੇ ਡਿੱਪੂਆ ’ਤੇ ਅਨੇਕਾਂ ਨੀਲੇ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਇਸ ਸਮਾਗਮ ਦੌਰਾਨ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਦੀ ਸਰਕਾਰ ਹੈ ਇਸ ਕਰਕੇ ਮੱਧ ਵਰਗੀ ਪਰਿਵਾਰਾਂ ਨੂੰ ਲੱਗ ਪੱਗ ਦਸ ਹਜ਼ਾਰ ਰੁਪਈਏ ਹਰ ਮਹੀਨੇ ਦੇਣ ਦਾ ਉਪਰਾਲਾ ਕਰ ਰਹੀ ਹੈ। ਬਿਜਲੀ ਮੁਫਤ, ਸੀਵਰੇਜ ਪਾਣੀ ਮੁਫਤ, ਬੱਸ ਸਫ਼ਰ ਬੀਬੀਆਂ ਨੂੰ ਮੁਫ਼ਤ, 1500 ਪੈਨਸ਼ਨ, ਮੁਫਤ ਆਟਾ ਦਾਲ ਸਕੀਮ, ਹਰ ਮਹੀਨੇ 1000 ਰੁਪੈ ਹਰ ਮਹਿਲਾ ਨੂੰ, ਦਸ ਲੱਖ ਦਾ ਇਲਾਜ ਮੁਫਤ, ਸਭ ਸਕੀਮਾਂ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਹੀ ਸੰਭਵ ਹਨ। ਕੌਂਸਲਰ ਸੋਹਣ ਸਿੰਘ ਗੋਗਾ ਨੇ ਆਖਿਆ ਕਿ ਦੂਸਰੀਆਂ ਪਾਰਟੀਆਂ ਆਪਦੇ ਲਈ ਸੋਚਦੀਆਂ ਨੇ ਪ੍ਰੰਤੂ ਆਮ ਆਦਮੀ ਪਾਰਟੀ ਆਪਣੇ ਲੋਕਾਂ ਨੂੰ ਖੁਸ਼ਹਾਲ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ ਬਿੱਟਾ ਪਨੇਸਰ, ਰਾਜ ਕੁਮਾਰ ਸ਼ਰਮਾ, ਦੀਪੀ ਸਿਆਣ, ਭੁਪਿੰਦਰ ਸ਼ਰਮਾ, ਮੀਰਾਂ ਸ਼ਰਮਾ, ਅਕਾਸ਼ ਵਰਮਾ, ਬਲਵਿੰਦਰ ਸਿੰਘ ਅਤੇ ਅਮਰ ਨਾਥ ਸ਼ਰਮਾ ਸਮੇਤ ਭਾਰੀ ਗਿਣਤੀ ਵਿੱਚ ਇਲਾਕੇ ਦੇ ਲਾਭਪਾਤਰੀ ਹਾਜ਼ਰ ਸਨ।


## ਪੰਜਾਬ ਅਤੇ ਸਿੰਧ ਬੈਂਕ

(ਭਾਰਤ ਸਰਕਾਰ ਦਾ ਅਦਾਰਾ )

ਸ਼ਾਖਾ ਦਫ਼ਤਰ: ਸਿਵਲ ਲਾਈਨਜ਼, ਲੁਧਿਆਣਾ

ਮਿਤੀ: 22.05.2026

1. ਸ਼੍ਰੀਮਤੀ ਮਨਵੀਨ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਪਤਾ ਬੀ-1-1353 ਨੇੜੇ ਦੀਵਾਨ ਗੈਸ ਏਜੰਸੀ ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ 141001 (ਕਰਜ਼ਦਾਰ/ਗਿਰਵੀਕਾਰ)
2. ਸ਼੍ਰੀ ਗੁਰਮੀਤ ਸਿੰਘ ਪੁੱਤਰ ਸ਼੍ਰੀ ਮਨਮੋਹਨ ਸਿੰਘ ਪਤਾ ਬੀ-1-1353 ਨੇੜੇ ਦੀਵਾਨ ਗੈਸ ਏਜੰਸੀ ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ 141001 (ਜ਼ਾਮਨ)
3. ਸ਼੍ਰੀ ਤੇਗਵੀਰ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ ਪਤਾ ਬੀ-1-1353 ਨੇੜੇ ਦੀਵਾਨ ਗੈਸ ਏਜੰਸੀ ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ 141001 (ਜ਼ਾਮਨ)

ਸ਼੍ਰੀਮਾਨ/ਸ਼੍ਰੀਮਤੀ

**ਵਿਸ਼ਾ: ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਸਿਵਲ ਲਾਈਨਜ਼ ਲੁਧਿਆਣਾ ਦੇ ਮੈਸਰਜ਼ ਮਨਵੀਨ ਕੌਰ (01451200000833) ਦੇ ਖਾਤੇ ਵਿੱਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("SARFAESI ACT") ਦੀ ਧਾਰਾ 13(8) ਦੇ ਤਹਿਤ ਤੁਹਾਡੇ ਕੋਲ ਨਿਹਿਤ ਅਧਿਕਾਰ ਦੇ ਸੰਦਰਭ ਵਿੱਚ ਛੁਟਕਾਰਾ ਲਈ ਨੋਟਿਸ**

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਬੈਂਕ ਦੇ ਅਧਿਕਾਰਤ ਅਧਿਕਾਰੀ ਨੇ 15.12.2020 ਨੂੰ SARFAESIACT ਦੀ ਧਾਰਾ 13(2) ਦੇ ਤਹਿਤ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਹੈ। ਵਿਸ਼ਾ ਕਰਜ਼ਾ ਖਾਤੇ ਵਿੱਚ ਸੁਰੱਖਿਆ ਵਜੋਂ ਤੁਹਾਡੇ ਦੁਆਰਾ ਪੇਸ਼ ਕੀਤੀ ਗਈ ਸੁਰੱਖਿਅਤ ਸੰਪਤੀ ਵਿੱਚ ਸੁਰੱਖਿਆ ਹਿੱਤ ਨੂੰ ਲਾਗੂ ਕਰਨ ਲਈ ਇੱਕ ਉਪਾਅ ਵਜੋਂ।

ਇਸ ਤੋਂ ਬਾਅਦ, ਅਧਿਕਾਰਤ ਅਧਿਕਾਰੀ ਐਕਟ ਦੀ ਧਾਰਾ 13(4) ਦੇ ਤਹਿਤ ਹੋਰ ਉਪਾਅ ਕਰਦੇ ਹੋਏ **"ਸ਼੍ਰੀਮਤੀ ਮਨਵੀਨ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਦੇ ਨਾਮ ’ਤੇ ਪੰਜੀਕ੍ਰਿਤ ਤਬਾਦਲਾ ਡੀਡ ਵਸੀਕਾ ਨੰ. 18914 ਮਿਤੀ 03.01..2018 ਦੇ ਅਧੀਨ ਪਿੰਡ ਮਾਹਲ ਭਗਤ ਹੱਦਬਸਤ ਨੰ. 164, ਇਲਾਕਾ ਰਾਮ ਨਗਰ ਵਜੋਂ ਜਾਣੂੰ, ਸਿਵਲ ਲਾਈਨਜ਼, ਲੁਧਿਆਣਾ ਦੇ ਮਾਲ ਖੇਤਰ ਅੰਦਰ ਸਥਿਤ ਸਾਲ 2009-10 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 2101/1805/829, ਖੇਵਟ ਨੰਬਰ 2726/1, ਖਤੌਨੀ ਨੰਬਰ 3336/1 ਵਿੱਚ ਸ਼ਾਮਲ 136-5/9 ਵਰਗ ਗਜ਼ ਮਾਪ ਵਾਲੀ ਐਮਸੀ ਨੰ ਬੀ-1-1421/1 ਅਧੀਨ ਸੰਪੱਤੀ ਦੀ ਈਐਮ"** ਵਜੋਂ ਸੁਰੱਖਿਅਤ ਅਸਾਸੇ ਦਾ ਕਬਜ਼ਾ ਲਿਆ ਸੀ।

ਕਿਉਂਕਿ ਤੁਸੀਂ ਬੈਂਕ ਦੀਆਂ ਆਪਣੀਆਂ ਦੇਣਦਾਰੀਆਂ ਨੂੰ ਨਿਭਾਉਣ ਵਿੱਚ ਅਸਫਲ ਰਹੇ ਹੋ, ਇਸ ਲਈ, ਅਧਿਕਾਰਤ ਅਧਿਕਾਰੀ ਵਜੋਂ ਹੇਠ ਲਿਖੇ ਅਨੁਸਾਰ, ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(4) ਦੇ ਅਧੀਨ ਆਪਣੀ ਸ਼ਕਤੀ ਦੀ ਵਰਤੋਂ ਕਰਦੇ ਹੋਏ, ਉਪਰੋਕਤ ਕਰਜ਼ਦਾਰ ਅਤੇ ਜ਼ਾਮਨ ਤੋਂ ਬੈਂਕ ਦੇ ਬਕਾਇਆ ਕਰਜ਼ਿਆਂ ਦੀ ਵਸੂਲੀ ਲਈ ਈ-ਨਿਲਾਮੀ ਰਾਹੀਂ ਹੇਠਾਂ ਦੱਸੇ ਗਏ ਜਾਇਦਾਦਾਂ ਦੀਆਂ ਸੁਰੱਖਿਅਤ ਸੰਪਤੀਆਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ।

ਤੁਹਾਡਾ ਧਿਆਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(8) ਵੱਲ ਸੱਦਾ ਦਿੱਤਾ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ (ਭਾਵ 30 ਦਿਨ) ਦੇ ਸੰਬੰਧ ਵਿੱਚ। ਕਿਰਪਾ ਕਰਕੇ ਧਿਆਨ ਦਿਓ ਕਿ ਧਾਰਾ 13(8) ਦੇ ਅਧੀਨ ਤੁਹਾਡਾ ਅਧਿਕਾਰ ਜਨਤਕ ਨਿਲਾਮੀ ਲਈ ਨੋਟਿਸ ਪ੍ਰਕਾਸ਼ਨ ਦੀ ਮਿਤੀ ਤੋਂ ਖਤਮ ਹੋ ਜਾਵੇਗਾ ਜਾਂ ਸੁਰੱਖਿਅਤ ਸੰਪਤੀ ਦੇ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੁਆਰਾ ਟ੍ਰਾਂਸਫਰ ਲਈ ਜਨਤਕ ਜਾਂ ਨਿੱਜੀ ਸੰਧੀ ਤੋਂ ਹਵਾਲੇ ਜਾਂ ਟੈਂਡਰ ਮੰਗੇਗਾ।

**ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-**

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਆਕਸ਼ਨ ਵਿਕਰੀ ਨੋਟਿਸ, ਸੁਰੱਖਿਆ ਵਿਆਜ (ਲਾਗੂਕਰਨ) ਰੂਲਜ਼, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ।

ਈ ਨਿਲਾਮੀ ਦੀ ਮਿਤੀ ਅਤੇ ਸਮਾਂ: 29.06.2026

| | | |
|---|---|---|
| ਕਰਜ਼ਦਾਰ ਅਤੇ ਜ਼ਾਮਨਾਂ ਦਾ ਨਾਮ | 1. ਸ਼੍ਰੀਮਤੀ ਮਨਵੀਨ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਪਤਾ ਬੀ-1-1353 ਦੀਵਾਨ ਗੈਸ ਏਜੰਸੀ ਨੇੜੇ ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ 141001 (ਕਰਜ਼ਦਾਰ/ਗਿਰਵੀਕਾਰ)<br>2. ਸ਼੍ਰੀ ਗੁਰਮੀਤ ਸਿੰਘ ਪੁੱਤਰ ਸ਼੍ਰੀ ਮਨਮੋਹਨ ਸਿੰਘ ਪਤਾ ਬੀ-1-1353 ਦੀਵਾਨ ਗੈਸ ਏਜੰਸੀ ਨੇੜੇ ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ 141001 (ਜ਼ਾਮਨ)<br>3. ਸ਼੍ਰੀ ਤੇਗਵੀਰ ਸਿੰਘ ਪੁੱਤਰ ਸ਼੍ਰੀ. ਗੁਰਮੀਤ ਸਿੰਘ ਪਤਾ ਬੀ-1-1353 ਦੀਵਾਨ ਗੈਸ ਏਜੰਸੀ ਨੇੜੇ ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ 141001 (ਜ਼ਾਮਨ) | |
| ਮੰਗ ਸੂਚਨਾ ਦੀ ਮਿਤੀ ਅਤੇ ਰਕਮ ਖਾਤੇ ਦਾ ਵੇਰਵਾ | ਮਿਤੀ 15.12.2020 ਹੈ 19,81,206.92/- ਰੁਪਏ ਦੀ ਰਕਮ + ਭਵਿੱਖੀ ਵਿਆਜ ਅਤੇ ਲਾਗਤਾਂ 01.12.2020 ਤੋਂ 01451200000833 | |
| 30.04.2026 ਤੱਕ ਕੁੱਲ ਬਕਾਏ | 38,38,160.12 | |
| ਜਾਇਦਾਦਾਂ ਦਾ ਵੇਰਵਾ | | ਐਮਆਰਪੀ (ਲੱਖ ’ਚ) |
| 1.ਸ਼੍ਰੀਮਤੀ ਮਨਵੀਨ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਦੇ ਨਾਮ ’ਤੇ ਪੰਜੀਕ੍ਰਿਤ ਤਬਾਦਲਾ ਡੀਡ ਵਸੀਕਾ ਨੰ. 18914 ਮਿਤੀ 03.01..2018 ਦੇ ਅਧੀਨ ਪਿੰਡ ਮਾਹਲ ਭਗਤ ਹੱਦਬਸਤ ਨੰ. 164, ਇਲਾਕਾ ਰਾਮ ਨਗਰ ਵਜੋਂ ਜਾਣੂੰ, ਸਿਵਲ ਲਾਈਨਜ਼, ਲੁਧਿਆਣਾ ਦੇ ਮਾਲ ਖੇਤਰ ਅੰਦਰ ਸਥਿਤ ਸਾਲ 2009-10 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 2101/1805/829, ਖੇਵਟ ਨੰਬਰ 2726/1, ਖਤੌਨੀ ਨੰਬਰ 3336/1 ਵਿੱਚ ਸ਼ਾਮਲ 136-5/9 ਵਰਗ ਗਜ਼ ਮਾਪ ਵਾਲੀ ਐਮਸੀ ਨੰ ਬੀ-1-1421/1 ਅਧੀਨ ਸੰਪੱਤੀ ਦੀ ਈਐਮ। | | Rs. 98.65 Lakh |

ਅਧਿਕਾਰਤ ਅਧਿਕਾਰੀ

# ਖੇਡ ਸੰਸਾਰ

## 'ਦ ਗ੍ਰੇਟ ਗਾਮਾ': ਪਟਿਆਲਾ ਨਾਲ ਜੁੜੇ ਉਸ ਭਲਵਾਨ ਦੀ ਕਹਾਣੀ, ਜੋ ਕਦੇ ਨਹੀਂ ਸੀ ਹਾਰਿਆ

ਵਕਾਰ ਮੁਸਤਫ਼ਾ

**ਪੰਜਾਬ** ਦੀ ਰਿਆਸਤ ਪਟਿਆਲਾ ਵਿੱਚ 28 ਜਨਵਰੀ 1928 ਨੂੰ ਹੋਣ ਵਾਲੀ ਉਸ ਕੁਸ਼ਤੀ ਦੀ ਅਜਿਹੀ ਧੂਮ ਸੀ ਕਿ ਕਈ ਹਿੰਦੁਸਤਾਨੀ ਰਿਆਸਤਾਂ ਦੇ ਰਾਜੇ ਅਤੇ ਬ੍ਰਿਟਿਸ਼ ਅਧਿਕਾਰੀਆਂ ਸਮੇਤ ਹਜ਼ਾਰਾਂ ਲੋਕਾਂ ਦਾ ਹਜੂਮ ਇਕੱਠਾ ਹੋ ਗਿਆ। ਮੁਕਾਬਲੇ ਵਿੱਚ ਸਨ 'ਜ਼ਬਿਸ਼ਕੋ' ਕਹੇ ਜਾਣ ਵਾਲੇ ਪੋਲੈਂਡ ਦੇ ਭਲਵਾਨ ਸਟੈਨਿਸਲਾਵ ਸਾਇਗਾਨੀਵੋਵਿਚ ਅਤੇ 'ਗਾਮਾ' ਦੇ ਨਾਮ ਨਾਲ ਮਸ਼ਹੂਰ ਬ੍ਰਿਟਿਸ਼ ਭਾਰਤ ਦੇ ਭਲਵਾਨ ਗੁਲਾਮ ਹੁਸੈਨ ਜਾਂ ਗਾਮਾ। ਹੋ ਸਕਦਾ ਹੈ ਕਿ ਕੁਝ ਪੜ੍ਹਨ ਵਾਲੇ ਕਹਿਣ ਕਿ ਗਾਮਾ ਦਾ ਅਸਲ ਨਾਮ ਗੁਲਾਮ ਮੁਹੰਮਦ ਸੀ। ਪਰ ਸਈਦ ਆਗਾ ਅਸ਼ਅਰ ਲਖਨਵੀ ਦੀ ਕਿਤਾਬ 'ਗਾਮਾ ਗਮਕ', ਫ਼ਹੀਮੁੱਦੀਨ ਫ਼ਹਮੀ ਦੀ ਲਿਖੀ ਗਾਮਾ ਦੀ ਜੀਵਨੀ 'ਰੁਸਤਮ-ਏ-ਜ਼ਮਾਂ ਗਾਮਾ' ਅਤੇ ਅਖ਼ਤਰ ਹੁਸੈਨ ਸ਼ੇਖ਼ ਦੀ ਕਿਤਾਬ 'ਦਾਸਤਾਨ-ਏ-ਤਾਰੀਖ਼-ਏ-ਪਹਿਲਵਾਨੀ' ਤੋਂ ਪਤਾ ਲੱਗਦਾ ਹੈ ਕਿ ਗਾਮਾ ਦਾ ਅਸਲ ਨਾਮ ਗੁਲਾਮ ਹੁਸੈਨ ਹੀ ਸੀ। ਇਨ੍ਹਾਂ ਸਾਰੀਆਂ ਕਿਤਾਬਾਂ ਵਿੱਚ ਜੋ ਗੱਲਾਂ ਦਰਜ ਹਨ ਉਹ ਰਿਆਸਤ ਦੇ ਸਰਕਾਰੀ ਦਸਤਾਵੇਜ਼ਾਂ ਅਤੇ ਰੈਵੇਨਿਊ ਰਿਕਾਰਡਾਂ ਤੋਂ ਲਈਆਂ ਗਈਆਂ ਹਨ। ਇਸ ਤੋਂ ਇਲਾਵਾ ਖ਼ੁਦ ਗਾਮਾ, ਉਨ੍ਹਾਂ ਦੇ ਸਗੇ-ਸੰਬੰਧੀਆਂ ਅਤੇ ਉਨ੍ਹਾਂ ਦੇ ਹੋਰ ਚਾਹੁਣ ਵਾਲਿਆਂ ਤੋਂ ਮਿਲੀ ਜਾਣਕਾਰੀ ਅਤੇ ਜਾਂਚੀਆਂ-ਪਰਖੀਆਂ ਗੱਲਾਂ ਸ਼ਾਮਲ ਹਨ। ਗੁਲਾਮ ਹੁਸੈਨ ਉਰਫ਼ ਗਾਮਾ 22 ਮਈ 1878 ਨੂੰ ਅਜ਼ੀਜ਼ (ਪੂਰਾ ਨਾਮ ਅਬਦੁਲ ਅਜ਼ੀਜ਼ ਜਾਂ ਅਜ਼ੀਜ਼ ਬਖ਼ਸ਼) ਦੇ ਘਰ ਰਿਆਸਤ ਦਤੀਆ ਵਿੱਚ ਪੈਦਾ ਹੋਏ ਜੋ ਹੁਣ ਮੌਜੂਦਾ ਮੱਧ ਪ੍ਰਦੇਸ਼ ਦਾ ਹਿੱਸਾ ਹੈ। ਅਜ਼ੀਜ਼ ਦੇ ਪਿਤਾ ਕਸ਼ਮੀਰ ਤੋਂ ਅੰਮ੍ਰਿਤਸਰ ਜਾ ਕੇ ਵੱਸ ਗਏ ਸਨ। ਗਾਮਾ ਦੇ ਜਨਮ ਵੇਲੇ ਅਜ਼ੀਜ਼ ਬਖ਼ਸ਼ ਰਿਆਸਤ ਦਤੀਆ ਨਾਲ ਬਤੌਰ ਭਲਵਾਨ ਜੁੜੇ ਹੋਏ ਸਨ। ਅਖ਼ਤਰ ਸ਼ੇਖ਼ ਦੇ ਮੁਤਾਬਕ ਗਾਮਾ ਦੀ ਉਮਰ ਜਦੋਂ ਛੇ ਸਾਲ ਤੋਂ ਕੁਝ ਮਹੀਨੇ ਘੱਟ ਸੀ ਤਾਂ ਉਨ੍ਹਾਂ ਦੇ ਪਿਤਾ ਗੁਜ਼ਰ ਗਏ। ਉਦੋਂ ਤੱਕ ਉਨ੍ਹਾਂ ਨੇ ਗਾਮਾ ਨੂੰ ਕੁਸ਼ਤੀ ਨਾਲ ਰੂ-ਬ-ਰੂ ਕਰਾ ਦਿੱਤਾ ਸੀ। ਗਾਮਾ ਦੇ ਛੋਟੇ ਭਰਾ ਇਮਾਮ ਬਖ਼ਸ਼ ਪਿਤਾ ਦੀ ਮੌਤ ਦੇ ਦੋ ਮਹੀਨੇ ਬਾਅਦ ਪੈਦਾ ਹੋਏ। ਆਪਣੇ ਨਾਨਾ ਨੂਨ (ਅਮੀਰ ਬਖ਼ਸ਼) ਭਲਵਾਨ ਕੋਲ ਪਲਣ ਕਰਕੇ ਗਾਮਾ ਨੂੰ 'ਗਾਮਾ ਨੂਨ ਵਾਲਾ' ਵੀ ਕਿਹਾ ਜਾਂਦਾ ਸੀ। ਨੂਨ ਭਲਵਾਨ ਦਾ ਕਤਲ ਹੋਇਆ ਤਾਂ ਉਨ੍ਹਾਂ ਦੇ ਪੁੱਤਰ ਭਾਵ ਗਾਮਾ ਦੇ ਮਾਮੂ ਈਦਾ ਭਲਵਾਨ ਨੇ ਗਾਮਾ ਨੂੰ ਆਪਣੇ ਕੋਲ ਰੱਖਿਆ। ਪ੍ਰਸ਼ਾਂਤ ਕਿਡਾਂਬੀ ਆਪਣੀ ਕਿਤਾਬ 'ਕ੍ਰਿਕਟ ਕੰਟਰੀ: ਐਨ ਇੰਡਿਅਨ ਓਡਿਸੀ ਇਨ ਦਿ ਏਜ ਆਫ਼ ਐਂਪਾਇਰ' ਵਿੱਚ ਲਿਖਦੇ ਹਨ ਕਿ ਕਿਹਾ ਜਾਂਦਾ ਹੈ ਕਿ ਈਦਾ ਭਲਵਾਨ ਨੇ ਵਾਅਦਾ ਕੀਤਾ ਸੀ ਕਿ ਉਹ ਗਾਮਾ ਨੂੰ "ਉਹੋ ਜਿਹਾ ਚੈਂਪੀਅਨ ਭਲਵਾਨ ਬਣਾਉਣਗੇ ਜਿਵੇਂ ਉਨ੍ਹਾਂ ਦੇ ਪਿਤਾ ਉਨ੍ਹਾਂ ਨੂੰ ਦੇਖਣਾ ਚਾਹੁੰਦੇ ਸਨ।" ਆਪਣੇ ਪਿਤਾ ਦੀ ਖ਼ਾਹਿਸ਼ ਪੂਰੀ ਕਰਨ ਲਈ ਗਾਮਾ ਨੇ ਬਹੁਤ ਸਖ਼ਤ ਕਸਰਤ ਦਾ ਨਿਯਮ ਅਪਣਾਇਆ।

### 10 ਸਾਲ ਦੀ ਉਮਰ ਵਿੱਚ 400 ਭਲਵਾਨਾਂ ਵਿੱਚ ਸਭ ਤੋਂ ਵੱਧ ਉਠਕ-ਬੈਠਕ

ਜੋਸੇਫ਼ ਆਲਟਰ ਨੇ ਆਪਣੀ ਕਿਤਾਬ 'ਗਾਂਧੀਜ਼ ਬਾਡੀ' ਦੇ ਇੱਕ ਅਧਿਆਇ 'ਗਾਮਾ ਦਿ ਗ੍ਰੇਟ' ਵਿੱਚ ਲਿਖਿਆ ਕਿ ਗਾਮਾ ਨੇ ਸਿਰਫ਼ ਦੱਸ ਸਾਲ ਦੀ ਉਮਰ ਵਿੱਚ 400 ਭਲਵਾਨਾਂ ਦੇ ਵਿਚਕਾਰ ਸਭ ਤੋਂ ਵੱਧ ਬੈਠਕਾਂ ਲਗਾਈਆਂ। ਰੋਨੋਜੋਏ ਸੇਨ ਲਿਖਦੇ ਹਨ ਕਿ ਇਸ ਮੁਕਾਬਲੇ ਵਿੱਚ 400 ਤੋਂ ਵੱਧ ਭਲਵਾਨਾਂ ਵਿੱਚੋਂ ਉਹ ਆਖ਼ਰੀ 15 ਭਲਵਾਨਾਂ ਵਿੱਚ ਸ਼ਾਮਲ ਸਨ। ਘੱਟ ਉਮਰ ਹੋਣ ਕਾਰਨ ਜੋਧਪੁਰ ਦੇ ਮਹਾਰਾਜਾ ਜਸਵੰਤ ਸਿੰਘ ਨੇ ਉਨ੍ਹਾਂ ਨੂੰ ਜੇਤੂ ਐਲਾਨ ਦਿੱਤੀ ਅਤੇ ਆਪਣੇ ਸਰਪਰਸਤੀ ਵਿੱਚ ਲੈ ਲਿਆ।

ਸ਼ੇਖ਼ ਅਤੇ ਫ਼ਹਮੀ ਦੇ ਮੁਤਾਬਕ ਉਮਰ ਦੇ ਆਖ਼ਰੀ ਹਿੱਸੇ ਵਿੱਚ ਗਾਮਾ ਨੇ ਕਿਹਾ ਸੀ, "ਮੈਨੂੰ ਇਹ ਤਾਂ ਅੰਦਾਜ਼ਾ ਨਹੀ ਕਿ ਕਿੰਨੇ ਸਪਾਟੇ ਲਗਾਏ ਪਰ ਮੇਰੀਆਂ ਤਮਾਮ ਮਾਸਪੇਸ਼ੀਆਂ ਅਕੜ ਗਈਆਂ ਸਨ ਅਤੇ ਮੈਂ ਇੱਕ ਹਫ਼ਤਾ ਮੰਜੇ ਤੋਂ ਨਾ ਉੱਠ ਸਕਿਆ ਸੀ।" ਲਖਨਵੀ ਨੇ ਲਿਖਿਆ ਕਿ ਜੋਧਪੁਰ ਵਿੱਚ ਗਾਮਾ ਦੇ ਦੂਜੇ ਮਾਮੂ ਬੂਟਾ ਭਲਵਾਨ ਨੇ ਰਾਜਾ ਜਸਵੰਤ ਸਿੰਘ ਦੀ ਰਾਇ ਨਾਲ ਗਾਮਾ ਅਤੇ ਇਮਾਮ ਬਖ਼ਸ਼ ਦੋਵਾਂ ਨੂੰ ਉਸਤਾਦ ਮਾਧੋ ਸਿੰਘ ਦੀ ਸ਼ਾਗਿਰਦੀ ਵਿੱਚ ਦੇ ਦਿੱਤਾ। ਉੱਥੇ ਚਾਰ ਸਾਲ ਦੀ ਟ੍ਰੇਨਿੰਗ ਸੀ। ਜੋਧਪੁਰ ਦੇ ਰਾਜੇ ਦੀ ਮੌਤ ਤੋਂ ਬਾਅਦ ਗਾਮਾ ਫਿਰ ਦਤੀਆ ਵਾਪਸ ਆ ਗਏ।

### 15 ਘੰਟੇ ਕਸਰਤ

ਲਖਨਵੀ ਲਿਖਦੇ ਹਨ ਕਿ ਦਤੀਆ ਦੇ ਬਾਹਰ ਇੱਕ ਬਹੁਤ ਵੱਡੇ ਬਾਗ਼ ਵਿੱਚ ਮੌਜੂਦ ਸਰਕਾਰੀ ਪੀਲੀ ਕੋਠੀ ਵਿੱਚ ਗਾਮਾ ਨੇ ਅਖਾੜਾ ਬਣਾਇਆ ਸੀ। "ਗਾਮਾ ਹਰ ਦਿਨ ਦੋ ਹਜ਼ਾਰ ਡੰਡ (ਪੁਸ਼-ਅਪਸ ਜਾਂ ਡਿਪਸ), ਕਰਦੇ ਜੋ ਟੰਗਾਂ ਅਤੇ ਕੂਲ੍ਹਿਆਂ ਦੇ ਮਸਲਜ਼ ਨੂੰ ਮਜ਼ਬੂਤ ਬਣਾਉਣ ਲਈ ਹੁੰਦੇ ਸਨ। ਉਹ ਪੰਜ ਹਜ਼ਾਰ ਬੈਠਕਾਂ (ਸਕਵਾਟਸ) ਕਰਦੇ ਅਤੇ ਦੋ ਹਜ਼ਾਰ ਹੱਥ ਮੁਗਦਰ (ਭਲਵਾਨੀ ਵਿੱਚ ਕਸਰਤ ਲਈ ਵਰਤਿਆ ਜਾਣ ਵਾਲਾ ਡੰਡਾ ਜੋ ਇੱਕ ਪਾਸੇ ਤੋਂ ਭਾਰੀ ਹੁੰਦਾ ਹੈ) ਫੇਰਦੇ ਸਨ।" "ਪੱਥਰ ਦਾ ਇੱਕ ਪਾਟ, ਜਿਸਦਾ ਵਜ਼ਨ ਲਗਭਗ ਪੰਜ ਮਣ ਹੋਵੇਗਾ (ਜੋ ਮੈਂ ਵੇਖਿਆ), ਗਾਮਾ ਆਪਣੇ ਗਲ ਵਿੱਚ ਪਾ ਕੇ ਬਾਗ਼ ਦਾ ਪੂਰਾ ਚੱਕਰ ਦੌੜ ਕੇ ਲਗਾਉਂਦੇ ਸਨ ਜਿਸਦੀ ਦੂਰੀ ਇੱਕ ਮੀਲ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀ। ਤੇਲ ਦੀ ਮਾਲਿਸ਼ ਬਹੁਤ ਘੱਟ ਕਰਾਉਂਦੇ ਸਨ।" ਕਿਤਾਬ 'ਭਲਵਾਨਾਂ ਦੀ ਦੁਨੀਆ' ਦੇ ਲੇਖਕ ਅਤੇ ਭਾਰਤ ਦੇ ਭਲਵਾਨ ਬਰਕਤ ਅਲੀ ਲਿਖਦੇ ਹਨ ਕਿ ਸਵੇਰੇ ਦੋ ਤੋਂ ਦੱਸ ਵਜੇ ਤੱਕ ਹਰ ਦਿਨ ਗਾਮਾ ਸਰੀਰ ਦੇ ਹੇਠਲੇ ਹਿੱਸੇ ਦੀ ਅਤੇ ਦੁਪਹਿਰ ਦੋ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਸਰੀਰ ਦੇ ਉੱਪਰਲੇ ਹਿੱਸੇ ਦੀ ਕਸਰਤ ਕਰਦੇ ਸਨ। "ਹਰ ਸ਼ਾਮ ਉਹ ਦੋ ਘੰਟੇ ਪੈਦਲ ਤੁਰਦੇ। ਇਸ ਲਈ ਅਸੀ ਕਹਿ ਸਕਦੇ ਹਾਂ ਕਿ ਗਾਮਾ 24 ਘੰਟਿਆਂ ਵਿੱਚੋਂ 15 ਘੰਟੇ ਕਸਰਤ ਕਰਦੇ ਸਨ।"

### ਖ਼ੁਰਾਕ: 20 ਲੀਟਰ ਦੁੱਧ, 6 ਕੁੱਕੜ ਅਤੇ ਬਹੁਤ ਕੁਝ

ਕਿਡਾਂਬੀ ਦੇ ਮੁਤਾਬਕ ਇੰਨੀ ਸਖ਼ਤ ਸਰੀਰਕ ਮਿਹਨਤ ਲਈ ਆਪਣੇ ਸਰੀਰ ਨੂੰ ਤਾਕਤ ਦੇਣ ਦੇ ਮਕਸਦ ਨਾਲ ਉਹ ਯਖ਼ਨੀ (ਜੋ ਗੋਸ਼ਤ ਅਤੇ ਹੱਡੀਆਂ ਤੋਂ ਤਿਆਰ ਕੀਤਾ ਗਿਆ ਸ਼ੋਰਬਾ ਸੀ), ਭਾਰੀ ਮਾਤਰਾ ਵਿੱਚ ਪੀਂਦੇ ਸਨ। ਇਸ ਤੋਂ ਇਲਾਵਾ ਹਰ ਦਿਨ 20 ਲੀਟਰ ਦੁੱਧ, ਅੱਧਾ ਲੀਟਰ ਘਿਉ, ਪੌਣ ਕਿਲੋ ਮੱਖਣ ਅਤੇ ਚਾਰ ਕਿਲੋ ਫਲ ਖਾਂਦੇ ਸਨ। ਅਖ਼ਤਰ ਹੁਸੈਨ ਸ਼ੇਖ਼ ਦੇ ਮੁਤਾਬਕ ਗਾਮਾ ਬਚਪਨ ਵਿੱਚ ਰੋਜ਼ਾਨਾ 500 ਡੰਟਰ (ਡੰਡ) ਅਤੇ ਓਨੇ ਹੀ ਸਪਾਟੇ (ਬੈਠਕਾਂ) ਲਗਾਉਂਦੇ ਸਨ। 15 ਸਾਲ ਦੀ ਉਮਰ ਵਿੱਚ ਉਹ ਤਿੰਨ ਹਜ਼ਾਰ ਸਪਾਟੇ ਅਤੇ ਓਨੇ ਹੀ ਡੰਟਰ ਪੇਲਦੇ ਸਨ। 20 ਸਾਲ ਦੀ ਉਮਰ ਵਿੱਚ ਇਹ ਤਾਦਾਦ ਵੱਧ ਕੇ ਪੰਜ ਹਜ਼ਾਰ ਡੰਟਰ ਅਤੇ ਤਿੰਨ ਤੋਂ ਚਾਰ ਹਜ਼ਾਰ ਸਪਾਟਿਆਂ ਤੱਕ ਪਹੁੰਚ ਗਈ। 25 ਤੋਂ 50 ਸਾਲ ਦੀ ਉਮਰ ਤੱਕ ਉਹ ਆਮ ਤੌਰ 'ਤੇ ਹਰ ਦਿਨ ਛੇ ਹਜ਼ਾਰ ਸਪਾਟੇ ਅਤੇ ਪੰਜ ਹਜ਼ਾਰ ਡੰਟਰ ਪੇਲਦੇ ਸਨ। "ਖ਼ੁਰਾਕ ਵਿੱਚ ਰੋਜ਼ਾਨਾ ਦੇ ਛੇ ਕੁੱਕੜ ਜਾਂ ਪੰਜ ਸੇਰ (ਲਗਭਗ 4.5 ਕਿਲੋ) ਛੋਟੇ ਗੋਸ਼ਤ (ਮਟਨ) ਦੀ ਯਖ਼ਨੀ ਦੇ ਨਾਲ ਪਾਈਆ ਘਿਓ, 10 ਸੇਰ ਦੁੱਧ, ਅੱਧਾ ਸੇਰ ਘਿਓ, ਪੌਣ ਸੇਰ ਬਾਦਾਮ ਅਤੇ ਕਈ ਤਰ੍ਹਾਂ ਦੇ ਮੁਰੱਬੇ ਹੁੰਦੇ ਸਨ।" ਗਾਮਾ ਭੋਪਾਲ ਦੇ ਨੇੜੇ ਰਿਆਸਤ ਰੀਵਾਂ (ਰੀਵਾ) ਦੇ ਰਾਜਾ ਪ੍ਰਤਾਪ ਸਿੰਘ ਦੀ ਦੇਖ-ਰੇਖ ਵਿੱਚ ਵੀ ਰਹੇ ਜਿੱਥੇ ਮੀਰਾਂ ਸਿੰਘ ਭੱਖੀ ਵਾਲਾ ਨੇ ਉਨ੍ਹਾਂ ਦੇ ਹੁਨਰ ਨੂੰ ਤਰਾਸ਼ਿਆ। ਕਿਡਾਂਬੀ ਨੇ ਲਿਖਿਆ ਕਿ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਗਾਮਾ ਦਤੀਆ ਦੇ ਦਰਬਾਰ ਵਿੱਚ ਭਲਵਾਨ ਰੱਖੇ ਗਏ।

ਉਨ੍ਹਾਂ ਨੇ ਕਈ ਰਿਆਸਤਾਂ ਦੇ ਨਾਮੀ ਭਲਵਾਨਾਂ ਨੂੰ ਲਗਾਤਾਰ ਸ਼ਿਕਸਤ ਦਿੱਤੀ ਅਤੇ ਖ਼ੂਬ ਨਾਮ ਕਮਾਇਆ। "ਉਨ੍ਹਾਂ ਦੀ ਸਭ ਤੋਂ ਵੱਡੀ ਜਿੱਤ ਗੁਲਾਮ ਮੋਹਿਉੱਦੀਨ 'ਤੇ ਸੀ, ਜੋ ਖ਼ੁਦ ਵੀ ਉਸ ਵੇਲੇ ਦੇ ਇੱਕ ਤੇਜ਼-ਤਰਾਰ ਭਲਵਾਨ ਸਨ।" "ਇਨ੍ਹਾਂ ਵਰ੍ਹਿਆਂ ਵਿੱਚ ਸਿਰਫ਼ ਰਹੀਮ ਸੁਲਤਾਨੀ ਵਾਲਾ ਹੀ ਅਜਿਹੇ ਭਲਵਾਨ ਸਨ ਜੋ ਗਾਮਾ ਦੇ ਸਾਹਮਣੇ ਡਟ ਸਕੇ।

1907 ਤੋਂ 1909 ਦੇ ਵਿਚਕਾਰ ਇਨ੍ਹਾਂ ਦੋਵਾਂ ਭਲਵਾਨਾਂ ਵਿੱਚ ਤਿੰਨ ਮੁਕਾਬਲੇ ਹੋਏ ਪਰ ਕੋਈ ਵੀ ਸਪਸ਼ਟ ਜੇਤੂ ਨਾ ਬਣ ਸਕਿਆ। ਇਸਦੇ ਬਾਵਜੂਦ ਦਹਾਕੇ ਦੇ ਅੰਤ ਤੱਕ ਜ਼ਿਆਦਾਤਰ ਸਮੀਖਿਅਕ ਗਾਮਾ ਨੂੰ ਹਿੰਦੁਸਤਾਨ ਦਾ ਸਭ ਤੋਂ ਵੱਡਾ ਭਲਵਾਨ ਮੰਨਣ ਲੱਗੇ ਸਨ।" ਲਖਨਵੀ ਦੇ ਮੁਤਾਬਕ ਖ਼ੁਦ ਗਾਮਾ ਨੇ ਆਪਣੀਆਂ 16 ਵੱਡੀਆਂ ਕੁਸ਼ਤੀਆਂ ਦੀ ਚਰਚਾ ਕਰਦੇ ਹੋਏ 12 ਸਾਲ ਦੀ ਉਮਰ ਵਿੱਚ ਪਹਿਲੀ ਕੁਸ਼ਤੀ ਜਿੱਤਣ ਦੀ ਗੱਲ ਦੱਸੀ। ਸ਼ੇਖ਼ ਨੇ ਲਿਖਿਆ ਕਿ ਗੁਲਾਮ ਮੋਹਿਉੱਦੀਨ ਦੇ ਖ਼ਿਲਾਫ਼ ਇਸ ਕੁਸ਼ਤੀ ਨੂੰ ਉਸਤਾਦ ਲੋਕ 'ਅੱਧ-ਮਿੰਟੀ' ਕੁਸ਼ਤੀ ਦੱਸਦੇ ਹਨ। ਇਸ ਜਿੱਤ 'ਤੇ ਰਿਆਸਤ ਦਤੀਆ ਦੇ ਸ਼ਾਸਕ ਨੇ ਗਾਮਾ ਨੂੰ ਵੀਹ ਹਜ਼ਾਰ ਰੁਪਏ ਅਤੇ 22 ਸੇਰ ਵਜ਼ਨੀ ਚਾਂਦੀ ਦੀ ਗਦਾ ਇਨਾਮ ਵਿੱਚ ਦਿੱਤਾ।




### 'ਮੁਕਾਬਲਾ ਸਿਰਫ਼ ਰਹੀਮ ਸੁਲਤਾਨੀ ਵਾਲਾ ਕਰ ਸਕੇ'

ਗਾਮਾ ਨੇ ਰਹੀਮ ਸੁਲਤਾਨੀ ਵਾਲਾ ਨਾਲ ਪਹਿਲੀ ਵਾਰ ਮੁਕਾਬਲਾ ਬਰਾਬਰ ਰਹਿਣ ਨੂੰ 'ਇੱਕ ਤਰ੍ਹਾਂ ਦੀ ਜਿੱਤ' ਦੱਸਿਆ ਸੀ ਕਿਉਂਕਿ ਉਨ੍ਹਾਂ ਦੇ ਮੁਤਾਬਕ "ਹਿੰਦੁਸਤਾਨ ਵਿੱਚ ਉਸ ਵੇਲੇ ਦੂਜਾ ਉਨ੍ਹਾਂ ਦੀ ਟੱਕਰ ਦਾ ਭਲਵਾਨ ਨਹੀ ਸੀ।" ਬਾਅਦ ਵਿੱਚ ਇੰਦੌਰ ਅਤੇ ਲਾਹੌਰ ਵਿੱਚ ਵੀ ਉਨ੍ਹਾਂ ਨਾਲ ਮੁਕਾਬਲਾ ਬਰਾਬਰ ਰਿਹਾ ਪਰ ਉਨ੍ਹਾਂ ਦੇ ਮੁਤਾਬਕ ਇਲਾਹਾਬਾਦ ਵਿੱਚ "ਖ਼ੁਦਾ ਨੇ ਮੈਨੂੰ ਫ਼ਤਹ ਦਿੱਤੀ ਅਤੇ ਰੁਸਤਮ-ਏ-ਹਿੰਦ ਦਾ ਗੁਰਜ਼ (ਗਦਾ) ਮੈਨੂੰ ਮਿਲ ਗਿਆ।" ਸ਼ੇਖ਼ ਨੇ ਲਿਖਿਆ, "ਰਹੀਮ, ਰੁਸਤਮ-ਏ-ਜ਼ਮਾਂ ਦੀ ਜ਼ਦ ਵਿੱਚ ਆ ਗਏ। ਦਾਅ ਇੰਨਾ ਕਾਮਯਾਬ ਸੀ, ਵਾਰ ਇੰਨਾ ਡੂੰਘਾ ਸੀ ਕਿ ਮੁਕਾਬਲੇਬਾਜ਼ ਆਪਣੇ ਬੇਮਿਸਾਲ ਹੁਨਰ ਦੇ ਬਾਵਜੂਦ ਧੜਾਮ ਨਾਲ ਅਖਾੜੇ ਵਿੱਚ ਡਿੱਗ ਪਿਆ ਅਤੇ ਵਰ੍ਹਿਆਂ ਦੀ ਕਸ਼ਮਕਸ਼ ਦਾ ਫ਼ੈਸਲਾ ਹੋ ਗਿਆ। ਇਹ ਕੁਸ਼ਤੀ ਦਾ 45ਵਾਂ ਮਿੰਟ ਸੀ। ਰਹੀਮ ਨੇ ਆਪਣੀ ਹਾਰ ਕਬੂਲ ਕਰ ਲਈ।" ਗਾਮਾ ਦਾ ਕਹਿਣਾ ਸੀ, "ਮੇਰਾ ਮੁਕਾਬਲਾ ਜੇ ਕੋਈ ਕਰ ਸਕਿਆ ਤਾਂ ਉਹ ਰਹੀਮ ਬਖ਼ਸ਼ ਸਨ ਅਤੇ ਉਨ੍ਹਾਂ ਦੀ ਵਜ੍ਹਾ ਨਾਲ ਮੈਨੂੰ ਸ਼ੋਹਰਤ ਮਿਲੀ।" "ਹੁਸੈਨ ਬਖ਼ਸ਼ ਮੁਲਤਾਨੀ ਨੂੰ ਇੱਕ ਤੋਂ ਵੱਧ ਵਾਰ ਹਰਾਇਆ। ਪ੍ਰਿੰਸ ਆਫ਼ ਵੇਲਜ਼ ਦੇ ਲਾਹੌਰ ਆਗਮਨ 'ਤੇ ਹਾਤੂ ਖ਼ਾਂ ਮੁਲਤਾਨੀ ਨਾਲ ਕੁਸ਼ਤੀ ਤੈਅ ਸੀ ਪਰ ਉਹ ਮੁਕਾਬਲੇ ਵਿੱਚ ਨਹੀ ਆਏ। ਪ੍ਰਿੰਸ ਬਹਾਦੁਰ ਨੇ ਰੁਸਤਮ-ਏ-ਹਿੰਦ ਦਾ ਗੁਰਜ਼ ਮੈਨੂੰ ਦਿੱਤਾ।"

### ਵਿਦੇਸ਼ੀ ਮੁਕਾਬਲੇ ਵਿੱਚ ਵੀ ਕਦੇ ਨਹੀਂ ਹਾਰੇ

ਗਾਮਾ ਨੇ ਵਿਸ਼ਵ ਪੱਧਰ 'ਤੇ ਵੀ ਆਪਣਾ ਨਾਮ ਕਮਾਇਆ ਅਤੇ ਅਜੇਤੂ ਰਹੇ। ਸਾਲ 1910 ਵਿੱਚ ਗਾਮਾ ਨੂੰ 'ਜੌਨ ਬੁਲ ਵਰਲਡ ਚੈਂਪੀਅਨਸ਼ਿਪ' ਵਿੱਚ ਹਿੱਸਾ ਲੈਣ ਲਈ ਲੰਡਨ ਭੇਜਿਆ ਗਿਆ। ਗਾਮਾ, ਉਨ੍ਹਾਂ ਦੇ ਭਰਾ ਅਤੇ ਦੋ ਦੂਜੇ ਭਲਵਾਨਾਂ ਲਈ ਸਾਰਾ ਇੰਤਜ਼ਾਮ ਇੱਕ ਬੰਗਾਲੀ ਕਰੋੜਪਤੀ, ਸਰਤ ਕੁਮਾਰ ਮਿਤ੍ਰਾ ਨੇ ਕੀਤਾ। ਆਲਟਰ ਨੇ ਲਿਖਿਆ ਕਿ ਬਦਕਿਸਮਤੀ ਨਾਲ ਗਾਮਾ ਦਾ ਕੱਦ ਇੰਨਾ ਘੱਟ ਸੀ ਕਿ ਉਨ੍ਹਾਂ ਨੂੰ ਅਧਿਕਾਰਕ ਤੌਰ 'ਤੇ ਮੁਕਾਬਲੇ ਦਾ ਉਮੀਦਵਾਰ ਸਵੀਕਾਰ ਨਹੀ ਕੀਤਾ ਗਿਆ। "ਹਾਲਾਂਕਿ ਇੱਕ ਸਥਾਨਕ ਥੀਏਟਰ ਨੇ ਉਨ੍ਹਾਂ ਨੂੰ ਹਫਤਾਵਾਰੀ 250 ਪਾਉਡ ਸਟਰਲਿੰਗ ਦੇ ਬਦਲੇ ਨੁਮਾਇਸ਼ੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਪੇਸ਼ਕਸ਼ ਕੀਤੀ। ਇਸੀ ਗ਼ੈਰ-ਰਸਮੀ ਮੰਚ ਤੋਂ ਗਾਮਾ ਨੇ ਲੰਡਨ ਦੇ ਤਮਾਮ ਵਿਸ਼ਵ ਪੱਧਰ ਦੇ ਭਲਵਾਨਾਂ ਨੂੰ ਮੁਕਾਬਲੇ ਦੀ ਚੁਣੌਤੀ ਦਿੱਤੀ। ਉਨ੍ਹਾਂ ਨੇ ਐਲਾਨ ਕੀਤਾ ਕਿ ਜੋ ਵੀ ਪੰਜ ਮਿੰਟ ਤੱਕ ਉਨ੍ਹਾਂ ਦੇ ਸਾਹਮਣੇ ਟਿਕ ਗਿਆ, ਉਸਨੂੰ ਉਹ ਪੰਜ ਪਾਉਡ ਦੇਣਗੇ।" "ਗਾਮਾ ਮੁਕਾਬਲੇ ਵਿੱਚ ਉਤਰੇ ਸਾਰੇ ਭਲਵਾਨਾਂ ਨੂੰ ਬਹੁਤ ਘੱਟ ਸਮੇਂ ਵਿੱਚ ਪਛਾੜਦੇ ਰਹੇ। ਇਸ ਤਰ੍ਹਾਂ ਉਨ੍ਹਾਂ ਨੂੰ ਅਧਿਕਾਰਤ ਟੂਰਨਾਮੈਂਟ ਵਿੱਚ ਜਗ੍ਹਾ ਮਿਲ ਗਈ ਜਿੱਥੇ ਉਨ੍ਹਾਂ ਦਾ ਮੁਕਾਬਲਾ ਵਰਲਡ ਚੈਂਪੀਅਨ ਜ਼ਬਿਸ਼ਕੋ ਨਾਲ ਹੋਇਆ।" ਕਿਡਾਂਬੀ ਦੇ ਮੁਤਾਬਕ ਜਿਵੇਂ ਹੀ ਦੋਵੇਂ ਭਲਵਾਨ ਆਹਮੋ-ਸਾਹਮਣਏ ਆਏ, ਪੋਲਿਸ਼ ਭਲਵਾਨ ਤੁਰੰਤ ਜ਼ਮੀਨ 'ਤੇ ਲੇਟ ਗਿਆ ਅਤੇ ਬਾਕਾਇਦਾ ਕੁਸ਼ਤੀ ਲੜਨ ਦੀਆਂ ਤਮਾਮ ਕੋਸ਼ਿਸ਼ਾਂ ਤੋਂ ਬਚਦਾ ਰਿਹਾ। "ਗਾਮਾ ਦੀ ਪੂਰੀ ਕੋਸ਼ਿਸ਼ਾਂ ਅਤੇ ਸਟੇਡੀਅਮ ਵਿੱਚ ਮੌਜੂਦ ਅੱਠ ਹਜ਼ਾਰ ਦਰਸ਼ਕਾਂ ਦੇ ਨਾਰਿਆਂ ਦੇ ਬਾਵਜੂਦ ਉਹ ਆਪਣੀ ਇਸ ਹਾਲਤ ਤੋਂ ਨਹੀ ਹਿਲਿਆ। ਆਖ਼ਿਰਕਾਰ ਢਾਈ ਘੰਟਿਆਂ ਤੋਂ ਕੁਝ ਵੱਧ ਸਮਾਂ ਬੀਤਣ ਤੋਂ ਬਾਅਦ ਇਸ 'ਬੇਨਤੀਜਾ' ਮੁਕਾਬਲੇ ਨੂੰ ਖ਼ਤਮ ਕਰ ਦਿੱਤਾ ਗਿਆ।" "ਜਦੋਂ ਗੁੱਸੇ ਨਾਲ ਭਰੇ ਦਰਸ਼ਕਾਂ ਦੇ ਕੁਝ ਸਮੂਹ ਵਿਰੋਧ ਕਰਨ ਲਈ ਮੈਦਾਨ ਵਿੱਚ ਉਤਰ ਆਏ ਤਾਂ ਨਤੀਜਾ ਹਾਸਲ ਕਰਨ ਦੇ ਮਕਸਦ ਨਾਲ ਅਗਲੇ ਹਫ਼ਤੇ ਦੁਬਾਰਾ ਮੁਕਾਬਲਾ ਤੈਅ ਕੀਤਾ ਗਿਆ।" "ਹਾਲਾਂਕਿ ਗਾਮਾ ਤੈਅ ਸਮੇਂ 'ਤੇ ਸਟੇਡੀਅਮ ਪਹੁੰਚ ਗਏ ਪਰ ਜ਼ਬਿਸ਼ਕੋ ਦਾ ਕਿਤੇ ਅਤਾ-ਪਤਾ ਨਹੀ ਸੀ। ਇਸ ਲਈ ਗਾਮਾ ਨੂੰ ਜੇਤੂ ਐਲਾਨ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ 250 ਪਾਉਡ ਦਾ ਇਨਾਮ ਦਿੱਤਾ ਗਿਆ। ਸੰਸਦ ਮੈਂਬਰ ਹੋਰੇਸ਼ਿਓ ਬਾਟਮਲੀ ਨੇ ਉਨ੍ਹਾਂ ਨੂੰ 'ਜੌਨ ਬੁਲ ਗੋਲਡਨ ਬੈਲਟ' ਵੀ ਭੇਟ ਕੀਤੀ ਜਿਸਨੂੰ ਰੁਸਤਮ-ਏ-ਜ਼ਮਾਨਾ ਦਾ ਪ੍ਰਮਾਣਪੱਤਰ ਮੰਨਿਆ ਜਾ ਚੁੱਕਾ ਸੀ।" ਗਾਮਾ ਅਤੇ ਉਨ੍ਹਾਂ ਦੇ ਸਾਥੀ 1912 ਵਿੱਚ ਪਟਿਆਲਾ ਦੇ ਰਾਜਾ ਭੂਪਿੰਦਰ ਸਿੰਘ ਦੇ ਕੋਲ ਕੰਮ ਕਰਨ ਲੱਗੇ। ਉਨ੍ਹਾਂ ਦੀ ਤਨਖ਼ਾਹ 500 ਰੁਪਏ ਮਹੀਨਾ ਤੈਅ ਹੋਈ ਅਤੇ ਬਾਕੀ ਭਲਵਾਨਾਂ ਦੀ ਸੌ ਰੁਪਏ ਤੋਂ ਤੀਹ ਰੁਪਏ ਤੱਕ।

### ਅਠਾਰਾਂ ਸਾਲ ਬਾਅਦ ਜ਼ਬਿਸ਼ਕੋ ਦੀ ਫਿਰ ਲਲਕਾਰ

ਪਟਿਆਲਾ ਵਿੱਚ ਹੀ ਜ਼ਬਿਸ਼ਕੋ ਦੀ ਹਾਰ ਦੇ 18 ਸਾਲ ਬਾਅਦ ਉਸੇ ਦੀ ਚੁਣੌਤੀ 'ਤੇ ਫਿਰ ਤੋਂ ਕੁਸ਼ਤੀ ਰੱਖੀ ਗਈ। ਉਸ ਸਮੇਂ 'ਹਿੰਦੁਸਤਾਨ ਟਾਈਮਜ਼' ਨੇ ਲਿਖਿਆ ਕਿ ਇਸ ਮੁਕਾਬਲੇ ਲਈ ਬਣਾਏ ਗਏ ਸਟੇਡੀਅਮ ਵਿੱਚ, 'ਇੱਕ ਲੱਖ ਤੋਂ ਵੱਧ ਲੋਕ' ਨਾਰੇ ਲਗਾ ਰਹੇ ਸਨ। ਜੋਸੇਫ਼ ਆਲਟਰ ਨੇ ਆਪਣੀ ਕਿਤਾਬ 'ਗਾਂਧੀਜ਼ ਬਾਡੀ' ਦੇ ਇੱਕ ਅਧਿਆਇ 'ਗਾਮਾ ਦਿ ਗ੍ਰੇਟ' ਵਿੱਚ ਲਿਖਿਆ ਕਿ ਮੁਕਾਬਲਾ ਚਾਰ ਵਜੇ ਸ਼ੁਰੂ ਹੋਣਾ ਸੀ ਪਰ ਜ਼ਬਿਸ਼ਕੋ ਦੇ ਦੇਰ ਨਾਲ ਪਹੁੰਚਣ ਕਾਰਨ ਸਵਾ ਚਾਰ ਵਜੇ ਸ਼ੁਰੂ ਹੋਇਆ। "ਸ਼ੁਰੂਆਤ ਹੋਈ ਹੀ ਸੀ ਕਿ ਗਾਮਾ ਨੇ ਤਿੰਨ ਸੌ ਪਾਉਡ ਵਜ਼ਨੀ ਪੋਲਿਸ਼ ਭਲਵਾਨ ਦੀ ਇੱਕ ਟੰਗ ਫੜੀ ਅਤੇ ਦੂਜੀ ਨੂੰ ਜ਼ਮੀਨ ਤੋਂ ਉਖਾੜ ਦਿੱਤਾ। ਪਲਾਂ ਵਿੱਚ ਜ਼ਬਿਸ਼ਕੋ ਹਾਰ ਪਏ ਸਨ।" ਆਪਣੀ ਕਿਤਾਬ 'ਨੇਸ਼ਨ ਐਟ ਪਲੇ: ਏ ਹਿਸਟਰੀ ਆਫ਼ ਸਪੋਰਟ ਇਨ ਇੰਡੀਆ' ਵਿੱਚ ਰੋਨੋਜੋਏ ਸੇਨ ਲਿਖਦੇ ਹਨ, "ਗਾਮਾ ਸ਼ੇਰ ਵਾਂਗ ਝਪੱਟੇ ਅਤੇ ਸਿਰਫ਼ 30 ਸਕਿੰਟ ਵਿੱਚ ਜ਼ਬਿਸ਼ਕੋ ਨੂੰ ਜ਼ਮੀਨ 'ਤੇ ਸੁੱਟ ਦਿੱਤਾ।" "ਚਾਰੋ ਪਾਸੇ ਜ਼ੋਰਦਾਰ ਅਤੇ ਲਗਾਤਾਰ ਨਾਰਿਆਂ ਦੀ ਗੂੰਜ ਸੀ। ਗਾਮਾ ਅੱਧਾ ਮਿੰਟ ਜ਼ਬਿਸ਼ਕੋ ਦੇ ਉੱਪਰ ਬੈਠੇ ਰਹੇ, ਫਿਰ ਰੈਫ਼ਰੀ ਨੇ ਉਨ੍ਹਾਂ ਨੂੰ ਜੇਤੂ ਅਤੇ ਵਰਲਡ ਚੈਂਪੀਅਨ ਐਲਾਨ ਦਿੱਤਾ।" ਆਲਟਰ ਦੇ ਅਨੁਸਾਰ, "ਪਟਿਆਲਾ ਦੇ ਮਹਾਰਾਜਾ ਨੇ ਗਾਮਾ ਨੂੰ ਗਲੇ ਲਾ ਲਿਆ ਅਤੇ ਕੀਮਤੀ ਮੋਤੀਆਂ ਦਾ ਇੱਕ ਹਾਰ ਆਪਣੇ ਗਲ ਤੋਂ ਉਤਾਰ ਕੇ ਉਨ੍ਹਾਂ ਨੂੰ ਪਹਿਨਾ ਦਿੱਤਾ।" ਫਿਰ ਇੱਕ ਜਲੂਸ ਦਾ ਪ੍ਰਬੰਧ ਕੀਤਾ ਗਿਆ ਜਿਸ ਦੇ ਅੱਗੇ ਮਹਾਰਾਜਾ ਦੇ ਹਾਥੀ 'ਤੇ ਸਵਾਰ ਗਾਮਾ ਸਨ। ਉਨ੍ਹਾਂ ਨੂੰ ਇੱਕ ਚਾਂਦੀ ਦਾ ਗੁਰਜ਼, ਛੇ ਹਜ਼ਾਰ ਰੁਪਏ ਸਾਲਾਨਾ ਵਜ਼ੀਫ਼ਾ ਅਤੇ ਇੱਕ ਪਿੰਡ ਇਨਾਮ ਵਿੱਚ ਦਿੱਤਾ ਗਿਆ। ਇਸ ਜਿੱਤ 'ਤੇ ਅਖ਼ਬਾਰਾਂ ਵਿੱਚ ਗਾਮਾ ਦੀ ਧੂਮ ਸੀ। ਜ਼ਬਿਸ਼ਕੋ ਦੇ ਇਹ ਸ਼ਬਦ ਛਪੇ, "ਗਾਮਾ, ਤੁਸੀ ਵਾਕਈ ਸ਼ੇਰ ਹੋ।" ਗਾਮਾ ਦੇ ਰੁਸਤਮ-ਏ-ਜ਼ਮਾਂ ਦੇ ਖ਼ਿਤਾਬ ਨੂੰ ਪੱਕਾ ਕਰਦਾ ਇਹ ਮੁਕਾਬਲਾ ਉਮੀਦ ਤੋਂ ਕਿਤੇ ਵੱਧ ਛੋਟਾ ਸਾਬਤ ਹੋਇਆ ਸੀ। ਭਲਵਾਨੀ ਦੇ ਇਤਿਹਾਸਕਾਰ ਅਖ਼ਤਰ ਹੁਸੈਨ ਸ਼ੇਖ਼ ਦੇ ਮੁਤਾਬਕ ਖ਼ੁਦ ਗਾਮਾ ਕਹਿੰਦੇ ਹੁੰਦੇ ਸਨ, "ਜਿਸਨੇ ਘੜੀ ਵੇਖੀ, ਉਹ ਕੁਸ਼ਤੀ ਨਹੀ ਵੇਖ ਸਕਿਆ, ਜਿਸਨੇ ਸਿਗਰਟ ਸੁਲਗਾਈ, ਉਹ ਵੀ ਕੁਸ਼ਤੀ ਨਹੀ ਵੇਖ ਸਕਿਆ।" ਸੇਨ ਨੇ ਲਿਖਿਆ ਕਿ ਪ੍ਰਬੰਧਕਾਂ ਨੇ ਬਿਜਲੀ ਦੇ ਬਲਬ ਅਤੇ ਸਰਚ ਲਾਈਟਾਂ ਲਗਾ ਰੱਖੀਆਂ ਸਨ ਕਿਉਂਕਿ ਉਨ੍ਹਾਂ ਨੂੰ ਲੱਗਿਆ ਸੀ ਕਿ ਜੇ ਮੁਕਾਬਲਾ 1910 ਦੇ ਲੰਡਨ ਦੇ ਮੁਕਾਬਲੇ ਵਾਂਗ ਦੋ ਘੰਟਿਆਂ ਤੋਂ ਵੱਧ ਜਾਰੀ ਰਿਹਾ ਤਾਂ ਰੌਸ਼ਨੀ ਦੀ ਲੋੜ ਪਵੇਗੀ।

### ਪੀਟਰਸਨ ਦੀ ਸ਼ਿਕਸਤ

ਪਟਿਆਲਾ ਦੇ ਮੁਕਾਬਲੇ ਤੋਂ ਬਾਅਦ ਜੈਸ ਪੀਟਰਸਨ ਨੇ, ਜੋ ਖ਼ੁਦ ਨੂੰ ਦੁਨੀਆ ਦੇ ਤਮਾਮ ਚੈਂਪੀਅਨਾਂ ਦਾ ਚੈਂਪੀਅਨ ਕਹਿੰਦੇ ਸਨ, 'ਟਾਈਮਜ਼ ਆਫ਼ ਇੰਡੀਆ' ਦੇ ਸੰਪਾਦਕ ਦੇ ਨਾਮ ਖ਼ਤ ਲਿਖ ਕੇ ਗਾਮਾ ਨੂੰ ਚੁਣੌਤੀ ਦਿੱਤੀ। ਪੈਰਿਸ ਵਿੱਚ ਰਹਿਣ ਵਾਲੇ ਪੀਟਰਸਨ ਦਾ ਦਾਅਵਾ ਸੀ ਕਿ ਉਹ ਜ਼ਬਿਸ਼ਕੋ ਨੂੰ ਤਿੰਨ ਵਾਰ ਹਰਾ ਚੁੱਕੇ ਹਨ ਅਤੇ ਉਨ੍ਹਾਂ ਨੇ ਮਹਾਰਾਜਾ ਨੂੰ ਮੁਕਾਬਲੇ ਦਾ ਇੰਤਜ਼ਾਮ ਕਰਨ ਦੀ ਅਪੀਲ ਕੀਤੀ। ਇਹ ਮੁਕਾਬਲਾ 1929 ਦੀ ਸ਼ੁਰੂਆਤ ਵਿੱਚ ਪਟਿਆਲਾ ਵਿੱਚ ਦਸ ਹਜ਼ਾਰ ਦਰਸ਼ਕਾਂ ਅਤੇ ਪਟਿਆਲਾ ਤੇ ਉਸ ਦੇ ਆਸਪਾਸ ਦੀਆਂ ਰਿਆਸਤਾਂ ਦੇ ਸ਼ਾਹੀ ਪਰਿਵਾਰ ਦੇ ਸਾਹਮਣੇ ਹੋਇਆ। ਗਾਮਾ ਨੇ ਇਸ ਵਿੱਚ ਵੀ ਆਸਾਨੀ ਨਾਲ ਕਾਮਯਾਬੀ ਹਾਸਲ ਕੀਤੀ। ਇਸ ਤਰ੍ਹਾਂ ਦੀਆਂ ਚੁਣੌਤੀਆਂ ਦੇਸ਼ ਅਤੇ ਵਿਦੇਸ਼ ਤੋਂ ਗਾਮਾ ਨੂੰ ਮਿਲਦੀਆਂ ਰਹੀਆਂ ਪਰ ਗਾਮਾ ਹਮੇਸ਼ਾ ਅਜੇਤੂ ਰਹੇ। ਇੱਕ ਅਪ੍ਰੈਲ 1912 ਨੂੰ ਸ਼ਾਹੀ ਕਿਲੇ ਦੇ ਸਾਹਮਣੇ ਮਿੰਟੋ ਪਾਰਕ ਵਿੱਚ ਗਾਮਾ ਅਤੇ ਬੁੱਧੂ ਬ੍ਰਾਹਮਣ ਦਾ ਮੁਕਾਬਲਾ ਹੋਇਆ। ਅਖ਼ਤਰ ਸ਼ੇਖ਼ ਲਿਖਦੇ ਹਨ ਕਿ ਹੱਥਾਂ ਵਿੱਚ ਹੱਥ ਪਾਉਂਦੇ ਹੀ ਗਾਮਾ ਨੇ 'ਇਕਹਰਾ ਪਟ' ਖਿੱਚ ਲਿਆ ਅਤੇ ਆੜ ਲਗਾ ਕੇ ਮੁਕਾਬਲੇਬਾਜ਼ ਨੂੰ ਹੇਠਾਂ ਦਬਾ ਲਿਆ। ਫਿਰ ਗਰਦਨ 'ਤੇ ਹੱਥ ਰੱਖ ਕੇ ਬੁੱਧੂ ਦੀ ਪਲਟੀ ਪਵਾਈ। ਉਸਤਾਦ ਲੋਕ ਇਸਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਗਾਮਾ ਨੇ "ਅੱਗੇ ਰੱਖਿਆ, ਕੁੰਡਾ ਪਾਇਆ ਅਤੇ ਸਿੱਧਾ ਕਰ ਦਿੱਤਾ।" ਬਰਕਤ ਅਲੀ ਦੱਸਦੇ ਹਨ ਕਿ 55 ਤੋਂ 65 ਸਾਲ ਦੀ ਉਮਰ ਵਿੱਚ ਗਾਮਾ ਨੇ ਕੁਝ ਕਸਰਤਾਂ ਵਿੱਚ ਥੋੜ੍ਹੀ ਕਮੀ ਕਰ ਦਿੱਤੀ ਸੀ। ਲਖਨਵੀ ਦੇ ਮੁਤਾਬਕ ਜੈਕ ਵੂਡ ਨੇ 1940 ਵਿੱਚ 'ਮੈਨਚੇਸਟਰ ਗਾਰਡੀਅਨ' ਵਿੱਚ ਲਿਖਿਆ ਕਿ ਗਾਮਾ ਮੌਜੂਦਾ ਸਮੇਂ ਦਾ ਸਭ ਤੋਂ ਵੱਡੇ ਭਲਵਾਨ ਹਨ। ਉਦੋਂ ਗਾਮਾ ਦੀ ਉਮਰ ਸੱਠ ਸਾਲ ਸੀ। "ਉਹ ਤਿੰਨ ਹਜ਼ਾਰ ਕੁਸ਼ਤੀਆਂ ਲੜ ਚੁੱਕੇ ਹਨ ਪਰ ਕਦੇ ਸ਼ਿਕਸਤ ਨਹੀ ਖਾਦੀ।" ਗਾਮਾ ਕੁਝ ਸਮੇਂ ਲਈ ਲਾਹੌਰ ਅਤੇ ਕੁਝ ਸਮੇਂ ਪਟਿਆਲਾ ਵਿੱਚ ਰਹਿੰਦੇ ਸਨ। ਸਾਲ 1947 ਵਿੱਚ ਜਦੋਂ ਉਪਮਹਾਦੀਪ ਦੀ ਵੰਡ ਹੋਈ ਤਾਂ ਗਾਮਾ ਪਟਿਆਲਾ ਤੋਂ ਲਾਹੌਰ ਚਲੇ ਗਏ। ਸ਼ੇਖ਼ ਦੇ ਮੁਤਾਬਕ ਗਾਮਾ ਦੇ ਨਾਲ ਉਨ੍ਹਾਂ ਦੇ ਭਰਾ ਇਮਾਮ ਬਖ਼ਸ਼ ਅਤੇ ਭਤੀਜੇ ਭੋਲੂ ਭਰਾਵਾਂ ਨੇ ਵੀ ਲਾਹੌਰ ਵਿੱਚ ਹੀ ਡੇਰਾ ਜਮਾਇਆ। ਇੱਕ ਵੇਲਾ ਅਜਿਹਾ ਵੀ ਆਇਆ ਕਿ ਭਰਾ ਇਮਾਮ ਬਖ਼ਸ਼, ਗਾਮਾ ਦੀ ਰੁਸਤਮ-ਏ-ਜ਼ਮਾਨਾ ਦੇ ਰੱਖਿਅਕ ਬਣ ਗਏ। ਗਾਮਾ ਲਾਹੌਰ ਆ ਗਏ ਤਾਂ ਉਨ੍ਹਾਂ ਦਾ ਮਕਾਨ ਕੇਸਰ ਸਿੰਘ ਭਲਵਾਨ ਨੂੰ ਮਿਲਿਆ ਜੋ ਬਾਅਦ ਵਿੱਚ ਰੁਸਤਮ-ਏ-ਹਿੰਦ ਬਣੇ।

### ਗਾਮਾ ਦੇ ਆਖ਼ਰੀ ਸਾਲ

ਗਾਮਾ ਅਤੇ ਫ਼ਹੀਮੁੱਦੀਨ ਫ਼ਹਮੀ ਦੇ ਨਾਨਾ ਕਰੀਮ ਬਖ਼ਸ਼ ਵਿੱਚ ਡੂੰਘੀ ਦੋਸਤੀ ਸੀ। ਜਵਾਨੀ ਤੋਂ ਬਾਅਦ ਉਨ੍ਹਾਂ ਦੀ ਗਾਮਾ ਨਾਲ ਮੁਲਾਕਾਤ ਕਰਾਚੀ ਵਿੱਚ ਹੋਈ ਜਿੱਥੇ ਉਨ੍ਹਾਂ ਨੇ ਇੱਕ ਟਰਾਂਸਪੋਰਟ ਸਰਵਿਸ ਸ਼ੁਰੂ ਕੀਤੀ ਸੀ। ਇਸ ਲਈ ਉਨ੍ਹਾਂ ਨੇ ਫ਼ਹਮੀ ਨੂੰ ਮੈਨੇਜਰ ਬਣਾ ਲਿਆ ਸੀ। ਫ਼ਹਮੀ ਲਿਖਦੇ ਹਨ, "ਕੁਝ ਲੋਕ ਕਹਿੰਦੇ ਹਨ ਉਨ੍ਹਾਂ ਦਾ ਨਾਮ ਗੁਲਾਮ ਮੁਹੰਮਦ ਸੀ, ਕੁਝ ਦਾ ਮੰਨਣਾ ਹੈ ਗੁਲਾਮ ਬਖ਼ਸ਼, ਪਰ ਉਨ੍ਹਾਂ ਦਾ ਨਾਮ ਗੁਲਾਮ ਹੁਸੈਨ ਸੀ।" "ਜਿਨ੍ਹਾਂ ਦਿਨਾਂ ਵਿੱਚ ਉਨ੍ਹਾਂ ਨੇ ਟਰਾਂਸਪੋਰਟ ਦੇ ਕਾਰੋਬਾਰ ਲਈ 'ਰਿਫ਼ਿਊਜੀ ਰਿਹੈਬਿਲਿਟੇਸ਼ਨ ਫ਼ਾਇਨੈਂਸ ਕਾਰਪੋਰੇਸ਼ਨ' ਤੋਂ ਦਸ ਹਜ਼ਾਰ ਰੁਪਏ ਦਾ ਕਰਜ਼ ਲਿਆ ਤਾਂ ਸਾਰੇ ਕਾਗ਼ਜ਼ਾਤ 'ਤੇ 'ਗੁਲਾਮ ਹੁਸੈਨ ਉਰਫ਼ ਗਾਮਾ' ਦੇ ਨਾਮ ਦੀ ਐਂਟਰੀ ਹੋਈ ਸੀ।" 1954 ਵਿੱਚ ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਹੋ ਗਈ। ਕਰਾਚੀ ਦਾ ਕਾਰੋਬਾਰ ਸਮੇਟ ਕੇ ਉਹ ਲਾਹੌਰ ਵਾਪਸ ਆ ਗਏ ਅਤੇ ਫ਼ਹਮੀ ਨੂੰ ਵੀ ਨਾਲ ਲੈ ਗਏ। ਗਾਮਾ ਫ਼ਹਮੀ ਨੂੰ ਪਿਆਰ ਨਾਲ ਚਾਚਾ ਕਹਿੰਦੇ ਸਨ। ਦਿਲ ਦਾ ਪਹਿਲਾ ਦੌਰਾ ਪੈਣ ਤੋਂ ਪਹਿਲਾਂ ਆਖ਼ਰੀ ਵਾਰ ਦੁਨੀਆ ਦੇ ਸਾਰੇ ਭਲਵਾਨਾਂ ਨੂੰ ਕੁਸ਼ਤੀ ਦੀ ਖੁੱਲ੍ਹੀ ਚੁਣੌਤੀ ਲਾਹੌਰ ਤੋਂ ਹੀ ਦਿੱਤੀ ਗਈ ਸੀ। ਫ਼ਹਮੀ ਨੇ ਗਾਮਾ ਭਲਵਾਨ ਦੇ ਨਾਲ ਲਾਹੌਰ ਵਿੱਚ ਹੀ ਰਹਿੰਦੇ ਹੋਏ ਉਨ੍ਹਾਂ ਦੀ ਜੀਵਨੀ ਪੂਰੀ ਕੀਤੀ।

### 'ਕੱਚੀ ਪਾਸ, ਪੱਕੀ ਫ਼ੇਲ' ਪਰ ਸਾਹਿਤ ਅਤੇ ਸ਼ਾਇਰੀ ਨਾਲ ਲਗਾਅ

ਫ਼ਹਮੀ ਦੇ ਮੁਤਾਬਕ ਉਹ ਅਕਸਰ ਵੱਡੇ ਚੁਲਬੁਲੇ ਅਤੇ ਫ਼ਖ਼ਰ ਭਰੇ ਲਹਿਜ਼ੇ ਵਿੱਚ ਕਹਿੰਦੇ ਸਨ ਕਿ ਉਹ 'ਕੱਚੀ ਪਾਸ, ਪੱਕੀ ਫ਼ੇਲ' (ਪ੍ਰਾਈਮਰੀ ਫ਼ੇਲ) ਹਨ, ਪਰ ਉਰਦੂ ਬੋਲਦੇ ਤਾਂ ਗੁਲਾਬੀ ਅਤੇ ਪੰਜਾਬੀ ਬੋਲਦੇ ਤਾਂ ਬਿਲਕੁਲ ਠੇਠ। ਖ਼ੁਦ ਗਾਮਾ ਦੇ ਮੁਤਾਬਕ ਚਾਰ ਮਹੀਨੇ ਲੰਡਨ ਵਿੱਚ ਰਹਿਣ ਦੀ ਵਜ੍ਹਾ ਨਾਲ ਅੰਗਰੇਜ਼ੀ ਭਾਸ਼ਾ ਦੀ ਵੀ ਥੋੜ੍ਹੀ-ਬਹੁਤ ਸਮਝ ਪੈਦਾ ਹੋ ਗਈ ਸੀ। "ਜੇ ਅੱਜ ਸ਼ੇਰ-ਓ-ਸ਼ਾਇਰੀ ਦੀ ਮਹਫ਼ਿਲ ਸਜੀ ਹੈ ਤਾਂ ਕੱਲੂ ਕਿਸੇ ਚੰਗੇ ਅਫ਼ਸਾਨਾਨਿਗਾਰ (ਕਹਾਣੀਕਾਰ) ਦਾ ਅਫ਼ਸਾਨਾ ਮਜ਼ੇ ਲੈ-ਲੈ ਕੇ ਸੁਣਿਆ ਜਾ ਰਿਹਾ ਹੈ। ਕਦੇ ਇਕਬਾਲ ਦੀ 'ਬਾਂਗ-ਏ-ਦਰਾ' ਦਾ ਦੌਰ ਹੈ ਤਾਂ ਕਦੇ 'ਦੀਵਾਨ-ਏ-ਬੇਦਮ' ਦਾ! ਹਿੰਦੀ ਕਵੀਆਂ ਦੇ ਦੋਹੇ ਵੀ ਉਨ੍ਹਾਂ ਨੂੰ ਯਾਦ ਸਨ।" ਫ਼ਹਮੀ ਦੇ ਮੁਤਾਬਕ, "ਮੈਂ ਜਦੋਂ ਤੱਕ ਰੁਸਤਮ-ਏ-ਜ਼ਮਾਂ ਦੇ ਨਾਲ ਰਿਹਾ ਤਾਂ ਸਵੇਰੇ ਚਾਰ ਵਜੇ ਉੱਠਣ ਦੇ ਆਦੀ ਸਨ। ਮੌਸਮ ਕਿਹੋ-ਜਿਹਾ ਵੀ ਹੋਵੇ, ਬਦਨ 'ਤੇ ਸਿਰਫ਼ ਇੱਕ ਲੰਗੋਟ ਪਹਿਨ ਕੇ ਅਖਾੜੇ ਪਹੁੰਚ ਜਾਂਦੇ, ਪ੍ਰੈਕਟਿਸ ਪੂਰੀ ਕਰ ਤਾਜ਼ਾ ਪਾਣੀ ਨਾਲ ਨਹਾਉਂਦੇ ਅਤੇ ਫਿਰ ਕਿਸੇ ਦੂਜੇ ਕੰਮ 'ਤੇ ਧਿਆਨ ਦਿੰਦੇ।" ਲਖਨਵੀ ਲਿਖਦੇ ਹਨ ਕਿ ਬਾਅਦ ਵਿੱਚ ਰਾਵੀ ਦਰਿਆ ਦੇ ਕਿਨਾਰੇ ਇੱਕ ਫੂਸ ਦਾ ਬੰਗਲਾ ਬਣਵਾਇਆ ਸੀ। ਠੰਢੇ ਸਮੇਂ ਵਿੱਚ ਇੱਕ ਛਾਂ ਵਾਲੇ ਰੁੱਖ ਦੇ ਹੇਠਾਂ ਲੇਟੇ ਰਹਿੰਦੇ ਸਨ। ਪਰ ਫਿਰ ਏਬੀ ਰਾਜਪੂਤ, ਜੋ ਲਾਹੌਰ ਜਾ ਕੇ ਬੀਮਾਰ ਗਾਮਾ ਨਾਲ ਮਿਲੇ, ਉਨ੍ਹਾਂ ਨੇ ਅੰਗਰੇਜ਼ੀ ਹਫ਼ਤਾਵਾਰੀ 'ਇਲਸਟ੍ਰੇਟਡ ਵੀਕਲੀ ਆਫ਼ ਬੌਂਬੇ' ਦੇ 7 ਫ਼ਰਵਰੀ 1960 ਦੇ ਅੰਕ ਵਿੱਚ ਲਿਖਿਆ ਕਿ ਆਪਣੀ ਕੁਸ਼ਤੀ ਦੀ ਕਲਾ ਨਾਲ ਦੁਨੀਆ ਭਰ ਨੂੰ ਚਕਾਚੌਂਧ ਕਰ ਦੇਣ ਵਾਲੀ ਸ਼ਮਾ ਆਪਣੀਆਂ ਆਖ਼ਰੀ ਹਿਚਕੀਆਂ ਲੈ ਰਹੀ ਹੈ। ਗਾਮਾ ਦੀ ਬੀਮਾਰੀ ਦੀ ਖ਼ਬਰ ਸੁਣ ਕੇ ਜ਼ਬਿਸ਼ਕੋ ਨੇ ਹਾਲ-ਚਾਲ ਜਾਣਨ ਲਈ ਖ਼ਤ ਲਿਖਿਆ। ਉਨ੍ਹਾਂ ਨੇ ਲਿਖਿਆ, "ਮੈਂ ਹਜ਼ਾਰਾਂ ਬਲਵਾਨਾਂ ਨਾਲ ਮੁਕਾਬਲੇ ਕੀਤੇ ਪਰ ਜਿਸ ਆਸਾਨੀ ਨਾਲ ਗਾਮਾ ਨੇ ਮੈਨੂੰ ਲਾਚਾਰ ਕੀਤਾ, ਇਹੋ ਜਿਹਾ ਕੋਈ ਦੂਜਾ ਨਾ ਕਰ ਸਕਿਆ।" ਗਾਮਾ ਨੇ ਜਵਾਬ ਵਿੱਚ ਖ਼ਤ ਲਿਖ ਕੇ ਹਾਲ-ਚਾਲ ਪੁੱਛਣ ਲਈ ਸ਼ੁਕਰੀਆ ਅਦਾ ਕੀਤਾ।

### ਗਾਮਾ ਦਾ ਕੁਲਸੁਮ ਨਵਾਜ਼ ਨਾਲ ਕੀ ਰਿਸ਼ਤਾ ਸੀ?

ਗਾਮਾ ਦੀ ਪਹਿਲੀ ਪਤਨੀ ਦੇ ਦੇਹਾਂਤ ਤੋਂ ਬਾਅਦ ਦੂਜੀ ਪਤਨੀ ਵਜ਼ੀਰ ਬੇਗਮ ਤੋਂ ਪੰਜ ਪੁੱਤਰ ਪੈਦਾ ਹੋਏ ਪਰ ਕੋਈ ਜ਼ਿੰਦਾ ਨਾ ਬਚਿਆ। ਚਾਰ ਧੀਆਂ ਸਨ। ਗਾਮਾ ਦੀ ਇੱਕ ਧੀ ਰਜ਼ੀਆ ਬੇਗ਼ਮ ਦਾ ਵਿਆਹ ਡਾਕਟਰ ਮੁਹੰਮਦ ਹਫ਼ੀਜ਼ ਨਾਲ ਹੋਇਆ। ਉਨ੍ਹਾਂ ਦੀ ਧੀ, ਭਾਵ ਗਾਮਾ ਦੀ ਦੋਹਤੀ ਕੁਲਸੁਮ ਦਾ ਵਿਆਹ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨਾਲ ਹੋਇਆ। ਅਖ਼ਤਰ ਸ਼ੇਖ਼ ਲਿਖਦੇ ਹਨ ਕਿ 22 ਮਈ 1960 ਨੂੰ ਬੇਗ਼ਮ ਗਾਮਾ ਨੂੰ ਰਾਵੀ ਪਾਰ ਵਾਲੇ ਬਾਗ਼ ਜਾਣਾ ਪਿਆ। ਗਾਮਾ ਦੇ ਕੋਲ ਉਨ੍ਹਾਂ ਦੀ ਧੀ ਗੀਤੀ ਆਰਾ ਮੌਜੂਦ ਸਨ। ਉਨ੍ਹਾਂ ਤੋਂ ਵਾਅਦਾ ਲਿਆ ਕਿ ਉਨ੍ਹਾਂ ਤੋਂ ਬਾਅਦ ਮਾਂ ਦਾ ਖ਼ਿਆਲ ਰੱਖਣਗੀਆਂ ਅਤੇ ਉਨ੍ਹਾਂ ਦੇ ਸਾਹਮਣੇ ਹੰਝੂ ਨਹੀ ਵਹਾਉਣਗੀਆਂ। ਗਾਮਾ ਨੇ ਹੱਥ ਚੁੱਕ ਕੇ ਉਨ੍ਹਾਂ ਨੂੰ ਦੁਆ ਦਿੱਤੀ।

### ਦੋ ਲੱਡੂ ਖਾਧੇ

ਇੰਨੀ ਦੇਰ ਵਿੱਚ ਵਜ਼ੀਰ ਬੇਗ਼ਮ ਵੀ ਆ ਗਈ। ਗਾਮਾ ਨੇ ਕਿਹਾ ਕਿ ਬਹੁਤ ਲੰਮਾ ਸਫ਼ਰ ਹੈ, ਨਹਾ-ਧੋ ਲੈਣਾ ਚਾਹੀਦਾ ਹੈ। ਗਾਮਾ ਵੀ ਨਹਾਤੇ, ਪਰਿਵਾਰ ਵਾਲਿਆਂ ਦੀ ਮਦਦ ਨਾਲ ਕੱਪੜੇ ਬਦਲੇ, ਲੰਗੋਟ ਵਿਸ਼ੇਸ਼ ਤੌਰ 'ਤੇ ਬਦਲਿਆ (ਉਹ ਹਰ ਵੇਲੇ ਲੰਗੋਟ ਪਹਿਨੇ ਰਹਿੰਦੇ ਸਨ)। ਗੀਤੀ ਆਰਾ ਨੇ ਵਾਲਾਂ ਵਿੱਚ ਕੰਘੀ ਕੀਤੀ। ਦਵਾਈਆਂ ਬੰਦ ਕਰਨ ਲਈ ਕਿਹਾ ਅਤੇ ਦੋ ਲੱਡੂ ਬੜੇ ਚਾਅ ਨਾਲ ਖਾਧੇ। 23 ਮਈ 1960 ਨੂੰ ਗਾਮਾ ਨੇ ਹਰ ਦਿਨ ਵਾਂਗ ਫ਼ਜਰ (ਸਵੇਰ) ਦੀ ਅਜ਼ਾਨ ਤੋਂ ਪਹਿਲਾਂ ਉੱਠ ਕੇ ਗਟਾਗਟ ਪਾਣੀ ਪੀਤਾ। ਫਿਰ ਧੀ ਨੂੰ ਕਿਹਾ, "ਹੁਣ ਜਾ ਕੇ ਸੋ ਜਾਓ, ਮੈਂ ਹੁਣ ਹੋਰ ਕਿਸੇ ਨੂੰ ਪਰੇਸ਼ਾਨ ਨਹੀ ਕਰਾਂਗਾ।" ਇਹ ਰੁਸਤਮ-ਏ-ਜ਼ਮਾਂ ਦੇ ਆਖ਼ਰੀ ਸ਼ਬਦ ਸਨ। ਤਿੰਨ ਵਾਰ ਲੰਬੀਆਂ-ਲੰਬੀਆਂ ਸਾਹਾਂ ਲਈਆਂ। ਵਜ਼ੀਰ ਬੇਗ਼ਮ ਅਚਾਨਕ ਨੇੜੇ ਆ ਗਈ। ਕਿਹਾ ਕਿ ਜੇ ਤਕਲੀਫ਼ ਮਹਿਸੂਸ ਹੋ ਰਹੀ ਹੋਵੇ ਤਾਂ ਚਿੱਤ ਲੇਟ ਜਾਓ। ਇਹ ਉਸ ਸ਼ਖ਼ਸ ਨੂੰ ਚਿੱਤ ਲੇਟਣ ਦੀ ਸਲਾਹ ਸੀ ਜਿਸਨੇ ਕਦੇ ਚਿੱਤ ਹੋਣਾ ਸਿੱਖਿਆ ਹੀ ਨਹੀ ਸੀ ਪਰ ਹੁਣ ਉਹ ਅਜਿਹਾ ਚਿੱਤ ਹੋਇਆ ਕਿ ਫਿਰ ਕਦੇ ਨਾ ਉੱਠ ਸਕਿਆ। ਲਾਹੌਰ ਵਿੱਚ ਦਰਬਾਰ ਪੀਰ ਮੱਕੀ ਦੇ ਕੋਲ ਇੱਕ ਛੋਟੇ ਜਿਹੇ ਕਬਰਿਸਤਾਨ ਵਿੱਚ ਗੁਲਾਮ ਹੁਸੈਨ ਉਰਫ਼ ਗਾਮਾ ਨੂਨ ਵਾਲਾ, ਰੁਸਤਮ-ਏ-ਜ਼ਮਾਂ ਸੁਪੁਰਦ-ਏ-ਖ਼ਾਕ ਹੋਏ। ਇੱਕ ਪਾਸੇ ਸ਼ੇਰ-ਏ-ਬੱਬਰ ਇਮਾਮ ਬਖ਼ਸ਼ ਰੁਸਤਮ ਹਨ ਤਾਂ ਦੂਜੇ ਪਾਸੇ ਹਮੀਦਾ ਰਹਮਾਨੀ ਵਾਲਾ ਰੁਸਤਮ-ਏ-ਹਿੰਦ। ਨੇੜੇ ਹੀ ਗਾਮਾ ਕੱਲੂ ਵਾਲਾ ਦੀ ਕਬਰ ਵੀ ਹੈ। ਗਾਮਾ ਕੱਲੂ ਵਾਲਾ ਹੀ ਉਹ ਗਾਮਾ ਹਨ ਜਿਨ੍ਹਾਂ ਦਾ ਅਸਲ ਨਾਮ ਗੁਲਾਮ ਮੁਹੰਮਦ ਸੀ। ਸਾਲ 1879 ਵਿੱਚ ਪੈਦਾ ਹੋਣ ਵਾਲੇ ਜ਼ਬਿਸ਼ਕੋ ਗਾਮਾ ਦੇ ਲਗਭਗ ਹਮਉਮਰ ਹੀ ਸਨ ਪਰ ਉਨ੍ਹਾਂ ਦਾ ਦੇਹਾਂਤ 1967 ਵਿੱਚ ਹੋਇਆ, ਗਾਮਾ ਦੇ ਇੰਤਕਾਲ ਦੇ ਸੱਤ ਸਾਲ ਬਾਅਦ।

## ਵੈਭਵ ਸੂਰਿਆਵੰਸ਼ੀ ਨੇ ਰਾਜਸਥਾਨ ਦੀ ਜਿੱਤ ਦੌਰਾਨ ਕਿਹੜੇ ਵੱਡੇ ਰਿਕਾਰਡ ਬਣਾਏ




**ਕੁਝ** ਸਾਲ ਪਹਿਲਾਂ ਤੱਕ ਭਾਰਤੀ ਕ੍ਰਿਕਟ ਵਿੱਚ ਬਿਹਾਰ ਦੀ ਚਰਚਾ ਨਾ ਦੇ ਬਰਾਬਰ ਹੁੰਦੀ ਸੀ। ਪਰ ਵੈਭਵ ਸੂਰਿਆਵੰਸ਼ੀ ਨੇ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਦਿੱਤੀ ਹੈ। ਵੈਭਵ ਸੂਰਿਆਵੰਸ਼ੀ ਦੇ ਰੂਪ ਵਿੱਚ ਬਿਹਾਰ ਦੀ ਇੱਕ ਅਸਾਧਾਰਣ ਪ੍ਰਤਿਭਾ ਨਾ ਸਿਰਫ਼ ਦੇਸ਼ ਬਲਕਿ ਦੁਨੀਆ ਵਿੱਚ ਨਾਮ ਕਮਾ ਰਹੀ ਹੈ। ਵੈਭਵ ਨੂੰ ਦੇਖਕੇ ਹਰ ਕਿਸੇ ਨੂੰ ਕਿਸ਼ੋਰ ਅਵਸਥਾ ਵਾਲੇ ਸਚਿਨ ਤੇਂਦੁਲਕਰ ਯਾਦ ਆ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਵੈਭਵ ਦੇ ਆਦਰਸ਼ ਤੇਂਦੁਲਕਰ ਜਾਂ ਧੋਨੀ ਨਹੀ ਸਗੋਂ ਬ੍ਰਾਇਨ ਲਾਰਾ ਰਹੇ ਹਨ, ਜੋ ਵੈਭਵ ਦੇ ਜਨਮ ਤੋਂ ਪਹਿਲਾਂ ਹੀ ਰਿਟਾਇਰ ਹੋ ਚੁੱਕੇ ਸਨ। ਮੁਤਾਬਕ ਬੁੱਧਵਾਰ ਦੀ ਰਾਤ ਆਈਪੀਐਲ ਵਿੱਚ ਸਨਰਾਈਜ਼ਰਜ਼ ਹੈਦਰਾਬਾਦ ਦੇ ਖ਼ਿਲਾਫ਼ ਸੂਰਿਆਵੰਸ਼ੀ ਨੇ ਰਿਕਾਰਡਾਂ ਦੀ ਝੜੀ ਲਗਾ ਦਿੱਤੀ।

ਪਰ ਇਸ ਵਿੱਚ ਵੀ ਇੱਕ ਖ਼ਾਸ ਰਿਕਾਰਡ ਇਹ ਰਿਹਾ ਕਿ ਉਨ੍ਹਾਂ ਨੇ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਤੱਕ ਟਿਕੇ ਕ੍ਰਿਸ ਗੇਲ ਦੇ ਆਈਪੀਐੱਲ ਦੇ ਇੱਕ ਸੀਜ਼ਨ ਵਿੱਚ ਸਭ ਤੋਂ ਵੱਧ 59 ਛੱਕਿਆਂ ਦੇ ਰਿਕਾਰਡ ਨੂੰ ਤੋੜ ਦਿੱਤਾ। ਸੂਰਿਆਵੰਸ਼ੀ ਦੀ 97 ਦੌੜਾਂ ਦੀ ਤੂਫ਼ਾਨੀ ਪਾਰੀ ਦੀ ਬਦੌਲਤ ਰਾਜਸਥਾਨ ਰਾਇਲਜ਼ ਨੇ ਤੈਅ 20 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ 'ਤੇ 243 ਦੌੜਾਂ ਬਣਾਈਆਂ, ਜਵਾਬ ਵਿੱਚ ਦਿੱਗਜ ਬੱਲੇਬਾਜ਼ਾਂ ਨਾਲ ਸਜੀ ਸਨਰਾਈਜ਼ਰਜ਼ ਹੈਦਰਾਬਾਦ ਦੀ ਟੀਮ 19.2 ਓਵਰਾਂ ਵਿੱਚ 196 ਦੌੜਾਂ 'ਤੇ ਆਲ ਆਊਟ ਹੋ ਗਈ। ਇਸ ਤਰ੍ਹਾਂ ਰਾਜਸਥਾਨ ਰਾਇਲਜ਼ ਨੇ ਹੈਦਰਾਬਾਦ 'ਤੇ 47 ਦੌੜਾਂ ਨਾਲ ਜਿੱਤ ਦਰਜ ਕੀਤੀ। ਸੂਰਿਆਵੰਸ਼ੀ ਭਾਵੇਂ ਤਿੰਨ ਦੌੜਾਂ ਕਾਰਨ ਮੈਚ ਵਿੱਚ ਆਈਪੀਐਲ ਦੇ ਇਤਿਹਾਸ ਦਾ ਸਭ ਤੋਂ ਤੇਜ਼ ਸੈਂਕੜਾ ਬਣਾਉਣ ਤੋਂ ਖੁੰਝ ਗਏ, ਪਰ 680 ਦੌੜਾਂ ਨਾਲ ਔਰੈਂਜ ਕੈਪ ਅਜੇ ਵੀ ਉਨ੍ਹਾਂ ਦੇ ਨਾਮ ਹੀ ਹੈ ਅਤੇ ਉਹ ਵੀ ਲਗਭਗ 250 ਦੀ ਸਟ੍ਰਾਈਕ ਰੇਟ ਨਾਲ। ਆਈਪੀਐਲ ਪਲੇਆਫ਼ ਮੈਚਾਂ ਵਿੱਚ ਉਨ੍ਹਾਂ ਤੋਂ ਤੇਜ਼ ਅਰਧ-ਸੈਂਕੜਾ (16 ਗੇਂਦਾਂ) ਕਿਸੇ ਹੋਰ ਨੇ ਨਹੀ ਲਗਾਇਆ ਹੈ। ਇੰਨਾ ਹੀ ਨਹੀ, ਇੱਕ ਮੈਚ ਵਿੱਚ 10 ਤੋਂ ਵੱਧ ਛੱਕੇ ਜੜਨ ਦਾ ਕਮਾਲ ਉਹ 1-2 ਵਾਰ ਨਹੀ ਬਲਕਿ ਹੁਣ ਤੱਕ ਚਾਰ ਵਾਰ ਕਰ ਚੁੱਕੇ ਹਨ। ਅਜਿਹੇ ਵਿੱਚ ਹੁਣ ਭਾਰਤੀ ਚੋਣਕਰਤਾਵਾਂ ਦੇ ਸਾਹਮਣੇ ਇੱਕ ਸਿੱਧਾ ਸਵਾਲ ਅਤੇ ਮੁਸ਼ਕਲ ਚੁਣੌਤੀ ਇਹ ਹੈ ਕਿ ਹੁਣ ਕਿਸ ਤਰਕ ਦੇ ਜ਼ਰੀਏ ਆਇਰਲੈਂਡ ਦੌਰੇ ਲਈ ਉਨ੍ਹਾਂ ਨੂੰ ਨਹੀ ਚੁਣਿਆ ਜਾਵੇਗਾ। ਰਵਿਚੰਦਰਨ ਅਸ਼ਵਿਨ ਵਰਗੇ ਦਿੱਗਜ ਨੇ ਮੈਨੂੰ ਆਈਪੀਐਲ ਦੀ ਸ਼ੁਰੂਆਤ ਵਿੱਚ ਇਹ ਕਿਹਾ ਸੀ ਕਿ ਭਾਵਨਾ ਵਿੱਚ ਵਹਿਣ ਦੀ ਲੋੜ ਨਹੀ ਹੈ ਅਤੇ ਵੈਭਵ ਨੂੰ ਇੱਕ ਸੀਜ਼ਨ ਫਰਸਟ ਕਲਾਸ ਕ੍ਰਿਕਟ ਖੇਡਣੀ ਪਵੇਗੀ। ਸਭ ਨੂੰ ਸਬਰ ਰੱਖਣਾ ਪਵੇਗਾ।

ਆਈਪੀਐਲ ਦੇ ਵਿਚਕਾਰ ਹੀ ਅਸ਼ਵਿਨ ਨੇ ਆਪਣੀ ਰਾਇ ਬਦਲੀ ਅਤੇ ਇਹ ਕਿਹਾ ਕਿ ਇਹ ਮੁੰਡਾ ਨਿਸ਼ਚਿਤ ਤੌਰ 'ਤੇ ਟੀ20 ਟੀਮ ਵਿੱਚ ਜਗ੍ਹਾ ਪਾਉਣ ਦੇ ਯੋਗ ਹੈ। ਹੈਦਰਾਬਾਦ ਦੇ ਖ਼ਿਲਾਫ਼ ਸ਼ਾਨਦਾਰ ਪਾਰੀ ਤੋਂ ਬਾਅਦ ਅਸ਼ਵਿਨ ਨੇ ਕਿਹਾ ਕਿ ਸਿਰਫ਼ ਇੱਕ ਹੀ ਫਾਰਮੈਟ ਦੀ ਚੋਣ ਬਾਰੇ ਅਸੀ ਲੋਕ ਕਿਉ ਗੱਲਾਂ ਕਰ ਰਹੇ ਹਾਂ?

### ਆਲੋਚਕ ਵੀ ਮੁਰੀਦ

ਵੈਭਵ ਦੀ ਮੌਜੂਦਾ ਕਾਮਯਾਬੀ ਦੇ ਜੋਸ਼ ਵਿੱਚ ਇਹ ਨਹੀ ਭੁੱਲਣਾ ਚਾਹੀਦਾ ਕਿ ਕੁਝ ਮਹੀਨੇ ਪਹਿਲਾਂ ਤੱਕ ਅਕਸਰ ਆਲੋਚਕ ਉਨ੍ਹਾਂ ਦੀ ਉਮਰ ਨੂੰ ਲੈ ਕੇ ਸਵਾਲ ਉਠਾਉਂਦੇ ਸਨ। ਪਰ ਹੁਣ ਵੀ ਹਰ ਮੈਚ ਤੋਂ ਬਾਅਦ ਜੇ ਉਨ੍ਹਾਂ ਦੀਆਂ ਗੱਲਾਂ ਸੁਣੋ ਅਤੇ ਉਨ੍ਹਾਂ ਦੇ ਵਿਵਹਾਰ ਨੂੰ ਦੇਖੋ ਤਾਂ ਤੁਹਾਨੂੰ ਕਿਸੇ ਗੱਲ ਤੋਂ ਇਹੀ ਲੱਗੇਗਾ ਕਿ ਯਾਰ ਇਹ ਤਾਂ ਵਾਕਈ ਵਿੱਚ 15 ਸਾਲ ਦਾ ਹੀ ਬੱਚਾ ਹੈ। ਪਰ ਇਹ ਬੱਚਾ ਬੱਲਾ ਹੱਥ ਵਿੱਚ ਲੈਂਦੇ ਹੀ 29 ਗੇਂਦਾਂ 'ਤੇ 12 ਛੱਕੇ ਲਗਾਉਂਦਾ ਹੈ! ਵੈਭਵ ਦੀਆਂ ਗੱਲਾਂ ਵਿੱਚ ਉਹੀ ਮਾਸੂਮੀਅਤ ਹੈ ਜੋ ਕਦੇ ਤੇਂਦੁਲਕਰ ਦੇ ਸ਼ੁਰੂਆਤੀ ਦੌਰ ਵਿੱਚ ਨਜ਼ਰ ਆਉਂਦੀ ਸੀ। ਜਿਸ ਤਰ੍ਹਾਂ ਦੀ ਪਰਿਪੱਕਤਾ ਸਚਿਨ ਨੇ ਤੇਜ਼ੀ ਨਾਲ ਪਹਿਲਾਂ ਟੈਸਟ ਕ੍ਰਿਕਟ ਅਤੇ ਫਿਰ ਵਨ-ਡੇ ਕ੍ਰਿਕਟ ਵਿੱਚ ਦਿਖਾਈ, ਵੈਭਵ ਇਸ ਦੌਰ ਵਿੱਚ ਆਈਪੀਐਲ ਅਤੇ ਅੰਡਰ 19 ਵਰਲਡ ਕੱਪ ਵਿੱਚ ਅਜਿਹਾ ਕਰ ਰਹੇ ਹਨ। ਫਰਕ ਸਿਰਫ਼ ਇੰਨਾ ਹੈ ਕਿ ਤੇਂਦੁਲਕਰ ਮੁੰਬਈ ਘਰਾਣੇ ਤੋਂ ਆਉਂਦੇ ਸਨ, ਜਿੱਥੇ ਉਨ੍ਹਾਂ ਨੂੰ ਗਾਵਸਕਰ-ਵੇਂਗਸਰਕਰ ਅਤੇ ਨਾ ਜਾਣੇ ਕਿੰਨੇ ਦਿੱਗਜ ਆਦਰਸ਼ ਅਤੇ ਮਾਰਗਦਰਸ਼ਕਾਂ ਦਾ ਸਾਥ ਮਿਲਿਆ, ਜਦਕਿ ਵੈਭਵ ਬਿਹਾਰ ਦੇ ਇੱਕ ਛੋਟੇ ਜਿਹੇ ਪਿੰਡ ਤਾਜਪੁਰ (ਸਮਸਤੀਪੁਰ) ਤੋਂ ਆਉਂਦੇ ਹਨ, ਜਿੱਥੋਂ ਜ਼ਿਲ੍ਹਾ ਪੱਧਰ ਦੀ ਕ੍ਰਿਕਟ ਖੇਡਣ ਵਾਲੇ ਰੋਲ ਮਾਡਲ ਵੀ ਉਨ੍ਹਾਂ ਕੋਲ ਨਹੀ ਸਨ।

### ਵੱਡੇ-ਵੱਡੇ ਦਿੱਗਜ ਹੋਏ ਕਾਇਲ

ਵੈਭਵ ਦੀ ਖੇਡ ਦੇ ਵੱਡੇ-ਵੱਡੇ ਦਿੱਗਜ ਕਾਇਲ ਹੋ ਰਹੇ ਹਨ। ਕੋਈ ਉਨ੍ਹਾਂ ਨੂੰ ਰਿਕਾਰਡ ਬ੍ਰੇਕਰ ਕਹਿ ਰਿਹਾ ਹੈ ਤੇ ਕੋਈ ਉਨ੍ਹਾਂ ਨੂੰ ਕਰਿਸ਼ਮਾਈ ਦੱਸ ਰਿਹਾ ਹੈ। ਇੱਥੋਂ ਤੱਕ ਕਿ ਕ੍ਰਿਸ ਗੇਲ ਖ਼ੁਦ, ਜਿਨ੍ਹਾਂ ਦਾ ਰਿਕਾਰਡ ਵੈਭਵ ਨੇ ਤੋੜਿਆ ਹੈ, ਉਨ੍ਹਾਂ ਦੀ ਪ੍ਰਸ਼ੰਸਾ ਕਰਨ ਤੋਂ ਖ਼ੁਦ ਨੂੰ ਰੋਕ ਨਹੀ ਸਕੇ। ਆਪਣੀ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਉਨ੍ਹਾਂ ਲਿਖਿਆ, "ਸ਼ਾਨਦਾਰ, ਵੈਭਵ ਸੂਰਿਆਵੰਸ਼ੀ, ਆਈਪੀਐਲ ਟੀ20 ਵਿੱਚ ਛੱਕੇ ਜੜਨ ਦੀ ਨਵੀ ਮਸ਼ੀਨ।" ਭਾਰਤ ਦੇ ਸਾਬਕਾ ਗੇਂਦਬਾਜ਼ ਇਰਫਾਨ ਪਠਾਨ ਨੇ ਵੀ ਇੱਕ-ਦੋ ਨਹੀ ਬਲਕਿ 3 ਪੋਸਟਾਂ ਵਿੱਚ ਵੈਭਵ ਦੀ ਪ੍ਰਸ਼ੰਸਾ ਕੀਤੀ। ਆਪਣੀ ਐਕਸ ਪੋਸਟ ਵਿੱਚ ਉਨ੍ਹਾਂ ਲਿਖਿਆ, "ਯਕੀਨ ਨਹੀ ਹੋ ਰਿਹਾ ਕਿ ਕੋਈ ਸਿਰਫ਼ 15 ਸਾਲ ਦੀ ਉਮਰ ਵਿੱਚ ਇੱਕ ਆਈਪੀਐਲ ਸੀਜ਼ਨ ਵਿੱਚ ਸਭ ਤੋਂ ਵੱਧ ਛੱਕੇ ਮਾਰਨ ਵਾਲਾ ਬੱਲੇਬਾਜ਼ ਬਣ ਗਿਆ ਹੈ। ਕੁਝ ਅਜਿਹਾ, ਜੋ ਅਸੀ ਪਹਿਲਾਂ ਕਦੇ ਨਹੀ ਦੇਖਿਆ। ਵੈਭਵ ਸੂਰਿਆਵੰਸ਼ੀ ਬਿਲਕੁਲ ਜਾਦੂਈ ਹੈ। ਇੱਕ ਹੋਰ ਪੋਸਟ ਵਿੱਚ ਉਨ੍ਹਾਂ ਰਾਜਸਥਾਨ ਰਾਇਲਜ਼ ਨੂੰ ਵਧਾਈ ਦਿੰਦਿਆਂ ਲਿਖਿਆ, "ਵੈਭਵ ਸੂਰਿਆਵੰਸ਼ੀ ਨੂੰ ਕਦੇ ਨਾ ਜਾਣ ਦੇਣਾ'।




### ਸਚਿਨ ਨੇ ਦੱਸਿਆ ਇੰਨੇ ਛੱਕੇ ਕਿਵੇਂ ਮਾਰਦੇ ਹਨ ਵੈਭਵ

ਮਾਸਟਰ ਬਲਾਸਟਰ ਸਚਿਨ ਤੇਂਦੁਲਕਰ ਨੇ ਆਈਪੀਐਲ 2026 ਦੇ ਐਲੀਮੀਨੇਟਰ ਮੁਕਾਬਲੇ ਵਿੱਚ ਹੈਦਰਾਬਾਦ ਦੇ ਖ਼ਿਲਾਫ਼ ਸਿਰਫ਼ 29 ਗੇਂਦਾਂ 'ਤੇ 97 ਦੌੜਾਂ ਬਣਾਉਣ ਵਾਲੇ ਵੈਭਵ ਸੂਰਿਆਵੰਸ਼ੀ ਦੀ ਬੱਲੇਬਾਜ਼ੀ ਦੀ ਪ੍ਰਸ਼ੰਸਾ ਕੀਤੀ ਹੈ। ਸਚਿਨ ਨੇ ਉਨ੍ਹਾਂ ਦੀ ਬੱਲੇਬਾਜ਼ੀ ਦੀ ਪ੍ਰਸ਼ੰਸਾ ਕਰਦਿਆਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਵੈਭਵ ਦਾ ਬੈਟ ਸਵਿੰਗ (ਬੱਲਾ ਘੁਮਾਉਣ ਦੀ ਤਕਨੀਕ) ਸ਼ਾਨਦਾਰ ਹੈ। ਨਾਲ ਹੀ ਉਹ ਪੈਰਾਂ ਵੱਲ ਆਉਣ ਵਾਲੀਆਂ ਗੇਂਦਾਂ 'ਤੇ ਆਪਣਾ ਅਗਲਾ ਪੈਰ ਚੰਗੀ ਤਰ੍ਹਾਂ ਹਟਾ ਲੈਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਖੁੱਲ੍ਹ ਕੇ ਸ਼ਾਟ ਖੇਡਣ ਅਤੇ ਆਸਾਨੀ ਨਾਲ ਛੱਕੇ ਲਗਾਉਣ ਦੀ ਆਜ਼ਾਦੀ ਮਿਲਦੀ ਹੈ।"



### ਉਹ ਟੀ20 ਬੱਲੇਬਾਜ਼ੀ ਦਾ ਏਆਈ ਵਰਜ਼ਨ ਹਨ : ਆਕਾਸ਼ ਚੋਪੜਾ

ਸਾਬਕਾ ਕ੍ਰਿਕਟਰ ਅਤੇ ਕਮੈਂਟੇਟਰ ਆਕਾਸ਼ ਚੋਪੜਾ ਨੇ ਲਿਖਿਆ, "ਵੈਭਵ ਸੂਰਿਆਵੰਸ਼ੀ ਅਗਲੇ ਕੁਝ ਸਾਲਾਂ ਵਿੱਚ ਆਈਪੀਐਲ ਦੇ ਇੱਕ ਹੀ ਸੀਜ਼ਨ ਵਿੱਚ 100 ਛੱਕੇ ਲਗਾਉਣਗੇ। ਉਹ ਅਜਿਹੇ ਮਾਪਦੰਡ ਤੈਅ ਕਰਨਗੇ ਜਿਨ੍ਹਾਂ ਨੂੰ ਸਾਡੀ ਮੌਜੂਦਾ ਰਵਾਇਤੀ ਸੋਚ ਸਮਝ ਵੀ ਨਹੀ ਪਾ ਰਹੀ ਹੈ। ਉਹ ਟੀ20 ਬੱਲੇਬਾਜ਼ੀ ਦਾ ਏਆਈ ਵਰਜ਼ਨ ਹਨ। ਸਾਨੂੰ ਸੱਚਮੁੱਚ ਕੋਈ ਅੰਦਾਜ਼ਾ ਨਹੀ ਹੈ ਕਿ ਉਨ੍ਹਾਂ ਦੀ ਸਮਰੱਥਾ ਦੀ ਕੋਈ ਹੱਦ ਹੈ ਵੀ ਜਾਂ ਨਹੀ।

ਇੱਕ ਹੋਰ ਵੀਡੀਓ ਵਿੱਚ ਉਨ੍ਹਾਂ ਕਿਹਾ, "ਵੈਭਵ ਦੀ ਪ੍ਰਸ਼ੰਸਾ ਲਈ ਤਾਂ ਸ਼ਬਦ ਹੀ ਮੁੱਕ ਜਾਂਦੇ ਹਨ। ਇਹ ਮੁੰਡਾ ਅਸਲ 'ਚ ਬੱਲੇਬਾਜ਼ੀ ਦਾ ਏਆਈ ਮਾਡਲ ਹੈ। ਇਹ ਮਸ਼ੀਨ ਲਰਨਿੰਗ ਹੈ। ਇਹ ਉਹ ਹੈ ਜਿਸ ਨੂੰ ਤੁਸੀ ਸਮਝ ਨਹੀ ਸਕਦੇ। ਸਿਕਸ ਹਿਟਿੰਗ ਮਸ਼ੀਨ ਹੈ ਇਹ। ਇਸ 15 ਸਾਲ ਦੇ ਬਾਸ ਬੇਬੀ ਨੇ ਯੂਨੀਵਰਸ ਬਾਸ ਨੂੰ ਵੀ ਪਿੱਛੇ ਛੱਡ ਦਿੱਤਾ।"

### ਪੀਟਰਸਨ ਦੇ ਸ਼ੋਅ 'ਚ ਕੀਤਾ ਕਮਾਲ

ਜਦੋਂ ਵੈਭਵ ਨੇ ਇੰਗਲੈਂਡ ਦੇ ਸਾਬਕਾ ਕੇਵਿਨ ਪੀਟਰਸਨ ਦੇ ਇੱਕ ਸ਼ੋਅ ਵਿੱਚ 50 ਗੇਂਦਾਂ ਵਿੱਚ 100 ਦੌੜਾਂ ਬਣਾਉਣ ਦੇ ਚੈਲੇਂਜ ਨੂੰ ਮਹਿਜ਼ 25 ਗੇਂਦਾ ਵਿੱਚ ਪੂਰਾ ਕਰ ਲਿਆ ਤਾਂ ਕੇਵਿਨ ਉਨ੍ਹਾਂ ਦੇ ਇਸ ਕਮਾਲ ਤੋਂ ਹੈਰਾਨ ਰਹਿ ਗਏ। ਇਸ ਚੈਲੇਂਜ ਵਿੱਚ ਇੱਕ ਰੋਮਾਂਚਕ ਚੀਜ਼ ਇਹ ਵੀ ਸੀ ਕਿ ਹਰੇਕ ਗੇਂਦ ਨਾਲ ਗੇਂਦ ਦੀ ਗਤੀ ਤੇਜ਼ ਹੋ ਜਾਂਦੀ ਸੀ। ਸ਼ੋਅ ਵਿੱਚ ਕਈ ਮੌਕੇ ਅਜਿਹੇ ਆਏ ਜਦੋਂ ਕੇਵਿਨ ਪੀਟਰਸਨ ਵੈਭਵ ਦੀ ਬੱਲੇਬਾਜ਼ੀ ਤੋਂ ਹੈਰਾਨ ਨਜ਼ਰ ਆਏ। ਵੈਭਵ ਤੋਂ ਪ੍ਰਭਾਵਿਤ ਪੀਟਰਸਨ ਨੇ ਉਨ੍ਹਾਂ ਨੂੰ 'ਰਿਕਾਰਡ ਬ੍ਰੇਕਰ' ਕਰਾਰ ਦਿੱਤਾ। ਇਸੇ ਸ਼ੋਅ ਦੌਰਾਨ ਵੈਭਵ ਨੇ ਇਹ ਵੀ ਦੱਸਿਆ ਕਿ ਉਹ ਟੀ20 ਵਿੱਚ 200 ਦਾ ਸਕੋਰ ਬਣਾਉਣਾ ਚਾਹੁੰਦੇ ਹਨ।

### ਗਾਂਗੁਲੀ ਕਿਉਂ ਬੋਲੇ ਕਿ ਟੈਸਟ ਕ੍ਰਿਕਟ ਲਈ ਅਜੇ ਵੈਭਵ ਨੂੰ ਕਰਨਾ ਪਵੇਗਾ ਇੰਤਜ਼ਾਰ

ਭਾਰਤੀ ਕ੍ਰਿਕਟ ਦੇ ਸਾਬਕਾ ਕਪਤਾਨ ਸੌਰਵ ਗਾਂਗੁਲੀ ਨੇ ਵੀ ਵੈਭਵ ਦੀ ਖ਼ੂਬ ਪ੍ਰਸ਼ੰਸਾ ਕੀਤੀ ਹੈ ਪਰ ਉਨ੍ਹਾਂ ਮੁਤਾਬਕ ਟੈਸਟ ਲਈ ਅਜੇ ਉਨ੍ਹਾਂ ਨੂੰ ਇੰਤਜ਼ਾਰ ਕਰਨਾ ਪਵੇਗਾ। ਇੱਕ ਇੰਟਰਵਿਊ ਵਿੱਚ ਗਾਂਗੁਲੀ ਨੇ ਕਿਹਾ, 'ਉਨ੍ਹਾਂ ਨੂੰ ਤੁਰੰਤ ਟੀ20 ਟੀਮ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਪਰ ਟੈਸਟ ਕ੍ਰਿਕਟ ਲਈ ਨਹੀ। ਟੈਸਟ ਵਿੱਚ ਜਗ੍ਹਾ ਬਣਾਉਣ ਲਈ ਉਨ੍ਹਾਂ ਨੂੰ ਘਰੇਲੂ ਫਰਸਟ ਕਲਾਸ ਕ੍ਰਿਕਟ ਵਿੱਚ ਅਜੇ ਹੋਰ ਦੌੜਾਂ ਬਣਾਉਣੀਆਂ ਪੈਣਗੀਆਂ।" "ਹਾਲਾਂਕਿ ਇਸ ਸਮੇਂ ਉਹ ਬੇਹੱਦ ਪ੍ਰਤਿਭਾਸ਼ਾਲੀ ਹਨ। ਇੱਕ 15 ਸਾਲ ਦੇ ਮੁੰਡੇ ਨੂੰ ਦੁਨੀਆ ਦੇ ਸਭ ਤੋਂ ਵਧੀਆ ਗੇਂਦਬਾਜ਼ਾਂ ਦੇ ਸਾਹਮਣੇ ਇਸ ਤਰ੍ਹਾਂ ਬੱਲੇਬਾਜ਼ੀ ਕਰਦੇ ਦੇਖਣਾ ਅਦਭੁੱਤ ਹੈ। ਉਹ ਭਾਰਤ ਦਾ ਭਵਿੱਖ ਹਨ।"



# ਮਾਝਾ-ਦੁਆਬਾ

ਆਸ ਪਾਸ



## ਬਕਰ ਈਦ ਮੌਕੇ ਡਾ. ਅਜੇ ਗੁਪਤਾ ਅਤੇ ਡਾ. ਇੰਦਰ ਪਾਲ ਦਾ ਵਿਸ਼ੇਸ਼ ਸਨਮਾਨ



ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ) : ਈਦ-ਉਲ-ਅਜ਼ਹਾ (ਬਕਰ ਈਦ) ਦਾ ਪਵਿੱਤਰ ਤਿਉਹਾਰ ਹਾਲ ਗੇਟ ਸਥਿਤ ਮਸਜਿਦ ਸਿਕੰਦਰ ਖਾਨ, ਗੋਲ ਹੱਟੀ ਚੌਕ ਵਿਖੇ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਅਗਵਾਈ ਖੁਰਸ਼ੀਦ ਅਹਿਮਦ ਅਤੇ ਅਬਦੁਲ ਨੂਰ ਵੱਲੋਂ ਕੀਤੀ ਗਈ। ਸਮਾਗਮ ਦੌਰਾਨ ਨਮਾਜ ਅਦਾ ਕਰਨ ਉਪਰੰਤ ਦੇਸ਼ ਅਤੇ ਸਮਾਜ ਵਿੱਚ ਅਮਨ-ਸ਼ਾਂਤੀ, ਤਰੱਕੀ ਅਤੇ ਭਾਈਚਾਰਕ ਸਾਂਝ ਲਈ ਵਿਸ਼ੇਸ਼ ਦੁਆ ਕੀਤੀ ਗਈ।ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਵਿਧਾਇਕ ਡਾ. ਅਜੇ ਗੁਪਤਾ ਅਤੇ ਐਸਸੀ ਵਿੰਗ ਦੇ ਪ੍ਰਧਾਨ ਡਾ. ਇੰਦਰ ਪਾਲ ਹਾਜ਼ਰ ਹੋਏ। ਮਸਜਿਦ ਪ੍ਰਬੰਧਕਾਂ ਵੱਲੋਂ ਦੋਵਾਂ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਡਾ. ਅਜੇ ਗੁਪਤਾ ਅਤੇ ਡਾ. ਇੰਦਰ ਪਾਲ ਨੇ ਸਮੂਹ ਮੁਸਲਿਮ ਭਾਈਚਾਰੇ ਨੂੰ ਈਦ-ਉਲ-ਅਜਹਾ ਦੀ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਤਿਉਹਾਰ ਆਪਸੀ ਪਿਆਰ, ਸਾਂਝ ਅਤੇ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਹਮੇਸ਼ਾਂ ਹੀ ਭਾਈਚਾਰਕ ਸਾਂਝ ਅਤੇ ਧਾਰਮਿਕ ਏਕਤਾ ਦੀ ਮਿਸਾਲ ਰਹੀ ਹੈ ਅਤੇ ਸਾਰੇ ਧਰਮਾਂ ਦੇ ਲੋਕ ਮਿਲਜੁਲ ਕੇ ਤਿਉਹਾਰ ਮਨਾਉਂਦੇ ਹਨ। ਇਸ ਮੌਕੇ ਅਬਦੁੱਲਾ ਸਬੌਰ, ਹਮਜ਼ਾ ਹਸਨ, ਸਲਮਾਨ, ਰਮੇਸ਼ ਥਾਪਾ ਅਤੇ ਰਵਿੰਦਰ ਹੰਸ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਮੁਸਲਿਮ ਭਾਈਚਾਰੇ ਦੇ ਲੋਕ ਮੌਜੂਦ ਸਨ।

*ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨੌਜਵਾਨਾਂ ਲਈ ਇਕ ਅਹਿਮ ਕਦਮ*

## ਸੈਂਟਰ ਫਾਰ ਕੁਆਂਟਮ ਐਂਡ ਮਟੀਰੀਅਲ ਸਾਇੰਸ ਵੱਲੋਂ ਪਹਿਲਾ ਲੈਕਚਰ



ਅੰਮ੍ਰਿਤਸਰ, 28 ਮਈ (ਗੁਰਦਿਆਲ ਸਿੰਘ ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਨੌਜਵਾਨਾਂ ਨੂੰ ਭਵਿੱਖ ਦੀ ਕੁਆਂਟਮ ਤਕਨਾਲੋਜੀ ਨਾਲ ਜੋੜਨ ਵੱਲ ਇਕ ਅਹਿਮ ਕਦਮ ਚੁੱਕਦਿਆਂ ਆਪਣੇ ਨਵੇਂ ਸਥਾਪਿਤ ਸੈਂਟਰ ਫਾਰ ਕੁਆਂਟਮ ਐਂਡ ਮਟੀਰੀਅਲ ਸਾਇੰਸ ਵੱਲੋਂ ਪਹਿਲਾ ਜਨਤਕ ਲੈਕਚਰ ਕੁਆਂਟਮ ਹੋਰਾਈਜ਼ਨਸ : ਚਾਰਟਿੰਗ ਯੋਰ ਕਰੀਅਰ ਇਨ ਦ ਸੈਕਿੰਡ ਕੁਆਂਟਮ ਰਿਵੋਲਿਊਸ਼ਨ ਕਰਵਾਇਆ। ਇਹ ਸਮਾਗਮ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਕਰਵਾਇਆ ਗਿਆ ਜਿਸ ਵਿੱਚ 100 ਤੋਂ ਵੱਧ ਵਿਦਿਆਰਥੀਆਂ, ਅਧਿਆਪਕਾਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਦੀ ਅਗਵਾਈ ਹੇਠ ਸਥਾਪਿਤ ਕੀਤਾ ਗਿਆ ਖੇਤਰ ਦਾ ਆਪਣੀ ਕਿਸਮ ਦਾ ਪਹਿਲਾ ਕੇਂਦਰ ਹੈ, ਜਿਸ ਦਾ ਮਕਸਦ ਆਧੁਨਿਕ ਕੁਆਂਟਮ ਖੋਜ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਭਾਰਤ ਦੇ ਨੈਸ਼ਨਲ ਕੁਆਂਟਮ ਮਿਸ਼ਨ ਤਹਿਤ ਨਵੀਂ ਪੀੜ੍ਹੀ ਨੂੰ ਤਿਆਰ ਕਰਨਾ ਹੈ।ਸਮਾਗਮ ਵਿੱਚ ਡੀਨ ਐਲੂਮਨੀ ਪ੍ਰੋ. ਅਤੁਲ ਖੰਨਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦਕਿ ਜੇਪੀ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ ਤੋਂ ਪ੍ਰੋ. ਅਨਿਰਬਾਨ ਪਾਠਕ, ਫਿਜ਼ਿਕਸ ਵਿਭਾਗ ਦੇ ਮੁਖੀ ਪ੍ਰੋ. ਅਮਨ ਮਹਾਜਨ,ਦੀ ਕੋਆਰਡੀਨੇਟਰ ਡਾ. ਬਿੰਦੀਆ ਅਰੋੜਾ, ਡਾ. ਪਰਮਜੀਤ ਕੌਰ, ਡਾ. ਮਨਦੀਪ ਸਿੰਘ ਅਤੇ ਡਾ. ਹਰਪ੍ਰੀਤ ਸਿੰਘ ਵੀ ਮੌਜੂਦ ਰਹੇ।ਇਸ ਮੌਕੇ ਪ੍ਰੋ. ਅਤੁਲ ਖੰਨਾ ਨੇ ਕਿਹਾ ਕਿ ਕੁਆਂਟਮ ਤਕਨਾਲੋਜੀ ਭਵਿੱਖ ਦੀ ਵਿਗਿਆਨਕ ਅਤੇ ਨਵੀਨਤਾ ਭਰੀ ਦੁਨੀਆਂ ਦੀ ਬੁਨਿਆਦ ਬਣਨ ਜਾ ਰਹੀ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੌਜਵਾਨਾਂ ਨੂੰ ਇਸ ਖੇਤਰ ਵਿੱਚ ਆਉਣ ਵਾਲੇ ਮੌਕਿਆਂ ਲਈ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।ਮੁੱਖ ਭਾਸ਼ਣ ਦਿੰਦਿਆਂ ਪ੍ਰੋ. ਅਨਿਰਬਾਨ ਪਾਠਕ ਨੇ ਵਿਦਿਆਰਥੀਆਂ ਨੂੰ ਕੁਆਂਟਮ ਕੰਪਿਊਟਿੰਗ, ਕੁਆਂਟਮ ਕਮਿਊਨੀਕੇਸ਼ਨ, ਸੈਂਸਿੰਗ ਅਤੇ ਕੁਆਂਟਮ ਮਟੀਰੀਅਲਜ਼ ਵਰਗੇ ਖੇਤਰਾਂ ਵਿੱਚ ਉਭਰ ਰਹੀਆਂ ਸੰਭਾਵਨਾਵਾਂ ਬਾਰੇ ਜਾਣੂ ਕਰਵਾਇਆ ਅਤੇ ਕਰੀਅਰ ਬਣਾਉਣ ਲਈ ਦਿਸ਼ਾ-ਨਿਰਦੇਸ਼ ਦਿੱਤੇ।ਡਾ. ਹਰਪ੍ਰੀਤ ਸਿੰਘ ਵੱਲੋਂ ਵਿਦਿਆਰਥੀਆਂ ਨਾਲ ਇਕ ਇੰਟਰਐਕਟਿਵ ਸੈਸ਼ਨ ਵੀ ਕਰਵਾਇਆ ਗਿਆ ਜਿਸ ਵਿੱਚ ਉਨ੍ਹਾਂ ਨੇ ਕੁਆਂਟਮ ਖੇਤਰ ਵਿੱਚ ਕਰੀਅਰ ਸਬੰਧੀ ਵਿਸਥਾਰ ਨਾਲ ਸਵਾਲਾਂ ਦੇ ਜਵਾਬ ਦਿੱਤੇ। ਡਾ. ਬਿੰਦੀਆ ਅਰੋੜਾ ਨੇ ਕਿਹਾ ਕਿ ਕੇਂਦਰ ਦਾ ਮਕਸਦ ਕੇਵਲ ਉੱਚ ਪੱਧਰੀ ਖੋਜ ਤੱਕ ਸੀਮਿਤ ਨਹੀਂ, ਸਗੋਂ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਅਤੇ ਅਕਾਦਮਿਕ ਖੋਜ ਨਾਲ ਜੋੜਨਾ ਵੀ ਹੈ।ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਲਈ ਕੁਆਂਟਮ ਹੋਰਾਈਜ਼ਨਸ - ਦ ਸੈਕਿੰਡ ਕੁਆਂਟਮ ਰਿਵੋਲਿਊਸ਼ਨ ਵਿਸ਼ੇ 'ਤੇ ਲੋਗੋ ਡਿਜ਼ਾਈਨ ਮੁਕਾਬਲਾ ਵੀ ਕਰਵਾਇਆ ਗਿਆ। ਅੰਤ ਵਿੱਚ ਪ੍ਰੋ. ਅਮਨ ਮਹਾਜਨ ਨੇ ਧੰਨਵਾਦੀ ਮਤਾ ਪੇਸ਼ ਕਰਦਿਆਂ ਮੁੱਖ ਮਹਿਮਾਨਾਂ, ਵਿਦਵਾਨਾਂ, ਵਿਦਿਆਰਥੀਆਂ ਅਤੇ ਆਯੋਜਕ ਟੀਮ ਦਾ ਧੰਨਵਾਦ ਕੀਤਾ। ਸਮਾਗਮ ਨੇ ਨੌਜਵਾਨਾਂ ਵਿੱਚ ਕੁਆਂਟਮ ਵਿਗਿਆਨ ਪ੍ਰਤੀ ਨਵਾਂ ਉਤਸ਼ਾਹ ਅਤੇ ਰੁਚੀ ਪੈਦਾ ਕੀਤੀ।

## ਸ਼ਹੀਦ ਮਹਿਗਾ ਸਿੰਘ ਬੱਬਰ ਤੇ ਸਮੂਹ ਸ਼ਹੀਦਾਂ ਦੀ ਯਾਦ'ਚ ਪਾਠ ਦਾ ਭੋਗ 1 ਜੂਨ ਨੂੰ



ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ): ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ ਬਲਜਿੰਦਰ ਸਿੰਘ ਨੇ ਕਿਹਾ ਕਿ ਸਮੁੱਚੀ ਮਨੁੱਖਤਾ ਨੂੰ ਰੁਹਾਨੀਅਤ ਦਾ ਸੰਦੇਸ਼ ਦੇਣ ਵਾਲੇ ਸਿੱਖੀ ਦੇ ਕੇਂਦਰੀ ਸਥਾਨ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜ ਵਲੋਂ ਕੀਤੇ ਹਮਲੇ ਦੀ ਚੀਸ ਅੱਜ ਵੀ ਸੁਣੀ ਜਾ ਸਕਦੀ ਹੈ। ਜਿਸਦੇ ਚੱਲਦਿਆਂ ਜੂਨ 84 ਦੇ ਫ਼ੌਜੀ ਹਮਲੇ ਦੇ ਪਹਿਲੇ ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਵਾਲੇ, ਜਨਰਲ ਸ਼ਬੇਗ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਤੇ ਸਮੂਹ ਸ਼ਹੀਦਾਂ ਦੀ ਮਿੱਠੀ ਯਾਦਚ ਸ੍ਰੀ ਅੱਖਡ ਪਾਠ ਸਾਹਿਬ ਦੀ ਅੰਰਭਤਾ 30 ਮਈ ਨੂੰ ਗੁ ਬਾਬਾ ਅਟੱਲ ਰਾਏ ਸਾਹਿਬ ਅੰਮ੍ਰਿਤਸਰ ਵਿੱਖੇ ਸਵੇਰੇ 9 ਵਜੇ ਹੋਵੇਗੀ ਅਤੇ ਭੋਗ 1ਜੂਨ ਸੋਮਵਾਰ ਸਵੇਰੇ 7 ਵਜੇ ਪਾਏ ਜਾਣਗੇ। ਕੀਰਤਨ ਉਪਰੰਤ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣਗੀਆਂ। ਹਵਾਰਾ ਕਮੇਟੀ ਦੇ ਪ੍ਰੋਫੈਸਰ ਬਲਜਿੰਦਰ ਸਿੰਘ, ਬੇਅੰਤ ਸਿੰਘ ਭਰਾਤਾ ਜਰਨਲ ਸ਼ਾਬੇਗ ਸਿੰਘ, ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਤਰਲੋਕ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਡਾ ਸੁਖਦੇਵ ਸਿੰਘ ਬਾਬਾ, ਬਲਦੇਵ ਸਿੰਘ ਨਵਾਂਪਿੰਡ, ਰਘਬੀਰ ਸਿੰਘ ਭੁੱਚਰ, ਗੁਰਮੀਤ ਸਿੰਘ ਬਾਬਾ, ਬਲਵਿੰਦਰ ਸਿੰਘ ਸਾਂਘਣਾ ਅਤੇ ਦਲਜੀਤ ਸਿੰਘ ਗਿੱਲ ਆਦਿ ਨੇ ਸਮੂਹ ਪੰਥਕ ਜਥੇਬੰਦੀਆਂ ਅਤੇ ਨਾਨਕ ਨਾਮ ਲੇਵਾ ਸੰਗਤਾ ਨੂੰ ਬੇਨਤੀ ਕੀਤੀ ਕਿ ਸ਼ਹੀਦਾਂ ਨਮਿਤ 1 ਜੂਨ ਦੇ ਪ੍ਰੋਗਰਾਮ ਵਿੱਚ ਸਾਥੀਆਂ ਸਮੇਤ ਹਾਜ਼ਰੀਆਂ ਭਰਨ।

## ਸਿੱਖ ਚਿਹਰੇ ਨੂੰ ਅਗਵਾਈ ਦੇ ਕੇ ਭਾਜਪਾ ਨੇ ਪੰਜਾਬੀਆਂ ਦਾ ਮਾਣ ਵਧਾਇਆ: ਬੱਬੂ



ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ): ਭਾਰਤੀ ਜਨਤਾ ਪਾਰਟੀ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਭਾਜਪਾ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਭਾਜਪਾ ਓਬੀਸੀ ਮੋਰਚਾ ਪੰਜਾਬ ਦੇ ਕਾਰਜਕਾਰੀ ਮੈਂਬਰ ਬਲਜਿੰਦਰ ਸਿੰਘ ਬੱਬੂ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਜਪਾ ਨੇ ਪੰਜਾਬ ਦੀ ਸਿਆਸਤ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇੱਕ ਮਜ਼ਬੂਤ ਸਿੱਖ ਚਿਹਰੇ ਨੂੰ ਸੂਬੇ ਦੀ ਕਮਾਨ ਸੌਂਪੀ ਹੈ।ਉਨ੍ਹਾਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਲੰਮੇ ਸਮੇਂ ਤੋਂ ਲੋਕਾਂ ਨਾਲ ਜੁੜੇ ਹੋਏ ਆਗੂ ਹਨ ਅਤੇ ਉਨ੍ਹਾਂ ਕੋਲ ਸੰਗਠਨਾਤਮਕ ਤਜਰਬੇ ਦੇ ਨਾਲ-ਨਾਲ ਪੰਜਾਬ ਦੇ ਮੁੱਦਿਆਂ ਦੀ ਵੀ ਪੂਰੀ ਸਮਝ ਹੈ। ਬੱਬੂ ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਭਾਜਪਾ ਹੋਰ ਮਜ਼ਬੂਤ ਹੋਵੇਗੀ ਅਤੇ ਪਾਰਟੀ ਨੂੰ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਨਵਾਂ ਆਧਾਰ ਮਿਲੇਗਾ ਬਲਜਿੰਦਰ ਸਿੰਘ ਬੱਬੂ ਨੇ ਕਿਹਾ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ ਅਤੇ ਹੁਣ ਉਹ ਇੱਕ ਨਵੇਂ ਅਤੇ ਵਿਕਾਸਸ਼ੀਲ ਵਿਕਲਪ ਵੱਲ ਦੇਖ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਮਜ਼ਬੂਤੀ ਨਾਲ ਉਭਰੇਗੀ ਅਤੇ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੇਗੀ। ਉਨ੍ਹਾਂ ਹੋਰ ਕਿਹਾ ਕਿ ਭਾਜਪਾ ਹਮੇਸ਼ਾਂ ਹੀ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਪੰਜਾਬ ਵਿੱਚ ਵੀ ਪਾਰਟੀ ਵੱਲੋਂ ਇਕਜੁੱਟਤਾ ਅਤੇ ਵਿਕਾਸ ਦੀ ਰਾਜਨੀਤੀ ਨੂੰ ਅੱਗੇ ਵਧਾਇਆ ਜਾਵੇਗਾ।

*ਐਸ.ਡੀ.ਐਮ.ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ*

## ਐਸ.ਆਈ.ਆਰ. ਸਬੰਧੀ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਸਮਾਂ ਸਾਰਣੀ ਬਾਰੇ ਕਰਵਾਇਆ ਜਾਣੂੰ



ਚੋਹਲਾ ਸਾਹਿਬ, 28 ਮਈ : (ਭਗਤ ਸਿੰਘ ਸੰਧੂ) :ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ-ਐਸ.ਡੀ.ਐਮ ਖਡੂਰ ਸਾਹਿਬ ਸੰਜੀਵ ਸ਼ਰਮਾ ਵੱਲੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਪੰਜਾਬ ਵਿੱਚ ਸ਼ੁਰੂ ਕੀਤੀ ਜਾ ਰਹੀ ਵੋਟਰ ਸੂਚੀਆਂ ਦੀ ਸਪੈਸ਼ਲ ਇੰਨਟੈਂਸਿਵ ਰਵੀਜ਼ਨ (ਐਸ.ਆਈ.ਆਰ) ਸਬੰਧੀ ਹਦਾਇਤਾਂ ਅਤੇ ਸਮਾਂ ਸਾਰਣੀ ਬਾਰੇ ਜਾਣਕਾਰੀ ਦਿੱਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਤਹਿਤ ਬੂਥ ਲੈਵਲ ਅਫ਼ਸਰ 25 ਜੂਨ ਤੋਂ 24 ਜੁਲਾਈ 2026 ਤੱਕ ਘਰ-ਘਰ ਜਾ ਕੇ ਫਾਰਮ ਭਰਵਾਉਣਗੇ। ਉਨ੍ਹਾਂ ਦੱਸਿਆ ਕਿ ਡ੍ਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ 31 ਜੁਲਾਈ 2026 ਨੂੰ ਹੋਵੇਗੀ ਅਤੇ ਦਾਅਵੇ ਤੇ ਇਤਰਾਜ਼ 31 ਜੁਲਾਈ ਤੋਂ 30 ਅਗਸਤ 2026 ਤੱਕ ਪ੍ਰਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ 28 ਸਤੰਬਰ 2026 ਤੱਕ ਕੀਤਾ ਜਾਵੇਗਾ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 1 ਅਕਤੂਬਰ 2026 ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਬੀ.ਐਲ.ਓਜ਼ ਦੀ ਸਿਖ਼ਲਾਈ ਅਤੇ ਹੋਰ ਤਿਆਰੀਆਂ 15 ਜੂਨ ਤੋਂ 24 ਜੂਨ 2026 ਵਿਚਕਾਰ ਮੁਕੰਮਲ ਕੀਤੀਆਂ ਜਾਣਗੀਆਂ ਅਤੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ 24 ਜੁਲਾਈ, 2026 ਤੱਕ ਪੂਰੀ ਹੋ ਜਾਵੇਗੀ। ਇਸ ਦੌਰਾਨ ਉਨ੍ਹਾਂ ਨੇ ਵਿਸ਼ੇਸ਼ ਸੰਖੇਪ ਸੋਧ ਅਤੇ ਵਿਸ਼ੇਸ਼ ਤੀਬਰ ਸੋਧ ਵਿੱਚ ਅੰਤਰ ਦੱਸਦਿਆਂ ਕਿਹਾ ਕਿ ਐਸ.ਆਈ.ਆਰ ਦੀ ਪ੍ਰਕਿਰਿਆ ਜਾਂਚ-ਪੜਤਾਲ ਵਾਲੀ ਹੈ। ਇਸ ਵਿੱਚ ਸਾਰੇ ਵੋਟਰਾਂ ਦੇ ਪ੍ਰਮਾਣ ਪੱਤਰਾਂ ਦੀ ਜਾਂਚ ਦੇ ਨਾਲ-ਨਾਲ ਫੋਟੋ ਅੱਪਡੇਟ, ਉਮਰ ਵਿੱਚ ਅੰਤਰ ਸੁਧਾਰ ਸ਼ਾਮਿਲ ਹੋਣਗੇ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਵੋਟਰ ਹੈਲਪਲਾਈਨ ਟੋਲ ਫ੍ਰੀ ਨੰਬਰ 1950 'ਤੇ ਸੰਪਰਕ ਕੀਤਾ ਜਾ ਸਕਦਾ ਹੈ। 2003 ਦੀ ਵੋਟਰ ਸੂਚੀ ਦੀ ਡਿਟੇਲ ਭਾਰਤ ਚੋਣ ਕਮਿਸ਼ਨ ਦੇ ਵੈੱਬ ਪੋਰਟਲ 'ਤੇ ਦੇਖੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ 024-ਖਡੂਰ ਸਾਹਿਬ ਦੇ 91.65 ਫੀਸਦੀ ਵੋਟਰਾਂ ਦਾ ਪਹਿਲਾਂ ਹੀ 2003 ਦੀ ਵੋਟਰ ਸੂਚੀ ਨਾਲ ਮੈਪ ਕੀਤਾ ਜਾ ਚੁੱਕਾ ਹੈ, ਜੋ ਐਸ.ਆਈ.ਆਰ ਵਿੱਚ ਸਹਾਇਤਾ ਕਰੇਗਾ।

## ਸਕੂਲਾਂ 'ਚ ਭਲਕੇ ਮਨਾਇਆ ਜਾਵੇਗਾ ਸਿੱਖਿਆ ਦਾ ਮਹਾਂ ਜਸ਼ਨ



ਚੋਹਲਾ ਸਾਹਿਬ , 28 ਮਈ : ( ਭਗਤ ਸਿੰਘ ਸੰਧੂ ): ਨੀਤੀ ਆਯੋਗ ਦੀ ਸਿੱਖਿਆ ਗੁਣਵੱਤਾ ਰਿਪੋਰਟ 2026 ਵਿੱਚ ਪੰਜਾਬ ਵੱਲੋਂ ਦੇਸ਼ ਭਰ ਵਿੱਚ ਪਹਿਲਾ ਸਥਾਨ ਹਾਸਲ ਕਰਨ ਦੀ ਸ਼ਾਨਦਾਰ ਪ੍ਰਾਪਤੀ ਨੂੰ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨਾਲ ਸਾਂਝਾ ਕਰਨ ਲਈ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਿਤੀ 30 ਮਈ 2026 (ਸ਼ਨੀਵਾਰ) ਨੂੰ ਮੈਗਾ ਪੀ.ਟੀ.ਐਮ ਅਤੇ ਮਾਪਿਆਂ ਦੀ ਵਰਕਸ਼ਾਪ ਰਾਹੀਂ ਸਿੱਖਿਆ ਦਾ ਮਹਾਂ ਜਸ਼ਨ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ ਐਲੀਮੈਂਟਰੀ) ਤਰਨ ਤਾਰਨ ਰਾਜੀਵ ਕੁਮਾਰ ਛਾਬੜਾ ਨੇ ਦੱਸਿਆ ਕਿ ਮੈਗਾ ਪੀ.ਟੀ.ਐਮ ਅਤੇ ਮਾਪਿਆਂ ਦੀ ਵਰਕਸ਼ਾਪ ਦਾ ਉਦੇਸ਼ ਪੰਜਾਬ ਦੀ ਸਿੱਖਿਆ ਖੇਤਰ ਵਿੱਚ ਪ੍ਰਾਪਤ ਕੀਤੀ ਗਈ ਇਸ ਇਤਿਹਾਸਕ ਸਫਲਤਾ ਨੂੰ ਲੋਕਾਂ ਤੱਕ ਪਹੁੰਚਾਉਣਾ ਅਤੇ ਸਕੂਲਾਂ ਵਿੱਚ ਕੰਮ ਕਰਦੇ ਸਮੂਹ ਸਟਾਫ ਦੀ ਮਿਹਨਤ ਦੀ ਹੌਸਲਾ ਅਫ਼ਜ਼ਾਈ ਕਰਨਾ ਹੈ।ਉਨ੍ਹਾਂ ਦੱਸਿਆ ਕਿ ਇਸ ਮੌਕੇ ਬੋਰਡ ਪ੍ਰੀਖਿਆਵਾਂ ਵਿੱਚ ਸਕੂਲ ਪੱਧਰ 'ਤੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਕਿਸੇ ਵੀ ਵਿਸ਼ੇ ਵਿੱਚ 100 ਫੀਸਦੀ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇ.ਈ.ਈ, ਕਲੇਟ ਅਤੇ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ ਕਲੀਅਰ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਹੁਨਰ ਸਿੱਖਿਆ ਨਾਲ ਜੁੜੇ ਇੰਟਰਨਸ਼ਿਪ ਲਈ ਜਾ ਰਹੇ ਵਿਦਿਆਰਥੀਆਂ ਨੂੰ ਗੁੱਡ ਲੱਕ ਸਰਟੀਫਿਕੇਟ ਦਿੱਤੇ ਜਾਣਗੇ। ਇਸੇ ਤਰ੍ਹਾਂ ਇੰਗਲਿਸ਼ ਐੱਜ ਪ੍ਰੋਗਰਾਮ ਅਧੀਨ ਘੱਟੋ-ਘੱਟ ਇਕ ਪ੍ਰੋਫੀਸ਼ੈਂਸੀ ਲੈਵਲ ਤੱਕ ਪ੍ਰਗਤੀ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਪੇ ਵਰਕਸ਼ਾਪ ਦੌਰਾਨ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਵਰਕਸ਼ਾਪ ਦੌਰਾਨ ਮਾਪਿਆਂ ਨੂੰ ਗਰਮੀ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਨੂੰ ਛੁੱਟੀਆਂ ਦੇ ਕੰਮ ਰਾਹੀਂ ਸਿੱਖਿਆ ਨਾਲ ਜੋੜ ਕੇ ਰੱਖਣ ਅਤੇ ਛੁੱਟੀਆਂ ਤੋਂ ਬਾਅਦ ਬੱਚਿਆਂ ਨੂੰ ਮੁੜ ਸਕੂਲ ਵਾਪਸੀ ਲਈ ਪ੍ਰੇਰਿਤ ਕਰਨ ਸਬੰਧੀ ਵੀ ਜਾਗਰੂਕ ਕੀਤਾ ਜਾਵੇਗਾ।

## ਪਿੰਗਲਵਾੜਾ ਸਕੂਲ ਵਿੱਚ ਕੈਰੀਅਰ ਗਾਈਡੈਂਸ ਕੈਂਪ, ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਵਿਦਿਆਰਥੀਆਂ ਨੂੰ ਕੀਤਾ ਪ੍ਰੇਰਿਤ



ਅਮ੍ਰਿਤਸਰ, 28 ਮਈ (ਬਬਲੂ ਮਹਾਜਨ) : ਬੀਤੇ ਦਿਨੀਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਇਟੀ (ਰਜਿ.) ਅੰਮ੍ਰਿਤਸਰ ਅਤੇ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਉ (ਕੈਨੇਡਾ) ਦੇ ਸਾਂਝੇ ਸਹਿਯੋਗ ਨਾਲ ਚਲਾਏ ਜਾ ਰਹੇ ਭਗਤ ਪੂਰਨ ਸਿੰਘ ਆਦਰਸ਼ ਸੀ. ਸੈ, ਸਕੂਲ, ਮਾਨਾਂਵਾਲਾ ਕਲਾਂ ਦੇ 10+2 ਕਲਾਸ ਦਾ ਪਾਸ ਆਊਟ ਵਿਦਿਆਰਥੀਆਂ ਅਤੇ ਵੱਖ ਵੱਖ ਸੀਨੀਅਰ ਕਲਾਸਾਂ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਵੱਖ ਵੱਖ ਕੋਰਸਾਂ ਵਿਚ ਦਾਖਲਾ ਲੈਣ ਹਿੱਤ ਕੈਰੀਅਰ ਗਾਈਡੈਂਸ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਰੀਅਰ ਗਾਈਡੈਂਸ ਵਰਕਸ਼ਾਪ ਵਿਚ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ, ਐੱਮ. ਐੱਲ. ਏ ਅੰਮ੍ਰਿਤਸਰ ਵਿਦਿਆਰਥੀਆਂ ਨੂੰ ਮਿਲਣ ਅਤੇ ਜਾਗਰੂਕ ਕਰਨ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਮੁਖੀ ਡਾ. ਇੰਦਰਜੀਤ ਕੌਰ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸ੍. ਗੁਰਨਾਇਬ ਸਿੰਘ, ਆਨਰੇਰੀ ਸਿੱਖਿਆ ਸਲਾਹਕਾਰ ਸਕੂਲਜ਼ ਅਤੇ ਨਰੇਸ਼ ਕਾਲੀਆ, ਪ੍ਰਿੰਸੀਪਲ ਨੇ ਕਿਹਾ ਕਿ ਅਜਿਹੇ ਕੈਰੀਅਰ ਗਾਈਡੈਂਸ ਕੈਂਪ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੁੰਦੇ ਹਨ। ਅਜਿਹੇ ਕੈਂਪਾ ਤੋਂ ਮਿਲੀ ਮੁੱਲਵਾਨ ਜਾਣਕਾਰੀ ਉਨਾਂ ਦੇ ਕੈਰੀਅਰ ਚੋਣ ਨੂੰ ਸੇਧ ਦਿੰਦੀ ਹੈ। ਇਸ ਮੌਕੇ ਕੁੰਵਰ ਵਿਜੈ ਪ੍ਰਤਾਪ ਸਿੰਘ ਜੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਭ ਤੋਂ ਪਹਿਲਾਂ ਇਕ ਨੇਕ ਇਨਸਾਨ ਬਣਨ ਦੀ ਪਹਿਲ ਹੋਣੀ ਚਾਹੀਦੀ ਹੈ।ਇਸ ਮੌਕੇ ਉਨ੍ਹਾ ਕਿਹਾ ਕਿ ਉਹ ਆਪਣੇ ਦੇਸ਼ ਨੂੰ ਪਿਆਰ ਕਰਨ ਵਾਲੇ ਸੁਚੱਜੇ ਨਾਗਰਿਕ ਬਣਨ ਉਹਨਾਂ ਕਿਹਾ ਕਿ ਵਿਦਿਆਰਥੀ ਆਪਣੇ ਸਿਲੇਬਸ ਦੀਆਂ ਕਿਤਾਬਾਂ ਧਿਆਨ ਨਾਲ ਪੜਨ ਕਿਉਂਕਿ ਬਹੁਤ ਸਾਰੇ ਇਮਿਤਹਾਨਾਂ ਵਿਚ ਇਹਨਾਂ ਕਿਤਾਬਾਂ ਵਿਚੋਂ ਹੀ ਪ੍ਰਸ਼ਨ ਪੁੱਛੇ ਜਾਂਦੇ ਹਨ। ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਉਹ ਨਰੋਆ ਸਮਾਜ ਸਿਰਜਣ ਲਈ ਭਗਤ ਪੂਰਨ ਸਿੰਘ ਜੀ ਦੀਆਂ ਸਿਖਿਆਵਾਂ 'ਤੇ ਚਲ ਕੇ ਚੰਗੇ ਨਾਗਰਿਕ ਬਣਨ।

## ਸਿੰਘ ਹਸਪਤਾਲ ਨੇ ਲਗਾਇਆ ਬੱਚਿਆਂ ਦੀ ਸਿਹਤ ਸਬੰਧੀ ਕੈਂਪ

ਅੰਮ੍ਰਿਤਸਰ, 28 ਮਈ (ਗੁਰਦਿਆਲ ਸਿੰਘ ):ਸਿੰਘ ਹਸਪਤਾਲ ਸ਼ੇਰ ਸ਼ਾਹ ਸੂਰੀ ਰੋਡ ਵੱਲੋਂ ਸਥਾਨਕ ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਵਿਖੇ 9 ਤੋਂ 14 ਸਾਲ ਦੇ ਬੱਚਿਆਂ ਦੀ ਸਿਹਤ ਸੰਭਾਲ ਸਬੰਧੀ ਇੱਕ ਜਾਗਰੂਕ ਕੈਂਪ ਲਗਾਇਆ ਗਿਆ। ਹਸਪਤਾਲ ਦੀ ਮੈਨੇਜਿੰਗ ਡਾਇਰੈਕਟਰ ਡਾ. ਜਸਪ੍ਰੀਤ ਕੌਰ ਨੇ ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ ਬੱਚਿਆਂ ਨੂੰ ਉਹਨਾਂ ਵਿੱਚ ਖੂਨ ਦੀ ਕਮੀ, ਆਇਰਨ ਦੀ ਘਾਟ ਕਾਰਨ ਕਮਜ਼ੋਰੀ ਜ਼ਾਹਰ ਹੋਣ 'ਤੇ ਉਹਨਾਂ ਨੂੰ ਸੰਤੁਲਿਤ ਭੋਜਨ ਖਾਣ ਲਈ ਪ੍ਰੇਰਿਆ। ਉਹਨਾਂ ਹੋਰ ਕਿਹਾ ਕਿ ਇਸ ਉਮਰ 'ਚ ਬੱਚਿਆਂ ਵਿੱਚ ਕਮਜ਼ੋਰੀ, ਸੁਸਤਪਣ ਅਤੇ ਚਿੜਚਿੜਾਪਣ ਦਿਖਾਈ ਦੇਣ 'ਤੇ ਉਹਨਾਂ ਨੂੰ ਵਿਟਾਮਿਨ ਭਰਪੂਰ ਖੁਰਾਕ ਦੇਣ ਦੇ ਨਾਲ ਡਾਕਟਰ ਨਾਲ ਸਲਾਹ ਜ਼ਰੂਰ ਕਰਨੀ ਚਾਹੀਦੀ ਹੈ। ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਜੇਸ਼ ਪ੍ਰਭਾਕਰ ਨੇ ਸਿੰਘ ਹਸਪਤਾਲ ਦੇ ਡਾਕਟਰ ਜਸਪ੍ਰੀਤ ਕੌਰ, ਜਸਲੀਨ ਕੌਰ ਅਤੇ ਲਵਦੀਪ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੰਘ ਹਸਪਤਾਲ ਵੱਲੋਂ ਬੱਚਿਆਂ ਨੂੰ ਉਹਨਾਂ ਦੀ ਸਿਹਤ ਪ੍ਰਤੀ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ ਹੈ।

## ਰਿੰਕੂ ਨਰੂਲਾ ਨੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਈਦ-ਉਲ-ਜ਼ੁਹਾ ਦੀ ਮੁਬਾਰਕਬਾਦ



ਅੰਮ੍ਰਿਤਸਰ, 28 ਮਈ (ਗੁਰਦਿਆਲ ਸਿੰਘ) : ਅੰਮ੍ਰਿਤਸਰ ਹਲਕਾ ਦੱਖਣੀ ਤੋਂ ਕਾਂਗਰਸ ਦੇ ਮੁੱਖ ਸੇਵਾਦਾਰ ਜਗਦੀਪ ਸਿੰਘ ਰਿੰਕੂ ਨਰੂਲਾ ਨੇ ਬਾਜ਼ਾਰ ਸਿਰਕੀ ਬਾਂਦਾ ਸਥਿਤ ਮਸਜਿਦ ਮੌਲਾ ਬਖ਼ਸ਼ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ-ਉਲ-ਜ਼ੁਹਾ ਦੀ ਮੁਬਾਰਕਬਾਦ ਦਿੱਤੀ। ਇਸ ਦੌਰਾਨ ਉਨ੍ਹਾਂ ਲੋਕਾਂ ਨਾਲ ਗਲੇ ਮਿਲ ਕੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਪੰਜਾਬ ਵਿੱਚ ਅਮਨ-ਸ਼ਾਂਤੀ ਤੇ ਭਾਈਚਾਰੇ ਦੀ ਕਾਮਨਾ ਕੀਤੀ। ਰਿੰਕੂ ਨਰੂਲਾ ਨੇ ਕਿਹਾ ਕਿ ਪੰਜਾਬ ਹਮੇਸ਼ਾਂ ਤੋਂ ਸਾਂਝੀਵਾਲਤਾ ਅਤੇ ਭਾਈਚਾਰੇ ਦੀ ਧਰਤੀ ਰਹੀ ਹੈ। ਉਨ੍ਹਾਂ ਕਿਹਾ ਕਿ ਈਦ-ਉਲ-ਜ਼ੁਹਾ ਦਾ ਤਿਉਹਾਰ ਸਾਨੂੰ ਤਿਆਗ, ਪਿਆਰ ਅਤੇ ਇਨਸਾਨੀਅਤ ਦਾ ਸੰਦੇਸ਼ ਦਿੰਦਾ ਹੈ ਅਤੇ ਸਾਰੇ ਧਰਮ ਆਪਸੀ ਭਾਈਚਾਰੇ ਦੀ ਸਿੱਖਿਆ ਦਿੰਦੇ ਹਨ। ਉਨ੍ਹਾਂ ਮੁਸਲਿਮ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪਵਿੱਤਰ ਤਿਉਹਾਰ ਸਭ ਦੇ ਜੀਵਨ ਵਿੱਚ ਖੁਸ਼ਹਾਲੀ ਅਤੇ ਤਰੱਕੀ ਲੈ ਕੇ ਆਵੇ। ਇਸ ਮੌਕੇ ਆਲ ਇੰਡੀਆ ਉਲਮਾ ਬੋਰਡ ਦੇ ਪ੍ਰਧਾਨ ਮੌਲਾਨਾ ਸ਼ਾਹਿਦ ਅਹਿਮਦ ਨੇ ਦੱਸਿਆ ਕਿ ਮਸਜਿਦ ਮੌਲਾ ਬਖ਼ਸ਼ ਵਿੱਚ ਸਵੇਰੇ 8:30 ਵਜੇ ਈਦ-ਉਲ-ਜ਼ੁਹਾ ਦੀ ਨਮਾਜ ਅਦਾ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਅੱਲਾਹ ਦੀ ਰਾਹ ਵਿੱਚ ਕੁਰਬਾਨੀ ਅਤੇ ਸਮਰਪਣ ਦਾ ਪ੍ਰਤੀਕ ਹੈ। ਮੌਲਾਨਾ ਸ਼ਾਹਿਦ ਅਹਿਮਦ ਨੇ ਹਜ਼ਰਤ ਇਬਰਾਹੀਮ ਅਲਿਹੇ ਸਲਾਮ ਅਤੇ ਹਜ਼ਰਤ ਇਸਮਾਈਲ ਅਲਿਹੇ ਸਲਾਮ ਦੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਈਦ-ਉਲ-ਜ਼ੁਹਾ ਇਨਸਾਨੀਅਤ, ਇਮਾਨ ਅਤੇ ਅੱਲਾਹ ਪ੍ਰਤੀ ਸੱਚੀ ਆਸਥਾ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਲੋਕਾਂ ਨੂੰ ਆਪਸੀ ਪਿਆਰ ਅਤੇ ਭਾਈਚਾਰੇ ਨਾਲ ਰਹਿਣ ਦੀ ਅਪੀਲ ਵੀ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕਾਂ ਤੋਂ ਇਲਾਵਾ ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਵੀ ਮੌਜੂਦ ਰਹੀਆਂ ਅਤੇ ਸਭ ਨੇ ਇਕ-ਦੂਜੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ।

## ਕੈਰੀਅਰ ਗਾਈਡੈਂਸ ਕੈਂਪ ਲਗਾਇਆ

ਜੰਡਿਆਲਾ ਗੁਰੂ 28 ਮਈ (ਰਾਮ ਸ਼ਰਨਜੀਤ ਸਿੰਘ) ਬੀਤੇ ਦਿਨੀ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਇਟੀ (ਰਜਿ) ਅੰਮ੍ਰਿਤਸਰ ਅਤੇ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਉ (ਕੇਨੇਡਾ) ਦੇ ਸਾਂਝੇ ਸਹਿਯੋਗ ਨਾਲ ਚਲਾਏ ਜਾ ਰਹੇ ਭਗਤ ਪੂਰਨ ਸਿੰਘ ਆਦਰਸ਼ ਸੀ. ਸੈ, ਸਕੂਲ, ਮਾਨਾਂਵਾਲਾ ਕਲਾਂ ਦੇ 10+2 ਕਲਾਸ ਦਾ ਪਾਸ ਆਊਟ ਵਿਦਿਆਰਥੀਆਂ ਅਤੇ ਵੱਖ ਵੱਖ ਸੀਨੀਅਰ ਕਲਾਸਾਂ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਵੱਖ ਵੱਖ ਕੋਰਸਾਂ ਵਿਚ ਦਾਖਲਾ ਲੈਣ ਹਿੱਤ ਕੈਰੀਅਰ ਗਾਈਡੇਂਸ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਰੀਅਰ ਗਾਈਡੇਂਸ ਵਰਕਸ਼ਾਪ ਵਿਚ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ, ਐੱਮ. ਐੱਲ. ਏ ਅੰਮ੍ਰਿਤਸਰ ਵਿਦਿਆਰਥੀਆਂ ਨੂੰ ਮਿਲਣ ਅਤੇ ਜਾਗਰੂਕ ਕਰਨ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਮੁਖੀ ਡਾ. ਇੰਦਰਜੀਤ ਕੌਰ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸ੍. ਗੁਰਨਾਇਬ ਸਿੰਘ, ਆਨਰੇਰੀ ਸਿੱਖਿਆ ਸਲਾਹਕਾਰ ਸਕੂਲਜ਼ ਅਤੇ ਨਰੇਸ਼ ਕਾਲੀਆ, ਪ੍ਰਿੰਸੀਪਲ ਨੇ ਕਿਹਾ ਕਿ ਅਜਿਹੇ ਕੈਰੀਅਰ ਗਾਈਡੈਂਸ ਕੈਂਪ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੁੰਦੇ ਹਨ। ਅਜਿਹੇ ਕੈਂਪਾ ਤੋਂ ਮਿਲੀ ਮੁੱਲਵਾਨ ਜਾਣਕਾਰੀ ਉਨਾਂ ਦੇ ਕੈਰੀਅਰ ਚੋਣ ਨੂੰ ਸੇਧ ਦਿੰਦੀ ਹੈ।

## ਈਦ-ਉਲ-ਅਜ਼ਹਾ ਮੌਕੇ ਦਿਨੇਸ਼ ਬੱਸੀ ਵੱਲੋਂ ਮੁਸਲਿਮ ਭਾਈਚਾਰੇ ਨੂੰ ਮੁਬਾਰਕਬਾਦ



ਅੰਮ੍ਰਿਤਸਰ, 28 ਮਈ (ਗੁਰਦਿਆਲ ਸਿੰਘ) : ਪਵਿੱਤਰ ਤਿਉਹਾਰ ਈਦ-ਉਲ-ਅਜ਼ਹਾ ਦੇ ਮੌਕੇ 'ਤੇ ਪੂਰਬੀ ਹਲਕੇ ਤੋਂ ਸੀਨੀਅਰ ਕਾਂਗਰਸੀ ਆਗੂ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ ਨੇ ਵੇਰਕਾ ਇਲਾਕੇ ਦੀ ਮਸਜਿਦ ਵਿੱਚ ਅੱਬਾਸ ਰਾਜਾ ਜੀ ਅਤੇ ਮਨਜੀਤ ਵੇਰਕਾ ਜੀ ਦੇ ਨਾਲ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਹ ਤਿਉਹਾਰ ਆਪਸੀ ਪਿਆਰ, ਭਾਈਚਾਰੇ ਅਤੇ ਏਕਤਾ ਦਾ ਸੰਦੇਸ਼ ਦਿੰਦਾ ਹੈ। ਦਿਨੇਸ਼ ਬੱਸੀ ਨੇ ਕਿਹਾ ਕਿ ਉਹ ਪਿਛਲੇ 15 ਸਾਲਾਂ ਤੋਂ ਪੂਰਬੀ ਹਲਕੇ ਦੀ ਸੇਵਾ ਕਰ ਰਹੇ ਹਨ ਅਤੇ ਲੋਕਾਂ ਦੇ ਪਿਆਰ ਅਤੇ ਦੁਆਵਾਂ ਨਾਲ ਉਨ੍ਹਾਂ ਨੂੰ ਅੱਗੇ ਵੀ ਜਨਤਾ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਰਹੇਗਾ। ਉਨ੍ਹਾਂ ਕਿਹਾ ਕਿ ਆਪਣੇ ਕਾਰਜਕਾਲ ਦੌਰਾਨ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਰਹਿੰਦੇ ਹੋਏ ਕਰੀਬ 1.75 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਪਾਸ ਕਰਵਾਏ ਗਏ, ਜਿਸ ਨਾਲ ਇਲਾਕੇ ਵਿੱਚ ਕਈ ਵਿਕਾਸ ਕਾਰਜ ਹੋਏ। ਉਨ੍ਹਾਂ ਦੱਸਿਆ ਕਿ ਫਾਟਕ ਅੰਡਰਪਾਸ, ਵੇਰਕਾ ਇਲਾਕੇ ਦੀਆਂ ਗਲੀਆਂ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਨਾਲ-ਨਾਲ ਵੇਰਕਾ ਪੁਲ ਅਤੇ ਭੰਡਾਰੀ ਪੁਲ ਦੇ ਕੰਮਾਂ ਨੂੰ ਵੀ ਅੱਗੇ ਵਧਾਇਆ ਗਿਆ। ਉਨ੍ਹਾਂ ਕਿਹਾ ਕਿ ਪੂਰਬੀ ਹਲਕੇ ਵਿੱਚ ਵਿਕਾਸ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਦਿਨੇਸ਼ ਬੱਸੀ ਨੇ ਨੌਜਵਾਨਾਂ ਦੇ ਰੋਜ਼ਗਾਰ 'ਤੇ ਵੀ ਜ਼ੋਰ ਦਿੰਦਿਆਂ ਕਿਹਾ ਕਿ ਇਲਾਕੇ ਵਿੱਚ ਇੰਡਸਟਰੀ ਨੂੰ ਪ੍ਰੋਤਸਾਹਿਤ ਕਰਨਾ ਉਨ੍ਹਾਂ ਦੀ ਪਹਿਲ ਰਹੇਗੀ, ਤਾਂ ਜੋ ਨੌਜਵਾਨਾਂ ਨੂੰ ਵਿਦੇਸ਼ ਜਾਣ ਦੀ ਬਜਾਏ ਆਪਣੇ ਹੀ ਸ਼ਹਿਰ ਵਿੱਚ ਰੋਜ਼ਗਾਰ ਮਿਲ ਸਕੇ। ਇਸ ਨਾਲ ਹਲਕੇ ਦੀ ਤਰੱਕੀ ਦੇ ਨਾਲ-ਨਾਲ ਨੌਜਵਾਨਾਂ ਦਾ ਭਵਿੱਖ ਵੀ ਸੁਰੱਖਿਅਤ ਹੋਵੇਗਾ। ਇਸ ਮੌਕੇ ਉਨ੍ਹਾਂ ਸਮੂਹ ਮੁਸਲਿਮ ਭਾਈਚਾਰੇ ਅਤੇ ਇਲਾਕਾ ਨਿਵਾਸੀਆਂ ਦੀ ਸੁਖ-ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਲਈ ਦੁਆ ਕੀਤੀ।

## ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੈਲਪ ਡੈਸਕ ਸਥਾਪਿਤ

ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ) : ਮੁੱਖ ਚੋਣ ਅਫਸਰ, ਪੰਜਾਬ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਅੰਮ੍ਰਿਤਸਰ ਵਿਖੇ ਇੱਕ ਵਿਸ਼ੇਸ਼ ਹੈਲਪ ਡੈਸਕ ਸਥਾਪਤ ਕੀਤਾ ਗਿਆ ਹੈ। ਇਹ ਜਾਣਕਾਰੀ ਸ੍ਰੀ ਰੁਪਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) -ਕਮ- ਵਧੀਕ ਜ਼ਿਲ੍ਹਾ ਚੋਣ ਅਫਸਰ, ਅੰਮ੍ਰਿਤਸਰ ਵੱਲੋਂ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਇਸ ਹੈਲਪ ਡੈਸਕ ਦਾ ਮੁੱਖ ਮਕਸਦ ਦੌਰਾਨ ਚੋਣ ਸੇਵਾਵਾਂ ਤੱਕ ਆਸਾਨ ਪਹੁੰਚ ਦੀ ਸਹੂਲਤ ਦੇਣਾ ਅਤੇ ਸਾਰੇ ਯੋਗ ਨਾਗਰਿਕਾਂ, ਖਾਸ ਕਰਕੇ ਦਿਵਿਆਂਗ, ਪ੍ਰਵਾਸੀ ਅਤੇ ਬਜ਼ੁਰਗ ਵੋਟਰਾਂ ਦੀ ਚੋਣ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਹੈ।ਇਸ ਹੈਲਪ ਡੈਸਕ ਰਾਹੀਂ ਵੋਟਰਾਂ ਨੂੰ ਕਈ ਮਹੱਤਵਪੂਰਨ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇੱਥੇ ਆਉਣ ਵਾਲੇ ਨਾਗਰਿਕਾਂ ਨੂੰ ਦੀ ਸਮਾਂ-ਸੀਮਾ, ਨਵੀਂ ਵੋਟ ਬਣਾਉਣ, ਸੋਧ ਕਰਨ ਜਾਂ ਵੋਟ ਕਟਾਉਣ ਲਈ ਲੋੜੀਂਦੇ ਦਸਤਾਵੇਜ਼ਾਂ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਵੋਟਰਾਂ ਨੂੰ ਪਿਛਲੀ ਆਖਰੀ ਸਾਲ-2003 ਦੀ ਵੋਟਰ ਸੂਚੀ ਦੇ ਰਿਕਾਰਡ ਨਾਲ ਖੋਜ ਕਰਨ ਅਤੇ ਲਿੰਕ ਕਰਨ ਵਿੱਚ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਹੈਲਪ ਡੈਸਕ ਦਾ ਸਟਾਫ਼ ਵੋਟਰਾਂ ਨੂੰ ਆਨਲਾਈਨ ਅਤੇ ਆਫ਼ਲਾਈਨ ਦੋਵਾਂ ਮਾਧਿਅਮਾਂ ਰਾਹੀਂ ਭਰਨ ਅਤੇ ਜਮ੍ਹਾਂ ਕਰਨ ਵਿੱਚ ਵੀ ਮਦਦ ਕਰੇਗਾ।ਪ੍ਰਵਾਸੀ ਵੋਟਰਾਂ ਦੀ ਸਹੂਲਤ ਲਈ ਉਨ੍ਹਾਂ ਦੇ ਮੌਜੂਦਾ ਅਤੇ ਪਿਛਲੇ ਵਿਧਾਨ ਸਭਾ ਚੋਣ ਹਲਕਿਆਂ ਦੀ ਪਛਾਣ ਕਰਨ ਵਿੱਚ ਵਿਸ਼ੇਸ਼ ਸਹਾਇਤਾ ਦਿੱਤੀ ਜਾਵੇਗੀ ਤਾਂ ਜੋ ਉਨ੍ਹਾਂ ਦੀ ਰਜਿਸਟ੍ਰੇਸ਼ਨ ਬਿਲਕੁਲ ਸਹੀ ਜਗ੍ਹਾ ਤੇ ਯਕੀਨੀ ਬਣਾਈ ਜਾ ਸਕੇ। ਇਸ ਦੇ ਨਾਲ ਹੀ ਨਾਗਰਿਕਾਂ ਨੂੰ ਵੋਟਰ ਹੈਲਪਲਾਈਨ ਨੰਬਰ 1950 ਅਤੇ ਆਲ-ਇਨਕਲੂਸਿਵ ਮੋਬਾਈਲ ਐਪ ਦੀਆਂ ਵਿਸ਼ੇਸ਼ਤਾਵਾਂ, ਖਾਸ ਤੌਰ 'ਤੇ ਸਹੂਲਤ ਬਾਰੇ ਜਾਗਰੂਕ ਕੀਤਾ ਜਾਵੇਗਾ।

## ਗੁਰਦੁਆਰਾ ਸ਼ਹੀਦਗੰਜ ਸਾਹਿਬ ਵਿਖੇ ਸੰਤ ਭੂਰੀ ਵਾਲਿਆਂ ਵੱਲੋਂ ਲੰਗਰ ਹਾਲ ਦੀ ਨਵੀਂ ਇਮਾਰਤ ਦੀ ਸੇਵਾ ਸੰਪੰਨ

*ਲੰਗਰ ਹਾਲ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਵੱਡਾ ਪੜਾਅ ਮੁਕੰਮਲ : ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ*



ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ) :ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਗੁਰਦੁਆਰਾ ਸ਼ਹੀਦਗੰਜ ਸਾਹਿਬ ਵਿਖੇ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਤੇ ਬਾਬਾ ਸੁਖਵਿੰਦਰ ਸਿੰਘ ਜੀ ਵੱਲੋਂ ਤਿਆਰ ਕੀਤੀ ਜਾ ਰਹੀ ਲੰਗਰ ਹਾਲ ਦੀ ਨਵੀਂ ਇਮਾਰਤ ਦੀ ਚੌਥੀ ਮੰਜ਼ਿਲ ਦਾ ਲੈਂਟਰ ਅੱਜ ਜੈਕਾਰਿਆਂ ਦੀ ਗੂੰਜ ਵਿੱਚ ਸੰਪੰਨ ਹੋਇਆ।ਇਸ ਤੋਂ ਪਹਿਲਾਂ ਅਰਦਾਸ ਉਪਰੰਤ ਸੇਵਾ ਦੀ ਆਰੰਭਤਾ ਬਾਬਾ ਸੁਖਵਿੰਦਰ ਸਿੰਘ ਜੀ ਭੂਰੀ ਵਾਲੇ, ਬਾਬਾ ਗੁਰਨਾਮ ਸਿੰਘ, ਬਾਬਾ ਸੋਹਣ ਸਿੰਘ ਜੀ, ਬਾਬਾ ਰਾਣਾ ਜੀ, ਬਾਬਾ ਅਵਤਾਰ ਸਿੰਘ ਜੀ, ਬਾਬਾ ਨਾਜ਼ਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ, ਬਾਬਾ ਹੀਰਾ ਸਿੰਘ ਜੀ, ਬਾਬਾ ਪ੍ਰਦੀਪ ਸਿੰਘ ਜੀ, ਬਾਬਾ ਜਗਜੀਤ ਸਿੰਘ ਜੀ, ਬਾਬਾ ਯਾਦਵਿੰਦਰ ਸਿੰਘ ਜੀ, ਗੁਰਦੁਆਰਾ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ , ਬਲਦੇਵ ਸਿੰਘ ਧੁੰਨ ਅਤੇ ਜੇ. ਈ.ਸ਼ਮਸ਼ੇਰ ਸਿੰਘ ਵੱਲੋਂ ਕੰਕਰੀਟ ਦੇ ਪਹਿਲੇ ਬਾਲਟੇ ਪਾ ਕੇ ਕੀਤੀ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ਼ਹੀਦਗੰਜ ਸਾਹਿਬ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਅਤੇ ਆਧੁਨਿਕ ਬਣਾਉਣ ਲਈ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਦੇ ਵਿਸਥਾਰ, ਲੰਗਰ ਹਾਲ ਦੀ ਨਵੀਂ ਇਮਾਰਤ ਅਤੇ ਗੱਡੀਆਂ ਲਈ ਜ਼ਮੀਨਦੋਜ਼ ਪਾਰਕਿੰਗ ਤਿਆਰ ਕਰਨ ਦੀ ਮਹੱਤਵਪੂਰਨ ਸੇਵਾ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਨੂੰ ਸੌਂਪੀ ਗਈ ਸੀ।ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਨਾਲ ਲੱਗਦੀਆਂ ਕਈ ਨਿੱਜੀ ਜਾਇਦਾਦਾਂ ਖਰੀਦ ਕੇ ਗੁਰਦੁਆਰਾ ਕੰਪਲੈਕਸ ਦਾ ਵਿਸਥਾਰ ਕੀਤਾ ਹੈ। ਸੰਗਤਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਜ਼ਮੀਨ ਤੋਂ ਹੇਠਾਂ ਤਿੰਨ ਮੰਜ਼ਿਲਾਂ ਵਿਸ਼ਾਲ ਪਾਰਕਿੰਗ ਤਿਆਰ ਕੀਤੀ ਗਈ ਹੈ, ਜਦਕਿ ਇਸ ਦੇ ਉੱਪਰ ਚਾਰ ਮੰਜ਼ਿਲਾਂ ਦੀ ਆਧੁਨਿਕ ਲੰਗਰ ਇਮਾਰਤ ਉਸਾਰੀ ਅਧੀਨ ਹੈ, ਜਿਸ ਦਾ ਅੱਜ ਲੈਂਟਰ ਪਾਇਆ ਗਿਆ। ਇਸ ਤੋਂ ਇਲਾਵਾ ਗੁਰੂ ਘਰ ਆਉਣ ਵਾਲੀਆਂ ਸੰਗਤਾਂ ਦੇ ਜੋੜਿਆਂ ਦੀ ਸੰਭਾਲ ਲਈ ਅਤਿ-ਆਧੁਨਿਕ ਜੋੜਾ ਘਰ ਵੀ ਤਿਆਰ ਕੀਤਾ ਜਾ ਰਿਹਾ ਹੈ।ਸੇਵਾ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਬਾਬਾ ਸੁਖਵਿੰਦਰ ਸਿੰਘ ਜੀ ਭੂਰੀ ਵਾਲਿਆਂ ਨੇ ਦੱਸਿਆ ਕਿ ਲੰਗਰ ਹਾਲ ਦੀ ਨਵੀਂ ਇਮਾਰਤ ਨੂੰ ਪੂਰੀ ਤਰ੍ਹਾਂ ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਮਾਰਤ ਵਿੱਚ ਵੱਡੀਆਂ ਲਿਫਟਾਂ, ਕੁਦਰਤੀ ਰੋਸ਼ਨੀ ਅਤੇ ਹਵਾ ਦੀ ਸੁਵਿਧਾ, ਪ੍ਰਦੂਸ਼ਣ ਰੋਕੂ ਯੰਤਰ ਅਤੇ ਆਧੁਨਿਕ ਸੁਰੱਖਿਆ ਪ੍ਰਣਾਲੀਆਂ ਸਥਾਪਿਤ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਮਾਰਤ ਦੀਆਂ ਦੋ ਮੰਜ਼ਿਲਾਂ ਲੰਗਰ ਦੀਆਂ ਰਸਦਾਂ ਸਟੋਰ ਕਰਨ ਅਤੇ ਲੰਗਰ ਤਿਆਰ ਕਰਨ ਲਈ ਹੋਣਗੀਆਂ, ਜਦਕਿ ਦੋ ਮੰਜ਼ਿਲਾਂ ਸੰਗਤਾਂ ਨੂੰ ਪ੍ਰੇਮ ਸਹਿਤ ਲੰਗਰ ਛਕਾਉਣ ਲਈ ਸਮਰਪਿਤ ਕੀਤੀਆਂ ਜਾਣਗੀਆਂ।

## ਡਾ. ਅਜੇ ਗੁਪਤਾ ਨੇ ਦੋ ਆਧੁਨਿਕ ਟਾਇਲਟ ਸੈੱਟ ਜਨਤਾ ਨੂੰ ਸਮਰਪਿਤ ਕੀਤੇ



ਅੰਮ੍ਰਿਤਸਰ, 28 ਮਈ (ਬਬਲੂ ਮਹਾਜਨ) : ਕੇਂਦਰੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਦੋ ਆਧੁਨਿਕ ਟਾਇਲਟ ਸੈੱਟ ਜਨਤਾ ਨੂੰ ਸਮਰਪਿਤ ਕੀਤੇ। ਉਨ੍ਹਾਂ ਕੋਟ ਆਤਮਾ ਸਿੰਘ ਵਿੱਚ ਸੜਕ ਅਤੇ ਗਲੀਆਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ। ਵਿਧਾਇਕ ਡਾ. ਅਜੇ ਗੁਪਤਾ ਨੇ ਦੱਸਿਆ ਕਿ ਕੇਂਦਰੀ ਵਿਧਾਨ ਸਭਾ ਹਲਕੇ ਦੇ ਗੇਟ ਖਜ਼ਾਨਾ ਅਤੇ ਲੋਹਗੜ੍ਹ ਖੇਤਰਾਂ ਵਿੱਚ ਦੋ ਆਧੁਨਿਕ ਟਾਇਲਟ ਸੈੱਟ ਜਨਤਾ ਨੂੰ ਸਮਰਪਿਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਲੱਖਾਂ ਰੁਪਏ ਦੀ ਲਾਗਤ ਨਾਲ ਚਾਰ ਆਧੁਨਿਕ ਟਾਇਲਟ ਸੈੱਟ ਬਣਾਏ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਦੋ ਹੋਰ ਆਧੁਨਿਕ ਟਾਇਲਟ ਸੈੱਟਾਂ ਦੀ ਉਸਾਰੀ ਸ਼ੁਰੂ ਹੋ ਗਈ ਹੈ।ਵਿਧਾਇਕ ਡਾ. ਅਜੇ ਗੁਪਤਾ ਨੇ ਕੋਟ ਆਤਮਾ ਸਿੰਘ ਵਿੱਚ ਸੜਕ ਅਤੇ ਗਲੀਆਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਉਹ ਕੇਂਦਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਵਾਰਡਾਂ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਹਰ ਖੇਤਰ ਵਿੱਚ ਜਿੱਥੇ ਸ਼ਿਕਾਇਤਾਂ ਮਿਲਦੀਆਂ ਹਨ, ਉਨ੍ਹਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਂਦਾ ਹੈ। ਇਸ ਮੌਕੇ ਵਿਸ਼ਾਲ ਗਿੱਲ, ਰਾਮ ਕੁਮਾਰ, ਗੁਰਦਾਸ ਸਿੰਘ, ਵਿਸ਼ਾਲ ਲਾਡੀ, ਬਿੱਟੂ ਦੋਧੀ, ਹੈਪੀ ਕੁਮਾਰ, ਇਲਾਕਾ ਨਿਵਾਸੀ ਅਤੇ ਨਗਰ ਕੌਂਸਲ ਦੇ ਅਧਿਕਾਰੀ ਹਾਜ਼ਰ ਸਨ।



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਬੱਚਿਆਂ ਦਾ ਕੱਦ ਵਧਾਉਣ ਲਈ ਕਰੋ ਇਹ 5 ਯੋਗਾ ਆਸਣ

ਅੱਜ-ਕੱਲ੍ਹ ਦੇ ਦੌਰ 'ਚ ਬੱਚਿਆਂ ਦੀ ਚੰਗੀ ਹਾਈਟ (ਕੱਦ) ਨਾ ਸਿਰਫ਼ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ, ਸਗੋਂ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।



ਅਕਸਰ ਦੇਖਿਆ ਜਾਂਦਾ ਹੈ ਕਿ ਬੱਚੇ ਆਪਣੀ ਉਮਰ ਦੇ ਹਿਸਾਬ ਨਾਲ ਲੰਬਾਈ ਵਿੱਚ ਪਿੱਛੇ ਰਹਿ ਜਾਂਦੇ ਹਨ, ਜਿਸ ਕਾਰਨ ਮਾਪੇ ਚਿੰਤਤ ਰਹਿੰਦੇ ਹਨ। ਮਾਹਰਾਂ ਅਨੁਸਾਰ, ਕੱਦ ਵਧਾਉਣ ਲਈ ਦਵਾਈਆਂ ਜਾਂ ਸਪਲੀਮੈਂਟਸ ਦੀ ਬਜਾਏ ਯੋਗਾ ਆਸਣ ਇੱਕ ਕੁਦਰਤੀ ਅਤੇ ਸੁਰੱਖਿਅਤ ਤਰੀਕਾ ਹੈ, ਜੋ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ।

**ਸੂਰਯ ਨਮਸਕਾਰ** : ਇਹ ਕਈ ਆਸਨਾਂ ਦਾ ਮਿਸ਼ਰਣ ਹੈ ਜੋ ਪੂਰੇ ਸਰੀਰ ਨੂੰ ਐਕਟਿਵ ਕਰਦਾ ਹੈ ਅਤੇ ਗ੍ਰੋਥ ਹਾਰਮੋਨ ਨੂੰ ਸਰਗਰਮ ਕਰਨ ਵਿੱਚ ਮਦਦ ਕਰਦਾ ਹੈ।

**ਵ੍ਰਿਕਸ਼ਾਸਨ** : ਇਹ ਆਸਨ ਰੀੜ੍ਹ ਦੀ ਹੱਡੀ ਨੂੰ ਸਿੱਧਾ ਰੱਖਣ ਵਿੱਚ ਮਦਦ ਕਰਦਾ ਹੈ, ਜੋ ਲੰਬਾਈ ਵਧਾਉਣ ਵਿੱਚ ਸਹਾਇਕ ਹੈ।

**ਤ੍ਰਿਕੋਣਾਸਨ**: ਇਸ ਵਿੱਚ ਸਰੀਰ ਨੂੰ ਸਾਈਡ ਵੱਲ ਝੁਕਾਇਆ ਜਾਂਦਾ ਹੈ, ਜਿਸ ਨਾਲ ਮਾਸਪੇਸ਼ੀਆਂ ਵਿੱਚ ਖਿੱਚ ਆਉਂਦੀ ਹੈ ਅਤੇ ਸਰੀਰ ਦਾ ਸੰਤੁਲਨ ਬਿਹਤਰ ਹੁੰਦਾ ਹੈ।

**ਤਾੜ ਆਸਣ** : ਇਹ ਕੱਦ ਵਧਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਆਸਨ ਮੰਨਿਆ ਜਾਂਦਾ ਹੈ। ਇਸ ਵਿੱਚ ਸਿੱਧੇ ਖੜ੍ਹੇ ਹੋ ਕੇ ਪੂਰੇ ਸਰੀਰ ਨੂੰ ਉੱਪਰ ਵੱਲ ਖਿੱਚਿਆ ਜਾਂਦਾ ਹੈ, ਜਿਸ ਨਾਲ ਰੀੜ੍ਹ ਦੀ ਹੱਡੀ ਵਿੱਚ ਸਟ੍ਰੈਚ ਆਉਂਦਾ ਹੈ।

**ਭੁਜੰਗਾਸਨ** : ਇਸ ਨਾਲ ਰੀੜ੍ਹ ਦੀ ਹੱਡੀ ਮਜ਼ਬੂਤ ਅਤੇ ਲਚਕੀਲੀ ਬਣਦੀ ਹੈ। ਪੇਟ ਦੇ ਬਲ ਲੇਟ ਕੇ ਸਰੀਰ ਦੇ ਉੱਪਰਲੇ ਹਿੱਸੇ ਨੂੰ ਚੁੱਕਣ ਨਾਲ ਸਰੀਰ ਦਾ ਢਾਂਚਾ ਬਿਹਤਰ ਹੁੰਦਾ ਹੈ।

# ਭਾਰਤ ਚੌਲਾਂ ਦੇ ਉਤਪਾਦਨ ਵਿੱਚ ਚੀਨ ਨੂੰ ਪਛਾੜ ਕੇ ਨੰਬਰ ਇੱਕ ਬਣਿਆ : ਚੌਹਾਨ



ਨਵੀਂ ਦਿੱਲੀ, 28 ਮਈ (ਅੰਮ੍ਰਿਤਪਾਲ ਸਿੰਘ) : ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਨਵੀਂ ਦਿੱਲੀ ਦੇ ਪੂਸਾ ਕੈਂਪਸ ਵਿੱਚ ਖਰੀਫ ਕਾਨਫਰੰਸ 2026 ਦੇ ਸਬੰਧ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਦੌਰਾਨ, ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਦੇਸ਼ ਲਈ ਭੋਜਨ ਸੁਰੱਖਿਆ ਯਕੀਨੀ ਬਣਾਉਣਾ, ਕਿਸਾਨਾਂ ਦੀ ਰੋਜ਼ੀ-ਰੋਟੀ ਵਿੱਚ ਸੁਧਾਰ ਕਰਨਾ ਅਤੇ ਦੇਸ਼ ਵਾਸੀਆਂ ਨੂੰ ਪੌਸ਼ਟਿਕ ਭੋਜਨ ਪ੍ਰਦਾਨ ਕਰਨਾ ਕੇਂਦਰ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਕੇਂਦਰ ਸਰਕਾਰ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। 28 ਅਤੇ 29 ਮਈ, 2026 ਨੂੰ ਨਵੀਂ ਦਿੱਲੀ ਦੇ ਪੂਸਾ ਸਥਿਤ NASC ਕੰਪਲੈਕਸ ਵਿਖੇ ਰਾਸ਼ਟਰੀ ਖਰੀਫ ਮੁਹਿੰਮ-2026 'ਤੇ ਇੱਕ ਖੇਤੀਬਾੜੀ ਸੰਮੇਲਨ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਭਰ ਦੇ ਖੇਤੀਬਾੜੀ ਮੰਤਰੀ, ਵਿਗਿਆਨੀ ਅਤੇ ਸੀਨੀਅਰ ਅਧਿਕਾਰੀ ਹਿੱਸਾ ਲੈ ਰਹੇ ਹਨ। ਇਸ ਮਹੱਤਵਪੂਰਨ ਵਿਚਾਰ-ਚਰਚਾ ਸੈਸ਼ਨ ਵਿੱਚ ICAR, ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਤੀਨਿਧੀ ਵੀ ਹਿੱਸਾ ਲੈ ਰਹੇ ਹਨ। ਦੋ ਦਿਨਾਂ ਦੌਰਾਨ ਖਰੀਫ ਸੀਜ਼ਨ ਦੀਆਂ ਤਿਆਰੀਆਂ 'ਤੇ ਵਿਸਥਾਰ ਨਾਲ ਚਰਚਾ ਅਤੇ ਸਮੀਖਿਆ ਕੀਤੀ ਜਾਵੇਗੀ। ਸਾਡਾ ਉਦੇਸ਼ ਕਿਸਾਨਾਂ ਨੂੰ ਬਿਹਤਰ ਯੋਜਨਾਬੰਦੀ, ਬਿਹਤਰ ਤਕਨਾਲੋਜੀ ਅਤੇ ਬਿਹਤਰ ਸਹਾਇਤਾ ਪ੍ਰਦਾਨ ਕਰਨਾ ਹੈ।

ਕੇਂਦਰੀ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਸਾਡੀ ਖਰੀਫ ਕਾਨਫਰੰਸ ਸ਼ੁਰੂ ਹੋ ਗਈ ਹੈ, ਅਤੇ ਅੱਜ ਇੱਥੇ ਪੂਰੀ ਟੀਮ ਐਗਰੀਕਲਚਰ ਮੌਜੂਦ ਹੈ। ਟੀਮ ਐਗਰੀਕਲਚਰ ਵਿੱਚ ਨਾ ਸਿਰਫ਼ ਕੇਂਦਰ ਸਰਕਾਰ, ਸਗੋਂ ਰਾਜ ਸਰਕਾਰਾਂ, ICAR ਵਿਗਿਆਨੀ, ਕੇਂਦਰੀ ਅਤੇ ਰਾਜ ਅਧਿਕਾਰੀ, FPO ਪ੍ਰਤੀਨਿਧੀ ਅਤੇ ਖੇਤੀਬਾੜੀ ਨਾਲ ਸਬੰਧਤ ਕਿਸਾਨਾਂ ਦਾ ਪੂਰਾ ਸਮੂਹ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਰਾਜ ਦਾ ਵਿਸ਼ਾ ਹੈ, ਅਤੇ ਰਾਜਾਂ ਤੋਂ ਬਿਹਤਰ ਨਤੀਜੇ ਆਉਂਦੇ ਹਨ, ਜਦੋਂ ਕਿ ਕੇਂਦਰ ਸਰਕਾਰ ਸਹਾਇਕ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਦੱਸਿਆ ਕਿ ਕਾਨਫਰੰਸ ਵਿੱਚ ਸਾਉਣੀ ਅਤੇ ਹਾੜੀ ਦੀਆਂ ਫਸਲਾਂ ਦੀ ਤਿਆਰੀ, ਬਿਜਾਈ ਲਈ ਢੁਕਵੇਂ ਬੀਜਾਂ ਦੀ ਉਪਲਬਧਤਾ ਅਤੇ ਖੇਤੀਬਾੜੀ ਮਿਸ਼ਨਾਂ ਨੂੰ ਜ਼ਮੀਨ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਬਾਰੇ ਵਿਆਪਕ ਤੌਰ 'ਤੇ ਚਰਚਾ ਕੀਤੀ ਜਾਵੇਗੀ। ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਕਾਨਫਰੰਸ ਤੋਂ ਪਹਿਲਾਂ ਰਾਜਾਂ ਨਾਲ ਵਰਚੁਅਲ ਮੀਟਿੰਗਾਂ ਕੀਤੀਆਂ ਗਈਆਂ ਸਨ, ਜਿੱਥੇ ਵੱਖ-ਵੱਖ ਵਿਸ਼ਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ। ਇਸ ਦੇ ਆਧਾਰ 'ਤੇ, ਰਾਜ ਤਿਆਰ ਕਾਨਫਰੰਸ ਵਿੱਚ ਆਏ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਾਜਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਗੰਭੀਰਤਾ ਨਾਲ ਚਰਚਾ ਕਰਨਾ ਅਤੇ ਹੱਲ ਲੱਭਣਾ ਮਹੱਤਵਪੂਰਨ ਹੈ। ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਪਹਿਲਾਂ, ਇਹ ਕਾਨਫਰੰਸ ਇੱਕ ਦਿਨ ਦਾ ਮਾਮਲਾ ਹੁੰਦਾ ਸੀ, ਪਰ ਇੰਨੇ ਵੱਡੇ ਦੇਸ਼ ਵਿੱਚ, ਇੱਕ ਦਿਨ ਵਿੱਚ ਵਿਆਪਕ ਚਰਚਾ ਸੰਭਵ ਨਹੀਂ ਹੈ। ਇਸ ਲਈ, ਪਹਿਲੇ ਦਿਨ, ਅਧਿਕਾਰੀ ਸਮੂਹਾਂ ਵਿੱਚ ਮਿਲ ਕੇ ਵਿਅਕਤੀਗਤ ਰਾਜਾਂ ਨਾਲ ਵਿਸਥਾਰ ਵਿੱਚ ਚਰਚਾ ਕਰਨਗੇ, ਅਤੇ ਦੂਜੇ ਦਿਨ, ਰਾਜਾਂ ਦੇ ਖੇਤੀਬਾੜੀ ਮੰਤਰੀ ਵੀ ਹਿੱਸਾ ਲੈਣਗੇ। ਕੇਂਦਰੀ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕਿਉਂਕਿ ਸਾਡਾ ਦੇਸ਼ ਬਹੁਤ ਵੱਡਾ ਹੈ, ਇਸ ਵਾਰ ਨਾ ਸਿਰਫ਼ ਖੇਤੀਬਾੜੀ ਦਾ ਰਾਸ਼ਟਰੀ ਸੰਮੇਲਨ ਹੋ ਰਿਹਾ ਹੈ, ਸਗੋਂ ਅਸੀਂ ਖੇਤਰੀ ਸੰਮੇਲਨ ਵੀ ਸ਼ੁਰੂ ਕੀਤੇ ਹਨ। ਜੈਪੁਰ, ਲਖਨਊ ਅਤੇ ਭੁਵਨੇਸ਼ਵਰ ਵਿੱਚ ਤਿੰਨ ਖੇਤਰੀ ਸੰਮੇਲਨ ਪਹਿਲਾਂ ਹੀ ਹੋ ਚੁੱਕੇ ਹਨ। ਉੱਤਰ-ਪੂਰਬ ਅਤੇ ਦੱਖਣੀ ਭਾਰਤ ਵਿੱਚ ਦੋ ਹੋਰ ਸੰਮੇਲਨ ਹੋਣਗੇ, ਜਿਨ੍ਹਾਂ ਦੀਆਂ ਤਰੀਕਾਂ ਨੂੰ ਜਲਦੀ ਹੀ ਅੰਤਿਮ ਰੂਪ ਦਿੱਤਾ ਜਾਵੇਗਾ। ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਨੋਟ ਕੀਤਾ ਕਿ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਖੇਤੀਬਾੜੀ ਅਤੇ ਜਲਵਾਯੂ ਹਾਲਾਤ ਹੁੰਦੇ ਹਨ, ਜਿਸ ਨਾਲ ਖੇਤਰੀ ਪੱਧਰ 'ਤੇ ਵਿਚਾਰ-ਵਟਾਂਦਰਾ ਵਧੇਰੇ ਵਿਹਾਰਕ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਰਾਜਾਂ ਨਾਲ ਛੋਟੇ ਸਮੂਹਾਂ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ, ਤਾਂ ਹਰੇਕ ਰਾਜ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾ ਸਕਦੀ ਹੈ। ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਭਵਿੱਖ ਵਿੱਚ, ਖੇਤੀਬਾੜੀ-ਜਲਵਾਯੂ ਜ਼ੋਨਾਂ ਦੇ ਆਧਾਰ 'ਤੇ ਖੇਤਰੀ ਸੰਮੇਲਨਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਈਸੀਏਆਰ ਦੁਆਰਾ ਕੀਤੀ ਗਈ ਵੰਡ ਦੇ ਅਨੁਸਾਰ, ਦੇਸ਼ ਨੂੰ ਮੋਟੇ ਤੌਰ 'ਤੇ ਅੱਠ ਖੇਤੀਬਾੜੀ-ਜਲਵਾਯੂ ਜ਼ੋਨਾਂ ਵਿੱਚ ਵੰਡਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, ਸਾਡੀ ਕੋਸ਼ਿਸ਼ ਹੈ ਕਿ ਪੰਜ ਦੀ ਬਜਾਏ ਇਨ੍ਹਾਂ ਅੱਠ ਜ਼ੋਨਾਂ ਦੇ ਆਧਾਰ 'ਤੇ ਖੇਤਰੀ ਸੰਮੇਲਨਾਂ ਦਾ ਆਯੋਜਨ ਕੀਤਾ ਜਾਵੇ ਤਾਂ ਜੋ ਖੇਤੀਬਾੜੀ ਯੋਜਨਾਵਾਂ ਅਤੇ ਰਣਨੀਤੀਆਂ ਜ਼ਮੀਨੀ ਪੱਧਰ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਸਕਣ। ਉਨ੍ਹਾਂ ਇਹ ਵੀ ਦੱਸਿਆ ਕਿ ਖਰੀਫ ਕਾਨਫਰੰਸ ਨਾਲ ਸਬੰਧਤ ਇੱਕ ਵਿਸਤ੍ਰਿਤ ਪੇਸ਼ਕਾਰੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਵੱਖ-ਵੱਖ ਖੇਤੀਬਾੜੀ ਵਿਸ਼ਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

# ਖਰੀਫ਼ ਫ਼ਸਲਾਂ ਦੀਆਂ ਤਿਆਰੀਆਂ ਲਈ ਦਿੱਲੀ ਵਿੱਚ ਰਾਸ਼ਟਰੀ ਖੇਤੀਬਾੜੀ ਸੰਮੇਲਨ ਸ਼ੁਰੂ



ਨਵੀਂ ਦਿੱਲੀ, 28 ਮਈ (ਅੰਮ੍ਰਿਤਪਾਲ ਸਿੰਘ) : ਦੇਸ਼ ਭਰ ਵਿੱਚ ਸਾਉਣੀ (ਖਰੀਫ਼) ਦੇ ਆਉਣ ਵਾਲੇ ਸੀਜ਼ਨ ਦੀਆਂ ਤਿਆਰੀਆਂ ਨੂੰ ਹੁਲਾਰਾ ਦੇਣ ਅਤੇ ਕਿਸਾਨਾਂ ਲਈ ਇੱਕ ਠੋਸ ਰੋਡਮੈਪ ਤਿਆਰ ਕਰਨ ਲਈ ਨਵੀਂ ਦਿੱਲੀ ਦੇ ਪੂਸਾ ਸਥਿਤ ਐੱਨ.ਏ.ਐੱਸ.ਸੀ. ਕੰਪਲੈਕਸ ਵਿੱਚ ਦੋ ਦਿਨਾਂ ਉੱਚ-ਪੱਧਰੀ ਰਾਸ਼ਟਰੀ ਖੇਤੀਬਾੜੀ ਸੰਮੇਲਨ ਸ਼ੁਰੂ ਹੋ ਗਿਆ ਹੈ। ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਦੀ ਪ੍ਰਧਾਨਗੀ ਹੇਠ ਕਰਵਾਏ ਜਾ ਰਹੇ ਇਸ ਸੰਮੇਲਨ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਖੇਤੀਬਾੜੀ ਮੰਤਰੀ ਅਤੇ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਹਿੱਸਾ ਲੈ ਰਹੇ ਹਨ। ਪੰਜਾਬ ਦੇ ਖੇਤੀਬਾੜੀ ਮੰਤਰੀ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਸਮੇਤ ਬਿਹਾਰ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਹਰਿਆਣਾ, ਗੁਜਰਾਤ, ਰਾਜਸਥਾਨ ਅਤੇ ਉੜੀਸਾ ਵਰਗੇ ਕਈ ਪ੍ਰਮੁੱਖ ਰਾਜਾਂ ਦੇ ਨੁਮਾਇੰਦੇ ਇਸ ਸੰਮੇਲਨ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਹਨ। ਇਸ ਮੌਕੇ ਕੇਂਦਰੀ ਮੰਤਰੀ ਸ਼੍ਰੀ ਚੌਹਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਖਰੀਫ਼ 2026 ਨੂੰ ਮਹਿਜ਼ ਇੱਕ ਮੌਸਮੀ ਮੁਹਿੰਮ ਵਜੋਂ ਨਹੀਂ, ਸਗੋਂ ਦੇਸ਼ ਵਿੱਚ ਫਸਲੀ ਵਿਭਿੰਨਤਾ, ਡਿਜੀਟਲ ਖੇਤੀਬਾੜੀ, ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਇੱਕ ਵਿਆਪਕ ਰਾਸ਼ਟਰੀ ਏਜੰਡੇ ਵਜੋਂ ਦੇਖ ਰਹੀ ਹੈ। ਸੰਮੇਲਨ ਦੌਰਾਨ ਬੀਜਾਂ ਦੀ ਉਪਲਬਧਤਾ, ਮੌਸਮ ਦੇ ਬਦਲਾਅ, ਫਸਲ ਬੀਮਾ, ਕੁਦਰਤੀ ਖੇਤੀ ਅਤੇ ਡਿਜੀਟਲ ਖੇਤੀਬਾੜੀ ਵਰਗੇ ਅਹਿਮ ਵਿਸ਼ਿਆਂ 'ਤੇ ਵਿਸਤ੍ਰਿਤ ਚਰਚਾ ਕੀਤੀ ਜਾ ਰਹੀ ਹੈ।

ਇਸੇ ਦੌਰਾਨ, ਰਾਸ਼ਟਰੀ ਰਾਜਧਾਨੀ ਵਿੱਚ ਸਿਆਸੀ ਗਤੀਵਿਧੀਆਂ ਵੀ ਤੇਜ਼ ਰਹੀਆਂ। ਬਿਹਾਰ ਦੇ ਉਪ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਸ਼੍ਰੀ ਸਮਰਾਟ ਚੌਧਰੀ ਨੇ ਨਵੀਂ ਦਿੱਲੀ ਵਿਖੇ ਉਪ ਰਾਸ਼ਟਰਪਤੀ ਭਵਨ ਵਿੱਚ ਭਾਰਤ ਦੇ ਉਪ ਰਾਸ਼ਟਰਪਤੀ ਸ਼੍ਰੀ ਸੀ. ਪੀ. ਰਾਧਾਕ੍ਰਿਸ਼ਨਨ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੇ ਨਾਲ ਹੀ ਉਪ ਰਾਸ਼ਟਰਪਤੀ ਸਕੱਤਰੇਤ ਵੱਲੋਂ ਜਾਰੀ ਅਧਿਕਾਰਤ ਬਿਆਨ ਅਨੁਸਾਰ ਉਪ ਰਾਸ਼ਟਰਪਤੀ ਸ਼੍ਰੀ ਸੀ. ਪੀ. ਰਾਧਾਕ੍ਰਿਸ਼ਨਨ 29 ਮਈ ਤੋਂ 31 ਮਈ ਤੱਕ ਕਰਨਾਟਕ, ਗੋਆ ਅਤੇ ਕੇਰਲ ਦੇ ਤਿੰਨ ਦਿਨਾਂ ਸਰਕਾਰੀ ਦੌਰੇ 'ਤੇ ਰਹਿਣਗੇ। ਆਪਣੇ ਇਸ ਦੌਰੇ ਦੌਰਾਨ ਉਹ ਬੈਂਗਲੁਰੂ ਵਿੱਚ ਆਰਟ ਆਫ਼ ਲਿਵਿੰਗ ਫਾਊਂਡੇਸ਼ਨ ਦੇ 45 ਸਾਲ ਪੂਰੇ ਹੋਣ 'ਤੇ ਕਰਵਾਏ ਜਾ ਰਹੇ ਵਿਸ਼ਵ ਪੱਧਰੀ ਸਮਾਗਮ ਵਿੱਚ ਹਿੱਸਾ ਲੈਣਗੇ, ਗੋਆ ਦੇ ਰਾਜ ਸਥਾਪਨਾ ਦਿਵਸ ਸਮਾਰੋਹ ਵਿੱਚ ਸ਼ਿਰਕਤ ਕਰਨਗੇ ਅਤੇ ਕੇਰਲ ਵਿੱਚ ਦੀਪਿਕਾ ਮਲਿਆਲਮ ਡੇਲੀ ਦੀ 140ਵੀਂ ਵਰ੍ਹੇਗੰਢ ਦੇ ਸਮਾਗਮਾਂ ਦਾ ਉਦਘਾਟਨ ਕਰਨਗੇ। ਦੂਜੇ ਪਾਸੇ, ਦਿੱਲੀ ਵਿਖੇ ਚੱਲ ਰਹੇ ਖੇਤੀਬਾੜੀ ਸੰਮੇਲਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਤਿੰਨ ਮੁੱਖ ਥੀਮੈਟਿਕ ਗਰੁੱਪਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਗਰੁੱਪ ਦਾਲਾਂ, ਤੇਲ ਬੀਜਾਂ ਅਤੇ ਕਪਾਹ ਦੇ ਉਤਪਾਦਨ ਵਿੱਚ ਦੇਸ਼ ਨੂੰ ਸਵੈ-ਨਿਰਭਰ ਬਣਾਉਣ 'ਤੇ ਕੇਂਦਰਿਤ ਹੈ, ਜਦੋਂ ਕਿ ਦੂਜਾ ਗਰੁੱਪ ਕੁਦਰਤੀ ਖੇਤੀ, ਮਿੱਟੀ ਦੀ ਸਿਹਤ, ਜਲਵਾਯੂ ਪਰਿਵਰਤਨ ਅਤੇ ਲਾਗਤਾਂ ਘਟਾਉਣ ਦੇ ਮੁੱਦਿਆਂ 'ਤੇ ਚਰਚਾ ਕਰ ਰਿਹਾ ਹੈ। ਇਸ ਸੈਸ਼ਨ ਵਿੱਚ ਗੁਜਰਾਤ ਦੇ ਰਾਜਪਾਲ ਸ਼੍ਰੀ ਆਚਾਰੀਆ ਦੇਵਵ੍ਰਤ ਕੁਦਰਤੀ ਖੇਤੀ ਦੀ ਮਹੱਤਤਾ ਬਾਰੇ ਵਿਸ਼ੇਸ਼ ਸੰਬੋਧਨ ਕਰਨਗੇ। ਤੀਜਾ ਗਰੁੱਪ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਕਰਜ਼ਿਆਂ, ਕਿਸਾਨ ਕ੍ਰੈਡਿਟ ਕਾਰਡ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਰਗੇ ਆਧੁਨਿਕ ਅਤੇ ਡਿਜੀਟਲ ਖੇਤੀਬਾੜੀ ਪ੍ਰਬੰਧਾਂ ਦਾ ਜਾਇਜ਼ਾ ਲਵੇਗਾ।

### ਭਾਰਤ ਦੇ ਰਾਸ਼ਟਰਪਤੀ ਨੇ ਸਿੱਕਮ ਪੁਲਿਸ ਨੂੰ ਰਾਸ਼ਟਰਪਤੀ ਦਾ ਚਿੰਨ੍ਹ ਭੇਟ ਕੀਤਾ
# ਪੁਲਿਸ ਨੂੰ ਨਾਗਰਿਕਾਂ ਦਾ ਸਾਥੀ ਅਤੇ ਮਾਰਗਦਰਸ਼ਕ ਹੋਣਾ ਚਾਹੀਦੈ: ਮੁਰਮੂ




ਨਵੀਂ ਦਿੱਲੀ, 28 ਮਈ (ਅੰਮ੍ਰਿਤਪਾਲ ਸਿੰਘ) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ, ਨੇ ਅੱਜ (28 ਮਈ, 2026) ਗੰਗਟੋਕ ਵਿੱਚ ਸਿੱਕਮ ਪੁਲਿਸ ਨੂੰ ਰਾਸ਼ਟਰਪਤੀ ਦਾ ਚਿੰਨ੍ਹ ਭੇਟ ਕੀਤਾ। ਇਸ ਮੌਕੇ 'ਤੇ ਬੋਲਦੇ ਹੋਏ, ਰਾਸ਼ਟਰਪਤੀ ਨੇ ਸਿੱਕਮ ਪੁਲਿਸ ਨਾਲ ਜੁੜੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ, ਪੁਰਾਣੇ ਅਤੇ ਮੌਜੂਦਾ, ਨੂੰ ਇਸ ਸਨਮਾਨ ਲਈ ਵਧਾਈ ਦਿੱਤੀ। ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ 1897 ਵਿੱਚ ਆਪਣੀ ਸ਼ੁਰੂਆਤ ਤੋਂ ਲੈ ਕੇ, ਪੁਲਿਸ ਬਲ ਨੇ ਸਿੱਕਮ ਵਿੱਚ ਸ਼ਾਂਤੀ, ਸੁਰੱਖਿਆ ਅਤੇ ਨਿਆਂ ਨੂੰ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਦੀ ਪੁਲਿਸ ਪ੍ਰਣਾਲੀ ਬਸਤੀਵਾਦੀ ਸ਼ਾਸਨ ਦੇ ਲੰਬੇ ਸਮੇਂ ਤੋਂ ਪ੍ਰਭਾਵਿਤ ਰਹੀ ਹੈ। ਗੁਲਾਮੀ ਦੇ ਸਮੇਂ ਦੌਰਾਨ, ਪੁਲਿਸ ਦਾ ਮੁੱਖ ਉਦੇਸ਼ ਜਨਤਾ ਦੀ ਸੇਵਾ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਨੂੰ ਕੰਟਰੋਲ ਕਰਨਾ ਅਤੇ ਸਰਕਾਰ ਦੇ ਆਦੇਸ਼ਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਸੀ। ਨਤੀਜੇ ਵਜੋਂ, ਪੁਲਿਸ ਪ੍ਰਣਾਲੀ ਦੇ ਅੰਦਰ ਇੱਕ ਗੁਲਾਮ ਮਾਨਸਿਕਤਾ ਵਿਕਸਤ ਹੋਈ। ਇਸ ਮਾਨਸਿਕਤਾ ਦੇ ਅਨੁਸਾਰ, ਪੁਲਿਸ ਜਨਤਾ ਦੀ ਸਹਾਇਤਾ ਕਰਨ ਦੀ ਬਜਾਏ ਉਨ੍ਹਾਂ 'ਤੇ ਰਾਜ ਕਰਨ ਵਿੱਚ ਰੁੱਝੀ ਹੋਈ ਸੀ। ਇਹ ਮਾਨਸਿਕਤਾ ਹੁਣ ਬਦਲ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਾਗਰਿਕਾਂ ਨੂੰ ਸਸ਼ਕਤ ਬਣਾਉਣ ਲਈ ਗੁਲਾਮੀ ਦੀ ਇਸ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤੀ ਜ਼ਰੂਰੀ ਹੈ। ਤਦ ਹੀ ਨਾਗਰਿਕ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਰਗਰਮੀ ਨਾਲ ਯੋਗਦਾਨ ਪਾ ਸਕਣਗੇ। ਰਾਸ਼ਟਰਪਤੀ ਨੇ ਜ਼ੋਰ ਦੇ ਕੇ ਕਿਹਾ ਕਿ ਪੁਲਿਸ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਪ੍ਰਣਾਲੀ ਨੂੰ ਹੋਰ ਨਾਗਰਿਕ-ਅਨੁਕੂਲ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਆਮ ਲੋਕ ਬਿਨਾਂ ਕਿਸੇ ਡਰ ਦੇ ਆਪਣੀਆਂ ਸਮੱਸਿਆਵਾਂ ਦੀ ਰਿਪੋਰਟ ਕਰ ਸਕਣ। ਔਰਤਾਂ, ਬੱਚਿਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਪ੍ਰਤੀ ਸੰਵੇਦਨਸ਼ੀਲ ਵਿਵਹਾਰ ਨੂੰ ਵੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਪੁਲਿਸ ਨੂੰ ਨਾਗਰਿਕਾਂ ਲਈ ਇੱਕ ਭਾਈਵਾਲ ਅਤੇ ਮਾਰਗਦਰਸ਼ਕ ਹੋਣਾ ਚਾਹੀਦਾ ਹੈ। ਇਸ ਭੂਮਿਕਾ ਨੂੰ ਅਪਣਾਉਣ ਨਾਲ ਜਨਤਾ ਅਤੇ ਪੁਲਿਸ ਵਿਚਕਾਰ ਵਿਸ਼ਵਾਸ ਵਧੇਗਾ। ਜਦੋਂ ਪੁਲਿਸ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਦੀ ਹੈ ਅਤੇ ਸਹਾਇਤਾ ਕਰਦੀ ਹੈ, ਤਾਂ ਸਮਾਜ ਵਿੱਚ ਸੁਰੱਖਿਆ ਅਤੇ ਕਾਨੂੰਨ ਪ੍ਰਤੀ ਸਤਿਕਾਰ ਵੀ ਵਧੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੁਲਿਸਿੰਗ ਦਾ ਉਦੇਸ਼ ਸਿਰਫ਼ ਅਪਰਾਧੀਆਂ ਨੂੰ ਫੜਨਾ ਹੀ ਨਹੀਂ, ਸਗੋਂ ਇੱਕ ਸੁਰੱਖਿਅਤ ਅਤੇ ਜਾਗਰੂਕ ਸਮਾਜ ਦਾ ਨਿਰਮਾਣ ਕਰਨਾ ਹੋਣਾ ਚਾਹੀਦਾ ਹੈ। ਰਾਸ਼ਟਰਪਤੀ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਸਿੱਕਮ ਪੁਲਿਸ ਨੇ ਸਿੱਕਮ ਵਿੱਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਕਮ ਪੁਲਿਸ ਨੇ ਨਾਗਰਿਕਾਂ ਪ੍ਰਤੀ ਆਪਣੇ ਪੇਸ਼ੇਵਰ ਅਤੇ ਦੋਸਤਾਨਾ ਵਿਵਹਾਰ ਰਾਹੀਂ ਸਿੱਕਮ ਦੇ ਲੋਕਾਂ ਦਾ ਪਿਆਰ ਅਤੇ ਸਤਿਕਾਰ ਕਮਾਇਆ ਹੈ।

# ਐਫ. ਆਈ. ਐਚ. ਪ੍ਰੋ ਲੀਗ ਦੇ ਯੂਰਪੀਅਨ ਸੈਸ਼ਨ 'ਚ ਭਾਰਤ ਦੀ ਅਗਵਾਈ ਲਈ ਹਰਮਨਪ੍ਰੀਤ ਦੀ ਵਾਪਸੀ

ਨਵੀਂ ਦਿੱਲੀ, 28 ਮਈ (ਚ.ਨੰ.ਸ.) : ਕਪਤਾਨ ਤੇ ਸ਼ਾਨਦਾਰ ਡ੍ਰੈਗ-ਫਲਿੱਕਰ ਹਰਮਨਪ੍ਰੀਤ ਸਿੰਘ ਦੀ ਅਗਲੇ ਮਹੀਨੇ ਹੋਣ ਵਾਲੀ ਐੱਫ. ਆਈ. ਐੱਚ. ਪ੍ਰੋ ਲੀਗ ਦੇ ਯੂਰਪੀਅਨ ਸੈਸ਼ਨ ਦੇ ਲਈ 24



ਮੈਂਬਰੀ ਭਾਰਤੀ ਪੁਰਸ਼ ਹਾਕੀ ਟੀਮ ਦੀ ਕਪਤਾਨੀ ਕਰਨ ਦੇ ਲਈ ਬੁੱਧਵਾਰ ਨੂੰ ਵਾਪਸੀ ਹੋਈ। ਐੱਫ. ਆਈ. ਐੱਚ. ਪ੍ਰੋ ਲੀਗ ਅਗਸਤ 'ਚ ਹੋਣ ਵਾਲੇ ਵਿਸ਼ਵ ਕੱਪ ਤੋਂ ਪਹਿਲਾਂ ਤਿਆਰੀ ਦੇ ਲਈ ਇਕ ਅਹਿਮ ਟੂਰਨਾਮੈਂਟ ਹੋਵੇਗਾ। ਹਰਮਨਪ੍ਰੀਤ ਨੇ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਫਰਵਰੀ 'ਚ ਪ੍ਰੋ ਲੀਗ ਦਾ ਹੋਬਾਰਟ ਸੈਸ਼ਨ ਨਹੀਂ ਖੇਡਿਆ ਸੀ। ਭਾਰਤੀ ਟੀਮ 7 ਤੋਂ 9 ਜੂਨ ਤੱਕ ਟ੍ਰੇਨਿੰਗ ਤੇ ਇਕ ਦੋਸਤਾਨਾ ਮੈਚ ਦੇ ਲਈ ਬ੍ਰਸਲਜ਼ ਜਾਵੇਗੀ। ਇਸ ਸੰਖੇਪ ਕੈਂਪ ਤੋਂ ਬਾਅਦ ਭਾਰਤੀ ਟੀਮ ਪ੍ਰੋ ਲੀਗ ਦੇ ਮੁਕਾਬਲਿਆਂ ਦੇ ਲਈ 10 ਜੂਨ ਤੋਂ ਨੀਦਰਲੈਂਡ ਦੇ ਰੋਟਰਡੈਮ 'ਚ ਰਹੇਗੀ ਜਿੱਥੇ ਉਸ ਨੂੰ 14 ਤੋਂ 21 ਜੂਨ ਦੇ ਵਿਚਾਲੇ ਜਰਮਨੀ ਤੇ ਨੀਦਰਲੈਂਡ ਵਿਰੁੱਧ ਮੈਚ ਖੇਡਣੇ ਹਨ। ਇਸ ਤੋਂ ਬਾਅਦ ਭਾਰਤੀ ਟੀਮ ਲੰਡਨ ਜਾਵੇਗੀ ਜਿੱਥੇ 23 ਤੋਂ 28 ਜੂਨ ਤੱਕ ਪ੍ਰੋ ਲੀਗ 'ਚ ਉਸ ਦਾ ਮੁਕਾਬਲਾ ਪਾਕਿਸਤਾਨ ਤੇ ਇੰਗਲੈਂਡ ਨਾਲ ਹੋਵੇਗਾ। ਟੀਮ 'ਚ ਤਜ਼ਰੇਬਕਾਰ ਖਿਡਾਰੀਆਂ ਤੇ ਨੌਜਵਾਨ ਪ੍ਰਤਿਭਾਵਾਂ ਦਾ ਇਕ ਚੰਗਾ ਸੁਮੇਲ ਹੈ ਤਾਂ ਜੋ 15 ਅਗਸਤ ਤੋਂ ਸ਼ੁਰੂ ਹੋਣ ਵਾਲੇ ਵਿਸ਼ਵ ਕੱਪ ਤੋਂ ਪਹਿਲਾਂ ਮੁੱਖ ਟੀਮ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ। ਭਾਰਤੀ ਕਪਤਾਨ ਤੇ ਡਿਫੈਂਡਰ ਹਰਮਨਪ੍ਰੀਤ ਨੂੰ ਇਕ ਮਜ਼ਬੂਤ ਡਿਫੈਂਡਰਜ਼ ਇਕਾਈ ਦਾ ਸਾਥ ਮਿਲੇਗਾ ਜਿਸ 'ਚ ਅਮਿਤ ਰੋਹਿਦਾਸ, ਜਰਮਨਪ੍ਰੀਤ ਸਿੰਘ, ਜੁਗਰਾਜ ਸਿੰਘ ਤੇ ਨੌਜਵਾਨ ਡਿਫੈਂਡਰ ਅਮਨਦੀਪ ਲਾਕੜਾ ਸ਼ਾਮਲ ਹਨ। ਮਿਡਫੀਲਡ ਦੀ ਕਮਾਨ ਤਜ਼ਰੇਬਕਾਰ ਹਾਰਦਿਕ ਸਿੰਘ ਤੇ ਮਨਪ੍ਰੀਤ ਸਿੰਘ ਤੋਂ ਇਲਾਵਾ ਵਿਵੇਕ ਸਾਗਰ ਪ੍ਰਸਾਦ ਤੇ ਰਾਜ ਕੁਮਾਰ ਪਾਲ ਦੇ ਹੱਥਾਂ 'ਚ ਹੋਵੇਗੀ। ਫਾਰਵਰਡ ਲਾਈਨ 'ਚ ਮਨਦੀਪ ਸਿੰਘ, ਸੁਖਜੀਤ ਸਿੰਘ, ਅਭਿਸ਼ੇਕ ਤੇ ਸੇਲਵਮ ਕਾਰਥੀ ਵਰਗੇ ਫਾਰਵਰਡ ਸ਼ਾਮਲ ਹਨ। ਗੋਲਕੀਪਰ ਕ੍ਰਿਸ਼ਨ ਬਹਾਦਰ ਪਾਠਕ, ਫਾਰਵਰਡ ਅਰਾਇਜੀਤ ਸਿੰਘ ਹੁੰਦਲ ਤੇ ਮਨਿੰਦਰ ਸਿੰਘ, ਡਿਫੈਂਡਰ ਪੂਵੰਨਾ ਚੰਦੂਰਾ ਬੌਬੀ ਤੇ ਮਿਡਫੀਲਡਰ ਵਿਸ਼ਨੂੰ ਕਾਂਤ ਸਿੰਘ ਨੂੰ ਸਟੈਂਡਬਾਏ ਦੇ ਤੌਰ 'ਤੇ ਰੱਖਿਆ ਗਿਆ ਹੈ।

# ਕਸ਼ਮੀਰ ਮੁੱਦੇ 'ਤੇ ਦਿੱਤੇ ਪਾਮੇਲਾ ਹਿਕਸ ਦੇ ਬਿਆਨ ਨੇ ਮਚਾਈ ਹਲਚਲ

ਨਵੀਂ ਦਿੱਲੀ, 28 ਮਈ (ਚ.ਨੰ.ਸ.) : ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਲਾਰਡ ਮਾਊਂਟਬੈਟਨ ਦੀ ਪਤਨੀ



ਐਡਵਿਨਾ ਮਾਊਂਟਬੈਟਨ ਦੇ ਰਿਸ਼ਤੇ ਨੂੰ ਲੈ ਕੇ ਇੱਕ ਵੱਡਾ ਅਤੇ ਹੈਰਾਨੀਜਨਕ ਖੁਲਾਸਾ ਸਾਹਮਣੇ ਆਇਆ ਹੈ। ਲਾਰਡ ਮਾਊਂਟਬੈਟਨ ਦੀ ਧੀ ਪਾਮੇਲਾ ਹਿਕਸ ਨੇ ਕਬੂਲ ਕੀਤਾ ਹੈ ਕਿ ਉਸ ਦੀ ਮਾਂ ਨੇ ਨਹਿਰੂ 'ਤੇ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਕਸ਼ਮੀਰ ਮੁੱਦੇ 'ਤੇ ਸਿੱਧੀ ਕਾਰਵਾਈ ਕਰਨ ਦੀ ਬਜਾਏ ਇਸ ਨੂੰ ਸੰਯੁਕਤ ਰਾਸ਼ਟਰ ਵਿੱਚ ਲੈ ਕੇ ਜਾਣ ਲਈ ਮਨਾਇਆ ਸੀ। ਪਾਮੇਲਾ ਹਿਕਸ (ਐਡਵਿਨਾ ਦੀ ਬੇਟੀ) ਅਨੁਸਾਰ ਜਿਸ ਸਮੇਂ ਕਸ਼ਮੀਰ ਦਾ ਮੁੱਦਾ ਭਖਿਆ ਹੋਇਆ ਸੀ, ਉਸ ਸਮੇਂ ਭਾਰਤ ਕੋਲ ਫੌਜੀ ਕਾਰਵਾਈ ਦਾ ਵਿਕਲਪ ਮੌਜੂਦ ਸੀ। ਪਰ ਐਡਵਿਨਾ ਨੇ ਨਹਿਰੂ ਨਾਲ ਆਪਣੇ ਨਜ਼ਦੀਕੀ ਸਬੰਧਾਂ ਦੀ ਵਰਤੋਂ ਕਰਦਿਆਂ ਉਨ੍ਹਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਕਿ ਉਹ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਵਿੱਚ ਲੈ ਕੇ ਜਾਣ। ਇਸ ਖੁਲਾਸੇ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਲਾਰਡ ਮਾਊਂਟਬੈਟਨ ਨੇ ਆਪਣੀ ਪਤਨੀ ਐਡਵਿਨਾ ਅਤੇ ਨਹਿਰੂ ਦੇ ਸਬੰਧਾਂ ਦਾ ਭਰਪੂਰ ਸਿਆਸੀ ਫਾਇਦਾ ਉਠਾਇਆ। ਉਨ੍ਹਾਂ ਨੇ ਐਡਵਿਨਾ ਰਾਹੀਂ ਨਹਿਰੂ ਨਾਲ ਚਲਾਕੀ ਕੀਤੀ ਤਾਂ ਜੋ ਕਸ਼ਮੀਰ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਭਾਰਤ ਦੇ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਉਕਤ ਬਿਆਨ ਤੋਂ ਬਾਅਦ ਇੱਕ ਵਾਰ ਫਿਰ ਇਹ ਚਰਚਾ ਛਿੜ ਗਈ ਹੈ ਕਿ ਕੀ ਭਾਰਤ ਦੇ ਇਤਿਹਾਸਕ ਫੈਸਲੇ ਨਿੱਜੀ ਪ੍ਰਭਾਵਾਂ ਹੇਠ ਲਏ ਗਏ ਸਨ। ਮਾਹਿਰਾਂ ਅਨੁਸਾਰ ਕਸ਼ਮੀਰ ਮੁੱਦੇ ਨੂੰ UN ਵਿੱਚ ਲਿਜਾਣਾ ਇੱਕ ਅਜਿਹੀ ਗੁੰਝਲ ਬਣ ਗਈ ਜੋ ਦਹਾਕਿਆਂ ਬਾਅਦ ਵੀ ਸੁਲਝ ਨਹੀਂ ਸਕੀ। ਪਾਮੇਲਾ ਹਿਕਸ ਦੇ ਇਸ ਕਬੂਲਨਾਮੇ ਨੇ ਭਾਰਤੀ ਸਿਆਸਤ ਅਤੇ ਇਤਿਹਾਸਕਾਰਾਂ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

# ਟਰੰਪ ਸਰਕਾਰ ਦਾ ਵੱਡਾ ਕਦਮ , ਹੁਣ ਇੰਮੀਗ੍ਰੇਸ਼ਨ ਵਕੀਲ ਵੀ ਆ ਸਕਦੇ ਹਨ ਨਿਸ਼ਾਨੇ 'ਤੇ

ਵਾਸ਼ਿੰਗਟਨ, 28 ਮਈ (ਚ.ਨੰ.ਸ.) : ਅਮਰੀਕਾ ਵਿੱਚ ਗੈਰਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਤੋਂ ਬਾਅਦ ਹੁਣ ਇੰਮੀਗ੍ਰੇਸ਼ਨ ਵਕੀਲਾਂ ਉੱਤੇ ਵੀ ਸਖ਼ਤੀ ਦੀ ਤਿਆਰੀ



ਹੋ ਰਹੀ ਹੈ। Department of Homeland Security ਵੱਲੋਂ ਜਾਰੀ ਨਵੇਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕਈ ਸਾਲਾਂ ਤੋਂ ਫਰਜ਼ੀ ਅਸਾਇਲਮ ਕੇਸਾਂ ਰਾਹੀਂ ਇੰਮੀਗ੍ਰੇਸ਼ਨ ਸਿਸਟਮ ਨਾਲ ਧੋਖਾਧੜੀ ਕੀਤੀ ਜਾ ਰਹੀ ਹੈ। ਇਨ੍ਹਾਂ ਹੁਕਮਾਂ ਅਨੁਸਾਰ, ਉਹ ਵਕੀਲ ਵੀ ਜਾਂਚ ਦੇ ਘੇਰੇ ਵਿੱਚ ਆ ਸਕਦੇ ਹਨ ਜੋ ਝੂਠੇ ਦਸਤਾਵੇਜ਼ਾਂ ਜਾਂ ਗਲਤ ਜਾਣਕਾਰੀ ਦੇ ਆਧਾਰ 'ਤੇ ਅਸਾਇਲਮ ਅਰਜ਼ੀਆਂ ਦਾਇਰ ਕਰਦੇ ਹਨ। ਅਮਰੀਕੀ ਕਾਨੂੰਨ ਮੁਤਾਬਕ, ਕੋਈ ਵੀ ਵਿਦੇਸ਼ੀ ਨਾਗਰਿਕ ਅਮਰੀਕਾ ਵਿੱਚ ਅਸਾਇਲਮ ਦੀ ਮੰਗ ਕਰ ਸਕਦਾ ਹੈ। ਪਰ ਇਸ ਲਈ ਨਸਲ, ਧਰਮ, ਕੌਮੀਅਤ ਜਾਂ ਸਿਆਸੀ ਵਿਚਾਰਾਂ ਕਾਰਨ ਜਾਨ ਨੂੰ ਖ਼ਤਰਾ ਹੋਣ ਦੇ ਸਬੂਤ ਦੇਣਾ ਲਾਜ਼ਮੀ ਹੁੰਦਾ ਹੈ। ਨਵੇਂ ਨਿਯਮਾਂ ਤੋਂ ਬਾਅਦ Immigration and Customs Enforcement ਦੇ ਵਕੀਲਾਂ ਨੂੰ ਫਰਜ਼ੀ ਦਸਤਾਵੇਜ਼ ਪੇਸ਼ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਦਾ ਵਧੇਰੇ ਅਧਿਕਾਰ ਮਿਲ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨੀਤੀ ਨਾਲ ਸਰਕਾਰ ਇਕੋ ਵਾਰ ਵਿੱਚ ਦੋ ਨਿਸ਼ਾਨੇ ਲਗਾਉਣਾ ਚਾਹੁੰਦੀ ਹੈ। ਜੇ ਵਕੀਲ ਧੋਖਾਧੜੀ ਵਿੱਚ ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੇ ਮੁਵੱਕਲਾਂ ਦੇ ਕੇਸ ਵੀ ਸ਼ੱਕ ਦੇ ਘੇਰੇ ਵਿੱਚ ਆ ਸਕਦੇ ਹਨ। ਦੋਸ਼ ਸਾਬਤ ਹੋਣ 'ਤੇ ਭਾਰੀ ਜੁਰਮਾਨੇ, ਪ੍ਰੈਕਟਿਸ 'ਤੇ ਪਾਬੰਦੀ ਅਤੇ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਅਮਰੀਕਾ ਵਿੱਚ ਪਹਿਲਾਂ ਵੀ ਕਈ ਇੰਮੀਗ੍ਰੇਸ਼ਨ ਧੋਖਾਧੜੀ ਮਾਮਲਿਆਂ ਵਿੱਚ ਸਜ਼ਾਵਾਂ ਸੁਣਾਈਆਂ ਜਾ ਚੁੱਕੀਆਂ ਹਨ।

# ਕੈਨੇਡਾ 'ਚ ਪਿਊਸ਼ ਗੋਇਲ ਨੇ ਕਨਿਸ਼ਕ ਕਾਂਡ ਦੇ ਪੀੜਤਾਂ ਨੂੰ ਦਿੱਤੀ ਸ਼ਰਧਾਂਜਲੀ; ਪਰਿਵਾਰਾਂ ਨਾਲ ਵੰਡਾਇਆ ਦੁੱਖ

ਟੋਰਾਂਟੋ , 28 ਮਈ (ਚ.ਨੰ.ਸ.) : ਕੈਨੇਡਾ ਦੇ ਦੌਰੇ 'ਤੇ ਗਏ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਟੋਰਾਂਟੋ ਵਿੱਚ ਸਥਿਤ ਕਨਿਸ਼ਕ ਮੈਮੋਰੀਅਲ ਵਿਖੇ ਏਅਰ ਇੰਡੀਆ ਫਲਾਈਟ 182 (ਕਨਿਸ਼ਕ) ਬੰਬ ਧਮਾਕੇ ਦੇ ਪੀੜਤਾਂ ਨੂੰ ਭਾਵਪੂਰਨ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਉਨ੍ਹਾਂ ਨੇ ਹਮਲੇ ਵਿੱਚ ਆਪਣਿਆਂ ਨੂੰ ਖੋਹਣ ਵਾਲੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਦੁੱਖ ਵੰਡਾਇਆ। ਜ਼ਿਕਰਯੋਗ ਹੈ ਕਿ ਏਅਰ ਇੰਡੀਆ ਦੀ ਫਲਾਈਟ 182 'ਤੇ ਹੋਇਆ ਇਹ ਬੰਬ ਧਮਾਕਾ ਹਵਾਬਾਜ਼ੀ ਇਤਿਹਾਸ ਦੇ ਸਭ ਤੋਂ ਭਿਆਨਕ ਅੱਤਵਾਦੀ ਹਮਲਿਆਂ ਵਿੱਚੋਂ ਇੱਕ ਸੀ। ਆਇਰਲੈਂਡ ਦੇ ਤੱਟ ਨੇੜੇ ਐਟਲਾਂਟਿਕ ਮਹਾਸਾਗਰ ਦੇ ਉੱਪਰ ਹੋਏ ਇਸ ਧਮਾਕੇ ਵਿੱਚ ਜਹਾਜ਼ ਵਿੱਚ ਸਵਾਰ ਸਾਰੇ 329 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਮਾਰੇ ਗਏ ਸਨ। ਇਹ ਜਹਾਜ਼ ਟੋਰਾਂਟੋ ਤੋਂ ਮਾਂਟਰੀਅਲ ਅਤੇ ਲੰਡਨ ਹੁੰਦੇ ਹੋਏ ਭਾਰਤ ਆ ਰਿਹਾ ਸੀ। ਮੰਤਰੀ ਗੋਇਲ ਨਾਲ ਮੁਲਾਕਾਤ ਦੌਰਾਨ ਇੱਕ ਪੀੜਤ ਦੀ ਭੈਣ ਨੇ ਭਰੇ ਮਨ ਨਾਲ ਕਿਹਾ, ਮੰਤਰੀ ਜੀ ਦਾ ਇੱਥੇ ਆਉਣਾ ਅਤੇ ਸਾਡੇ ਪਿਆਰਿਆਂ ਨੂੰ ਯਾਦ ਕਰਨਾ ਬਹੁਤ ਮਹੱਤਵਪੂਰਨ ਹੈ। ਮੈਂ ਇਸ ਗੱਲ ਤੋਂ ਬਹੁਤ ਖੁਸ਼ ਹਾਂ ਕਿ ਉਨ੍ਹਾਂ ਨੂੰ ਅਜੇ ਵੀ ਯਾਦ ਰੱਖਿਆ ਗਿਆ ਹੈ। ਏਅਰ ਇੰਡੀਆ ਵਿਕਟਿਮਜ਼ ਫੈਮਿਲੀਜ਼ ਐਸੋਸੀਏਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਦੀਪਕ ਖੰਡੇਲਵਾਲ ਨੇ ਵੀ ਮੰਤਰੀ ਵੱਲੋਂ 41 ਸਾਲ ਪਹਿਲਾਂ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸਨਮਾਨ ਦੇਣ ਦੇ ਫੈਸਲੇ ਦੀ ਸ਼ਲਾਘਾ ਕੀਤੀ। ਪੀੜਤ ਪਰਿਵਾਰਾਂ ਨਾਲ ਗੱਲਬਾਤ ਕਰਦਿਆਂ ਪਿਊਸ਼ ਗੋਇਲ ਨੇ ਭਾਰਤ ਅਤੇ ਕੈਨੇਡਾ ਦੀ ਇਸ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ ਕਿ ਅੱਤਵਾਦ ਵਿਰੁੱਧ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਭਵਿੱਖ ਵਿੱਚ ਅਜਿਹੀ ਕੋਈ ਵੀ ਦਰਦਨਾਕ ਘਟਨਾ ਦੁਬਾਰਾ ਨਾ ਵਾਪਰੇ। ਦੱਸਣਯੋਗ ਹੈ ਕਿ ਮੰਤਰੀ ਗੋਇਲ 25 ਤੋਂ 27 ਮਈ ਤੱਕ ਕੈਨੇਡਾ ਦੇ ਤਿੰਨ ਦਿਨਾਂ ਸਰਕਾਰੀ ਦੌਰੇ 'ਤੇ ਸਨ। ਇਹ ਦੌਰਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਨਵੀਂ ਦਿੱਲੀ ਅਤੇ ਓਟਾਵਾ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਨੂੰ ਮੁੜ ਸੁਰਜੀਤ ਕਰਨ ਲਈ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ 'ਤੇ ਤੇਜ਼ੀ ਨਾਲ ਗੱਲਬਾਤ ਕਰ ਰਹੇ ਹਨ।



# ਕੈਨੇਡਾ 'ਚ ਵਿਦਿਆਰਥਣ ਦਾ ਕਤਲ, ; ਮੁਲਜ਼ਮ ਗ੍ਰਿਫ਼ਤਾਰ



ਨਵੀਂ ਦਿੱਲੀ , 28 ਮਈ (ਚ.ਨੰ.ਸ.) : ਕੰਮ ਅਤੇ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਭਾਰਤੀਆਂ 'ਤੇ ਹਮਲਿਆਂ ਅਤੇ ਕਤਲ ਦੀਆਂ ਘਟਨਾਵਾਂ ਅਕਸਰ ਸਾਹਮਣੇ ਆ ਰਹੀਆਂ ਹਨ। ਹੁਣ ਕੈਨੇਡਾ ਵਿੱਚ ਲੁੱਟ ਦੇ ਇਰਾਦੇ ਨਾਲ ਇੱਕ ਭਾਰਤੀ ਕੁੜੀ ਦਾ ਕਤਲ ਕਰ ਦਿੱਤਾ ਗਿਆ ਹੈ। ਨਿਆਗਰਾ ਵਿੱਚ ਪੜ੍ਹਾਈ ਦੇ ਨਾਲ-ਨਾਲ ਉਹ ਵਰਕ ਪਰਮਿਟ ਦੀ ਤਿਆਰੀ ਵੀ ਕਰ ਰਹੀ ਸੀ। ਲੰਘੀ 15 ਮਈ ਨੂੰ 22 ਸਾਲਾ ਵਿਧੀ ਜਦੋਂ ਆਪਣੇ ਘਰ ਤੋਂ ਬਾਹਰ ਜਾ ਰਹੀ ਸੀ ਤਾਂ ਲੁੱਟ ਦੇ ਇਰਾਦੇ ਨਾਲ ਇੱਕ ਵਿਅਕਤੀ ਨੇ ਉਸ 'ਤੇ ਤੇਜ਼ਧਾਰ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਕਾਰਨ ਕੁੜੀ ਉੱਥੇ ਹੀ ਲਹੂ-ਲੁਹਾਨ ਹਾਲਤ ਵਿੱਚ ਡਿੱਗ ਗਈ ਕਿਉਂਕਿ ਇਹ ਘਟਨਾ ਇੱਕ ਜਨਤਕ ਥਾਂ 'ਤੇ ਵਾਪਰੀ, ਇਸ ਲਈ ਉੱਥੇ ਮੌਜੂਦ ਲੋਕ ਹੈਰਾਨ ਰਹਿ ਗਏ। ਸਥਾਨਕ ਲੋਕ ਕੁੜੀ ਨੂੰ ਤੁਰੰਤ ਹਸਪਤਾਲ ਲੈ ਗਏ, ਜਿੱਥੇ ਡਿਊਟੀ 'ਤੇ ਮੌਜੂਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਕੈਨੇਡੀਅਨ ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।


## ਜਨਮ ਦਿਨ ਮੁਬਾਰਕ



ਹਸਰਤ ਢਿੱਲੋਂ



*In Loving Memory of*
## SARDARNI GURKIRAT KAUR
December 13, 1937 – May 27, 2026



*Deeply loved by all family and friends.*
Beloved wife of **Capt. Mohinder Singh**
Cherished mother of **Dr. Paramvir Singh** and **Harleen Kaur**
Proud grandmother of **Jashan, Navi, Lagan, and Kanwar**

We are sad to announce the passing of our mom on May 27th, 2026.
Her love, laughter and generosity will be dearly missed by all.

Bhog and Antim Ardas will be held on
Monday, June 1 from 12–1pm
Gurdwara Shri Guru Teg Bahadur Sahib Ji
Model Town, Near 23 no. Phatak, Patiala

GRIEF STRICKEN
Dr. Paramvir Singh (son) +91 97796 82662
Harleen Uppal (daughter) +1 (647) 618 3865
*Her kindness, strength, and love will remain forever in the hearts of those who knew her.*

# ਕਿਸਾਨਾਂ ਵੱਲੋਂ ਡੀ.ਸੀ. ਦਫ਼ਤਰ ਅੱਗੇ ਧਰਨਾ 2 ਜੂਨ ਨੂੰ

ਸੰਗਰੂਰ, 28 ਮਈ (ਹਰਕੰਵਲ ਸਿੰਘ ਹੈਪੀ): ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਿਲ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਂਵਾਲ ਦੀ ਪ੍ਰਧਾਨਗੀ ਹੇਠ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਸੰਗਰੂਰ ਵਿਖੇ ਹੋਈ। ਜਿਸ ਵਿੱਚ ਸੂਬਾ ਪੱਧਰੀ ਫੈਸਲੇ ਤਹਿਤ 2 ਜੂਨ ਨੂੰ ਡੀਸੀ ਸੰਗਰੂਰ ਦੇ ਦਫਤਰ ਅੱਗੇ ਧਰਨਾ ਲਾਉਣ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਸੂਬਾ ਆਗੂ ਬਲਦੇਵ ਸਿੰਘ ਨਿਹਾਲਗੜ੍ਹ,ਬੀਕੇਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ,ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ,ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ,ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਆਗੂ ਸ਼ਮਸ਼ੇਰ ਸਿੰਘ ਈਸ਼ਾਪੁਰ ਲੰਡਾ,ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ, ਬੀਕੇਯੂ ਡਕੌਂਦਾ ਧਨੇਰ ਦੇ ਜ਼ਿਲ੍ਹਾ ਸਕੱਤਰ ਜਗਤਾਰ ਸਿੰਘ ਦੁੱਗਾਂ ਨੇ ਦੱਸਿਆ ਕਿ ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਦੀ ਹੋਈ ਸੂਬਾ ਪੱਧਰੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਜੋ ਮੋਦੀ ਸਰਕਾਰ ਵੱਲੋਂ ਲਗਾਤਾਰ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ, ਗੈਸ, ਯੂਰੀਆ ਤੇ ਡਾਇਆ ਸਮੇਤ ਹੋਰ ਖਾਦਾਂ ਦੀ ਥੁੜ ਪੈਦਾ ਕੀਤੀ ਜਾ ਰਹੀ ਹੈ ਅਤੇ ਭਾਖੜਾ



ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਮੈਂਬਰੀ ਖਤਮ ਕਰਨ ਦੇ ਖ਼ਿਲਾਫ਼ ਅਤੇ ਇਸੇ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਸਹਿਕਾਰੀ ਸੁਸਾਇਟੀਆਂ ਦੇ ਹੱਦ ਕਰਜ਼ੇ ਵਧਾਉਣ ਦੇ ਕੀਤੇ ਗਏ ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਦੀ ਮੰਗ ਨੂੰ ਲੈ ਕੇ 2 ਜੂਨ ਨੂੰ ਸੂਬਾ ਭਰ ਵਿੱਚ ਡੀਸੀ ਦਫਤਰਾਂ ਅੱਗੇ ਰੋਸ ਧਰਨੇ ਦਿੱਤੇ ਜਾਣਗੇ। ਸੰਗਰੂਰ ਵਿਖੇ ਵੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੱਗੇ ਰੋਸ਼ ਧਰਨਾ ਦੇਣ ਦਾ ਅੱਜ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਅਤੇ ਇਸ ਦੀ ਤਿਆਰੀ ਸਬੰਧੀ ਵੱਖ-ਵੱਖ ਜਥੇਬੰਦੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਦਿਨ ਪਿੰਡਾਂ ਵਿੱਚੋਂ ਵੱਧ ਚੜ੍ਹ ਕੇ ਲੋਕਾਂ ਨੂੰ ਧਰਨੇ ਵਿੱਚ ਸ਼ਾਮਿਲ ਕਰਵਾਇਆ ਜਾਵੇਗਾ।ਅੱਜ ਦੀ ਮੀਟਿੰਗ ਵਿੱਚ ਕਿਸਾਨ ਆਗੂ ਕੁਲਦੀਪ ਸਿੰਘ, ਦਰਬਾਰਾ ਸਿੰਘ ਛਾਜਲਾ, ਨਿਰਮਲ ਸਿੰਘ ਬਟੜਿਆਣਾ, ਧਿਆਨ ਸਿੰਘ ਘਰਾਚੋਂ, ਹਰਜੀਤ ਸਿੰਘ ਜਲਾਣ, ਮਹਿੰਦਰ ਸਿੰਘ ਮਾਝੀ,ਪ੍ਰੀਤਮ ਸਿੰਘ ਬਡਰੁੱਖਾਂ ਸਮੇਤ ਵੱਡੀ ਗਿਣਤੀ ਕਿਸਾਨ ਆਗੂ ਹਾਜ਼ਰ ਸਨ।

# ਬੰਦ ਪਏ ਘਰ 'ਚੋਂ ਗਹਿਣੇ ਤੇ ਅਸਲਾ ਚੋਰੀ ਕਰਨ ਵਾਲੇ ਗਿਰੋਹ ਦੇ ਚਾਰ ਮੈਂਬਰ ਹਥਿਆਰਾਂ ਸਮੇਤ ਕਾਬੂ

ਬਠਿੰਡਾ, 28 ਮਈ (ਦੀਪਕ ਸ਼ਰਮਾ): ਇੱਕ ਸੁੰਨੇ ਘਰ ਦੇ ਤਾਲੇ ਤੋੜ ਕੇ ਉੱਥੋਂ ਅਸਲਾ ਤੇ ਕੀਮਤੀ ਸਾਮਾਨ ਉਡਾਉਣ ਵਾਲੇ ਚੋਰ ਗਿਰੋਹ ਦੇ ਚਾਰ ਮੈਂਬਰਾਂ ਨੂੰ ਕੋਤਵਾਲੀ ਪੁਲਿਸ ਨੇ ਦਬੋਚ ਲਿਆ ਹੈ। ਫੜੇ ਗਏ ਮੁਲਜ਼ਮਾਂ ਕੋਲੋਂ ਚੋਰੀ ਕੀਤੇ ਹਥਿਆਰ ਤੇ ਗੋਲੀ-ਸਿੱਕਾ ਵੀ ਬਰਾਮਦ ਕਰ ਲਿਆ ਗਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਮੁਖੀ ਯਾਦਵਿੰਦਰ



ਸਿੰਘ ਨੇ ਦੱਸਿਆ ਕਿ ਮੁਹੱਲਾ ਕਿੱਕਰ ਦਾਸ ਦੀ ਵਾਸੀ ਰੇਖਾ ਨੇ ਪੁਲਿਸ ਨੂੰ ਇਤਲਾਹ ਦਿੱਤੀ ਸੀ ਕਿ 17 ਤੇ 18 ਮਈ ਦੀ ਰਾਤ ਨੂੰ ਜਦੋਂ ਉਹ ਘਰੋਂ ਬਾਹਰ ਗਏ ਹੋਏ ਸਨ, ਤਾਂ ਅਣਪਛਾਤੇ ਚੋਰਾਂ ਨੇ ਉਨ੍ਹਾਂ ਦੇ ਘਰੋਂ ਦੋ ਹਥਿਆਰ, ਸੋਨੇ ਦੇ ਜ਼ੇਵਰਾਤ ਤੇ ਨਕਦੀ ਚੋਰੀ ਕਰ ਲਈ ਸੀ। ਪੁਲਿਸ ਨੇ ਮੁਕੱਦਮਾ ਦਰਜ ਕਰਕੇ ਜਦੋਂ ਸ਼ੱਕੀ ਲੋਕਾਂ ਦੀ ਭਾਲ ਸ਼ੁਰੂ ਕੀਤੀ ਤਾਂ ਮਾਮਲੇ ਦੇ ਤਾਰ ਇਨ੍ਹਾਂ ਚਾਰਾਂ ਨਾਲ ਜੁੜੇ।

ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਕਥਿਤ ਦੋਸ਼ੀਆਂ 'ਚ ਰੋਹਿਤ, ਕਰਮਜੀਤ ਸਿੰਘ ਉਰਫ਼ ਬੌਬੀ, ਹੈਪੀ ਉਰਫ਼ ਖੰਨਾ ਅਤੇ ਵਿਨੈ ਕੁਮਾਰ ਫੈਸੀ ਸ਼ਾਮਲ ਹਨ। ਮੁਲਜ਼ਮਾਂ ਦੇ ਕਬਜ਼ੇ 'ਚੋਂ ਚੋਰੀਸ਼ੁਦਾ ਰਿਵਾਲਵਰ, ਇੱਕ ਹਾਕੀ ਨੁਮਾ ਰਾਈਫਲ, ਜ਼ਿੰਦਾ ਕਾਰਤੂਸ ਅਤੇ ਹੋਰ ਸਾਮਾਨ ਬਰਾਮਦ ਹੋਇਆ ਹੈ, ਜਦਕਿ ਚੋਰੀ ਕੀਤੇ ਹੋਏ ਪੈਸੇ ਮੁਲਜ਼ਮਾਂ ਨੇ ਪਹਿਲਾਂ ਹੀ ਉਡਾ ਦਿੱਤੇ ਸਨ। ਪੁਲਿਸ ਅਧਿਕਾਰੀਆਂ ਅਨੁਸਾਰ ਫੜੇ ਗਏ ਇਹ ਚਾਰੇ ਮੁਲਜ਼ਮ ਆਦੀ ਚੋਰ ਹਨ, ਜਿਨ੍ਹਾਂ 'ਤੇ ਪਹਿਲਾਂ ਵੀ ਵੱਖ-ਵੱਖ ਥਾਵਾਂ 'ਤੇ ਚੋਰੀਆਂ ਤੇ ਡਾਕਾ ਮਾਰਨ ਦੇ ਕਈ ਮਾਮਲੇ ਚੱਲ ਰਹੇ ਹਨ। ਪੁਲਿਸ ਨੇ ਹੁਣ ਇਨ੍ਹਾਂ ਖ਼ਿਲਾਫ਼ ਦਰਜ ਮੁਕੱਦਮੇ ਵਿੱਚ ਹੋਰ ਕਾਨੂੰਨੀ ਧਾਰਾਵਾਂ ਜੋੜ ਦਿੱਤੀਆਂ ਹਨ ਤੇ ਮੁਲਜ਼ਮਾਂ ਨੂੰ ਪੁਲਿਸ ਰਿਮਾਂਡ 'ਤੇ ਲੈ ਕੇ ਹੋਰ ਵਾਰਦਾਤਾਂ ਦੇ ਸੁਰਾਗ ਲਗਾਉਣ ਲਈ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਸ਼ਰਧਾ ਸਹਿਤ ਕਰਵਾਇਆ

ਭਗਤਾ ਭਾਈ ਕਾ, 28 ਮਈ (ਸਵਰਨ ਸਿੰਘ ਭਗਤਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਹ ਪਾਵਨ ਸਮਾਗਮ ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਤੇ ਸਮੂਹ ਸਟਾਫ ਨੇ ਸ਼ਮੂਲੀਅਤ ਕੀਤੀ। ਸਮਾਗਮ ਦੀ ਸ਼ੁਰੂਆਤ ਧਾਰਮਿਕ ਅਧਿਆਪਕ ਗੁਰਪ੍ਰੀਤ ਸਿੰਘ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ। ਇਸ ਉਪਰੰਤ ਚੌਪਈ ਸਾਹਿਬ ਦੇ ਪਾਠ ਕੀਤੇ ਗਏ। ਸਕੂਲ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਰਸਭਿੰਨਾ ਸ਼ਬਦ ਕੀਰਤਨ ਕੀਤਾ। ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਅਰਜਨ




ਦੇਵ ਜੀ ਦੀ ਮਹਾਨਤਾ ਨੂੰ ਦਰਸਾਉਂਦੀ ਪਵਿੱਤਰ ਤੁੱਕ "ਕਲਜੁਗਿ ਜਹਾਜੁ ਅਰਜੁਨੁ ਗੁਰੂ॥" ਦਾ ਬਹੁਤ ਹੀ ਭਾਵਪੂਰਵਕ ਗਾਇਨ ਕੀਤਾ ਗਿਆ, ਜਿਸ ਨੇ ਸਾਰੇ ਮਾਹੌਲ ਨੂੰ ਧਾਰਮਿਕ ਬਣਾ ਦਿੱਤਾ। ਇਸ ਮੌਕੇ ਧਾਰਮਿਕ ਅਧਿਆਪਕ ਗੁਰਪ੍ਰੀਤ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ, ਉਨ੍ਹਾਂ ਦੀ ਮਹਾਨ ਸ਼ਹਾਦਤ ਤੇ ਮਨੁੱਖਤਾ ਲਈ ਦਿੱਤੇ ਗਏ ਸੰਦੇਸ਼ ਬਾਰੇ ਵਿਸਥਾਰ ਨਾਲ ਕਥਾ-ਵਿਚਾਰ ਸਾਂਝੇ ਕੀਤੇ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ-ਸੇਵਾ, ਸਿਮਰਨ, ਨਿਮਰਤਾ ਤੇ ਸਹਿਨਸ਼ੀਲਤਾ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਹਰ ਰੋਜ਼ ਨਿਤਨੇਮ ਤੇ ਪਾਠ ਕਰਨਾ ਚਾਹੀਦਾ ਹੈ ਤੇ ਆਪਣੇ ਮਾਤਾ-ਪਿਤਾ ਤੇ ਵੱਡਿਆਂ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਾਨੂੰ ਇੱਕ ਚੰਗਾ ਇਨਸਾਨ ਬਣਨ ਦੀ ਪ੍ਰੇਰਣਾ ਦਿੰਦੀਆਂ ਹਨ ਅਤੇ ਮਨੁੱਖਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੰਦੀਆਂ ਹਨ।

# ਸਰੂਪ ਸਿੰਗਲਾ 'ਤੇ ਕਰਾਸ ਕੇਸ ਦਰਜ ਕਰਨ ਦੇ ਵਿਰੋਧ 'ਚ ਭਾਜਪਾ ਵੱਲੋਂ ਡੀ.ਸੀ. ਦਫ਼ਤਰ ਅੱਗੇ ਜ਼ੋਰਦਾਰ ਪ੍ਰਦਰਸ਼ਨ

ਬਠਿੰਡਾ, 28 ਮਈ (ਦੀਪਕ ਸ਼ਰਮਾ): ਨਗਰ ਨਿਗਮ ਚੋਣਾਂ ਦੌਰਾਨ ਵਾਰਡ ਨੰਬਰ 2 ਵਿੱਚ ਭਾਜਪਾ ਵਰਕਰਾਂ 'ਤੇ ਹੋਏ ਹਮਲੇ ਤੋਂ ਬਾਅਦ ਹੁਣ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿੱਚ ਦਰਜ ਕੀਤੇ ਗਏ ਕਰਾਸ ਕੇਸ ਦੇ ਵਿਰੋਧ ਵਿੱਚ ਵੀਰਵਾਰ ਨੂੰ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੇ ਡੀਸੀ ਦਫ਼ਤਰ ਅੱਗੇ ਜ਼ੋਰਦਾਰ ਧਰਨਾ ਦਿੱਤਾ। ਕਰੀਬ ਦੋ ਘੰਟੇ ਚੱਲੇ ਇਸ ਪ੍ਰਦਰਸ਼ਨ ਦੌਰਾਨ ਭਾਜਪਾ ਨੇ ਸੂਬਾ ਸਰਕਾਰ, ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਤੇ ਸੱਤਾਧਾਰੀ ਧਿਰ ਦੇ ਸਥਾਨਕ ਆਗੂਆਂ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ। ਭਾਜਪਾ ਆਗੂਆਂ ਨੇ ਦੋਸ਼ ਲਾਇਆ ਕਿ ਲੰਘੀ 26 ਮਈ ਨੂੰ ਚੋਣਾਂ ਵਾਲੇ ਦਿਨ ਬੀਬੀਵਾਲਾ ਰੋਡ ਸਥਿਤ ਬੂਥ ਅੰਦਰ ਵੜ ਕੇ ਭਾਜਪਾ ਵਰਕਰਾਂ ਦੀ ਕੁੱਟਮਾਰ ਕੀਤੀ ਗਈ ਸੀ। ਜਦੋਂ ਇਸ ਦੀ ਖ਼ਬਰ ਮਿਲਣ 'ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਤੇ ਉਨ੍ਹਾਂ ਦੇ ਪੁੱਤਰ ਦੀਨਵ ਸਿੰਗਲਾ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ 'ਤੇ ਵੀ ਇੱਟਾਂ-ਪੱਥਰਾਂ ਨਾਲ ਹਮਲਾ ਕਰ ਦਿੱਤਾ




ਗਿਆ, ਜਿਸ ਵਿੱਚ ਦੋਵਾਂ ਸਮੇਤ ਉਨ੍ਹਾਂ ਦੇ ਸੁਰੱਖਿਆ ਕਰਮੀ ਤੇ ਤਿੰਨ ਵਰਕਰ ਜ਼ਖ਼ਮੀ ਹੋ ਗਏ। ਧਰਨੇ ਨੂੰ ਸੰਬੋਧਨ ਕਰਦਿਆਂ ਸਰੂਪ ਚੰਦ ਸਿੰਗਲਾ ਨੇ ਕਿਹਾ ਕਿ ਇਹ ਸਾਰੀ ਘਟਨਾ ਸੱਤਾਧਾਰੀ ਧਿਰ ਦੇ ਸਥਾਨਕ ਆਗੂਆਂ ਦੇ ਇਸ਼ਾਰੇ 'ਤੇ ਹੋਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੇ ਨਿਰਪੱਖ ਜਾਂਚ ਕਰਨ ਦੀ ਬਜਾਏ ਪੀੜਤ ਧਿਰ 'ਤੇ ਹੀ ਉਲਟਾ ਪਰਚਾ ਦਰਜ ਕਰਕੇ ਕਾਨੂੰਨ ਦਾ ਮਜ਼ਾਕ ਉਡਾਇਆ ਹੈ। ਸਿੰਗਲਾ ਨੇ ਚੇਤਾਵਨੀ ਦਿੱਤੀ ਕਿ ਪੁਲਿਸ ਨੇ ਉਨ੍ਹਾਂ 'ਤੇ ਝੂਠਾ ਕੇਸ ਪਾ ਕੇ ਉਨ੍ਹਾਂ ਦੀ 45 ਸਾਲਾਂ ਦੀ ਬੇਦਾਗ ਸਿਆਸੀ ਤੇ ਸਮਾਜਿਕ ਸੇਵਾ 'ਤੇ ਦਾਗ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਦਾ ਹਿਸਾਬ ਕਾਨੂੰਨੀ ਅਤੇ ਸਿਆਸੀ ਪੱਧਰ 'ਤੇ ਲਿਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਨੇ ਸੱਤਾਧਾਰੀ ਧਿਰ ਦੇ ਆਗੂਆਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਬਚਾਉਣ ਲਈ ਇਹ ਖੇਡ ਖੇਡੀ ਹੈ।

ਇਸ ਮੌਕੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ, ਭਾਜਪਾ ਦੇ ਸੂਬਾ ਜਨਰਲ ਸਕੱਤਰ ਦਿਆਲ ਸੋਢੀ, ਦਿਹਾਤੀ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ, ਲੋਕ ਸਭਾ ਇੰਚਾਰਜ ਪਰਮਪਾਲ ਕੌਰ ਮਲੂਕਾ, ਐਡਵੋਕੇਟ ਮੋਹਨ ਲਾਲ ਗਰਗ, ਸ਼ਾਮ ਲਾਲ ਬਾਂਸਲ ਤੇ ਹੋਰ ਸੀਨੀਅਰ ਆਗੂ ਵੱਡੀ ਗਿਣਤੀ 'ਚ ਵਰਕਰਾਂ ਸਮੇਤ ਹਾਜ਼ਰ ਸਨ।

# ਬਠਿੰਡਾ 'ਚ ਬੇਖ਼ੌਫ਼ ਹੋਏ ਚੋਰ-ਲੁਟੇਰੇ: ਹਥਿਆਰਾਂ ਦੀ ਨੋਕ 'ਤੇ ਠੇਕੇ 'ਚ ਲੁੱਟਖੋਹ, ਬੰਦ ਘਰ ਤੇ ਤਹਿਸੀਲ ਦਫ਼ਤਰ ਵਿੱਚੋਂ ਲੱਖਾਂ ਦੀ ਚੋਰੀ

ਬਠਿੰਡਾ, 28 ਮਈ (ਦੀਪਕ ਸ਼ਰਮਾ): ਜ਼ਿਲ੍ਹੇ ਵਿੱਚ ਚੋਰਾਂ ਅਤੇ ਲੁਟੇਰਿਆਂ ਦੇ ਹੌਸਲੇ ਲਗਾਤਾਰ ਬੁਲੰਦ ਹੁੰਦੇ ਜਾ ਰਹੇ ਹਨ, ਜਿਸ ਕਾਰਨ ਆਮ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਵੱਖ-ਵੱਖ ਥਾਵਾਂ 'ਤੇ ਵਾਪਰੀਆਂ ਤਾਜ਼ਾ ਘਟਨਾਵਾਂ ਦੌਰਾਨ ਜਿੱਥੇ ਲੁਟੇਰੇ ਹਥਿਆਰਾਂ ਦੇ ਜ਼ੋਰ 'ਤੇ ਸ਼ਰਾਬ ਦੇ ਠੇਕੇ ਨੂੰ ਲੁੱਟ ਕੇ ਫ਼ਰਾਰ ਹੋ ਗਏ, ਉੱਥੇ ਹੀ ਚੋਰਾਂ ਨੇ ਇੱਕ ਬੰਦ ਘਰ ਅਤੇ ਸਰਕਾਰੀ ਤਹਿਸੀਲ ਦਫ਼ਤਰ ਵਿੱਚੋਂ ਸਾਮਾਨ 'ਤੇ ਹੱਥ ਸਾਫ਼ ਕਰ ਦਿੱਤਾ। ਸਥਾਨਕ ਪੁਲਿਸ ਨੇ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਕਾਰਵਾਈ ਕਰਦਿਆਂ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮੁਕੱਦਮੇ ਦਰਜ ਕਰ ਲਏ ਹਨ।

ਜਾਣਕਾਰੀ ਮੁਤਾਬਕ ਥਾਣਾ ਫੂਲ ਦੇ ਅਧੀਨ ਪੈਂਦੇ ਪਿੰਡ ਢਿਪਾਲੀ ਵਿਖੇ ਫੂਲੇਵਾਲਾ ਰੋਡ ਸਥਿਤ ਇੱਕ ਸ਼ਰਾਬ ਠੇਕੇ 'ਤੇ ਲੁੱਟ ਦੀ ਵੱਡੀ ਵਾਰਦਾਤ ਸਾਹਮਣੇ ਆਈ ਹੈ। ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਸਤਿੰਦਰ ਪਾਲ ਸਿੰਘ ਵਾਸੀ ਜ਼ਿਲ੍ਹਾ ਪਟਿਆਲਾ ਨੇ ਦੱਸਿਆ ਕਿ ਲੰਘੀ 25 ਮਈ ਨੂੰ ਉਹ ਠੇਕੇ 'ਤੇ ਮੌਜੂਦ ਸੀ, ਤਾਂ ਦੇਰ ਸ਼ਾਮ ਕਰੀਬ 10 ਵਜੇ ਤਿੰਨ ਅਣਪਛਾਤੇ ਵਿਅਕਤੀ ਉੱਥੇ ਆ ਗਏ, ਜਿਨ੍ਹਾਂ ਕੋਲ ਰਿਵਾਲਵਰ, ਕ੍ਰਿਪਾਨ ਤੇ ਕਾਪਾ ਵਰਗੇ ਮਾਰੂ ਹਥਿਆਰ ਸਨ। ਮੁਲਜ਼ਮਾਂ ਨੇ ਉੱਥੇ ਲੱਗੇ ਲੋਹੇ ਦੇ ਟੀਨ ਤੋੜ ਦਿੱਤੇ ਅਤੇ ਹਥਿਆਰਾਂ ਦੀ ਨੋਕ 'ਤੇ ਡਰਾ-ਧਮਕਾ ਕੇ ਇੱਕ ਬੋਰਾ ਅਤੇ ਇੱਕ ਬੈਗ ਸ਼ਰਾਬ ਨਾਲ ਭਰ ਲਿਆ ਤੇ ਰਫੂਚੱਕਰ ਹੋ ਗਏ। ਪੀੜਤ ਮੁਤਾਬਕ ਲੁੱਟੀ ਗਈ ਸ਼ਰਾਬ ਦੀ ਕੀਮਤ ਕਰੀਬ 47 ਹਜ਼ਾਰ ਰੁਪਏ ਬਣਦੀ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਲੁਟੇਰਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਕਥਿਤ ਦੋਸ਼ੀਆਂ ਨੂੰ ਜਲਦ ਕਾਬੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਇਸੇ ਤਰ੍ਹਾਂ ਚੋਰੀ ਦੀ ਇੱਕ ਹੋਰ ਘਟਨਾ ਥਾਣਾ ਕੋਟਫੱਤਾ ਦੇ ਅਧੀਨ ਆਉਂਦੇ ਪਿੰਡ ਰਾਏਖਾਨਾ ਵਿਖੇ ਵਾਪਰੀ, ਜਿੱਥੇ ਚੋਰਾਂ ਨੇ ਇੱਕ ਬੰਦ ਘਰ ਨੂੰ ਆਪਣਾ ਸ਼ਿਕਾਰ ਬਣਾਇਆ। ਸ਼ਿਕਾਇਤਕਰਤਾ ਅੰਮ੍ਰਿਤਪਾਲ ਸਿੰਘ ਵਾਸੀ ਰਾਏਖਾਨਾ ਨੇ ਦੱਸਿਆ ਕਿ ਲੰਘੀ 25 ਮਈ ਦੀ ਰਾਤ ਨੂੰ ਅਣਪਛਾਤੇ ਚੋਰਾਂ ਨੇ ਉਸ ਦੇ ਘਰ ਦੇ ਤਾਲੇ ਤੋੜ ਕੇ ਅੰਦਰੋਂ ਸੋਨੇ ਤੇ ਚਾਂਦੀ ਦੇ ਕੀਮਤੀ ਗਹਿਣੇ ਚੋਰੀ ਕਰ ਲਏ, ਜਿਨ੍ਹਾਂ ਦੀ ਕੁੱਲ ਕੀਮਤ ਕਰੀਬ 9 ਲੱਖ ਰੁਪਏ ਹੈ।

ਇਸ ਸਬੰਧੀ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤਿਆਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਪੜਤਾਲ ਵਿੱਢ ਦਿੱਤੀ ਹੈ। ਇਸ ਤੋਂ ਇਲਾਵਾ ਚੋਰਾਂ ਵੱਲੋਂ ਸਰਕਾਰੀ ਦਫ਼ਤਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਥਾਣਾ ਸਿਵਲ ਲਾਈਨ ਦੀ ਪੁਲਿਸ ਨੂੰ ਤਹਿਸੀਲਦਾਰ ਬਠਿੰਡਾ ਵੱਲੋਂ ਭੇਜੇ ਗਏ ਪੱਤਰ ਰਾਹੀਂ ਦੱਸਿਆ ਗਿਆ ਕਿ ਤਹਿਸੀਲ ਦਫ਼ਤਰ ਵਿਖੇ ਪਿਛਲੇ 8 ਮਹੀਨਿਆਂ ਤੋਂ ਲਗਾਤਾਰ ਚੋਰੀਆਂ ਹੋ ਰਹੀਆਂ ਹਨ। ਚੋਰ ਉੱਥੇ ਲੱਗੇ 6 ਏ.ਸੀ. ਦੇ ਆਊਟਡੋਰ ਯੂਨਿਟ, ਸਾਰੇ ਏ.ਸੀ. ਦੀਆਂ ਕਾਪਰ ਦੀਆਂ ਤਾਰਾਂ ਤੇ ਇੱਕ ਕੀਮਤੀ ਪ੍ਰੋਜੈਕਟਰ ਚੋਰੀ ਕਰਕੇ ਲੈ ਗਏ ਹਨ। ਸਹਾਇਕ ਥਾਣੇਦਾਰ ਜਗਦੀਪ ਸਿੰਘ ਅਨੁਸਾਰ ਪੁਲਿਸ ਨੇ ਅਣਪਛਾਤੇ ਚੋਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਹਰਪਾਲ ਜੁਨੇਜਾ ਵੱਲੋਂ ਬੁਢਲਾਡਾ ਡਿਪੂ ਦੀ ਅਚਨਚੇਤ ਚੈਕਿੰਗ

ਬੁਢਲਾਡਾ, 28 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ): ਪੀਆਰਟੀਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਆਮ ਲੋਕਾਂ ਨੂੰ ਬਿਹਤਰ ਅਤੇ ਸੁਚੱਜੀਆਂ ਆਵਾਜਾਈ ਸਹੂਲਤਾਂ



ਪ੍ਰਦਾਨ ਕਰਨ ਦੇ ਮੰਤਵ ਨਾਲ ਅੱਜ ਪੀਆਰਟੀਸੀ ਬੁਢਲਾਡਾ ਡਿਪੂ ਤੇ ਵਰਕਸ਼ਾਪ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਬੱਸ ਸਟੈਂਡ ਅਤੇ ਡਿਪੂ 'ਚ ਮੌਜੂਦ ਯਾਤਰੀਆਂ, ਆਮ ਲੋਕਾਂ ਤੇ ਕਰਮਚਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਸੁਝਾਵ ਗੰਭੀਰਤਾ ਨਾਲ ਸੁਣੇ। ਚੇਅਰਮੈਨ ਐਡ. ਜੁਨੇਜਾ ਨੇ ਚੈਕਿੰਗ ਦੌਰਾਨ ਵਰਕਸ਼ਾਪ ਅਤੇ ਡਿਪੂ ਸਟਾਫ ਵੱਲੋਂ ਰੱਖੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਦਿਆਂ ਮੌਕੇ 'ਤੇ ਹੀ ਸੰਬੰਧਿਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਜਲਦ ਨਿਪਟਾਰੇ ਲਈ ਨਿਰਦੇਸ਼ ਦਿੱਤੇ।

ਇਸ ਮੌਕੇ ਚੇਅਰਮੈਨ ਹਰਪਾਲ ਜੁਨੇਜਾ ਨੇ ਡਿਪੂ ਅੰਦਰ ਸਫ਼ਾਈ ਪ੍ਰਬੰਧਾਂ ਦੀ ਮੰਦਹਾਲੀ, ਬਾਥਰੂਮਾਂ ਦੀ ਖ਼ਰਾਬ ਸਥਿਤੀ ਅਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਕਮੀ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ। ਚੇਅਰਮੈਨ ਨੇ ਸੰਬੰਧਿਤ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਆਉਣ ਵਾਲੇ 15 ਦਿਨਾਂ ਦੇ ਅੰਦਰ ਡਿਪੂ, ਵਰਕਸ਼ਾਪ, ਪਖਾਨਿਆਂ ਤੇ ਵਾਟਰ ਕੂਲਰਾਂ ਸਮੇਤ ਸਾਰੀਆਂ ਬੁਨਿਆਦੀ ਸਹੂਲਤਾਂ ਨੂੰ ਮੁਕੰਮਲ ਤੌਰ 'ਤੇ ਦਰੁਸਤ ਕਰਨ ਦੀ ਕਾਰਵਾਈ ਕੀਤੀ ਜਾਵੇ ਤੇ ਰਿਪੋਰਟ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਜਨਤਾ ਦੀਆਂ ਸਹੂਲਤਾਂ ਅਤੇ ਕਰਮਚਾਰੀਆਂ ਲਈ ਵਧੀਆ ਕਾਰਜਕਾਰੀ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਨਿਰਧਾਰਤ ਸਮੇਂ ਮਗਰੋਂ ਮੁੜ ਸਮੀਖਿਆ ਕੀਤੀ ਜਾਵੇਗੀ।

# ਹਾਈਕੋਰਟਾਂ ਦੇ ਫੈਸਲਿਆਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ ਐਫ਼.ਸੀ.ਆਈ. ਮੈਨੇਜਮੈਂਟ : ਚੱਠਾ

ਧੂਰੀ, 28 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਆਲ ਇੰਡੀਆ ਐਫਸੀਆਈ ਐਗਜ਼ੀਕਿਊਟਿਵ ਸਟਾਫ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ ਸਿੰਘ ਚੱਠਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਫਸੀਆਈ ਦੀ ਮੈਨੇਜਮੈਂਟ ਵੱਲੋਂ 2023 ਵਿੱਚ ਤਿੰਨ ਮੈਂਬਰੀ ਰੀਵਿਊ ਕਮੇਟੀ ਵੱਲੋਂ ਵਿਭਾਗੀ ਨਿਯਮਾਂ ਦੀ ਦੁਰਵਰਤੋਂ ਕਰਕੇ ਐਫ ਸੀ ਆਈ ਦੇ ਅਨੇਕਾਂ ਬੇਕਸੂਰ ਮੁਲਾਜ਼ਮਾ ਨੂੰ ਸੇਵਾ ਮੁਕਤੀ ਤੋਂ ਪਹਿਲਾਂ ਹੀ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ, ਜਿਸਦੇ ਚੱਲਦਿਆਂ ਵੱਖ ਵੱਖ ਸੂਬਿਆਂ ਵਿੱਚ ਰਹਿਣ ਵਾਲੇ ਐਫਸੀਆਈ ਮੁਲਾਜ਼ਮਾਂ ਨੇ ਰਿਵਿਊ ਕਮੇਟੀ ਦੇ ਫੈਸਲੇ ਤੇ ਸਵਾਲ ਖੜ੍ਹੇ ਕਰਦਿਆਂ ਮਾਨਯੋਗ ਹਾਈਕੋਰਟਾਂ ਵਿੱਚ ਕੇਸ ਦਾਇਰ ਕੀਤੇ ਸਨ, ਜਿਸ ਵਿੱਚ ਦੇਸ਼ ਭਰ ਦੀਆਂ ਵੱਖ-ਵੱਖ ਮਾਣਯੋਗ ਹਾਈਕੋਰਟਾਂ ਨੇ ਵੱਖ-ਵੱਖ ਮੁਲਾਜ਼ਮਾਂ ਦੇ ਹੱਕ 'ਚ ਫ਼ੈਸਲੇ ਸੁਣਾਏ ਸਨ, ਪਰ ਮੁਲਾਜ਼ਮਾਂ ਦੇ ਹੱਕ 'ਚ ਫੈਸਲੇ ਆਉਣ ਤੋਂ ਬਾਅਦ ਵੀ ਅਧਿਕਾਰੀਆਂ ਨੂੰ ਮੁੜ ਨੌਕਰੀ ਛਡਾਉਣ ਲਈ ਵੱਖ-ਵੱਖ ਹਾਈ ਕੋਰਟਾਂ ਵਿੱਚੋਂ ਕੇਸ ਹਾਰਨ ਤੋਂ ਬਾਅਦ ਅੱਗੇ ਜਾ ਰਹੀ ਹੈ। ਉਹਨਾਂ ਕਿਹਾ ਕਿ ਵਿਭਾਗ ਦਾ ਇਹ ਪੈਸਾ ਗਲਤੀਆਂ ਕਰਨ ਵਾਲੇ



ਤੇ ਨਾ ਰੱਖ ਕੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਚੱਠਾ ਨੇ ਕਿਹਾ ਕਿ ਐਫਸੀਆਈ ਦੀ ਮੈਨੇਜਮੈਂਟ ਵੱਲੋਂ ਆਪਣੀਆਂ ਗਲਤੀਆਂ ਅਪੀਲਾਂ ਦਾਇਰ ਕਰਕੇ ਜਬਰੀ ਕੱਢੇ ਬੇਕਸੂਰ ਮੁਲਾਜ਼ਮਾਂ ਦਾ ਕੀਮਤੀ ਵਕਤ ਅਤੇ ਸਰਕਾਰੀ ਪੈਸੇ ਦੀ ਬਰਬਾਦੀ ਕੀਤੀ ਸਰਕਾਰੀ ਅਧਿਕਾਰੀਆਂ ਦੀ ਤਨਖਾਹ ਵਿੱਚੋਂ ਵਸੂਲਿਆ ਜਾਣਾ ਚਾਹੀਦਾ ਹੈ ਕਿਉਂਕਿ ਜਦੋਂ ਕਿਧਰੇ ਵੀ ਅਨਾਜ ਆਦਿ ਦੀ ਢੋਆ ਢੁਆਈ ਦੌਰਾਨ ਅਨਾਜ ਦਾ ਕਿਸੇ ਪ੍ਰਕਾਰ ਦਾ ਵਿੱਤੀ ਨੁਕਸਾਨ ਹੁੰਦਾ ਹੈ ਤਾਂ ਉਹ ਪੈਸਾ ਮੈਨੇਜਮੈਂਟ ਵੱਲੋਂ ਸਬੰਧਤ ਐਫਸੀਆਈ ਅਧਿਕਾਰੀਆਂ ਦੀ ਜੇਬ ਵਿੱਚੋਂ ਵਸੂਲਿਆ ਜਾਂਦਾ ਹੈ।

ਚੱਠਾ ਨੇ 2023 ਵਿੱਚ ਬਣੀ ਰਿਵਿਊ ਕਮੇਟੀ ਦੇ ਕੰਮਕਾਰ ਤੇ ਸਵਾਲ ਖੜੇ ਕਰਦਿਆਂ ਕਿਹਾ ਕਿ ਐਫਸੀਆਈ ਮੁਲਾਜ਼ਮਾਂ ਨਾਲ ਧੱਕੇਸ਼ਾਹੀ ਵਾਲਾ ਰਵਈਆ ਕੇਵਲ 2023 ਵਿੱਚ ਬਣੀ ਰਿਵਿਊ ਕਮੇਟੀ ਵੱਲੋਂ ਹੀ ਅਪਣਾਇਆ ਗਿਆ ਹੈ। ਚੱਠਾ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਐਫ ਸੀ ਆਈ ਮੈਨੇਜਮੈਂਟ ਨੇ ਅਦਾਲਤੀ ਫੈਸਲਿਆਂ ਨੂੰ ਲਮਕਾਉਣ ਦੀ ਕੋਸ਼ਿਸ਼ ਕੀਤੀ ਤਾਂ ਜਥੇਬੰਦੀ ਐਫ ਸੀ ਆਈ ਵਿੱਚ ਬੈਠੇ ਭ੍ਰਿਸ਼ਟ ਅਧਿਕਾਰੀਆਂ ਖਿਲਾਫ਼ ਸਬੂਤ ਇਕੱਠੇ ਕਰਕੇ ਅਜਿਹੇ ਅਧਿਕਾਰੀਆਂ ਦੇ ਕੱਚੇ ਚਿੱਠਿਆਂ ਦਾ ਪਰਦਾਫਾਸ਼ ਕਰੇਗੀ।

# ਮਾਤਾ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਭਗਤਾਂ ਦੀ ਬੱਸ ਰਵਾਨਾ

ਲਹਿਰਾਗਾਗਾ, 28 ਮਈ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ): ਜੈ ਸ੍ਰੀ ਮਾਂ ਨੈਣਾ ਦੇਵੀ ਸੰਕੀਰਤਨ ਮੰਡਲ (ਰਜਿ) ਤੇ ਸ੍ਰੀ ਹਨੂੰਮੰਤ ਧਾਮ ਸੇਵਾ ਸੁਸਾਇਟੀ ਵੱਲੋਂ ਸੰਕੀਰਤਨ ਮੰਡਲ ਦੇ 17ਵੇਂ ਸਥਾਪਨਾ ਦਿਵਸ ਮੌਕੇ ਮਾਂ ਨੈਣਾ ਦੇਵੀ ਦੇ ਦਰਸ਼ਨਾਂ ਲਈ ਮਾਤਾ ਦੇ ਦਰਬਾਰ ਤੇ ਜਾਣ ਵਾਲੇ ਸ਼ਰਧਾਲੂਆਂ ਦੀ ਬੱਸ ਨੂੰ ਸਥਾਨਕ ਸ੍ਰੀ ਪ੍ਰਾਚੀਨ ਸ਼ਿਵ ਦੁਰਗਾ ਮੰਦਰ ਵਿੱਚ ਪੂਜਾ ਅਰਚਨਾ ਕਰਵਾਉਣ ਉਪਰੰਤ ਰਵਾਨਾ ਕੀਤਾ ਗਿਆ, ਇਸ ਮੌਕੇ ਅਗਰਵਾਲ ਸੰਮੇਲਨ ਪੰਜਾਬ ਦੇ ਸੂਬਾ ਸੈਕਟਰੀ ਤਰਸੇਮ ਚੰਦ ਸਿੰਗਲਾ ਖੱਦਰ ਭੰਡਾਰ ਵਾਲੇ ਅਤੇ ਕੌਂਸਲਰ ਐਡਵੋਕੇਟ ਰਜਨੀਸ਼ ਗੁਪਤਾ ਨੇ ਸੰਸਥਾ ਵੱਲੋਂ ਧਾਰਮਿਕ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਵਿਸ਼ਵਾਸ ਦਿਵਾਇਆ, ਉੱਥੇ ਹੀ ਸ਼ਹਿਰ ਦੀ ਸੁੱਖ ਸ਼ਾਂਤੀ ਲਈ ਸੰਸਥਾ ਵੱਲੋਂ ਹਰ ਸਾਲ ਮਾਂ ਨੈਣਾਂ ਦੇਵੀ ਦਰਬਾਰ ਤੇ ਸ਼ਰਧਾਲੂਆਂ ਦੀ ਬੱਸ ਲਿਜਾਣ ਦੀ ਸ਼ਲਾਘਾ ਕੀਤੀ, ਉਨ੍ਹਾਂ ਨੌਜਵਾਨਾਂ ਨੂੰ ਧਾਰਮਿਕ ਤੇ ਸਮਾਜ ਸੇਵੀ ਕੰਮਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸੰਸਥਾ ਦੇ




ਸੰਚਾਲਕ ਰਮੇਸ਼ਵਰ ਸ਼ਰਮਾ ਨੇ ਕਿਹਾ ਕਿ ਸੰਸਥਾ ਵੱਲੋਂ ਕੀਤੇ ਜਾਂਦੇ ਜਾਗਰਣ ਤੇ ਮਾਤਾ ਦੀਆਂ ਚੌਂਕੀਆਂ ਦੌਰਾਨ ਜੋ ਵੀ ਪੈਸਾ ਦਾਨ ਦੇ ਰੂਪ ਵਿੱਚ ਇਕੱਠਾ ਹੁੰਦਾ ਹੈ, ਉਹ ਸਾਰਾ ਧਾਰਮਿਕ, ਸਮਾਜ ਸੇਵੀ ਅਤੇ ਗਊ ਮਾਤਾ ਦੀ ਸੇਵਾ ਸੰਭਾਲ ਉੱਪਰ ਖਰਚ ਕੀਤਾ ਜਾਂਦਾ ਹੈ, ਉਨਾਂ ਕਿਹਾ ਕਿ ਸੰਸਥਾ ਵੱਲੋਂ ਪਿਛਲੇ 8 ਸਾਲਾਂ ਤੋਂ ਸ਼ਹਿਰ ਤੇ ਇਲਾਕਾ ਨਿਵਾਸੀਆਂ ਨੂੰ ਐਂਬੂਲੈਂਸ ਦੀ ਸੇਵਾ ਵੀ ਮੁਹਇਆ ਕਰਵਾਈ ਗਈ। ਸੰਸਥਾ ਦਾ ਹਰ ਮੈਂਬਰ ਹਰ ਸਮੇਂ ਸਮਾਜ ਸੇਵਾ ਲਈ ਤਿਆਰ ਬਰ ਤਿਆਰ ਰਹਿੰਦੇ, ਇਸ ਮੌਕੇ ਸੰਸਥਾਂ ਦੇ ਪ੍ਰਧਾਨ ਰਵਿੰਦਰ ਗੋਇਲ, ਚੇਅਰਮੈਨ ਕ੍ਰਿਸ਼ਨ ਬਾਂਸਲ ਭੁਟਾਲੀਆ, ਕੈਸ਼ੀਅਰ ਰਕੇਸ਼ ਸਿੰਗਲਾ, ਬਿਲੇਸ਼ ਰਾਜੂ, ਅਗਰਵਾਲ ਸੰਮੇਲਨ ਦੇ ਸੂਬਾ ਆਗੂ ਤਰਸੇਮ ਚੰਦ ਸਿੰਗਲਾ ਖੱਦਰ ਭੰਡਾਰ ਵਾਲੇ, ਲਹਿਰਾਂ ਪ੍ਰੈਸ ਕਲੱਬ ਦੇ ਮੁੱਖ ਸਲਾਹਕਾਰ ਨਰੇਸ਼ ਗਰਗ, ਸੈਕਟਰੀ ਰਿੰਕੂ ਮਿੱਤਲ, ਵਾਈਸ ਪ੍ਰਧਾਨ ਸੰਜੇ ਗਰਗ, ਤੇ ਜਗਦੀਸ਼ ਰਾਏ ਠੇਕੇਦਾਰ, ਦਰਸ਼ਨ ਸ਼ਰਮਾ ਆਦਿ ਤੋਂ ਇਲਾਵਾ ਸੰਸਥਾਂ ਦੇ ਹੋਰ ਵੀ ਅਹੁਦੇਦਾਰ, ਮੈਂਬਰ ਤੋਂ ਇਲਾਵਾ ਸ਼ਹਿਰ ਨਿਵਾਸੀ ਵੀ ਹਾਜ਼ਰ ਸਨ।

# ਬ੍ਰਹਮਾ ਕੁਮਾਰੀ ਰਾਜਯੋਗਾ ਸੈਂਟਰ ਵਿਖੇ ਲਗਾਇਆ ਜਾਵੇਗਾ ਸਮਰ ਕੈਂਪ



ਸੁਨਾਮ, 28 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਬ੍ਰਹਮਾ ਕੁਮਾਰੀ ਰਾਜਯੋਗਾ ਸੈਂਟਰ, ਰਾਮ ਨਗਰ, ਇੰਦਰਾ ਬਸਤੀ ਵਿਖੇ 5 ਤੋਂ 8 ਜੂਨ ਤੱਕ ਲਗਾਇਆ ਜਾਵੇਗਾ ਸਮਰ ਕੈਂਪ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬ੍ਰਹਮਾਕੁਮਾਰੀ ਆਸਰਮ ਦੀ ਸੰਚਾਲਕਾ ਮੀਰਾ ਭੈਣ ਨੇ ਦੱਸਿਆ ਕਿ ਸਵੇਰੇ 9 ਵਜੇ ਤੋਂ 11 ਵਜੇ ਤੱਕ ਲੱਗਣ ਵਾਲੇ ਇਸ ਸਮਰ ਕੈਂਪ ਵਿੱਚ ਅੱਠ ਤੋਂ 15 ਸਾਲ ਦੀ ਉਮਰ ਦੇ ਬੱਚੇ ਹਿੱਸਾ ਲੈ ਸਕਦੇ ਹਨ। ਬੱਚਿਆਂ ਨੂੰ ਨੈਤਿਕ ਕੀਮਤਾਂ, ਰਚਨਾਤਮਕ ਕਲਾ ਤੇ ਸੱਭਿਆਚਾਰ, ਪੇਂਟਿੰਗ, ਨਾਚ, ਗਾਇਕੀ ਤੇ ਮਿੰਨੀ-ਖੇਡਾਂ ਸਿਖਾਈਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਇਸ ਕੈਂਪ ਬਾਰੇ ਹੋਰ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਜ਼ਰੂਰੀ ਹੈ। ਇਸ ਮੌਕੇ ਤੇ ਨੀਤੂ ਮਾਧੁਰੀ ਕੰਚਨ ਤੇ ਵੱਡੀ ਗਿੱਣਤੀ ਵਿੱਚ ਭੈਣਾਂ ਇਸ ਮੌਕੇ ਮੌਜੂਦ ਸਨ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਵੋਟਾਂ ਦੇ ਗਿਣਤੀ ਕੇਂਦਰਾਂ ਦੇ 500 ਮੀਟਰ ਦੇ ਘੇਰੇ 'ਚ ਅੱਜ ਡਰੋਨ ਕੈਮਰਿਆਂ ਨੂੰ ਚਲਾਉਣ ਤੇ ਉਡਾਉਣ 'ਤੇ ਮੁਕੰਮਲ ਪਾਬੰਦੀ

ਬੁਢਲਾਡਾ, 28 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ): ਪੰਜਾਬ ਰਾਜ 'ਚ ਨਗਰ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ-2026 ਦੀ ਗਿਣਤੀ 29 ਮਈ ਨੂੰ ਹੋਣ ਜਾ ਰਹੀ ਹੈ। ਜ਼ਿਲ੍ਹਾ ਮਾਨਸਾ ਵਿੱਚ ਇਹਨਾਂ ਚੋਣਾਂ ਦੀ ਗਿਣਤੀ ਲਈ ਆਡੀਟੋਰੀਅਮ ਹਾਲ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ, ਜਿਮਨੇਜ਼ੀਅਮ ਹਾਲ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ, ਕ੍ਰਿਸ਼ਨਾ ਕਾਲਜ ਆਫ਼ ਫਾਰਮੈਸੀ ਰੱਲੀ, ਸ਼ਹੀਦ ਨੰਦ ਸਿੰਘ ਸਰਕਾਰੀ ਪੌਲੀਟੈਕਨੀਕਲ ਕਾਲਜ ਬਰੇਟਾ ਤੇ ਸ਼ਹੀਦ ਜਗਸੀਰ ਸਿੰਘ ਸਕੂਲ ਆਫ਼ ਐਮੀਨੈਂਸ ਬੋਹਾ ਬਣਾਏ ਗਏ ਹਨ। ਜ਼ਿਲ੍ਹਾ ਮੈਜਿਸਟਰੇਟ, ਮਾਨਸਾ ਨਵਜੋਤ ਕੌਰ ਨੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੀ ਹੋਈ, ਇਨ੍ਹਾਂ ਗਿਣਤੀ ਕੇਂਦਰਾਂ ਦੇ 500 ਮੀਟਰ ਦੇ ਘੇਰੇ ਅੰਦਰ ਅੰਦਰ 29.05.2026 ਨੂੰ ਡਰੋਨ ਕੈਮਰਿਆ ਨੂੰ ਚਲਾਉਣ/ਉਡਾਉਣ 'ਤੇ ਮੁਕੰਮਲ ਤੌਰ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।



ਇਸ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ, ਲੋਕ ਹਿੱਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਤੇ ਹੋਣ ਵਾਲੀਆਂ ਚੋਣਾਂ ਦੀ ਗਿਣਤੀ ਦੇ ਕੰਮ ਨੂੰ ਸੁਚੱਜੇ ਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਡਰੋਨ ਕੈਮਰਿਆਂ ਉਤੇ ਪਾਬੰਦੀ ਲਗਾਉਣੀ ਜ਼ਰੂਰੀ ਬਣ ਜਾਂਦੀ ਹੈ, ਕਿਉਂਕਿ ਡਰੋਨ ਕੈਮਰਿਆਂ ਦਾ ਫਾਇਦਾ ਉਠਾਉਂਦੇ ਹੋਏ ਕੁਝ ਸ਼ਰਾਰਤੀ ਅਨਸਰ ਇਸ ਨਾਲ ਕਿਸੇ ਅਣਸੁਖਾਵੀਂ ਘਟਨਾ ਨੂੰ ਅੰਜਾਮ ਦੇ ਸਕਦੇ ਹਨ।

# ਹੈਰੀਟੇਜ ਪਬਲਿਕ ਸਕੂਲ ਦਾ ਵਿਦਿਆਰਥੀ ਸਮਰਿਧ ਸਚਦੇਵਾ ਪੁੱਜਾ ਇਸਰੋ

ਭਵਾਨੀਗੜ੍ਹ, 28 ਮਈ (ਅਮਨਦੀਪ ਸਿੰਘ ਮਾੜਾ): ਰਾਮਪੁਰਾ ਰੋਡ ਸਥਿਤ ਹੈਰੀਟੇਜ ਪਬਲਿਕ ਸਕੂਲ (ਐਚ.ਪੀ.ਐੱਸ.) ਭਵਾਨੀਗੜ੍ਹ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਣਥੱਕ ਉਪਰਾਲੇ ਕੀਤੇ ਜਾ ਰਹੇ ਹਨ। ਸਕੂਲ 'ਚ ਵਿਦਿਆਰਥੀਆਂ ਦੀਆਂ ਵਿਅਕਤੀਗਤ ਲੋੜਾਂ ਨੂੰ ਧਿਆਨ 'ਚ ਰੱਖਦਿਆਂ ਸਿੱਖਿਆ ਦਿੱਤੀ ਜਾਂਦੀ ਹੈ, ਕਿਉਂਕਿ ਵਿਗਿਆਨ ਤੇ ਅੰਤਰਿਕਸ਼ ਖੋਜ ਦੇ ਖੇਤਰ 'ਚ ਭਾਰਤ ਲਗਾਤਾਰ ਨਵੀਆਂ ਉੱਚਾਈਆਂ ਛੂਹ ਰਿਹਾ ਹੈ। ਚੰਦਰਯਾਨ ਵਰਗੀਆਂ ਉਪਲਬਧੀਆਂ ਨੇ ਨੌਜਵਾਨਾਂ 'ਚ ਸਪੇਸ ਸਾਇੰਸ ਪ੍ਰਤੀ ਨਵਾਂ ਜੋਸ਼ ਪੈਦਾ ਕੀਤਾ ਹੈ। ਇਸੇ ਉਦੇਸ਼ ਨੂੰ ਅੱਗੇ ਵਧਾਉਂਦਿਆਂ ਹੈਰੀਟੇਜ ਪਬਲਿਕ ਸਕੂਲ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਸਮਰਿਧ ਸੱਚਦੇਵਾ ਨੇ ਸਪੇਸ ਸਾਇੰਸ ਕੈਂਪ ਵਿੱਚ ਸਰਗਰਮ ਭਾਗ ਲੈ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਮਰਿਧ ਸਚਦੇਵਾ ਆਈ.ਆਈ.ਟੀ. ਸੈਂਟਰ ਇਸਰੋ ਵੱਲੋਂ ਜੋਧਪੁਰ ਵਿੱਚ 14 ਦਿਨਾਂ ਦੇ ਵਿਸ਼ੇਸ਼ ਸਾਇੰਸ ਟ੍ਰੇਨਿੰਗ ਕੈਂਪ ਲਈ ਬੌਧਿਕ ਗਿਆਨ ਦੀ ਆਧਾਰ ਤੇ ਪੰਜਾਬ ਵਿੱਚੋਂ ਚੁਣਿਆ ਗਿਆ। ਕੈਂਪ ਵਿੱਚ ਸ਼ਾਮਲ ਵਿਦਿਆਰਥੀਆਂ ਲਈ ਰਹਿਣ, ਖਾਣ-ਪੀਣ ਤੇ ਟਰੇਨਿੰਗ ਦੀਆਂ ਸਾਰੀਆਂ ਸੁਵਿਧਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਗਈਆਂ। ਟ੍ਰੇਨਿੰਗ ਦੌਰਾਨ ਵਿਦਿਆਰਥੀ ਨੂੰ ਰਾਕੇਟ ਪ੍ਰੋਪਲਸ਼ਨ ਦੇ ਭੌਤਿਕ ਵਿਗਿਆਨ, ਸਪੇਸ ਸਾਇੰਸ ਤੇ ਸੰਬੰਧਿਤ ਪੇਸ਼ਕਾਰੀਆਂ ਤੇ ਰੰਗਾਰੰਗ ਪ੍ਰੋਗਰਾਮਾਂ ਨੇ ਕੈਂਪ ਨੂੰ ਹੋਰ ਵੀ ਆਕਰਸ਼ਕ ਬਣਾਇਆ। ਸਕੂਲ ਵਾਪਸੀ 'ਤੇ ਸਕੂਲ ਪ੍ਰਬੰਧਕ ਅਨਿਲ ਮਿੱਤਲ, ਆਸ਼ਿਮਾ ਮਿੱਤਲ



ਤੇ ਸਕੂਲ ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ ਨੇ ਵਿਦਿਆਰਥੀ ਦੀ ਇਸ ਉਪਲਬਧੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸਕੂਲ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਵਿਹਾਰਿਕ ਗਤੀਵਿਧੀਆਂ ਨਾਲ ਜੋੜਨ ਲਈ ਨਿਰੰਤਰ ਯਤਨਸ਼ੀਲ ਹੈ, ਤਾਂ ਜੋ ਉਹ ਭਵਿੱਖ ਵਿੱਚ ਦੇਸ਼ ਦੇ ਵਿਗਿਆਨਕ ਤੇ ਤਕਨੀਕੀ ਵਿਕਾਸ 'ਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਣ।

ਐਸਟਰੋਨੌਟ ਨੂੰ ਕੈਰੀਅਰ ਵਜੋਂ ਚੁਣਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਰਾਕੇਟ ਮੇਕਿੰਗ, ਚੰਦਰਯਾਨ ਮਾਡਲ ਤਿਆਰ ਕਰਨਾ, ਸਪੇਸ ਸਾਇੰਸ ਕਵਿਜ਼ ਤੇ 34 ਆਨਲਾਈਨ ਟੀਮ ਪ੍ਰੋਜੈਕਟ ਵਰਗੀਆਂ ਦਿਲਚਸਪ ਗਤੀਵਿਧੀਆਂ ਵੀ ਕਰਵਾਈਆਂ ਗਈਆਂ ਤੇ ਗਤੀਵਿਧੀ ਵਿੱਚ ਭਾਗ ਲੈ ਕੇ ਇਨਾਮ ਵੀ ਜਿੱਤਿਆ, ਆਪਣੀ ਸੰਸਕ੍ਰਿਤੀ ਨਾਲ

# ਮੂਨਕ ਸਿਵਲ ਹਸਪਤਾਲ 'ਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ : ਗੁਰਸੇਵਕ ਸਿੰਘ

ਮੂਨਕ, 28 ਮਈ (ਸਮਸ਼ੇਰ ਸਿੰਘ ਭੁਟਾਲ): ਵਿਆਹ ਦੀ ਮਠਿਆਈ ਖਾਣ ਮਗਰੋਂ ਸਾਡੇ ਇਲਾਕੇ ਦੇ ਲੋਕਾਂ ਦੇ ਬਿਮਾਰ ਪੈ ਜਾਣ ਦੀ ਘਟਨਾ ਨੇ ਸਾਨੂੰ ਅੰਦਰੋਂ ਝੰਜੋੜ ਦਿੱਤਾ ਹੈ। ਸਿੱਖੀ ਦੀ ਸਾਂਝੀ ਭਾਵਨਾ ਸਾਨੂੰ ਸਿਖਾਉਂਦੀ ਹੈ ਕਿ ਦੁਖੀ ਮਨੁੱਖ ਦੀ ਸੇਵਾ ਹੀ ਸਭ ਤੋਂ ਵੱਡੀ ਭਗਤੀ ਹੈ।ਯੂਥ ਵਿੰਗ ਸ਼੍ਰੋਮਣੀ ਅਕਾਲੀਦਲ ਦੇ ਆਗੂ ਗੁਰਸੇਵਕ ਸਿੰਘ ਨਵਾਗਾਓ ਨੇ ਕਿਹਾ ਕਿ ਭਾਰੇ ਹਿਰਦੇ ਨਾਲ ਕਹਿਣਾ ਪੈ ਰਿਹਾ ਹੈ ਕਿ 'ਸਿਹਤ ਕ੍ਰਾਂਤੀ' ਦੇ ਵੱਡੇ ਨਾਅਰੇ ਲਾਉਣ ਵਾਲੀ ਸਰਕਾਰ ਦੇ ਰਾਜ ਵਿੱਚ ਅੱਜ ਵੀ ਸਾਡੇ ਲੋਕ ਮੂਨਕ ਸਿਵਲ ਹਸਪਤਾਲ ਵਿੱਚ ਫਰਸ਼ 'ਤੇ ਪੈ ਕੇ ਇਲਾਜ ਲੈਣ ਕਰਵਾਉਣ ਲਈ ਮਜਬੂਰ ਹਨ। ਇਹ ਨਾਅਰਿਆਂ ਤੇ ਹਕੀਕਤ ਦਾ ਫਰਕ ਸਾਡੇ ਮੂੰਹ 'ਤੇ ਸਿੱਧਾ ਸਵਾਲ ਹੈ। ਇੱਕ ਛੋਟੇ ਸ਼ਹਿਰ ਦੇ ਹਸਪਤਾਲ ਤੋਂ ਲੋਕ ਵੱਡੀ ਮਸ਼ੀਨਰੀ ਨਹੀਂ ਮੰਗਦੇ, ਉਹ ਸਿਰਫ਼ ਇਹ ਮੰਗਦੇ ਹਨ ਕਿ ਬੁਨਿਆਦੀ ਸਹੂਲਤਾਂ ਤਾਂ ਮਿਲਣ ਜੋ ਅੱਜ ਉਹ ਵੀ ਪੂਰਨ ਤੌਰ 'ਤੇ ਉਪਲਬਧ ਨਹੀਂ ਹਨ।

ਸਾਡੇ ਸਤਿਕਾਰਯੋਗ ਹਲਕਾ ਇੰਚਾਰਜ ਗਗਨਦੀਪ ਸਿੰਘ ਖੰਡੇਵਾਦ ਜੀ ਦੀ ਅਗਵਾਈ ਹੇਠ ਸਾਡੀ ਪੂਰੀ ਪਾਰਟੀ ਇਸ ਮੁੱਦੇ 'ਤੇ ਮੰਗ ਕਰਦੀ ਹੈ ਕਿ ਜ਼ਿਲ੍ਹਾ ਸਿਹਤ ਅਧਿਕਾਰੀ/ਸੀਐਮਓ ਇਸ ਸਥਿਤੀ ਦਾ ਨੋਟਿਸ ਲੈ ਕੇ ਤੁਰੰਤ ਸੁਧਾਰ ਕਰਵਾਉਣ। ਅਸੀਂ ਸਾਡੇ ਹਲਕੇ ਦੇ ਕੈਬਨਿਟ ਮੰਤਰੀ ਵਰਿੰਦਰ ਕੁਮਾਰ ਕੋਇਲ ਨੂੰ ਨਿਮਰ ਪਰ ਦ੍ਰਿੜ੍ਹ ਬੇਨਤੀ ਕਰਦੇ ਹਾਂ ਕਿ ਜਿਨ੍ਹਾਂ ਨੇ ਇਹੋ ਜਿਹੀਆਂ ਜ਼ਹਿਰੀਲੀਆਂ ਮਠਿਆਈਆਂ ਤਿਆਰ ਕੀਤੀਆਂ ਉਨ੍ਹਾਂ ਖਿਲਾਫ਼ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਵੱਧ ਤੋਂ ਵੱਧ ਸਜ਼ਾ ਦਿੱਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਲੋਕਾਂ ਦੀ ਜਾਨ ਨਾਲ ਖੇਡਣ ਦੀ ਹਿੰਮਤ ਨਾ ਕਰੇ। ਨਾਲ ਹੀ ਮੂਨਕ ਸਿਵਲ ਹਸਪਤਾਲ ਵਿੱਚ 24x7 ਡਿਊਟੀ ਡਾਕਟਰ ਤੇ ਚਾਲੂ ਐਮਰਜੈਂਸੀ ਵਾਰਡ, ਚਾਲੂ ਐਕਸ-ਰੇ ਮਸ਼ੀਨ, ਅਲਟਰਾਸਾਊਂਡ ਤੇ ਪੈਥੋਲੋਜੀ ਲੈਬ, ਜ਼ਰੂਰੀ ਦਵਾਈਆਂ ਦਾ ਸਟਾਕ ਤੇ ਆਕਸੀਜਨ ਸਪਲਾਈ, ਸਾਫ਼ ਬਿਸਤਰੇ ਤੇ ਬੈਠਣ ਦੀ ਜਗ੍ਹਾ ਤੇ ਕਾਰਜਸ਼ੀਲ ਐਂਬੂਲੈਂਸ ਦੀ ਸਹੂਲਤ ਤੁਰੰਤ ਯਕੀਨੀ ਬਣਾਈ ਜਾਵੇ ਤਾਂ ਜੋ ਲੋਕਾਂ ਨੂੰ ਇਲਾਜ ਲਈ ਸੰਗਰੂਰ-ਪਟਿਆਲਾ ਨਾ ਭੱਜਣਾ ਪਵੇ।

ਲੋਕਾਂ ਦੀ ਸਿਹਤ ਇੱਕ ਸਾਂਝਾ ਮੁੱਦਾ ਹੈ। ਸਾਨੂੰ ਪੂਰਾ ਯਕੀਨ ਹੈ ਕਿ ਇਹ ਬੁਨਿਆਦੀ ਮੰਗਾਂ 'ਤੇ ਮੌਜੂਦਾ ਸਰਕਾਰ, ਪ੍ਰਸ਼ਾਸਨ ਤੇ ਇਲਾਕੇ ਦੇ ਲੋਕ ਸਹਿਮਤ ਹੋਣਗੇ, ਕਿਉਂਕਿ ਨਾਅਰਿਆਂ ਨਾਲ ਨਹੀਂ, ਧਰਾਤਲ 'ਤੇ ਕੰਮ ਨਾਲ ਹੀ ਲੋਕਾਂ ਦਾ ਭਰੋਸਾ ਜਿੱਤਿਆ ਜਾਂਦਾ ਹੈ। ਲੋਕਾਂ ਦੀ ਸਿਹਤ ਨਾਲ ਕੋਈ ਸਮਝੌਤਾ ਮਨਜ਼ੂਰ ਨਹੀਂ।

# ਬਰੇਟਾ ਵਿਖੇ ਰੇਲਵੇ ਅੰਡਰ ਬ੍ਰਿਜ ਦਾ ਕੰਮ ਸ਼ੁਰੂ, ਦਰਜਨਾਂ ਪਿੰਡਾਂ ਨੂੰ ਮਿਲੇਗੀ ਰਾਹਤ




ਬਰੇਟਾ 28 ਮਈ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਬਰੇਟਾ ਨਿਵਾਸੀਆਂ ਦੀ ਚਿਰਕੋਣੀ ਮੰਗ ਨੂੰ ਉਸ ਸਮੇਂ ਬੂਰ ਪਿਆ ਜਦੋਂ ਇਥੇ ਦੇ ਕੁਲਰੀਆਂ ਫਾਟਕ ਤੇ ਅੰਡਰ ਬ੍ਰਿਜ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆ ਭਾਜਪਾ ਦੇ ਜਿਲਾ ਜਨਰਲ ਸਕੱਤਰ ਗਗਨਦੀਪ ਸ਼ਰਮਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਬ੍ਰਿਜ ਦੇ ਬਨਣ ਦੇ ਨਾਲ ਬਰੇਟਾ ਵਾਸੀਆਂ ਅਤੇ ਨੇੜਲੇ ਦਰਜਨਾਂ ਪਿੰਡਾ ਨੂੰ ਲਾਭ ਹੋਵੇਗਾ।ਉਹਨਾਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਟਰੈਫਿਕ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਇਸ ਮੌਕੇ ਉਹਨਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਸੂਰਜ ਪ੍ਰਕਾਸ਼, ਪ੍ਰੇਮ ਬਖਸ਼ੀਵਾਲਾ, ਗੋਰਾ ਲਾਲ, ਮੰਡਲ ਪ੍ਰਧਾਨ ਰਾਜ ਕੁਮਾਰ ਬਾਂਸਲ, ਸਾਗਰ ਸਿੰਘ, ਅੰਮ੍ਰਿਤਪਾਲ ਸਿੰਘ, ਮਨੋਜ ਕੁਮਾਰ ਹਾਜ਼ਰ ਸਨ।

# ਪਰਿਵਾਰ ਨਿਯੋਜਨ ਤਹਿਤ 14 ਆਪ੍ਰੇਸ਼ਨ ਕੀਤੇ

ਭਗਤਾ ਭਾਈ ਕਾ, 28 ਮਈ (ਸਵਰਨ ਸਿੰਘ ਭਗਤਾ): ਸਿਹਤ ਤੇ ਪਰਿਵਾਰ ਭਲਾਈ ਵਿਭਾਗ ਆਬਾਦੀ ਕੰਟਰੋਲ ਕਰਨ ਲਈ ਨਿਰੰਤਰ ਯਤਨਸ਼ੀਲ ਹੈ। ਇਸ ਸਬੰਧੀ ਸਿਵਲ ਸਰਜਨ ਡਾਕਟਰ ਤਪਿੰਦਰ ਜੋਤ ਦੀਆਂ ਹਦਾਇਤਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਸੀ ਐਚ ਸੀ ਭਗਤਾ ਭਾਈ ਕਾ ਵਿਖੇ ਪਰਿਵਾਰ ਨਿਯੋਜਨ ਸਬੰਧੀ ਆਪਰੇਸ਼ਨ ਕੈਂਪ ਲਗਾਇਆ ਗਿਆ। ਇਸ ਮੌਕੇ ਸਿਵਲ ਹਸਪਤਾਲ ਬਠਿੰਡਾ ਵਿਖੇ ਤਾਇਨਾਤ ਸਰਜਨ ਰਮੇਸ਼ਵਰ ਚਾਵਲਾ ਵੱਲੋਂ ਸ਼ਿਰਕਤ ਕੀਤੀ ਗਈ।



ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਆਬਾਦੀ ਕੰਟਰੋਲ ਕਰਨ ਲਈ ਨਿਰੰਤਰ ਯਤਨਸ਼ੀਲ ਹੈ । ਇਸ ਸਬੰਧੀ ਸਿਹਤ ਵਿਭਾਗ ਸਥਾਈ ਅਤੇ ਅਸਥਾਈ ਸਾਧਨ ਉਪਲਬਧ ਕਰਵਾ ਰਿਹਾ ਹੈ। ਅੱਜ ਸਥਾਈ ਸਾਧਨ ਦੇਣ ਲਈ ਪਰਿਵਾਰ ਨਿਯੋਜਨ ਆਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਯੋਗ ਜੋੜਿਆਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਆਪਰੇਸ਼ਨ ਕਰਵਾਉਣ ਸਬੰਧੀ ਤਿਆਰ ਕੀਤਾ ਸੀ। ਜਿਸ ਕਾਰਨ ਅੱਜ 14 ਲੋਕਾਂ ਦੇ ਸਫਲ ਅਪ੍ਰੇਸ਼ਨ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਆਪਰੇਸ਼ਨ ਕਰਵਾਉਣ ਵਾਲੇ ਲੋਕਾਂ ਨੂੰ ਵਿੱਤੀ ਸਹਾਇਤਾ ਵੀ ਉਪਲਬਧ ਕਰਵਾਈ ਜਾਵੇਗੀ। ਇਸ ਕੈਂਪ ਵਿੱਚ ਸ਼ਾਮਲ ਸਫਲ ਕਰਨ ਲਈ ਸਮੂਹ ਸੀ ਐਸ ਸੀ ਭਗਤਾ ਭਾਈਕਾ ਦੇ ਸਟਾਫ ਵੱਲੋਂ ਯੋਗਦਾਨ ਦਿੱਤਾ ਗਿਆ।

# ਈ.ਐੱਸ.ਆਈ. ਕਾਰਡ ਧਾਰਕਾਂ ਲਈ ਵੱਡੀ ਰਾਹਤ ਹੁਣ ਸਰਕਾਰੀ ਹਸਪਤਾਲਾਂ 'ਚ ਵੀ ਮਿਲੇਗਾ ਮੁਫ਼ਤ ਇਲਾਜ

ਬਠਿੰਡਾ, 28 ਮਈ (ਦੀਪਕ ਸ਼ਰਮਾ): ਪੰਜਾਬ ਦੇ ਲੱਖਾਂ ਨੌਕਰੀਪੇਸ਼ਾ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੂਬਾ ਸਰਕਾਰ ਵੱਲੋਂ ਇੱਕ ਵੱਡੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਹੁਣ ਕਰਮਚਾਰੀ ਰਾਜ ਬੀਮਾ (ਈ.ਐੱਸ.ਆਈ.) ਯੋਜਨਾ ਨਾਲ ਜੁੜੇ ਲਾਭਪਾਤਰੀਆਂ ਨੂੰ ਇਲਾਜ ਲਈ ਨਿੱਜੀ ਹਸਪਤਾਲਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ, ਬਲਕਿ ਉਹ ਸੂਬੇ ਦੇ ਸਾਰੇ ਜ਼ਿਲ੍ਹਾ ਤੇ ਸਬ-ਡਿਵੀਜ਼ਨਲ ਹਸਪਤਾਲਾਂ 'ਚ ਵੀ ਬਿਲਕੁਲ ਮੁਫ਼ਤ ਤੇ ਕੈਸ਼ਲੈੱਸ ਇਲਾਜ ਕਰਵਾ ਸਕਣਗੇ। ਇਸ ਸਬੰਧੀ ਸਿਹਤ ਵਿਭਾਗ ਪੰਜਾਬ ਅਤੇ ਡੀ.ਐਚ.ਐੱਸ. ਈ.ਐੱਸ.ਆਈ. ਵਿਚਕਾਰ ਇੱਕ ਅਹਿਮ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਹਨ। ਨਵੇਂ ਨਿਯਮਾਂ ਮੁਤਾਬਕ ਈ.ਐੱਸ.ਆਈ. ਕਾਰਡਧਾਰਕਾਂ ਨੂੰ ਸਭ ਤੋਂ ਪਹਿਲਾਂ ਆਪਣੀ ਨੇੜਲੀ ਈ.ਐੱਸ.ਆਈ. ਡਿਸਪੈਂਸਰੀ ਜਾਂ ਹਸਪਤਾਲ ਤੋਂ ਰੈਫ਼ਰਲ ਸਲਿੱਪ ਲੈਣੀ ਹੋਵੇਗੀ, ਜਿਸ ਤੋਂ ਬਾਅਦ ਉਹ ਕਿਸੇ ਵੀ ਸਰਕਾਰੀ ਹਸਪਤਾਲ ਵਿੱਚ ਜਾ ਕੇ ਮੁਫ਼ਤ ਸੁਵਿਧਾ ਦਾ ਲਾਭ ਲੈ ਸਕਦੇ ਹਨ। ਹਸਪਤਾਲ ਪਹੁੰਚਣ 'ਤੇ ਸਟਾਫ਼ ਵੱਲੋਂ ਮਰੀਜ਼ ਦੇ ਈ-ਪਛਾਣ ਕਾਰਡ ਅਤੇ ਮੋਬਾਈਲ ਐਪ ਰਾਹੀਂ ਉਸ ਦੀ ਯੋਗਤਾ ਦੀ ਜਾਂਚ ਕੀਤੀ ਜਾਵੇਗੀ ਅਤੇ ਇਸ ਸਾਰੀ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਸਪਤਾਲ ਦੇ ਸਟਾਫ਼ ਨੂੰ ਉਚੇਚੀ ਟ੍ਰੇਨਿੰਗ ਵੀ ਦਿੱਤੀ ਜਾ ਚੁੱਕੀ ਹੈ।

ਇਸ ਨਵੀਂ ਵਿਵਸਥਾ ਤਹਿਤ ਗੰਭੀਰ ਹਾਲਤ ਜਾਂ ਸੜਕ ਹਾਦਸੇ ਵਰਗੀ ਹੰਗਾਮੀ ਸਥਿਤੀ ਵਿੱਚ ਮਰੀਜ਼ਾਂ ਨੂੰ ਵੱਡੀ ਛੋਟ ਦਿੱਤੀ ਗਈ ਹੈ, ਜਿਸ ਵਿੱਚ ਮਰੀਜ਼ ਬਿਨਾ ਕਿਸੇ ਰੈਫ਼ਰਲ ਸਲਿੱਪ ਦੇ ਸਿੱਧਾ ਸਰਕਾਰੀ ਹਸਪਤਾਲ ਵਿੱਚ ਭਰਤੀ ਹੋ ਸਕਦਾ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਹਸਪਤਾਲ ਪ੍ਰਬੰਧਕਾਂ ਲਈ 48 ਘੰਟਿਆਂ ਦੇ ਅੰਦਰ ਨੇੜਲੇ ਈ.ਐੱਸ.ਆਈ. ਹਸਪਤਾਲ ਨੂੰ ਸੂਚਿਤ ਕਰਨਾ ਜ਼ਰੂਰੀ ਹੋਵੇਗਾ। ਸਮਝੌਤੇ ਅਨੁਸਾਰ ਮੋਹਾਲੀ, ਮੋਗਾ, ਅੰਮ੍ਰਿਤਸਰ, ਫਗਵਾੜਾ, ਹੁਸ਼ਿਆਰਪੁਰ ਤੇ ਜਲੰਧਰ ਦੇ ਨਗਰ ਨਿਗਮ ਦੇ ਘੇਰੇ ਵਿੱਚ ਆਉਂਦੀਆਂ ਡਿਸਪੈਂਸਰੀਆਂ ਦੇ ਮਰੀਜ਼ਾਂ ਨੂੰ ਪਹਿਲਾਂ ਉੱਥੇ ਮੌਜੂਦ ਈ.ਐੱਸ.ਆਈ. ਹਸਪਤਾਲਾਂ ਵਿੱਚ ਹੀ ਰੈਫ਼ਰ ਕੀਤਾ ਜਾਵੇਗਾ, ਜਦਕਿ ਨਿਗਮ ਹੱਦ ਤੋਂ ਬਾਹਰ ਵਾਲੀਆਂ ਡਿਸਪੈਂਸਰੀਆਂ ਦੇ ਮਰੀਜ਼ਾਂ ਕੋਲ ਜ਼ਿਲ੍ਹਾ ਹਸਪਤਾਲਾਂ 'ਚ ਜਾਣ ਦਾ ਵਿਕਲਪ ਵੀ ਹੋਵੇਗਾ।

ਜੇਕਰ ਮਰੀਜ਼ ਦੀ ਬਿਮਾਰੀ ਜ਼ਿਆਦਾ ਗੰਭੀਰ ਹੈ, ਤਾਂ ਸਰਕਾਰੀ ਹਸਪਤਾਲ ਉਸ ਨੂੰ ਪਟਿਆਲਾ, ਅੰਮ੍ਰਿਤਸਰ, ਫਰੀਦਕੋਟ ਤੇ ਮੋਹਾਲੀ ਦੇ ਸਰਕਾਰੀ ਮੈਡੀਕਲ ਕਾਲਜਾਂ ਸਮੇਤ ਬਠਿੰਡਾ ਦੇ ਕੈਂਸਰ ਇੰਸਟੀਚਿਊਟ ਵਰਗੇ ਵੱਡੇ ਸਰਕਾਰੀ ਅਦਾਰਿਆਂ ਵਿੱਚ ਰੈਫ਼ਰ ਕਰ ਸਕਣਗੇ, ਜਿੱਥੇ ਮਰੀਜ਼ ਦੇ ਡਿਸਚਾਰਜ ਹੋਣ ਤੋਂ ਬਾਅਦ ਹਸਪਤਾਲ ਇੱਕ ਮਹੀਨੇ ਦੇ ਅੰਦਰ ਆਪਣਾ ਬਿੱਲ ਵਿਭਾਗ ਨੂੰ ਭੇਜੇਗਾ ਅਤੇ ਸਾਰਾ ਖ਼ਰਚਾ ਸਰਕਾਰ ਚੁੱਕੇਗੀ।

# ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪੰਜਾਬ ਭਾਜਪਾ ਹੋਰ ਮਜ਼ਬੂਤ ਹੋਵੇਗੀ : ਟੀਟੂ, ਹੈਪੀ



ਭਦੌੜ, 28 ਮਈ (ਸੁਖਵਿੰਦਰ ਪਲਾਹਾ) : ਭਾਰਤੀ ਜਨਤਾ ਪਾਰਟੀ ਪੰਜਾਬ ਦੇ ਨਵ ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਹੋਰ ਮਜਬੂਤ ਹੋਵੇਗੀ ਅਤੇ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ’ਤੇ ਪੂਰੀ ਤਰ੍ਹਾਂ ਖਰਾ ਉਤਰੇਗੀ ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮੰਡਲ ਪ੍ਰਧਾਨ ਭਦੌੜ ਰਾਕੇਸ਼ ਕੁਮਾਰ ਟੀਟੂ ਅਤੇ ਵਿਧਾਨ ਸਭਾ ਭਦੌੜ ਦੇ ਹਲਕਾ ਇੰਚਾਰਜ ਬਲਵਿੰਦਰ ਪਾਲ ਸਿੰਘ ਹੈਪੀ ਨੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਬਹੁਤ ਹੀ ਤੇਜ਼ੀ ਨਾਲ ਭਾਰਤੀ ਜਨਤਾ ਪਾਰਟੀ ਦਾ ਵੋਟ ਬੈਂਕ ਵੱਧ ਰਿਹਾ ਹੈ ਅਤੇ ਕੇਵਲ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਭਾਰਤੀ ਜਨਤਾ ਪਾਰਟੀ ਹੋਰ ਬੁਲੰਦੀਆਂ ਛੂਹੇਗੀ। ਉਹਨਾਂ ਕਿਹਾ ਕਿ ਪੰਜਾਬ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕ ਬੁਰੀ ਤਰ੍ਹਾਂ ਅੱਕ ਚੁੱਕੇ ਹਨ, ਕਿਉਂਕਿ ਜੋ ਵਾਅਦੇ ਸਰਕਾਰ ਬਣਾਉਣ ਵੇਲੇ ਝਾੜੂ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਸਨ, ਉਹਨਾਂ ਵਿੱਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ।ਉਹਨਾਂ ਕਿਹਾ ਕਿ 2027 ਵਿੱਚ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਆਪਣੇ ਸਹਿਯੋਗੀ ਦਲਾਂ ਨੂੰ ਨਾਲ ਲੈ ਕੇ ਚੱਲੇਗੀ ਅਤੇ ਪੰਜਾਬ ਵਿੱਚ ਆਪਣੀ ਸਰਕਾਰ ਬਣਾਏਗੀ। ਉਹਨਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਪੰਜਾਬ ਵਿੱਚ ਅਮਨ ਸ਼ਾਂਤੀ ਅਤੇ ਖੁਸ਼ਹਾਲੀ ਚਾਹੁੰਦੇ ਹੋ ਤਾਂ ਭਾਰਤੀ ਜਨਤਾ ਪਾਰਟੀ ਦਾ ਜ਼ਰੂਰ ਸਾਥ ਦਿਓ, ਤਾਂ ਕਿ ਪੰਜਾਬ ਤਰੱਕੀ ਦੀਆਂ ਲੀਹਾਂ ’ਤੇ ਦੁਬਾਰਾ ਚੜ੍ਹ ਸਕੇ।

# ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਬਣਨ ’ਤੇ ਦਿੱਤੀਆਂ ਵਧਾਈਆਂ



ਬਰਨਾਲਾ, 28 ਮਈ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਦੀ ਸਿਆਸਤ ਵਿੱਚ ਵੱਡਾ ਮੋੜ ਲਿਆਂਦਿਆਂ ਭਾਰਤੀ ਜਨਤਾ ਪਾਰਟੀ ਨੇ ਕੇਵਲ ਸਿੰਘ ਢਿੱਲੋਂ ਨੂੰ ਸੂਬਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਇਹ ਫੈਸਲਾ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਲਿਆ ਗਿਆ ਹੈ ਅਤੇ ਇਸਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਵੱਡੀ ਰਣਨੀਤਿਕ ਚਾਲ ਵਜੋਂ ਦੇਖਿਆ ਜਾ ਰਿਹਾ ਹੈ। ਸਿੱਖ ਚਿਹਰੇ ’ਤੇ ਵੱਡਾ ਦਾਅ ਭਾਜਪਾ ਲੰਮੇ ਸਮੇਂ ਤੋਂ ਪੰਜਾਬ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਲਈ ਯਤਨ ਕਰ ਰਹੀ ਹੈ, ਪਰ ਪਿੰਡਾਂ ਅਤੇ ਕਿਸਾਨ ਵਰਗ ਵਿੱਚ ਪਾਰਟੀ ਦੀ ਪਹੁੰਚ ਸੀਮਿਤ ਰਹੀ ਹੈ। ਕੇਵਲ ਸਿੰਘ ਢਿੱਲੋਂ ਦਾ ਸਿਆਸੀ ਸਫ਼ਰ ਕਾਫ਼ੀ ਉਤਾਰ-ਚੜ੍ਹਾਵਾਂ ਨਾਲ ਭਰਿਆ ਰਿਹਾ ਹੈ। ਉਹ ਬਰਨਾਲਾ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਮੰਨੇ ਜਾਂਦੇ ਹਨ। ਸੁਨੀਲ ਜਾਖੜ ਨੇ ਆਪਣੇ ਕਾਰਜਕਾਲ ਦੌਰਾਨ ਭਾਜਪਾ ਦੇ ਢਾਂਚੇ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਾਂਗਰਸੀ ਪਿਛੋਕੜ ਨਾਲ ਪਾਰਟੀ ਵਿੱਚ ਨਵਾਂ ਰੰਗ ਭਰਿਆ। ਹਾਲਾਂਕਿ 2024 ਦੀ ਲੋਕ ਸਭਾ ਚੋਣਾਂ ਵਿੱਚ ਉਮੀਦਾਂ ਮੁਤਾਬਕ ਨਤੀਜੇ ਨਾ ਆਉਣ ਕਾਰਨ ਪਾਰਟੀ ਨੂੰ ਨਵੀਂ ਦਿਸ਼ਾ ਵੱਲ ਮੋੜਨ ਦੀ ਲੋੜ ਮਹਿਸੂਸ ਹੋਈ। ਭਾਜਪਾ ਨੇ ਦੇਸ਼ ਭਰ ਵਿੱਚ ਆਪਣੇ ਸੰਗਠਨ ਨੂੰ ਨਵੀਂ ਤਾਕਤ ਦੇਣ ਲਈ ਕਈ ਰਾਜਾਂ ਵਿੱਚ ਪ੍ਰਧਾਨ ਬਦਲੇ ਹਨ। ਪੰਜਾਬ ਵਿੱਚ ਭਾਜਪਾ ਲਈ 2027 ਦੀਆਂ ਚੋਣਾਂ ਇੱਕ ਵੱਡੀ ਅਗਨੀ-ਪਰੀਖਿਆ ਵਜੋਂ ਸਾਹਮਣੇ ਆ ਰਹੀਆਂ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਢਿੱਲੋਂ ਆਪਣੀ ਨਵੀਂ ਭੂਮਿਕਾ ਵਿੱਚ ਭਾਜਪਾ ਨੂੰ ਪੰਜਾਬ ਦੀ ਸਿਆਸਤ ਵਿੱਚ ਮਜ਼ਬੂਤ ਵਿਕਲਪ ਵਜੋਂ ਖੜ੍ਹਾ ਕਰ ਸਕਦੇ ਹਨ ਜਾਂ ਨਹੀ। ਇਸ ਮੌਕੇ ਧਰਮ ਸਿੰਘ ਫ਼ੌਜੀ, ਨਰਿੰਦਰ ਨੀਟਾ, ਕੁਲਦੀਪ ਮਿੱਤਲ, ਰਾਜੂ ਚੌਧਰੀ ਤੋਂ ਇਲਾਵਾ ਅਨੇਕਾਂ ਹੋਰ ਆਗੂਆਂ ਨੇ ਕੇਵਲ ਸਿੰਘ ਢਿੱਲੋਂ ਨੂੰ ਵਧਾਈ ਦਿੰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ ਹੈ।

# ਪਰਮਜੀਤ ਮਾਨ ਦੀ ਪੁਸਤਕ ‘ਸਮੁੰਦਰਨਾਮਾ’ (ਛੱਲਾਂ ਨਾਲ ਗੱਲਾਂ) ਯੂਨੀਵਰਸਿਟੀ ਸਿਲੇਬਸ ਵਿੱਚ ਸ਼ਾਮਿਲ



ਬਰਨਾਲਾ, 28 ਮਈ (ਇਸ਼ੇਨ ਕੰਗ) : ਬਰਨਾਲੇ ਨੂੰ ਸਾਹਿਤ ਦਾ ਮੱਕਾ ਆਖਿਆ ਜਾਂਦਾ ਹੈ। ਇਸ ਦੇ ਆਲੇ ਦੁਆਲੇ ਦੀ ਜਰਖੇਜ਼ ਧਰਤ ਵਿੱਚ ਜਨਮੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਵਿਸ਼ਵ ਪੱਧਰ ’ਤੇ ਪ੍ਰਸਿੱਧੀ ਹਾਸਲ ਕੀਤੀ ਹੈ। ਇੱਥੇ ਆਏ ਹਫਤੇ ਕਿਸੇ ਨਾ ਕਿਸੇ ਪੁਸਤਕ ਦਾ ਲੋਕ ਅਰਪਣ ਜਾਂ ਗੋਸ਼ਟੀ ਹੁੰਦੀ ਰਹਿੰਦੀ ਹੈ। ਬਰਨਾਲਾ ਮਾਨਸਾ ਦੇ ਅੱਧਵਿਚਕਾਰ ਪੈਂਦੇ ਪਿੰਡ ਰੜ੍ਹ (ਮਾਨਸਾ) ਦਾ ਜੰਮਪਲ ਪਰਮਜੀਤ ਮਾਨ ਪਹਿਲੇ ਕਹਾਣੀ ਸੰਗ੍ਰਹਿ ਨਾਲ ਹੀ ਸਮੁੰਦਰ ਦਾ ਆਦਮੀ ਵਜੋਂ ਪਹਿਚਾਣ ਬਣਾ ਗਿਆ ਸੀ। ਉਸਨੇ ਹੁਣ ਤੱਕ ਪੰਜ ਮੌਲਿਕ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ । ਦੋ ਕਾਵਿ ਸੰਗ੍ਰਹਿ, ਧੁੱਖਦੀਆਂ ਸਵੇਰਾਂ ਬਲਦੀਆਂ ਸ਼ਾਮਾਂ ਅਤੇ ਸਾਗਰ ਦੇ ਸਫੇ ’ਤੇ ਹਨ। ਦੋ ਕਹਾਣੀ ਸੰਗ੍ਰਹਿ, ਸਮੁੰਦਰ ਦਾ ਆਦਮੀ ਤੇ ਰੇਤ ਦੇ ਘਰ ਹਨ । ਉਹਨਾਂ ਦੀ ਨਵੀਂ ਪੁਸਤਕ ਸਮੁੰਦਰਨਾਮਾ (ਛੱਲਾਂ ਨਾਲ ਗੱਲਾਂ) ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾ ਮਹਿੰਦਰ ਸਿੰਘ ਰੰਧਾਵਾ ਪੁਰਸਕਾਰ ਪ੍ਰਾਪਤ ਹੋਇਆ ਸੀ, ਹੁਣ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਦੇ ਪੰਜਾਬੀ ਆਨਰਜ਼ ਦੇ ਦੂਸਰੇ ਸਾਲ ਦੇ ਸਿਲੇਬਸ ਵਿੱਚ ਲੱਗਣ ਦਾ ਮਾਣ ਹਾਸਲ ਹੋਇਆ ਹੈ। ਬਰਨਾਲਾ ਖੇਤਰ ਦੇ ਲੇਖਕਾਂ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ, ਮਾਲਵਾ ਸਾਹਿਤ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ, ਡਾ ਜੋਗਿੰਦਰ ਸਿੰਘ ਨਿਰਾਲਾ, ਬਘੇਲ ਸਿੰਘ ਧਾਲੀਵਾਲ, ਕੰਵਰਜੀਤ ਭੱਠਲ, ਜੁਗਰਾਜ ਧੌਲਾ, ਬੂਟਾ ਸਿੰਘ ਚੌਹਾਨ, ਰਾਮ ਸਰੂਪ ਸ਼ਰਮਾ, ਡਾ ਰਾਮਪਾਲ ਸਿੰਘ ਸ਼ਾਹਪੁਰੀ, ਡਾ ਤਰਸਪਾਲ ਕੌਰ, ਦਰਸ਼ਨ ਸਿੰਘ ਗੁਰੂ, ਤੇਜਿੰਦਰ ਚੰਡਿਹੋਕ ਹਾਕਮ ਸਿੰਘ ਰੂੜੇਕੇ, ਡਾ ਅਮਨਦੀਪ ਸਿੰਘ ਟੱਲੇਵਾਲੀਆ, ਸੁਖਵਿੰਦਰ ਸਿੰਘ ਸਨੇਹ ਅਤੇ ਚਰਨੀ ਬੇਦਿਲ ਤੋਂ ਇਲਾਵਾ ਇਲਾਕੇ ਦੇ ਸਾਹਿਤਕਾਰਾਂ ਨੇ ਉਹਨਾਂ ਦੀ ਇਸ ਮਾਨਮੱਤੀ ਪ੍ਰਾਪਤੀ ’ਤੇ ਵਧਾਈ ਦਿੰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

# ਜ਼ਿਲ੍ਹੇ ਦੇ 14 ਸੇਵਾ ਕੇਂਦਰਾਂ ’ਚ ਮੁਲਾਜ਼ਮਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ



ਬਰਨਾਲਾ, 28 ਮਈ (ਹਮੀਰ ਸਿੰਘ) : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਅਤੇ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਦੇ ਸੱਦੇ ’ਤੇ ਜ਼ਿਲ੍ਹਾ ਬਰਨਾਲਾ ਦੇ 14 ਸੇਵਾ ਕੇਂਦਰਾਂ ਦੇ ਕਰਮਚਾਰੀਆਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਮੁਲਾਜ਼ਮਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਤੁਰੰਤ ਮੰਨਣ ਦੀ ਮੰਗ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਪੱਕਾ ਕਰਨ, ਤਨਖ਼ਾਹਾਂ ਵਿੱਚ ਵਾਧਾ ਕਰਨ ਅਤੇ ਠੇਕੇਦਾਰੀ ਪ੍ਰਣਾਲੀ ਖਤਮ ਕਰਨ ਸਬੰਧੀ ਕਈ ਵਾਰ ਸਰਕਾਰ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਹਾਲੇ ਤੱਕ ਕੋਈ ਢੁੱਕਵਾਂ ਹੱਲ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਣਦੇਖੀ ਕਾਰਨ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਤਹਿਤ ਅੱਜ ਰਿਟਰਨਿੰਗ ਅਫ਼ਸਰ ਬਰਨਾਲਾ ਕਮ ਵਧੀਕ ਡਿਪਟੀ ਕਮਿਸ਼ਨਰ (ਜ) ਵਿਵੇਕ ਕੁਮਾਰ ਮੋਦੀ ਨੂੰ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਵੀ ਦਿੱਤਾ ਗਿਆ। ਮੁਲਾਜ਼ਮ ਆਗੂਆਂ ਨੇ ਐਲਾਨ ਕੀਤਾ ਕਿ ਇਹ ਧਰਨਾ 29 ਤਰੀਕ ਤੋਂ ਸ਼ੁਰੂ ਹੋਣ ਜਾ ਰਿਹਾ ਹੈ ਅਤੇ ਮੰਗਾਂ ਨਾ ਮੰਨੀਆਂ ਜਾਣ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਜਲਦ ਕੋਈ ਫੈਸਲਾ ਨਾ ਲਿਆ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਹੜਤਾਲ ਕਾਰਨ ਸੇਵਾ ਕੇਂਦਰਾਂ ਵਿੱਚ ਕੰਮਕਾਜ ਪ੍ਰਭਾਵਿਤ ਹੋਇਆ ਅਤੇ ਸਰਟੀਫਿਕੇਟ, ਆਧਾਰ ਅਪਡੇਟ ਅਤੇ ਹੋਰ ਸਰਕਾਰੀ ਸੇਵਾਵਾਂ ਲਈ ਆਏ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਆਗੂ ਅਤੇ ਕਰਮਚਾਰੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਸਰਵੋਤਮ ਅਕੈਡਮੀ ਖੁੱਡੀ ਕਲਾਂ ਵਿਖੇ ਨਵੇਂ ਵਿਦਿਆਰਥੀਆਂ ਦੇ ਸਵਾਗਤ ਲਈ ਰੱਖੀ ਪਾਰਟੀ

ਬਰਨਾਲਾ, 28 ਮਈ (ਸੁਖਵਿੰਦਰ ਸਿੰਘ ਭੰਡਾਰੀ) : ਸਰਵੋਤਮ ਅਕੈਡਮੀ ਖੁੱਡੀ ਕਲਾਂ ਵਿਖੇ ਸੰਸਥਾ ਵਿੱਚ ਨਵੇਂ ਵਿਦਿਆਰਥੀਆਂ ਦੇ ਆਉਣ ’ਤੇ ਉਹਨਾਂ ਦੇ ਸਵਾਗਤ ਲਈ ਇੱਕ ਪਾਰਟੀ ਆਯੋਜਿਤ ਕੀਤੀ ਗਈ। ਵਿਦਿਆਰਥੀਆਂ ਦੁਆਰਾ ਇਸ ਮੌਕੇ ’ਤੇ ਆਪਣੇ ਵਿੱਚ ਛੁਪੀ ਕਲਾ ਨੂੰ ਉਜਾਗਰ ਕਰਨ ਦਾ ਮੌਕਾ ਦਿੱਤਾ ਗਿਆ। ਵਿਦਿਆਰਥੀਆਂ ਦੁਆਰਾ ਆਪਣੇ ਬਾਰੇ ਦੱਸਿਆ ਗਿਆ ਤੇ ਨਾਲ ਹੀ ਸ਼ਬਦ ਕਵਿਤਾਵਾਂ, ਗੀਤ, ਮਾਡਲਾਂ ਦੀ ਪ੍ਰਦਰਸ਼ਨੀ , ਪੰਜਾਬੀ ਡਾਂਸ ਅਤੇ ਕੋਰਿਓਗ੍ਰਾਫੀ ਪੇਸ਼ ਕੀਤੀ ਗਈ। ਇਸ ਮੌਕੇ ’ਤੇ ਸਰਵੋਤਮ ਅਕੈਡਮੀ ਖੁੱਡੀ ਕਲਾਂ ਦੇ ਪ੍ਰਿੰਸੀਪਲ ਡਾਕਟਰ ਰੁਪਿੰਦਰ ਕੌਰ ਬਾਜਵਾ ਦੁਆਰਾ ਇਨ੍ਹਾਂ ਵਿਦਿਆਰਥੀਆਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ ਤੇ ਉਹਨਾਂ ਦੁਆਰਾ ਕਿਹਾ ਗਿਆ ਇਸ ਨਾਲ ਵਿਦਿਆਰਥੀਆਂ ਵਿੱਚ ਛੁਪੀ ਹੋਈ ਕਲਾ ਵੀ ਬਾਹਰ ਆਈ। ਇਸ ਮੌਕੇ ’ਤੇ ਫਾਊਂਡਰ ਕੁਲਵੰਤ ਸਿੰਘ ਬਾਜਵਾ, ਚੇਅਰਮੈਨ ਸੁਖਮੰਦਰ ਸਿੰਘ, ਐਮ ਡੀ ਚਮਕੌਰ ਸਿੰਘ, ਅਧਿਆਪਕ ਸਾਹਿਬਾਨ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।




# ਨਸ਼ੇ ਖ਼ਿਲਾਫ਼ ਅਬੁਲ ਖਰਾਣਾ ਦੇ ਲੋਕਾਂ ਦੀ ਇਕਜੁੱਟਤਾ, ਤਸਕਰਾਂ ਖ਼ਿਲਾਫ਼ ਛੇੜਿਆ ਮੋਰਚਾ

ਮਲੋਟ, 28 ਮਈ (ਅਮਨਦੀਪ ਸਿੰਘ ਮਹਿਰਾ) : ਅਬੁਲ ਖਰਾਣਾ ਪਿੰਡ ਵਿੱਚ ਨਸ਼ੇ ਦੇ ਵਧਦੇ ਕਾਰੋਬਾਰ ਅਤੇ ਨਸ਼ਾ ਤਸਕਰਾਂ ਦੀ ਸਰਗਰਮੀ ਖ਼ਿਲਾਫ਼ ਹੁਣ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਮੋਰਚਾ ਖੋਲ੍ਹ ਦਿੱਤਾ ਹੈ। ਕਿੰਗਰਾ ਰੋਡ ਮੁਹੱਲਾ ਨਿਵਾਸੀਆਂ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਂਦੇ ਹੋਏ ਪ੍ਰਸ਼ਾਸਨ ਤੋਂ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ, ਐੱਸਐੱਸਪੀ, ਐੱਸਡੀਐੱਮ ਮਲੋਟ ਅਤੇ ਐੱਸਐੱਚਓ ਮਲੋਟ ਨੂੰ ਮੰਗ ਪੱਤਰ ਸੌਂਪਿਆ।



ਪਿੰਡ ਵਿੱਚ ਹੋਏ ਇਕੱਠ ਦੀ ਅਗਵਾਈ ਸਰਪੰਚ ਵਿੱਕੀ ਸੋਨੀ ਅਬੁਲ ਖਰਾਣਾ ਨੇ ਕੀਤੀ। ਇਸ ਮੌਕੇ ਜਸਕਰਨ ਸਿੰਘ, ਮਲਕੀਤ ਸਿੰਘ, ਦਵਿੰਦਰ ਸਿੰਘ, ਬਾਬਾ ਮੰਗਾ ਸਿੰਘ ਸਮੇਤ ਕਰੀਬ 20 ਨੌਜਵਾਨ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਇਕੱਠ ਦੌਰਾਨ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਲਈ ਇਕਜੁੱਟ ਹੋ ਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ।

ਪਿੰਡ ਵਾਸੀਆਂ ਨੇ ਆਪਣੇ ਮੰਗ ਪੱਤਰ ਵਿੱਚ ਦੱਸਿਆ ਕਿ ਕਿੰਗਰਾ ਰੋਡ ਇਲਾਕੇ ਵਿੱਚ ਚਿੱਟਾ ਸਮੇਤ ਹੋਰ ਨਸ਼ਿਆਂ ਦੀ ਖੁੱਲ੍ਹੇਆਮ ਵਿਕਰੀ ਹੋ ਰਹੀ ਹੈ। ਇਨ੍ਹਾਂ ਤਸਕਰਾਂ ਦੀ ਸਰਗਰਮੀ ਕਾਰਨ ਨੇੜਲੇ ਪਿੰਡਾਂ ਤੋਂ ਵੀ ਨਸ਼ੇ ਦੇ ਆਦੀ ਲੋਕਾਂ ਦੀ ਆਵਾਜਾਈ ਵੱਧ ਗਈ ਹੈ, ਜਿਸ ਨਾਲ ਇਲਾਕੇ ਦਾ ਮਾਹੌਲ ਖਰਾਬ ਹੋ ਰਿਹਾ ਹੈ ਅਤੇ ਲੋਕ ਡਰ ਦੇ ਸਾਏ ਹੇਠ ਜੀਣ ਲਈ ਮਜਬੂਰ ਹਨ।

ਇਸ ਦਰਦਨਾਕ ਹਾਲਾਤ ਤੋਂ ਦੁਖੀ ਹੋ ਕੇ ਪਿੰਡ ਵਾਸੀਆਂ ਨੇ ਫੈਸਲਾ ਕੀਤਾ ਹੈ ਕਿ ਹੁਣ ਕਿਸੇ ਵੀ ਨੌਜਵਾਨ ਨੂੰ ਨਸ਼ੇ ਦੀ ਦਲਦਲ ਵਿੱਚ ਨਹੀਂ ਜਾਣ ਦਿੱਤਾ ਜਾਵੇਗਾ। ਪਿੰਡ ਦੇ ਨੌਜਵਾਨਾਂ ਨੇ ਅੱਗੇ ਆ ਕੇ ਨਸ਼ਾ ਵੇਚਣ ਅਤੇ ਨਸ਼ਾ ਕਰਨ ਵਾਲਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਨੂੰ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਦਾ ਪੂਰਾ ਸਮਰਥਨ ਮਿਲ ਰਿਹਾ ਹੈ।

ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਨਸ਼ਾ ਤਸਕਰਾਂ ਖ਼ਿਲਾਫ਼ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਦੀ ਇਸ ਮੁਹਿੰਮ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇ। ਮੰਗ ਪੱਤਰ ਵਿੱਚ ਇਹ ਵੀ ਕਿਹਾ ਗਿਆ ਕਿ ਜੇਕਰ ਭਵਿੱਖ ਵਿੱਚ ਤਸਕਰਾਂ ਨੂੰ ਰੋਕਣ ਦੌਰਾਨ ਕੋਈ ਤਣਾਅਪੂਰਨ ਸਥਿਤੀ ਬਣਦੀ ਹੈ ਤਾਂ ਸੁਧਾਰ ਲਈ ਕੰਮ ਕਰ ਰਹੇ ਨੌਜਵਾਨਾਂ ਦੀ ਗੱਲ ਵੀ ਸੁਣੀ ਜਾਵੇ।

# ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਪਿੰਡ ਮਹਿਤਾ ਇਕਾਈ ਦੀ ਸਰਬਸੰਮਤੀ ਨਾਲ ਚੋਣ



ਤਪਾ ਮੰਡੀ, 28 ਮਈ (ਰਾਜੂ ਮਹਿਰਾ) : ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਪੰਜਾਬ ਦੀ ਜ਼ਿਲ੍ਹਾ ਜਥੇਬੰਦੀ ਕਮੇਟੀ ਦੀ ਇੱਕ ਅਹਿਮ ਮੀਟਿੰਗ ਸੂਬਾ ਕਮੇਟੀ ਮੈਂਬਰ ਬਲੌਰ ਸਿੰਘ ਢਿੱਲਵਾਂ, ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲਵਾਂ ਅਤੇ ਖਜ਼ਾਨਚੀ ਬੂਟਾ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਦੌਰਾਨ ਬਲਾਕ ਸ਼ਹਿਣਾ ਅਧੀਨ ਪੈਂਦੇ ਪਿੰਡ ਮਹਿਤਾ, ਜ਼ਿਲ੍ਹਾ ਬਰਨਾਲਾ ਦੀ ਇਕਾਈ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਚੋਣ ਦੌਰਾਨ ਬਿੱਕਰ ਸਿੰਘ ਨੂੰ ਪ੍ਰਧਾਨ, ਮੰਦਰ ਸਿੰਘ ਨੂੰ ਮੀਤ ਪ੍ਰਧਾਨ, ਹਰਦੀਪ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਜਸਪਾਲ ਸਿੰਘ ਨੂੰ ਜਨਰਲ ਸਕੱਤਰ, ਕੁਲਵਿੰਦਰ ਸਿੰਘ ਨੂੰ ਪ੍ਰੈਸ ਸਕੱਤਰ, ਲਵਪ੍ਰੀਤ ਸਿੰਘ ਨੂੰ ਸਕੱਤਰ, ਅੰਮ੍ਰਿਤਪਾਲ ਸਿੰਘ ਨੂੰ ਖਜ਼ਾਨਚੀ ਅਤੇ ਕੀਮਾਂ ਸਿੰਘ ਨੂੰ ਸਹਾਇਕ ਖਜ਼ਾਨਚੀ ਵਜੋਂ ਸਹਿਮਤੀ ਨਾਲ ਚੁਣਿਆ ਗਿਆ। ਚੋਣ ਉਪਰੰਤ ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਜਥੇਬੰਦੀ ਦੀ ਮਜ਼ਬੂਤੀ ਅਤੇ ਚੜ੍ਹਦੀ ਕਲਾ ਲਈ ਨਿਰੰਤਰ ਕੰਮ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਦਰਪੇਸ਼ ਹਰ ਸਮੱਸਿਆ ਦੇ ਹੱਲ ਲਈ ਜਥੇਬੰਦੀ ਹਮੇਸ਼ਾ ਅੱਗੇ ਰਹੇਗੀ ਅਤੇ ਕਿਸੇ ਵੀ ਕਿਸਾਨ ਨੂੰ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਇਸ ਮੌਕੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਤੁਰੰਤ ਮਾਫ ਕੀਤਾ ਜਾਵੇ ਅਤੇ ਖੇਤੀਬਾੜੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣ, ਤਾਂ ਜੋ ਕਿਸਾਨ ਆਪਣਾ ਪਰਿਵਾਰ ਸੁਚੱਜੇ ਢੰਗ ਨਾਲ ਪਾਲ ਸਕਣ।

# ਪਿੰਡ ਕੱਟੂ ਵਿੱਚ ਰੈੱਡ ਕ੍ਰਾਸ ਦਾ ਲੋਕ ਸੇਵਾ ਕੈਂਪ, ਪਿੰਡ ਵਾਸੀਆਂ ਨੇ ਸਿਹਤ ਸੇਵਾਵਾਂ ਦਾ ਲਿਆ ਲਾਭ



ਬਰਨਾਲਾ, 28 ਮਈ (ਚਮਕੌਰ ਸਿੰਘ ਗੱਗੀ) : ਜ਼ਿਲ੍ਹਾ ਰੈੱਡ ਕ੍ਰਾਸ ਸੋਸਾਇਟੀ ਬਰਨਾਲਾ ਵੱਲੋਂ ਡਿਪਟੀ ਕਮਿਸ਼ਨਰ ਸਹਿਤ ਪ੍ਰਧਾਨ ਜ਼ਿਲ੍ਹਾ ਰੈੱਡ ਕ੍ਰਾਸ ਸੋਸਾਇਟੀ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐੱਸ ਦੇ ਨਿਰਦੇਸ਼ਾਂ ਤਹਿਤ ਹਫ਼ਤਾਵਰੀ ਲੋਕ ਸੇਵਾ ਕੈਂਪਾਂ ਦੀ ਲੜੀ ਤਹਿਤ ਅੱਜ ਪਿੰਡ ਕੱਟੂ ਦੇ ਗੁਰਦੁਆਰਾ ਸਾਹਿਬ ਵਿਖੇ ਕੈਂਪ ਲਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਪਿੰਡ ਵਾਸੀਆਂ ਨੇ ਪੁੱਜ ਕੇ ਲਾਭ ਲਿਆ। ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਆਈ ਏ ਐੱਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਰੈੱਡ ਕ੍ਰਾਸ ਸੋਸਾਇਟੀ ਬਰਨਾਲਾ ਵੱਲੋਂ ਸਿਹਤ ਸੇਵਾਵਾਂ ਖਾਸ ਕਰਕੇ ਅੱਖਾਂ ਦੀ ਸਕਰੀਨਿੰਗ, ਜਨਰਲ ਸਿਹਤ ਜਾਂਚ ਅਤੇ ਵੱਖ ਵੱਖ ਵਿਭਾਗਾਂ ਦੀਆਂ ਸੇਵਾਵਾਂ ਘਰਾਂ ਦੇ ਨੇੜੇ ਮੁਹੱਈਆ ਕਰਾਉਣ ਲਈ ਪਿੰਡਾਂ ਵਿਚ ਲੋਕ ਸੇਵਾ ਕੈਂਪਾਂ ਦੀ ਪਹਿਲਕਦਮੀ ਕੀਤੀ ਗਈ ਹੈ। ਅੱਜ ਪਿੰਡ ਕੱਟੂ ਵਿੱਚ ਅੱਖਾਂ ਦੀ ਸਕਰੀਨਿੰਗ, ਜਨਰਲ ਚੈੱਕਅਪ, ਮੁਫ਼ਤ ਐਨਕਾਂ, ਮੁਫ਼ਤ ਦਵਾਈਆਂ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੀਆਂ ਲੋਕ ਭਲਾਈ ਸਕੀਮਾਂ ਲਈ ਅਪਲਾਈ ਕਰਵਾਇਆ ਗਿਆ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਸਰਵਣ ਸਿੰਘ ਨੇ ਦੱਸਿਆ ਕਿ ਅੱਜ ਦੇ ਕੈਂਪ ਵਿਚ ਵੱਡੀ ਗਿਣਤੀ ਪਿੰਡ ਵਾਸੀਆਂ ਨੇ ਸਿਹਤ ਸੇਵਾਵਾਂ ਅਤੇ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਲਈਆਂ। ਪਿੰਡ ਵਾਸੀਆਂ ਨੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦੇ ਉਪਰਾਲੇ ਲਈ ਧੰਨਵਾਦ ਕੀਤਾ।

# ਗਿਆਨ ਕੇਂਦਰ ਸੰਘੇੜਾ ਵੱਲੋਂ ਵਿਦਿਆਰਥੀਆਂ ਲਈ ਧਾਰਮਿਕ ਯਾਤਰਾ ਟੂਰ

ਬਰਨਾਲਾ, 28 ਮਈ (ਹਮੀਰ ਸਿੰਘ) : ਗਿਆਨ ਕੇਂਦਰ (ਫਰੀ ਸਕੂਲ ਸੰਘੇੜਾ) ਵੱਲੋਂ ਪ੍ਰਧਾਨ ਮਾਸਟਰ ਭੁਪਿੰਦਰ ਸਿੰਘ ਢਿੱਲੋਂ ਅਤੇ ਜਰਨਲ ਸਕੱਤਰ ਅਵਤਾਰ ਕੌਰ ਦੇ ਯਤਨਾਂ ਨਾਲ ਇੱਕ ਰੋਜ਼ਾ ਧਾਰਮਿਕ ਯਾਤਰਾ ਟੂਰ ਕਰਵਾਇਆ ਗਿਆ। ਇਹ ਯਾਤਰਾ 24 ਮਈ 2026 ਨੂੰ ਕਰਵਾਈ ਗਈ, ਜਿਸ ਵਿੱਚ ਕੁੱਲ 41 ਮੈਂਬਰਾਂ ਨੇ ਭਾਗ ਲਿਆ। ਯਾਤਰਾ ਦੌਰਾਨ ਸਭ ਤੋਂ ਪਹਿਲਾਂ ਬੱਚਿਆਂ ਨੂੰ ਮਹੇਦੀਆਣਾ ਸਾਹਿਬ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਸਿੱਖ ਧਰਮ ਦੀ ਹੋਂਦ, ਗੁਰੂ ਸਾਹਿਬਾਨਾਂ ਦੇ ਇਤਿਹਾਸ ਅਤੇ ਸਿੱਖ ਕੌਮ ਦੇ ਸੂਰਮਿਆਂ ਬਾਰੇ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਟੂਰ ਦੌਰਾਨ ਬੱਚਿਆਂ ਨੂੰ ਟਾਹਲੀਆਣਾ ਸਾਹਿਬ ਗੁਰਦੁਆਰਾ ਵਿਖੇ ਲਿਜਾਇਆ ਗਿਆ, ਜੋ ਦਸਵੇਂ ਪਾਤਸ਼ਾਹ ਨਾਲ ਸੰਬੰਧਿਤ ਇਤਿਹਾਸਕ ਅਸਥਾਨ ਹੈ। ਇੱਥੇ ਬੱਚਿਆਂ ਨੂੰ ਗੁਰੂ ਘਰ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਮਾਸਟਰ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਅਜਿਹੀਆਂ ਧਾਰਮਿਕ ਯਾਤਰਾਵਾਂ ਬੱਚਿਆਂ ਨੂੰ ਆਪਣੇ ਇਤਿਹਾਸ ਅਤੇ ਸੰਸਕਾਰਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।



# 2 ਜੂਨ ਦੀ ਮੋਹਾਲੀ ਰੈਲੀ ਲਈ ਗੌਰਮਿੰਟ ਟੀਚਰਜ਼ ਯੂਨੀਅਨ ਦੀ ਤਿਆਰੀ ਮੁਕੰਮਲ



ਬਰਨਾਲਾ, 28 ਮਈ ( ਬਘੇਲ ਸਿੰਘ ਧਾਲੀਵਾਲ): ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਬਰਨਾਲਾ ਇਕਾਈ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਿੰਦਰ ਮੱਲ੍ਹੀਆਂ ਅਤੇ ਜ਼ਿਲ੍ਹਾ ਜਨਰਲ ਸਕੱਤਰ ਤੇਜਿੰਦਰ ਸਿੰਘ ਤੇਜੀ ਦੀ ਪ੍ਰਧਾਨਗੀ ਹੇਠ ਡੀ.ਸੀ. ਕੰਪਲੈਕਸ ਬਰਨਾਲਾ ਵਿਖੇ ਹੋਈ। ਮੀਟਿੰਗ ਵਿੱਚ ਜਥੇਬੰਦੀ ਵੱਲੋਂ ਦੋ ਜੂਨ ਦੀ ਵਿੱਦਿਆ ਭਵਨ ਅੱਗੇ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਗਿਆ ਤੇ ਜ਼ਿਲ੍ਹੇ ਤੋਂ ਅਧਿਆਪਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਲਈ ਲਾਮਬੰਦੀ ਕੀਤੀ ਗਈ । ਜਥੇਬੰਦੀ ਦੇ ਆਗੂਆਂ ਅਮਰੀਕ ਸਿੰਘ ਭੱਦਲਵੱਡ, ਕਰਮਜੀਤ ਸਿੰਘ ਭੋਤਨਾ, ਏਕਮਪ੍ਰੀਤ ਸਿੰਘ ਭੋਤਨਾ, ਜਗਤਾਰ ਸਿੰਘ ਪੱਤੀ, ਰਮਨਦੀਪ ਸਿੰਘ ਤੇ ਵਿਕਾਸ ਕੁਮਾਰ ਭੱਦਲਵੱਡ ਨੇ ਕਿਹਾ ਕਿ ਸਿੱਖਿਆ ਵਿਭਾਗ ਅਧਿਆਪਕਾਂ ਦੇ ਕੰਮ ਲਈ ਕੀੜੀ ਦੀ ਰਫ਼ਤਾਰ ਨਾਲ ਚੱਲ ਰਿਹਾ ਹੈ, ਜਿਸ ਕਾਰਣ ਅਧਿਆਪਕਾਂ ਦੇ ਅਨੇਕਾਂ ਕੰਮ ਫਾਈਲਾਂ ਵਿੱਚ ਦਫਤਰਾਂ ਦੀਆਂ ਅਲਮਾਰੀਆਂ ਦੀ ਧੂੜ ਫੱਕ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਭਜੋਤ ਸਿੰਘ ਠੁੱਲੀਵਾਲ, ਭਾਰਤ ਭੂਸਨ, ਜਗਦੀਪ ਸਿੰਘ ਭੱਦਲਵੱਡ, ਪਰਮਿੰਦਰ ਸਿੰਘ ਠੀਕਰੀਵਾਲਾ, ਸੂਰੀਆ ਕੁਮਾਰ ਸਹਿਣਾ, ਹੈੱਡਮਾਸਟਰ ਕੁਲਦੀਪ ਸਿੰਘ, ਅਰਵਿੰਦਰ ਸਿੰਘ, ਗੁਰਗੀਤ ਸਿੰਘ ਠੀਕਰੀਵਾਲ, ਰਾਜ ਕੁਮਾਰ, ਕੁਲਦੀਪ ਸਿੰਘ ਗਹਿਲ, ਹਰਜਿੰਦਰ ਸਿੰਘ ਠੀਕਰੀਵਾਲ, ਜਤਿੰਤਰ ਸਿੰਘ ਜੋਤੀ ,ਸੁਖਪਾਲ ਸਿੰਘ ਸੇਖਾ, ਚਮਕੌਰ ਸਿੰਘ ਭੋਤਨਾ, ਰਾਣਾ ਸਿੰਘ, ਰਘਵੀਰ ਸਿੰਘ, ਬਲਵਿੰਦਰ ਸਿੰਘ ਧਾਲੀਵਾਲ, ਮਲਕੀਤ ਸਿੰਘ ਪੱਤੀ ਆਦਿ ਹਾਜ਼ਰ ਸਨ।

# ਚੋਣ ਮੌਕੇ ਲੱਗੇ ਦੋਸ਼ਾਂ ਦਾ ਧੀਰਜ ਦੱਧਾਹੂਰ ਨੇ ਕੀਤਾ ਖੰਡਨ



ਬਰਨਾਲਾ , 28 ਮਈ (ਸੁਖਵਿੰਦਰ ਸਿੰਘ ਭੰਡਾਰੀ) : ਨਗਰ ਨਿਗਮ ਬਰਨਾਲਾ ਦੇ ਵਾਰਡ ਨੰਬਰ 33 ’ਚ ਹੋਈ ਚੋਣ ਦੌਰਾਨ ਆਪ ਆਗੂ ਧੀਰਜ ਦੱਧਾਹੂਰ ਵੱਲੋਂ ਇੱਕ ਔਰਤ ਦੇ ਥੱਪੜ ਮਾਰਨ ਦਾ ਮੁੱਦਾ ਸੋਸ਼ਲ ਮੀਡੀਆ ’ਤੇ ਜ਼ੋਰਾਂ ’ਤੇ ਵਾਇਰਲ ਹੋ ਰਿਹਾ ਅਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸੰਬੰਧੀ ਧੀਰਜ ਦੱਧਾਹੂਰ ਨੇ ਇੱਕ ਨਿੱਜੀ ਮਿਲਣੀ ਦੌਰਾਨ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਮੈਂ ਕਿਸੇ ਵੀ ਔਰਤ ਦੇ ਥੱਪੜ ਨਹੀਂ ਮਾਰਿਆ। ਉਨ੍ਹਾਂ ਕਿਹਾ ਕਿ ਪੋਲਿੰਗ ਸਮੇਂ ਇੱਕ ਆਜ਼ਾਦ ਉਮੀਦਵਾਰ ਦੇ ਸਮਰਥਕ ਇੱਕ ਪੀਲੀ ਕਮੀਜ਼ ਵਾਲੇ ਨੌਜਵਾਨ (ਜਿਸ ਦਾ ਨਾਂ ਪਤਾ ਨਹੀਂ) ਨੇ ਸਾਡੇ ਬੂਥ ਤੇ ਬੈਠੀਆਂ ਔਰਤਾਂ ਦੀ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਜਦੋਂ ਉਸ ਨੌਜਵਾਨ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਹ ਅਪਸ਼ਬਦ ਬੋਲਣ ਲੱਗਾ ਤਾਂ ਤਕਰਾਰ ਵਧਣ ’ਤੇ ਹੱਥੋ ਪਾਈ ਹੋ ਗਈ। ਜੇਕਰ ਕਿਸੇ ਔਰਤ ਦੇ ਥੱਪੜ ਮਾਰਨ ਦੀ ਵੀਡੀਓ ਜਾਂ ਕੋਈ ਫ਼ੋਟੋ ਕਿਸੇ ਕੋਲ ਹੈ ਤਾਂ ਉਹ ਕਿਉਂ ਨਹੀਂ ਵਾਇਰਲ ਕੀਤੀ ਜਾਂਦੀ। ਮੈਂ ਆਪਣੇ 35 ਸਾਲਾਂ ਦੇ ਸਿਆਸੀ ਜੀਵਨ ’ਚ ਕਦੇ ਵੀ ਕਿਸੇ ਔਰਤ ਦਾ ਅਪਮਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮੇਰੀ ਸ਼ਾਖ ਨੂੰ ਖ਼ਰਾਬ ਕਰਨ ਲਈ ਮੇਰੇ ਨਿੱਜੀ ਵਿਰੋਧੀਆਂ ਵੱਲੋਂ ਕੋਰਾ ਝੂਠ ਬੋਲਿਆ ਜਾ ਰਿਹਾ ਹੈ। ਧੀਰਜ ਦੱਧਾਹੂਰ ਨੇ ਇੱਥੋਂ ਤੱਕ ਵੀ ਕਿਹਾ ਕਿ ਜੇਕਰ ਇਹ ਸਾਬਤ ਹੁੰਦਾ ਹੈ ਕਿ ਮੈਂ ਕਿਸੇ ਔਰਤ ਦੇ ਥੱਪੜ ਮਾਰਿਆ ਹੈ ਤਾਂ ਸਾਬਤ ਕਰੋ। ਜੇਕਰ ਥੱਪੜ ਮਾਰਨ ਵਾਲੀ ਗੱਲ ਸਾਬਤ ਹੁੰਦੀ ਹੈ ਤਾਂ ਮੈਂ ਸਿਆਸਤ ਛੱਡ ਦੇਵਾਂਗਾ। ਉਨ੍ਹਾਂ ਕਿਹਾ ਕਿ ਮੇਰੇ ਨਿੱਜੀ ਵਿਰੋਧੀਆਂ ਵੱਲੋਂ ਮੇਰੇ ’ਤੇ ਝੂਠੇ ਦੋਸ਼ ਲਗਾਏ ਜਾ ਰਹੇ ਹਨ। ਮੈਂ ਸੌੜੀ ਰਾਜਨੀਤੀ ਕਰਨ ਵਾਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਵਿਖੇ ‘ਆਰਟ ਵਿਦ ਹਾਰਟ’ ਪ੍ਰੋਗਰਾਮ ਕਰਵਾਇਆ

ਬਰਨਾਲਾ, 28 ਮਈ (ਹਮੀਰ ਸਿੰਘ) : ਬੀਵੀਐਮ ਇੰਟਰਨੈਸ਼ਨਲ ਸਕੂਲ ਨੇ ਐਲਕੇਜੀ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ‘ਆਰਟ ਵਿਦ ਹਾਰਟ’ ਨਾਮਕ ਇੱਕ ਰਚਨਾਤਮਕ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਵਿਸ਼ੇਸ਼ ਪ੍ਰੋਗਰਾਮ ਨੇ ਬੱਚਿਆਂ ਨੂੰ ਬਿਨਾਂ ਕਿਸੇ ਵਿਸ਼ਾ ਵਸਤੂ ਦੀ ਸੀਮਾ ਦੇ ਕਾਗਜ਼ ’ਤੇ ਆਪਣੀਆਂ ਕਲਪਨਾਵਾਂ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਆਗਿਆ ਦਿੱਤੀ। ਬੱਚਿਆਂ ਨੇ ਮਾਸੂਮ ਵਿਚਾਰਾਂ ਅਤੇ ਕਲਪਨਾ ਨਾਲ ਭਰੀਆਂ ਆਪਣੀਆਂ ਪੇਂਟਿੰਗਾਂ ਰਾਹੀਂ ਰੰਗੀਨ ਅਤੇ ਸੁੰਦਰ ਤਰੀਕਿਆਂ ਨਾਲ ਆਪਣੀ ਅੰਦਰੂਨੀ ਦੁਨੀਆਂ ਨੂੰ ਪ੍ਰਗਟ ਕੀਤਾ। ਇਸ ਮੌਕੇ ’ਤੇ ਸਕੂਲ ਪ੍ਰਬੰਧਨ ਨੇ ਬੱਚਿਆਂ ਦੀ ਕਲਪਨਾ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੇ ਪ੍ਰੋਗਰਾਮ ਨੌਜਵਾਨ ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਰਚਨਾਤਮਕ ਤੌਰ ’ਤੇ ਪ੍ਰਗਟ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਸਕੂਲ ਪ੍ਰਿੰਸੀਪਲ ਨੇ ਬੱਚਿਆਂ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਉਨ੍ਹਾਂ ਦੇ ਮਾਨਸਿਕ, ਭਾਵਨਾਤਮਕ ਅਤੇ ਰਚਨਾਤਮਕ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ। ਇਹ ਸਮਾਗਮ ਬੱਚਿਆਂ ਲਈ ਰੰਗਾਂ, ਕਲਪਨਾ ਅਤੇ ਖੁਸ਼ੀ ਨਾਲ ਭਰਿਆ ਇੱਕ ਸੁੰਦਰ ਅਨੁਭਵ ਬਣ ਗਿਆ, ਜਿੱਥੇ ਹਰੇਕ ਬੱਚੇ ਨੇ ਆਪਣੀ ਕਲਾ ਰਾਹੀਂ ਆਪਣੀਆਂ ਭਾਵਨਾਵਾਂ ਅਤੇ ਸਿਰਜਣਾਤਮਕ ਸੋਚ ਦਾ ਪ੍ਰਗਟਾਵਾ ਕੀਤਾ। ‘ਦਿਲ ਨਾਲ ਕਲਾ’ ਸੱਚਮੁੱਚ ਇੱਕ ਅਜਿਹਾ ਅਨੁਭਵ ਸੀ, ਜਿੱਥੇ ਬੱਚਿਆਂ ਨੇ ਰੰਗਾਂ ਰਾਹੀਂ ਆਪਣੀਆਂ ਦਿਲੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ।




# ਟ੍ਰਾਈਡੈਂਟ ਲਿਮਟਿਡ ਨੂੰ ਗਲੋਬਲ ਐਕਸਪੋਰਟ ਖੇਤਰ ਵਿੱਚ ਵੱਡੀ ਕਾਮਯਾਬੀ, ਟੈਕਸਪ੍ਰੋਸਿਲ ਵੱਲੋਂ ਗੋਲਡ ਟ੍ਰਾਫ਼ੀ ਨਾਲ ਸਨਮਾਨਿਤ



ਬਰਨਾਲਾ, 28 ਮਈ (ਹਮੀਰ ਸਿੰਘ) : ਟੈਕਸਟਾਈਲ ਨਿਰਮਾਣ ਦੇ ਖੇਤਰ ਵਿਚ ਦੇਸ਼ ਦੀ ਵੱਡੀ ਉਦਯੋਗਿਕ ਇਕਾਈ, ਟ੍ਰਾਈਡੈਂਟ ਲਿਮਿਟੇਡ ਨੂੰ ਹਾਲ ਹੀ ਵਿਚ ਮੁੰਬਈ ਵਿੱਚ ਆਯੋਜਿਤ ਟੈਕਸਪ੍ਰੋਸਿਲ ਐਕਸਪੋਰਟ ਅਵਾਰਡਜ਼ 2023-24 ਦੌਰਾਨ ਗਲੋਬਲ ਐਕਸਪੋਰਟ ਸ਼੍ਰੇਣੀ ਵਿੱਚ ਗੋਲਡ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਭਾਰਤ ਦੇ ਟੈਕਸਟਾਈਲ ਐਕਸਪੋਰਟ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਦਿੱਤਾ ਗਿਆ। ਸਮਾਗਮ ਵਿੱਚ ਕੇਂਦਰੀ ਵਿੱਤ ਸ਼੍ਰੀਮਤੀ ਨਿਰਮਲਾ ਸੀਤਾਰਮਣ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਇਸ ਮੌਕੇ ‘ਤੇ ਪਦਮ ਰਾਜਿੰਦਰ ਗੁਪਤਾ, ਚੇਅਰਮੈਨ ਐਮੇਰਿਟਸ, ਟ੍ਰਾਈਡੈਂਟ ਗਰੁੱਪ ਨੇ ਕਿਹਾ ਕਿ ਕੰਪਨੀ ਲਈ ਇਹ ਮਾਣ ਦੀ ਗੱਲ ਹੈ ਕਿ ਉਸ ਨੂੰ ਸਾਲ 2023-24 ਲਈ ਗਲੋਬਲ ਕਾਟਨ ਟੈਕਸਟਾਈਲ ਐਕਸਪੋਰਟਸ ਵਿੱਚ ਗੋਲਡ ਟਰਾਫੀ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ ਗੁਣਵੱਤਾ, ਨਵੀਨਤਾ ਅਤੇ ਸਥਾਈ ਵਿਕਾਸ ਪ੍ਰਤੀ ਕੰਪਨੀ ਦੀ ਵਚਨਬੱਧਤਾ ਹੀ ਇਸ ਸਫਲਤਾ ਦੀ ਅਸਲ ਤਾਕਤ ਹੈ। ਇਸ ਦੇ ਨਾਲ ਹੀ ਭਾਰਤ ਦਾ ਟੈਕਸਟਾਈਲ ਉਦਯੋਗ ਵਿਸ਼ਵ ਪੱਧਰ ‘ਤੇ ਆਪਣੀ ਮਜ਼ਬੂਤ ਪਛਾਣ ਬਣਾਉਂਦਾ ਹੋਇਆ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਯੋਗਦਾਨ ਪਾ ਰਿਹਾ ਹੈ। ਜ਼ਿਕਰਯੋਗ ਹੈ ਕਿ ਟ੍ਰਾਈਡੈਂਟ ਲਿਮਿਟੇਡ ਨੂੰ 2005 ਤੋਂ ਹੁਣ ਤੱਕ ਐਕਸਪੋਰਟ ਪ੍ਰਦਰਸ਼ਨ ਲਈ ਵੱਖ-ਵੱਖ ਸ਼੍ਰੇਣੀਆਂ ਵਿੱਚ 30 ਤੋਂ ਵੱਧ ਐਵਾਰਡ ਮਿਲ ਚੁੱਕੇ ਹਨ। ਕੰਪਨੀ ਨੂੰ ਲਗਾਤਾਰ 19ਵੇਂ ਸਾਲ ਟੈਕਸਪ੍ਰੋਸਿਲ ਵੱਲੋਂ ਸਨਮਾਨਿਤ ਕੀਤਾ ਗਿਆ ਹੈ, ਜੋ ਇਸਦੇ ਮਜ਼ਬੂਤ ਐਕਸਪੋਰਟ ਪ੍ਰਦਰਸ਼ਨ ਦੀ ਪੁਸ਼ਟੀ ਕਰਦਾ ਹੈ। ਭਾਰਤ ਸਰਕਾਰ ਵੱਲੋਂ 1954 ਵਿੱਚ ਸਥਾਪਿਤ ਕਾਟਨ ਟੈਕਸਟਾਈਲ ਐਕਸਪੋਰਟ ਪ੍ਰੋਮੋਸ਼ਨ ਕੌਂਸਲ : ਟੈਕਸਪ੍ਰੋਸਿਲ ਦੇਸ਼ ਦੀਆਂ ਅਗੇਤੀ ਐਕਸਪੋਰਟ ਪ੍ਰੋਮੋਸ਼ਨ ਕੌਂਸਲਾਂ ਵਿੱਚੋਂ ਇੱਕ ਹੈ, ਜੋ ਕਾਟਨ ਟੈਕਸਟਾਈਲ ਐਕਸਪੋਰਟ ਨੂੰ ਉਤਸ਼ਾਹਿਤ ਕਰਨ, ਗਲੋਬਲ ਮਾਰਕੀਟ ਤੱਕ ਪਹੁੰਚ ਅਤੇ ਉਦਯੋਗ ਵਿਕਾਸ ਲਈ ਕੰਮ ਕਰਦੀ ਹੈ। ਟ੍ਰਾਈਡੈਂਟ ਲਿਮਿਟੇਡ ਆਪਣੇ ਲਗਾਤਾਰ ਐਕਸਪੋਰਟ ਪ੍ਰਦਰਸ਼ਨ ਅਤੇ ਇਕਰੂਪ ਉਤਪਾਦਨ ਸਮਰੱਥਾਵਾਂ ਰਾਹੀਂ ਭਾਰਤ ਨੂੰ ਵਿਸ਼ਵ ਟੈਕਸਟਾਈਲ ਖੇਤਰ ਵਿੱਚ ਹੋਰ ਮਜ਼ਬੂਤ ਬਣਾਉਣ ਵੱਲ ਅੱਗੇ ਵੱਧ ਰਹੀ ਹੈ।

# ਵੋਟਾਂ ਦੀ ਗਿਣਤੀ ਤੋਂ ਪਹਿਲਾਂ ਸਖ਼ਤ ਸੁਰੱਖਿਆ ਪ੍ਰਬੰਧ

ਬਰਨਾਲਾ, 28 ਮਈ ( ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿੱਚ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਲਈ ਵੋਟਾਂ ਦੀ ਗਿਣਤੀ ਭਲਕੇ ਹੋਣ ਜਾ ਰਹੀ ਹੈ। ਜਿਸਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਹਰਪ੍ਰੀਤ ਸਿੰਘ ਆਈ.ਏ.ਐਸ.ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ, ਵੋਟਾਂ ਦੀ ਗਿਣਤੀ ਵਾਲੇ ਕੇਂਦਰਾਂ ਦੇ 500 ਮੀਟਰ ਦੇ ਘੇਰੇ ਅੰਦਰ ਡਰੋਨ ਉਡਾਉਣ ਜਾਂ ਚਲਾਉਣ ’ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਨਗਰ ਨਿਗਮ ਬਰਨਾਲਾ ਲਈ ਐਸ.ਡੀ. ਕਾਲਜ ਬਰਨਾਲਾ, ਨਗਰ ਕੌਂਸਲ ਤਪਾ ਲਈ ਤਹਿਸੀਲ ਕੰਪਲੈਕਸ ਤਪਾ, ਨਗਰ ਕੌਂਸਲ ਭਦੌੜ ਲਈ ਪੀ.ਐਮ.ਸ੍ਰੀ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਭਦੌੜ ਅਤੇ ਨਗਰ ਕੌਂਸਲ ਧਨੌਲਾ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਧਨੌਲਾ ਨੂੰ ਗਿਣਤੀ ਕੇਂਦਰ ਬਣਾਇਆ ਗਿਆ ਹੈ। ਵੋਟਾਂ ਦੀ ਗਿਣਤੀ ਦੇ ਕੰਮ ਨੂੰ ਸੁਚੱਜੇ, ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਇਹ ਸੁਰੱਖਿਆ ਕਦਮ ਬੇਹੱਦ ਜ਼ਰੂਰੀ ਹੈ।

# ਥਾਣਾ ਸਿਟੀ-2 ਵੱਲੋਂ 7 ਕੁਇੰਟਲ ਭੁੱਕੀ ਚੂਰਾ ਪੋਸਤ ਲਿਆ ਰਹੇ ਟਰੱਕ ਸਮੇਤ ਇੱਕ ਕਾਬੂ

ਬਰਨਾਲਾ, 28 ਮਈ (ਬਘੇਲ ਸਿੰਘ ਧਾਲੀਵਾਲ /ਚਮਕੌਰ ਸਿੰਘ ਗੱਗੀ) : ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਬਰਨਾਲਾ ਦੇ ਥਾਣਾ ਸਿਟੀ ਦੋ ਦੇ ਮੁੱਖ ਅਫਸਰ ਸਬ ਇੰਸਪੈਕਟਰ ਸ਼ਰੀਫ਼ ਖਾਂ ਨੇ ਟਰੱਕ ਵਿੱਚ ਲਿਆ ਰਹੇ ਸੱਤ ਕੁਇੰਟਲ ਭੁੱਕੀ ਚੂਰਾ ਪੋਸਤ ਸਮੇਤ ਇੱਕ ਨੂੰ ਗਿਰਫਤਾਰ ਕੀਤਾ, ਜਾਣਕਾਰੀ ਦਿੰਦੇ ਹੋਏ ਡੀ ਐੱਸ ਪੀ ਬਰਨਾਲਾ ਸਤਬੀਰ ਸਿੰਘ ਬੈਂਸ ਨੇ ਕਿਹਾ ਕਿ ਐੱਸ ਐੱਸ ਪੀ ਸ਼੍ਰੀ ਮੁੰਹਮਦ ਸਰਫਰਾਜ ਆਲਮ ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਸਮਾਜ ਵਿਰੋਧੀ ਮਾੜੇ ਅਨਸਰਾਂ ਅਤੇ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਸਮੈ ਸਫਲਤਾ ਮਿਲੀ ਜਦੋਂ ਥਾਣਾ ਸਿਟੀ ਦੋ ਦੀ ਪੁਲਿਸ ਨੂੰ ਇੱਕ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਤਾਜ ਮੁਹੰਮਦ ਪੁੱਤਰ ਅਲੀ ਸੇਰ ਵਾਸੀ ਈਦਗਾਹ ਰੋਡ ਮਲੇਰਕੋਟਲਾ ਨੇ ਗੈਂਗ ਬਣਾਇਆ ਹੋਇਆ ਹੈ।ਜੋ ਆਪਣੇ ਟਰੱਕ/ਕੰਟੇਨਰ ਨੰਬਰੀ PB 13 BT 9595 ਮਾਰਕਾ ਟਾਟਾ 1618 ਜੋ ਭਾਰੀ ਮਾਤਰਾ ਵਿੱਚ ਭੁੱਕੀ ਚੂਰਾ ਪੋਸਤ ਲਿਆ ਕੇ ਅੱਗੇ ਸ਼ਹਿਰ ਬਰਨਾਲਾ ਵਿੱਚ ਲਾਲਾ ਸਿੰਘ ਪੁੱਤਰ ਨਾਮਲੂਮ ਵਾਸੀ ਨੇੜੇ ਛੱਜੂ ਰੋਸਨ ਦਾ ਕਾਰਖਾਨਾ ਬਰਨਾਲਾ ਨੂੰ ਸਪਲਾਈ ਕਰਦੇ ਹਨ। ਇਤਲਾਹ ਪੱਕੀ ਤੇ ਭਰੋਸੇਯੋਗ ਤੇ ਮਨ SI/SHO ਵੱਲੋਂ ਬਰਖਿਲਾਫ 1) ਤਾਜ ਮੁਹੰਮਦ ਪੁੱਤਰ ਅਲੀ ਸੇਰ ਵਾਸੀ ਈਦਗਾਹ ਰੋਡ ਮਲੇਰਕੋਟਲਾ, ਭਵਨ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਚੀਮਾ ਸੇਰਗੜ੍ਹ ਜ਼ਿਲ੍ਹਾ ਮਲੇਰਕੋਟਲਾ, ਲਾਲਾ ਸਿੰਘ ਪੁੱਤਰ ਨਾਮਲੂਮ ਵਾਸੀ ਨੇੜੇ ਛੱਜੂ ਰੋਸਨ ਦਾ ਕਾਰਖਾਨਾ ਬਰਨਾਲਾ ਦੇ ਮੁਕੱਦਮਾ ਨੰਬਰ 249 ਮਿਤੀ 27-05-2026 ਅ/ਧ 15,25,29/61/85 ND&PS Act ਤਹਿਤ ਥਾਣਾ ਸਿਟੀ ਬਰਨਾਲਾ ਵਿੱਚ ਦਰਜ ਕੀਤਾ ਗਿਆ, ਦੌਰਾਨ ਤਫਤੀਸ ਮੁੱਕਦਮਾ/ਕੰਟੇਨਰ ਨੰਬਰੀ PB 13 BT 9595 ਮਾਰਕਾ ਟਾਟਾ 1618 ਵਿੱਚ ਸਵਾਰ ਦੋਸ਼ੀ ਤਾਜ ਮੁਹੰਮਦ ਪੁੱਤਰ ਅਲੀ ਸੇਰ ਵਾਸੀ ਸਾਹਪੁਰ ਥਾਣਾ ਪਾਇਲ ਹਾਲ ਈਦਗਾਹ ਰੋਡ ਮਲੇਰਕੋਟਲਾ ਨੂੰ 700 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਗ੍ਰਿਫਤਾਰ ਕੀਤਾ ਗਿਆ। ਉਹਨਾਂ ਕਿਹਾ ਕਿ ਭੁੱਕੀ ਲਿਆਉਣ ਲਈ ਉਕਤਾਨ ਦੋਸ਼ੀਆਂ ਵੱਲੋਂ ਟਰੱਕ ਵਿੱਚ ਡਬਲ ਕੈਬਿਨ ਬਣਾਇਆ ਹੋਇਆ ਸੀ, ਇਹਨਾਂ ਵਿਅਕਤੀ ਖਿਲਾਫ ਪਹਿਲਾ ਵੀ ਵੱਖ ਵੱਖ ਰਾਜਾਂ ਵਿੱਚ ਮੁੱਕਦਮਾ ਦਰਜ ਹਨ ਅਤੇ ਇਕ ਮੁਕੱਦਮੇ ਵਿੱਚ 10 ਸਾਲ ਦੀ ਸਜਾ ਜਫਤਾ ਹੈ, ਉਹਨਾਂ ਕਿਹਾ ਕਿ ਇਸ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ, ਇਸ ਦੇ ਬੇਕਵਰਡ ਅਤੇ ਫਾਰਵਰਡ ਲਿੰਕ ਚੈੱਕ ਕੀਤੇ ਜਾ ਰਹੇ ਹਨ।



ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਹਰਪ੍ਰੀਤ ਸਿੰਘ ਆਈ ਏ ਐੱਸ ਦੀ ਅਗਵਾਈ ਹੇਠ ਅੱਜ ਨਗਰ ਨਿਗਮ ਬਰਨਾਲਾ ਅਤੇ ਨਗਰ ਕੌਂਸਲ ਭਦੌੜ, ਤਪਾ ਤੇ ਧਨੌਲਾ ਲਈ ਵੋਟਾਂ ਦੀ ਗਿਣਤੀ ਵੱਖ-ਵੱਖ ਗਿਣਤੀ ਕੇਂਦਰਾਂ ’ਤੇ ਹੋਵੇਗੀ। (ਫੋਟੋ ਤੇ ਵੇਰਵਾ ਬਘੇਲ ਸਿੰਘ ਧਾਲੀਵਾਲ)



# ਪਟਿਆਲਾ-ਆਸ/ਪਾਸ



## ਪੀਣ ਵਾਲੇ ਪਾਣੀ ਦੀ ਬਰਬਾਦੀ ਕਰਨ ਵਾਲਿਆਂ ਦੀ ਹੁਣ ਖ਼ੈਰ ਨਹੀਂ, ਨਗਰ ਨਿਗਮ ਨੇ ਕੱਸਿਆ ਸ਼ਿਕੰਜਾ

### ➢ਪਹਿਲੇ ਚਲਾਨ 'ਤੇ 2000, ਦੂਜੇ 'ਤੇ 5000 ਅਤੇ ਤੀਜੀ ਵਾਰ ਸਿੱਧਾ ਕੁਨੈਕਸ਼ਨ ਕੱਟਣ ਦੀ ਤਿਆਰੀ : ਪਰਮਜੀਤ ਸਿੰਘ

ਪਟਿਆਲਾ, 28 ਮਈ (ਰੁਪਾਣਾ) ਸ਼ਹਿਰ ਵਿੱਚ ਵੱਧ ਰਹੀ ਗਰਮੀ ਅਤੇ ਪੀਣ ਵਾਲੇ ਪਾਣੀ ਦੀ ਲਗਾਤਾਰ ਵਧ ਰਹੀ ਖਪਤ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਨਿਗਮ ਵੱਲੋਂ ਪਾਣੀ ਦੀ ਫ਼ਜ਼ੂਲਖਰਚੀ ਰੋਕਣ ਲਈ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਗਿਆ ਹੈ। ਨਗਰ ਨਿਗਮ ਕਮਿਸ਼ਨਰ ਸ੍ਰ.ਪਰਮਜੀਤ ਸਿੰਘ (ਆਈ ਏ ਐਸ) ਨੇ ਪੀਣ ਵਾਲੇ ਪਾਣੀ ਦੀ ਗਲਤ ਅਤੇ ਬੇਲੋੜੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਕਮਿਸ਼ਨਰ ਸ੍ਰ ਪਰਮਜੀਤ ਸਿੰਘ (ਆਈ ਏ ਐਸ) ਨੇ ਕਿਹਾ ਕਿ ਪੀਣ ਵਾਲਾ ਪਾਣੀ ਇੱਕ ਅਨਮੋਲ ਕੁਦਰਤੀ ਸਰੋਤ ਹੈ ਅਤੇ ਇਸ ਦੀ ਬੇਲੋੜੀ ਵਰਤੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਈ ਥਾਵਾਂ 'ਤੇ ਲੋਕ ਪੀਣ ਵਾਲੇ ਪਾਣੀ ਦੀ ਵਰਤੋਂ ਗੱਡੀਆਂ ਧੋਣ, ਘਰਾਂ ਦੇ ਬਾਗ , ਬਗੀਚੇ ਅਤੇ ਪਾਰਕਾਂ ਨੂੰ ਪਾਣੀ ਦੇਣ, ਘਰਾਂ ਅਤੇ ਦੁਕਾਨਾਂ ਦੇ ਬਾਹਰ ਸੜਕਾਂ 'ਤੇ ਛਿੜਕਾਅ ਕਰਨ ਅਤੇ ਕਈ ਥਾਵਾਂ 'ਤੇ ਬਿਨਾਂ ਵਰਤੋਂ ਟੂਟੀਆਂ ਖੁੱਲ੍ਹੀਆਂ ਛੱਡਣ ਵਰਗੀਆਂ



ਗਤੀਵਿਧੀਆਂ ਲਈ ਕਰ ਰਹੇ ਹਨ, ਜਿਸ ਕਾਰਨ ਵੱਡੀ ਮਾਤਰਾ ਵਿੱਚ ਪਾਣੀ ਬਰਬਾਦ ਹੋ ਰਿਹਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਨਗਰ ਨਿਗਮ ਵੱਲੋਂ ਜੇਈ (ਜੂਨੀਅਰ ਇੰਜੀਨੀਅਰ) ਅਤੇ ਸੈਨੇਟਰੀ ਇੰਸਪੈਕਟਰਾਂ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ। ਇਹ ਟੀਮਾਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਿਗਰਾਨੀ ਕਰਨਗੀਆਂ ਅਤੇ ਪਾਣੀ ਦੀ ਦੁਰਵਰਤੋਂ ਕਰਨ ਵਾਲਿਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨਗੀਆਂ। ਨਗਰ ਨਿਗਮ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ਅਨੁਸਾਰ ਜੇਕਰ ਕੋਈ ਵਿਅਕਤੀ ਪੀਣ ਵਾਲੇ ਪਾਣੀ ਦੀ ਗਲਤ ਵਰਤੋਂ ਕਰਦਾ ਪਾਇਆ ਗਿਆ ਤਾਂ ਪਹਿਲੀ ਵਾਰ ਉਸ ਦਾ 2000 ਦਾ ਚਲਾਨ ਕੱਟਿਆ ਜਾਵੇਗਾ। ਦੂਜੀ ਵਾਰ ਉਲੰਘਣਾ ਕਰਨ 'ਤੇ 5000 ਦਾ ਜੁਰਮਾਨਾ ਲਗਾਇਆ ਜਾਵੇਗਾ, ਜਦਕਿ ਤੀਜੀ ਵਾਰ ਦੋਸ਼ੀ ਪਾਏ ਜਾਣ 'ਤੇ ਉਸ ਦਾ ਪਾਣੀ ਕਨੈਕਸ਼ਨ ਹੀ ਕੱਟ ਦਿੱਤਾ ਜਾਵੇਗਾ। ਕਮਿਸ਼ਨਰ ਸ੍ .ਪਰਮਜੀਤ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੀਣ ਵਾਲੇ ਪਾਣੀ ਦੀ ਸੰਭਾਲ ਯਕੀਨੀ ਬਣਾਉਣ ਅਤੇ ਇਸ ਦੀ ਬੇਲੋੜੀ ਵਰਤੋਂ ਤੋਂ ਗੁਰੇਜ਼ ਕਰਨ।

## ਅਨੰਦ ਨਗਰ-ਬੀ 'ਚ ਸੁੰਦਰ ਪਾਰਕ, ਓਪਨ ਜਿੰਮ ਤੇ ਯੋਗਾ ਸ਼ੈਡ ਦਾ ਹੋਵੇਗਾ ਨਿਰਮਾਣ: ਡਾ . ਬਲਬੀਰ ਸਿੰਘ

### ➢ਸਿਹਤ ਮੰਤਰੀ ਵੱਲੋਂ ਵਾਰਡ ਨੰਬਰ 5 ਦੇ ਆਮ ਆਦਮੀ ਕਲੀਨਿਕ ਕੋਲ ਥਾਂ ਦਾ ਜਾਇਜ਼ਾ

ਪਟਿਆਲਾ, 28 ਮਈ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪਟਿਆਲਾ ਦਿਹਾਤੀ ਵਿਚ ਪੈਂਦੇ ਅਨੰਦ ਨਗਰ ਬੀ ਦੀ 32 ਨੰਬਰ ਗਲੀ ਕੋਲ ਪਈ ਸਰਕਾਰੀ ਥਾਂ 'ਤੇ 75 ਲੱਖ ਰੁਪਏ ਦੀ ਲਾਗਤ ਨਾਲ ਸੁੰਦਰ ਪਾਰਕ, ਓਪਨ ਜਿੰਮ ਤੇ ਯੋਗਾ ਸ਼ੈਡ ਦਾ ਨਿਰਮਾਣ ਕੀਤਾ ਜਾਵੇਗਾ। ਅੱਜ ਇਥੇ ਵਾਰਡ ਨੰਬਰ 5 ਦੇ ਵਾਸੀਆਂ ਨਾਲ ਮਿਲ ਕੇ ਪਾਰਕ ਵਾਲੀ ਥਾਂ ਦਾ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਬੇਹਤਰੀ ਲਈ ਕੰਮ ਕਰ ਰਹੀ ਆਮ ਆਦਮੀ ਪਾਰਟੀ (ਆਪ)



ਸਰਕਾਰ ਵੱਲੋਂ ਇਸ ਥਾਂ 'ਤੇ ਆਪ ਕਲੀਨਿਕ ਸਫਲਤਾ ਪੂਰਵਕ ਚਲਾਇਆ ਜਾ ਰਿਹਾ ਹੈ, ਜਿਸ ਵਿਚ ਰੋਜ਼ਾਨਾ ਸੈਂਕੜੇ ਦੀ ਗਿਣਤੀ ਵਿਚ ਮਰੀਜ਼ ਲਾਹਾ ਲੈਂਦੇ ਹਨ। ਉਹਨਾਂ ਕਿਹਾ ਕਿ ਇਸ ਕਲੀਨਿਕ ਦੇ ਨਾਲ ਹੀ ਸਰਕਾਰੀ ਪਾਣੀ ਵਾਲੀ ਟੈਂਕੀ ਦੇ ਨਾਲ ਹੀ ਤਕਰੀਬਨ 700 ਗਜ਼ ਥਾਂ ਖਾਲੀ ਪਈ ਹੈ, ਜਿਸ ਥਾਂ 'ਤੇ ਅਸੀਂ ਓਪਨ ਜਿੰਮ, ਸੁੰਦਰ ਪਾਰਕ ਤੇ ਸਿਹਤਮੰਦ ਪੰਜਾਬ ਯੋਜਨਾ ਤਹਿਤ ਚਲਾਈਆਂ ਜਾ ਰਹੀਆਂ ਯੋਗਸ਼ਾਲਾਵਾਂ ਦੇ ਤਹਿਤ ਯੋਗਾ ਕਲਾਸਾਂ ਵਾਸਤੇ ਸ਼ੈਡ ਦਾ ਨਿਰਮਾਣ ਕਰਾਂਗੇ। ਸਿਹਤ ਮੰਤਰੀ ਨੇ ਕਿਹਾ ਕਿ ਨਰੋਈ ਸਿਹਤ ਹੀ ਨਰੋਏ ਪੰਜਾਬ ਦੀ ਬੇਹਤਰੀ ਦਾ ਆਧਾਰ ਹੈ। ਉਹਨਾਂ ਕਿਹਾ ਕਿ ਸੀ ਐਮ ਦੀ ਯੋਗਸ਼ਾਲਾ ਪ੍ਰੋਗਰਾਮ ਨੂੰ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਖਾਸ ਤੌਰ 'ਤੇ ਔਰਤਾਂ ਵਿਚ ਯੋਗਾ ਕਲਾਸਾਂ ਲਈ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਇੱਥੇ ਥਾਂ ਦੇ ਨਿਰਮਾਣ ਨਾਲ ਇਹ ਕਲਾਸਾਂ ਹੋਰ ਵੀ ਵੱਡੇ ਪੱਧਰ 'ਤੇ ਚਲਾਈਆਂ ਜਾ ਸਕਣਗੀਆਂ। ਉਹਨਾਂ ਕਿਹਾ ਕਿ ਇਸੇ ਤਰੀਕੇ ਲੋਕਾਂ ਦੇ ਮੁਫਤ ਇਲਾਜ ਲਈ 10 ਲੱਖ ਰੁਪਏ ਦੀ ਬੀਮਾ ਸਕੀਮ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਲਾਭ ਲੈਣ ਲਈ ਲੋਕਾਂ ਨੂੰ ਇਸ ਦੀ ਰਜਿਸਟਰੇਸ਼ਨ ਜਲਦੀ ਤੋਂ ਜਲਦੀ ਕਰਵਾਉਣੀ ਚਾਹੀਦੀ ਹੈ। ਉਹਨਾਂ ਇਹ ਵੀ ਅਪੀਲ ਕੀਤੀ ਕਿ ਜਿਹੜੀਆਂ ਔਰਤਾਂ ਨੇ ਹੁਣ ਤੱਕ ਇਕ-ਇਕ ਹਜ਼ਾਰ ਰੁਪਏ ਵਾਲੀ ਸਕੀਮ ਦੀ ਰਜਿਸਟਰੇਸ਼ਨ ਨਹੀਂ ਕਰਵਾਈ, ਉਹ ਵੀ ਤੁਰੰਤ ਆਪਣੀ ਰਜਿਸਟਰੇਸ਼ਨ ਕਰਵਾਉਣ। ਇਸ ਮੌਕੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਵਾਰਡ ਦੇ ਕੌਂਸਲਰ ਦਵਿੰਦਰ ਕੌਰ, ਚਰਨਜੀਤ ਸਿੰਘ ਐਸ ਕੇ, ਜਸਬੀਰ ਸਿੰਘ ਗਾਂਧੀ, ਐਸ ਡੀ ਐਮ ਗੁਰਦੇਵ ਸਿੰਘ ਧੰਮ, ਇੰਸਪੈਕਟਰ ਸੁਖਵਿੰਦਰ ਸਿੰਘ ਗਿੱਲ ਐਸ ਐਚ ਓ ਥਾਣਾ ਤ੍ਰਿਪੜੀ ਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਓਪਨ ਯੂਨੀਵਰਸਿਟੀ ਵਿਖੇ ਡਾ. ਮਨਮੋਹਨ ਦੇ ਨਾਵਲ 'ਮਨ ਪੰਖੀ ਭਇਓ' 'ਤੇ ਗੋਸ਼ਟੀ



ਪਟਿਆਲਾ, 28 ਮਈ (ਚ.ਨ.ਸ) : ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ , ਪਟਿਆਲਾ ਵਿਖੇ ਵਾਈਸ- ਚਾਂਸਲਰ ਪ੍ਰੋ. (ਡਾ.) ਰਤਨ ਸਿੰਘ ਦੀ ਯੋਗ ਅਗਵਾਈ ਹੇਠ ਪ੍ਰਸਿੱਧ ਚਿੰਤਕ ਅਤੇ ਲੇਖਕ ਡਾ. ਮਨਮੋਹਨ ਦੇ ਪੰਜਾਬੀ ਨਾਵਲ 'ਮਨ ਪੰਖੀ ਭਇਓ' ਉੱਤੇ ਇੱਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਸਾਹਿਤਕ ਆਲੋਚਨਾਤਮਕ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨਾ ਅਤੇ ਪਾਠਕਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਰਾਹੀਂ ਜ਼ਿੰਦਗੀ ਨਾਲ ਜੋੜਨਾ ਸੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. (ਡਾ.) ਰਤਨ ਸਿੰਘ ਨੇ ਕਿਹਾ ਕਿ ਸਾਹਿਤ ਸਮਾਜਿਕ ਪਰਿਵਰਤਨ ਦਾ ਦਰਪਣ ਹੁੰਦਾ ਹੈ। ਸਮਾਗਮ ਦੌਰਾਨ ਸਵਾਗਤੀ ਭਾਸ਼ਣ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, ਰਜਿਸਟਰਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਦਿੱਤਾ ਗਿਆ। ਮੁੱਖ ਮਹਿਮਾਨ ਅਤੇ ਲੇਖਕ ਡਾ. ਮਨਮੋਹਨ ਨੇ ਨਾਵਲ ਦੀ ਸਿਰਜਣ ਪ੍ਰਕਿਰਿਆ ਅਤੇ ਇਸ ਦੇ ਕੇਂਦਰੀ ਸੂਤਰਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਮਨਜਿੰਦਰ ਸਿੰਘ, ਮੁਖੀ, ਸਕੂਲ ਆਫ ਪੰਜਾਬੀ ਸਟਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਮੁੱਖ ਭਾਸ਼ਣ ਦਿੰਦਿਆਂ ਪੁਸਤਕ ਦੀ ਕਥਾ ਨੂੰ ਇਤਿਹਾਸਕ ਹਵਾਲਿਆਂ ਰਾਹੀਂ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ। ਇਸ ਤੋਂ ਬਾਅਦ ਡਾ. ਕੁਲਦੀਪ ਸਿੰਘ, ਚੇਅਰਪਰਸਨ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਨੇ ਇਸ ਨਾਵਲ ਨੂੰ ਦਾਰਸ਼ਨਿਕ ਪਰੰਪਰਾ ਦਾ ਨਾਵਲ ਦੱਸਿਆ, ਡਾ. ਮੋਹਨ ਤਿਆਗੀ, ਮੁਖੀ, ਪੰਜਾਬੀ ਸਾਹਿਤ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਡਾ. ਪ੍ਰਵੀਨ ਕੁਮਾਰ, ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਨਾਵਲ ਦੇ ਮੁੱਖ ਵਿਸ਼ਿਆਂ ਅਤੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਇਸ ਦੀ ਪ੍ਰਸੰਗਿਕਤਾ ਉੱਤੇ ਆਲੋਚਨਾਤਮਕ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਯੂਨੀਵਰਸਿਟੀ ਵੱਲੋਂ ਨਵੀਂ ਪੁਸਤਕ 'ਕਥਾ-ਕਣੀਆਂ' ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਜਰਨਲ ਦਾ ਵੀ ਵਿਸ਼ੇਸ਼ ਰੂਪ ਵਿੱਚ ਲੋਕ ਅਰਪਣ ਕੀਤਾ ਗਿਆ। ਸਮਾਗਮ ਦਾ ਮੰਚ ਸੰਚਾਲਨ ਡਾ. ਧਰਮਿੰਦਰ ਸਿੰਘ ਵੱਲੋਂ ਕੀਤਾ ਗਿਆ।

## ਨੌਜਵਾਨ ਲੜਕੀ ਦਾ ਕਤਲ ਕਰਨ 'ਤੇ ਅਣਪਛਾਤਿਆਂ ਵਿਰੁੱਧ ਮਾਮਲਾ ਦਰਜ

ਪਟਿਆਲਾ, 28 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਬਬਲੂ ਸ਼ੇਖਰ ਪੁੱਤਰ ਚੰਦਰ ਸੇਖਰ ਵਾਸੀ ਪਿੰਡ ਤੇ ਥਾਣਾ ਖੇਤਰ ਸਰੈਣ ਜ਼ਿਲ੍ਹਾ ਜੌਨਪੁਰ ਨੇੜੇ ਬਨਾਰਸ ਯੂ.ਪੀ ਹਾਲ ਵਾਸੀ ਕਿਰਾਏਦਾਰ ਨੇੜੇ ਹਨੂੰਮਾਨ ਮੰਦਰ ਬੈਕ ਸਾਇਡ ਸਨੌਰ ਰੋਡ ਵਾਲੀ ਸਬਜੀ ਮੰਡੀ ਗੋਪਾਲ ਕਲੋਨੀ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਭੈਣ ਨੇਹਾ ਉਮਰ ਕਰੀਬ 25 ਸਾਲ, ਜਿਸਦਾ ਵਿਆਹ ਕਰੀਬ 5 ਸਾਲ ਪਹਿਲਾ ਅਰੁਨ ਸ਼ਾਸ਼ਤਰੀ ਵਾਸੀ ਧੂਰੀ ਨਾਲ ਹੋਇਆ ਸੀ, ਜੋ ਕਰੀਬ ਇੱਕ ਸਾਲ ਤੱਕ ਉਸ ਦੀ ਭੈਣ ਆਪਣੇ ਪਤੀ ਕੋਲ ਰਹੀ ਅਤੇ ਫਿਰ ਉੱਥੋ ਆ ਕੇ ਉਸ ਕੋਲ ਰਹਿਣ ਲੱਗ ਪਈ ਸੀ, ਜੋ ਅਕਸਰ ਹੀ ਘਰੋਂ ਚਲੀ ਜਾਂਦੀ ਸੀ ਅਤੇ ਵਾਪਿਸ ਆ ਜਾਂਦੀ ਸੀ। ਉਹ ਅਤੇ ਉਸਦੇ ਮਾਤਾ-ਪਿਤਾ ਆਪਣੇ ਕੰਮ ਚਲੇ ਗਏ, ਜਦੋਂ ਉਹ ਘਰ ਆਇਆ ਤਾਂ ਦੇਖਿਆ ਕਿ ਉਸ ਦੀ ਭੈਣ ਘਰ ਨਹੀਂ ਸੀ। ਉਸ ਵੱਲੋ ਪੁਲਿਸ ਕੰਪਲੇਂਟ ਨਹੀ ਕੀਤੀ ਗਈ ਕਿਉਂਕਿ ਉਸਦੀ ਭੈਣ ਅਕਸਰ ਹੀ ਘਰੋਂ ਚਲੀ ਜਾਂਦੀ ਸੀ।ਉਸ ਨੇ ਫੇਸਬੁੱਕ ਪਰ ਆਪਣੀ ਭੈਣ ਦੀ ਲਾਸ਼ ਮਿਲਣੇ ਦੀ ਖਬਰ ਦੇਖੀ, ਜਿਸਦੀ ਡੈਡਬਾਡੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਪਈ ਸੀ। ਉਸ ਨੇ ਰਜਿੰਦਰਾ ਹਸਪਤਾਲ ਪਟਿਆਲਾ ਜਾ ਕੇ ਆਪਣੀ ਭੈਣ ਦੀ ਲਾਸ਼ ਦੀ ਪੁਸ਼ਟੀ ਕੀਤੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਦੀ ਭੈਣ ਦਾ ਕਤਲ ਕਰਕੇ ਉਸਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਲਈ ਇੱਕ ਨੀਲੇ ਡਰੰਮ ਵਿੱਚ ਪਾ ਕੇ ਸੁੱਟ ਦਿੱਤਾ। ਪੁਲਿਸ ਨੇ ਧਾਰਾ 103, 238 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਸਰਬਜੀਤ ਸਿੰਘ ਝਿੰਜਰ ਭਲਕੇ ਤੋਂ ਸ਼ੁਰੂ ਕਰਨਗੇ 10 ਦਿਨਾਂ ਦਾ ਪੈਦਲ ਮਾਰਚ 'ਬੋਲੇਗਾ ਘਨੌਰ, ਬਦਲੇਗਾ ਦੌਰ'

ਘਨੌਰ, 28 ਮਈ (ਮਦਨ ਲਾਲ) : ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਘਨੌਰ ਹਲਕਾ ਇੰਚਾਰਜ ਸਰਬਜੀਤ ਸਿੰਘ ਝਿੰਜਰ ਨੇ ਪ੍ਰੈਸ ਕਾਨਫਰੰਸ ਕਰਦਿਆਂ ਆਪਣੇ ਆਉਣ ਵਾਲੇ ਪੈਦਲ ਮਾਰਚ 'ਬੋਲੇਗਾ ਘਨੌਰ, ਬਦਲੇਗਾ ਦੌਰ' ਦਾ ਐਲਾਨ ਕੀਤਾ। ਮੀਡੀਆ ਨੂੰ ਸੰਬੋਧਨ ਕਰਦਿਆਂ ਝਿੰਜਰ ਨੇ ਕਿਹਾ, ਪਿਛਲੇ ਨੌਂ ਸਾਲਾਂ ਦੌਰਾਨ ਆਈਆਂ ਸਰਕਾਰਾਂ ਨੇ ਘਨੌਰ ਦੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਸਿਰਫ਼ ਉਹਨਾਂ ਦਾ ਫਾਇਦਾ ਚੁੱਕਿਆ ਹੈ। ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਿੱਧੇ ਤੌਰ 'ਤੇ ਸੁਣਨ, ਪਿੰਡਾਂ ਦੀਆਂ ਅਸਲ ਸਮੱਸਿਆਵਾਂ ਨੂੰ ਸਮਝਣ ਅਤੇ ਉਹਨਾਂ ਦੀ ਆਵਾਜ਼ ਨੂੰ ਉਚਿਤ ਮੰਚ ਤੱਕ ਪਹੁੰਚਾਉਣ ਲਈ ਮੈਂ ਸ਼੍ਰੋਮਣੀ ਅਕਾਲੀ



ਦਲ ਦੇ ਵਰਕਰਾਂ ਨਾਲ ਮਿਲ ਕੇ ਪੂਰੇ ਹਲਕੇ ਵਿੱਚ ਪੈਦਲ ਮਾਰਚ ਕਰਾਂਗਾ। ਝਿੰਜਰ ਨੇ ਦੱਸਿਆ ਕਿ ਇਹ ਪੈਦਲ ਮਾਰਚ 30 ਮਈ ਨੂੰ ਸਵੇਰੇ 7 ਵਜੇ ਗੁਰਦੁਆਰਾ ਸ੍ਰੀ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ, ਪਿੰਡ ਆਕੜ, ਘਨੌਰ ਤੋਂ ਸ਼ੁਰੂ ਕੀਤਾ ਜਾਵੇਗਾ। ਇਹ ਯਾਤਰਾ 8 ਜੂਨ ਨੂੰ ਸਮਾਪਤ ਹੋਵੇਗੀ ਅਤੇ 10 ਦਿਨਾਂ ਦੌਰਾਨ ਘਨੌਰ ਹਲਕੇ ਦੇ 100 ਤੋਂ ਵੱਧ ਪਿੰਡਾਂ ਨੂੰ ਕਵਰ ਕੀਤਾ ਜਾਵੇਗਾ। ਅੰਤ ਵਿੱਚ ਝਿੰਜਰ ਨੇ ਘਨੌਰ ਦੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਇਸ ਪੈਦਲ ਮਾਰਚ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਐਸਜੀਪੀਸੀ ਮੈਂਬਰ ਜਸਮੇਰ ਸਿੰਘ ਲਾਛੜੂ, ਗੁਰਜਿੰਦਰ ਸਿੰਘ ਕਬੂਲਪੁਰ, ਕੁਲਵਿੰਦਰ ਸਿੰਘ ਕਾਲਾ ਅਤੇ ਪਰਮਿੰਦਰ ਸਿੰਘ ਸਰਵਾਰਾ ਵੀ ਹਾਜ਼ਰ ਸਨ।

## ਜਨਗਣਨਾ 2027 ਦੇ ਪਹਿਲੇ ਫੇਜ਼ ਦਾ ਕੰਮ 13 ਜੂਨ ਤੱਕ ਚੱਲੇਗਾ : ਮਨਰੀਤ ਰਾਣਾ

ਪਟਿਆਲਾ, 28 ਮਈ (ਰੁਪਾਣਾ) : ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ ਨੇ ਦੱਸਿਆ ਹੈ ਕਿ ਜਨਗਣਨਾ 2027 ਦੇ ਪਹਿਲੇ ਫੇਜ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮਿਤੀ 15 ਮਈ ਤੋਂ ਸ਼ੁਰੂ ਹੋਈ ਜਨਗਣਨਾ ਦਾ ਕੰਮ ਮਿਤੀ 13 ਜੂਨ 2026 ਤੱਕ ਚੱਲਣਾ ਹੈ। ਮਨਰੀਤ



ਰਾਣਾ ਨੇ ਕੌਮੀ ਹਿਤਾਂ ਵਾਲੇ ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਮ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸੰਬੰਧੀ ਜੇਕਰ ਕੋਈ ਵੀ ਜਨਗਣਨਾ ਅਧਿਕਾਰੀ ਜਾਣਕਾਰੀ ਲੈਣ ਦੇ ਲਈ ਲੋਕਾਂ ਦੇ ਘਰ ਆਉਂਦੇ ਹਨ ਤਾਂ ਉਹਨਾਂ ਦਾ ਪੂਰਨ ਤੌਰ ਤੇ ਸਹਿਯੋਗ ਦਿੱਤਾ ਜਾਵੇ।ਸੰਯੁਕਤ ਕਮਿਸ਼ਨਰ ਨੇ ਕਿਹਾ ਕਿ ਇਸ ਦੌਰਾਨ ਜੋ ਵੀ ਜਨਗਣਨਾ ਦੇ ਸੰਬੰਧ ਵਿੱਚ ਪੁੱਛੇ ਜਾਂਦੇ ਪ੍ਰਸ਼ਨਾਂ ਦਾ ਸਹੀ ਉੱਤਰ ਦਿੱਤਾ ਜਾਵੇ ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਿਹਨਾਂ ਸਰਕਾਰੀ ਕਰਮਚਾਰੀਆਂ ਦੀ ਡਿਊਟੀ ਜਨਗਣਨਾ 2027 ਦੇ ਲਈ ਲਗਾਈ ਗਈ ਹੈ ਪਰ ਉਨ੍ਹਾਂ ਕਰਮਚਾਰੀਆਂ ਨੇ ਆਪਣੀ ਡਿਊਟੀ ਅਜੇ ਜੁਆਇੰਨ ਨਹੀਂ ਕੀਤੀ, ਉਹਨਾਂ ਦੇ ਖਿਲਾਫ਼ ਸੈਂਸਜ ਐਕਟ 1948 ਦੇ ਅਧੀਨ ਐਫ.ਆਈ.ਆਰ ਦਰਜ ਕਰਨ ਦੀ ਕਾਰਵਾਈ ਆਰੰਭੀ ਜਾ ਰਹੀ ਹੈ।

## ਵੋਟਾਂ ਦੀ ਗਿਣਤੀ ਵਾਲੇ ਕੇਂਦਰਾਂ 'ਚ ਅੱਜ ਛੁੱਟੀ ਘੋਸ਼ਿਤ

ਮਲੇਰਕੋਟਲਾ, 28 ਮਈ (ਬਲਜੀਤ ਸਿੰਘ ਟਿੱਬਾ) : ਸਕੱਤਰ, ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਗਰ ਕੌਂਸਲ/ਨਗਰ ਪੰਚਾਇਤ ਮਾਲੇਰਕੋਟਲਾ, ਅਹਿਮਦਗੜ੍ਹ ਅਤੇ ਅਮਰਗੜ੍ਹ ਦੀਆਂ ਚੋਣਾਂ ਮਿਤੀ 26 ਮਈ 2026 ਨੂੰ ਸਫਲਤਾਪੂਰਵਕ ਕਰਵਾਈਆਂ ਗਈਆਂ ਹਨ। ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਪ੍ਰੋਗਰਾਮ ਅਨੁਸਾਰ ਉਕਤ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਮਿਤੀ 29 ਮਈ 2026 (ਸ਼ੁੱਕਰਵਾਰ) ਨੂੰ ਕੀਤੀ ਜਾਣੀ ਹੈ। ਵੋਟਾਂ ਦੀ ਗਿਣਤੀ ਦੀ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਮਾਲੇਰਕੋਟਲਾ ਅਧੀਨ ਸਥਾਪਿਤ ਗਿਣਤੀ ਕੇਂਦਰ ਸਰਕਾਰੀ ਕਾਲਜ, ਮਾਲੇਰਕੋਟਲਾ, ਸਰਕਾਰੀ ਕਾਲਜ, ਅਮਰਗੜ੍ਹ ਅਤੇ ਐਮ.ਜੀ.ਐਮ.ਐੱਨ. ਸੀਨੀਅਰ ਸੈਕੰਡਰੀ ਸਕੂਲ, ਅਹਿਮਦਗੜ੍ਹ ਵਿਖੇ ਮਿਤੀ 29 ਮਈ 2026 ਨੂੰ ਛੁੱਟੀ ਘੋਸ਼ਿਤ ਕੀਤੀ ਗਈ ਹੈ ।

## ਫਰੀਦਪੁਰ ਜੱਟਾਂ 'ਚ ਝੋਟੇ ਦੀ ਮੌਤ ਨੂੰ ਲੈ ਕੇ ਵਿਵਾਦ ਗਹਿਰਾਇਆ, ਪਿੰਡ ਵਾਸੀਆਂ ਵੱਲੋਂ ਕਾਰਵਾਈ ਦੀ ਮੰਗ

ਘਨੌਰ, 28 ਮਈ (ਰਾਜਿੰਦਰ ਸਿੰਘ ਕੰਬੋਜ): ਹਲਕਾ ਘਨੌਰ ਦੇ ਪਿੰਡ ਫਰੀਦਪੁਰ ਜੱਟਾਂ ਵਿੱਚ ਇੱਕ ਝੋਟੇ ਦੀ ਮੌਤ ਨੂੰ ਲੈ ਕੇ ਪਿੰਡ ਵਿੱਚ ਤਣਾਅਪੂਰਨ ਮਾਹੌਲ ਬਣਿਆ ਹੋਇਆ ਹੈ। ਮਾਮਲੇ ਨੂੰ ਲੈ ਕੇ ਪਿੰਡ ਵਾਸੀਆਂ ਅਤੇ ਇੱਕ ਪਰਿਵਾਰ ਵਿਚਕਾਰ ਵਿਵਾਦ ਗਹਿਰਾ ਗਿਆ ਹੈ। ਪਿੰਡ ਦੇ ਕੁਝ ਵਸਨੀਕਾਂ ਨੇ ਪਿੰਡ ਦੇ ਹੀ ਰਹਿਣ ਵਾਲੇ ਬਲਜਿੰਦਰ ਸਿੰਘ ਉੱਤੇ ਕਥਿਤ ਤੌਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਝੋਟੇ ਨੂੰ ਕਰੀਬ 8-9 ਦਿਨ ਤੱਕ ਭੁੱਖਾ-ਤਿਹਾਇਆ ਬੰਨ੍ਹ ਕੇ ਰੱਖਿਆ ਗਿਆ, ਜਿਸ ਕਾਰਨ ਉਸ ਦੀ ਹਾਲਤ ਲਗਾਤਾਰ ਖਰਾਬ ਹੁੰਦੀ ਗਈ ਅਤੇ ਆਖ਼ਿਰਕਾਰ ਉਸ ਦੀ ਮੌਤ ਹੋ ਗਈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇ ਸਮੇਂ ਸਿਰ ਝੋਟੇ ਦੀ ਸਹੀ ਤਰੀਕੇ ਨਾਲ ਦੇਖ-ਭਾਲ ਕੀਤੀ ਜਾਂਦੀ ਤਾਂ ਉਸ ਦੀ ਜਾਨ ਬਚ ਸਕਦੀ ਸੀ।ਪਿੰਡ ਵਾਸੀਆਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਝੋਟੇ ਦੀ ਮਾੜੀ ਹਾਲਤ ਬਾਰੇ ਪਤਾ ਲੱਗਿਆ ਤਾਂ ਉਹ ਉਸ ਨੂੰ ਆਪਣੇ ਕੋਲ ਲੈ ਆਏ ਅਤੇ ਕਰੀਬ ਪੰਜ ਦਿਨ ਤੱਕ ਉਸ ਦਾ ਇਲਾਜ ਵੀ ਕਰਵਾਇਆ ਪਰ ਉਸ ਦੀ ਹਾਲਤ ਵਿੱਚ ਸੁਧਾਰ ਨਾ ਆ ਸਕਿਆ ਅਤੇ ਆਖ਼ਿਰਕਾਰ ਉਸ ਦੀ ਮੌਤ ਹੋ ਗਈ। ਮਾਮਲੇ ਨੂੰ ਗੰਭੀਰ ਮੰਨਦੇ ਹੋਏ ਪਿੰਡ ਵਾਸੀਆਂ ਨੇ ਝੋਟੇ ਦੀ ਦੇਹ ਨੂੰ ਬਰਫ ਵਿੱਚ ਰੱਖਿਆ ਹੋਇਆ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਜਦ ਤੱਕ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ, ਉਦੋਂ ਤੱਕ ਝੋਟੇ ਨੂੰ ਦਫਨਾਇਆ ਨਹੀਂ ਜਾਵੇਗਾ। ਦੂਜੇ ਪਾਸੇ ਜਦੋਂ ਇਸ ਮਾਮਲੇ ਸਬੰਧੀ ਬਲਜਿੰਦਰ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਦੇ ਬੇਟੇ ਦਲਜੀਤ ਸਿੰਘ ਨੇ ਆਪਣਾ ਪੱਖ ਰੱਖਦਿਆਂ ਦੱਸਿਆ ਕਿ ਇਹ ਝੋਟਾ ਉਨ੍ਹਾਂ ਦੇ ਚਰੀ-ਚਾਰੇ ਵਾਲੇ ਖੇਤ ਵਿੱਚ ਵੜ ਜਾਂਦਾ ਸੀ। ਉਨ੍ਹਾਂ ਕਿਹਾ ਕਿ ਖੇਤ ਵਿੱਚ ਕੀਟਨਾਸ਼ਕ ਦਵਾਈ ਦਾ ਛਿੜਕਾਅ ਕੀਤਾ ਹੋਇਆ ਸੀ ਅਤੇ ਝੋਟੇ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਉਸ ਨੂੰ 12 ਮਈ ਤੋਂ 14 ਮਈ ਤੱਕ ਸਿਰਫ਼ 2 ਦਿਨ ਲਈ ਬੰਨ੍ਹ ਕੇ ਰੱਖਿਆ ਗਿਆ ਸੀ। ਦਲਜੀਤ ਸਿੰਘ ਦੇ ਅਨੁਸਾਰ ਇਸ ਦੌਰਾਨ ਝੋਟੇ ਨੂੰ ਸਮੇਂ ਸਿਰ ਚਾਰਾ ਅਤੇ ਪਾਣੀ ਦਿੱਤਾ ਜਾਂਦਾ ਰਿਹਾ ਅਤੇ ਬਾਅਦ ਵਿੱਚ ਪਿੰਡ ਦੇ ਕੁਝ ਲੋਕ ਉਸ ਨੂੰ ਆਪਣੇ ਨਾਲ ਲੈ ਗਏ ਸਨ।ਉਨ੍ਹਾਂ ਇਹ ਵੀ ਕਿਹਾ ਕਿ ਝੋਟੇ ਦੀ ਮੌਤ ਨੂੰ ਲੈ ਕੇ ਉਨ੍ਹਾਂ ਦੇ ਪਰਿਵਾਰ ਉੱਤੇ ਲਗਾਏ ਜਾ ਰਹੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ ਅਤੇ ਕੁਝ ਲੋਕ ਪੁਰਾਣੀ ਰੰਜਿਸ਼ ਦੇ ਚਲਦਿਆਂ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ।ਇਸ ਮਾਮਲੇ ਨੂੰ ਲੈ ਕੇ ਪਿੰਡ ਵਿੱਚ ਚਰਚਾ ਅਤੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ। ਪਿੰਡ ਦੇ ਸਰਪੰਚ ਦੇ ਪਤੀ ਦਲਜੀਤ ਸਿੰਘ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜਲਦ ਹੀ ਪਿੰਡ ਦਾ ਇਕੱਠ ਬੁਲਾਇਆ ਜਾਵੇਗਾ, ਜਿਸ ਵਿੱਚ ਦੋਵਾਂ ਧਿਰਾਂ ਦੀ ਗੱਲ ਸੁਣ ਕੇ ਮਸਲੇ ਦਾ ਸ਼ਾਂਤੀਪੂਰਵਕ ਅਤੇ ਨਿਰਪੱਖ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਸੀ ਭਾਈਚਾਰੇ ਅਤੇ ਸਮਝਦਾਰੀ ਨਾਲ ਮਾਮਲੇ ਨੂੰ ਸੁਲਝਾਇਆ ਜਾਵੇ ਤਾਂ ਜੋ ਪਿੰਡ ਦਾ ਮਾਹੌਲ ਖਰਾਬ ਨਾ ਹੋਵੇ। ਖਬਰ ਲਿਖੇ ਜਾਣ ਤੱਕ ਮਸਲੇ ਦਾ ਕੋਈ ਹੱਲ ਨਹੀਂ ਹੋਇਆ।

## ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਖੇਡ ਮੁਕਾਬਲੇ ਅਤੇ ਜਾਗਰੂਕਤਾ ਸੈਮੀਨਾਰ



ਮਲੇਰਕੋਟਲਾ, 28 ਮਈ (ਬਲਜੀਤ ਸਿੰਘ ਟਿੱਬਾ) :ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਜ਼ਿਲ੍ਹਾ ਖੇਡ ਅਫ਼ਸਰ ਮਾਲੇਰਕੋਟਲਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਖੇਡ ਕੇਂਦਰਾਂ ਵਿੱਚ ਖੇਡ ਗਤੀਵਿਧੀਆਂ ਅਤੇ ਜਾਗਰੂਕਤਾ ਸਮਾਗਮ ਕਰਵਾਏ ਗਏ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦਿਆਂ ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਦਾ ਮਨੋਬਲ ਉੱਚਾ ਚੁੱਕਣਾ ਹੈ।ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਨਨਕਾਣਾ ਪਬਲਿਕ ਸਕੂਲ, ਪਿੰਡ ਰਾਮਪੁਰ ਛੰਨਾ ਵਿਖੇ ਚੱਲ ਰਹੇ ਹਾਕੀ ਕੋਚਿੰਗ ਸੈਂਟਰ ਵਿੱਚ ਹਾਕੀ ਮੈਚ ਕਰਵਾਏ ਗਏ। ਇਸ ਦੌਰਾਨ ਮੌਜੂਦ ਖਿਡਾਰੀਆਂ, ਕੋਚਾਂ ਅਤੇ ਪਬਲਿਕ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦਿਆਂ ਇੱਕ ਜਾਗਰੂਕਤਾ ਸੈਮੀਨਾਰ ਵੀ ਆਯੋਜਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਦੇ ਸਾਰੇ ਕੋਚਿੰਗ ਸੈਂਟਰਾਂ ਵਿੱਚ ਡਰੱਗਜ਼ ਨਾਲ ਸਬੰਧਤ ਨਸ਼ੀਲੇ ਪੌਦਿਆਂ ਦੀ ਪਛਾਣ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਖਿਡਾਰੀਆਂ ਨੂੰ ਇਸ ਬਾਰੇ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਡਾ. ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਲੜਕੀਆਂ ਦੇ ਫੁੱਟਬਾਲ ਮੈਚ ਵੀ ਕਰਵਾਏ ਗਏ।

## ਭਜਨ ਗਾਇਕ ਨੀਰਜ ਗੁਪਤਾ ਵੱਲੋਂ ਸਵਰਗ ਆਸ਼ਰਮ ਨੂੰ ਫਰਿਜ ਭੇਟ



ਸਮਾਣਾ, 28 ਮਈ (ਵਿਜੇ ਕੁਮਾਰ) : ਪੈ ਰਹੀ ਭਿਆਨਕ ਗਰਮੀ ਨੂੰ ਮੁੱਖ ਰੱਖਦਿਆਂ ਸ਼ਹਿਰ ਦੇ ਨਾਮਵਰ ਨੌਜਵਾਨ ਭਜਨ ਗਾਇਕ ਨੀਰਜ ਗੁਪਤਾ ਨੇ ਸਥਾਨਕ ਸਵਰਗ ਆਸ਼ਰਮ ਸ਼ਮਸ਼ਾਨਘਾਟ ਵਿੱਚ ਇੱਕ ਫਰਿਜ ਭੇਟ ਕੀਤਾ ਹੈ, ਜਿਸ ਨੂੰ ਸ਼ਮਸ਼ਾਨਘਾਟ ਦੇ ਬਰਾਂਡੇ ਵਿੱਚ ਸਥਾਪਿਤ ਕੀਤਾ ਗਿਆ। ਇਸ ਦਾ ਉਦਘਾਟਨ ਨੀਰਜ ਗੁਪਤਾ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਕੀਤਾ। ਉਨ੍ਹਾਂ ਦੇ ਨਾਲ ਸੋਹਨ ਲਾਲ ਸਿੰਗਲਾ ਅਤੇ ਸੰਜੀਵ ਸਿੰਗਲਾ ਵੀ ਮੌਜੂਦ ਸਨ। ਦੱਸ ਦੇਈਏ ਕਿ ਨੀਰਜ ਗੁਪਤਾ ਵੱਲੋਂ ਕੀਰਤਨ ਅਤੇ ਸੰਕੀਰਤਨ ਦੌਰਾਨ ਭਜਨ ਗਾਇਨ ਕਰਨ ਬਦਲੇ ਜੋ ਸਨਮਾਨ ਰਾਸ਼ੀ ਮਿਲਦੀ ਹੈ, ਉਹ ਸਾਰੀ ਸਮਾਜ ਸੇਵੀ ਕਾਰਜਾਂ 'ਤੇ ਖਰਚ ਕੀਤੀ ਜਾਂਦੀ ਹੈ। ਇਸ ਮੌਕੇ ਸਵਰਗ ਆਸ਼ਰਮ ਕਮੇਟੀ ਦੇ ਪ੍ਰਧਾਨ ਪਵਨ ਸ਼ਾਸਤਰੀ ਨੇ ਦੱਸਿਆ ਕਿ ਸ਼ਮਸ਼ਾਨਘਾਟ ਕੰਪਲੈਕਸ ਵਿੱਚ ਪਹਿਲਾਂ ਹੀ ਠੰਢੇ ਪਾਣੀ ਲਈ ਦੋ ਵਾਟਰ ਕੂਲਰ ਲੱਗੇ ਹੋਏ ਹਨ। ਅੰਤਿਮ ਸਸਕਾਰ ਵੇਲੇ ਨਾਲ ਆਏ ਲੋਕ ਅਤੇ ਰਿਸ਼ਤੇਦਾਰ ਬਰਾਂਡੇ ਵਿੱਚ ਬੈਠ ਜਾਂਦੇ ਹਨ। ਦਾਨੀ ਸੱਜਣਾਂ ਨੇ ਫ੍ਰਿਜ ਵਿੱਚ ਹਰ ਵੇਲੇ ਪਾਣੀ ਦੀਆਂ ਛੋਟੀਆਂ ਬੋਤਲਾਂ ਜਮ੍ਹਾ ਰੱਖਣ ਲਈ ਵੱਡੀ ਗਿਣਤੀ ਵਿੱਚ ਪਾਣੀ ਦੀਆਂ ਛੋਟੀਆਂ ਬੋਤਲਾਂ ਦੇ ਪੈਕੇਟ ਭੇਜੇ ਹਨ। ਆਸ਼ਰਮ ਕਮੇਟੀ ਵੱਲੋਂ ਨੀਰਜ ਗੁਪਤਾ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਪੁੰਨ ਦੇ ਕਾਰਜ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪ੍ਰਸਤ ਕਪੂਰਚੰਦ ਬਾਂਸਲ, ਅਸ਼ੋਕ ਮੋਦਗਿਲ, ਪ੍ਰਿੰਸੀਪਲ ਮੋਹਨ ਲਾਲ ਸ਼ਰਮਾ, ਡਾਕਟਰ ਪ੍ਰੇਮਪਾਲ, ਸੰਜੇ ਗੋਇਲ, ਸੁਰਿੰਦਰ ਗਰਗ, ਭੀਮ ਸੈਨ ਬਾਂਸਲ, ਤਰਸੇਮ ਗੋਇਲ, ਰੁਲਦੂ ਰਾਮ, ਪੰਡਿਤ ਰਾਜੇਸ਼ ਉਨਿਆਲ, ਤਨੂ ਗਰਗ, ਨਵਦੀਪ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਹਰਮਿੰਦਰ ਪਾਲ ਸਿੰਘ ਵਿੰਟੀ ਸੱਭਰਵਾਲ ਦੀ ਅਗਵਾਈ ਹੇਠ ਮੁੱਖ ਮੰਤਰੀ ਯਾਤਰਾ ਲਈ ਬੱਸ ਰਵਾਨਾ



ਪਟਿਆਲਾ, 28 ਮਈ (ਰੁਪਾਣਾ) : ਪੰਜਾਬ ਸਰਕਾਰ ਦੀ ਵਿਰਾਸਤ ਸੇਵਾ ਸੰਗਠਨ ਵੱਲੋ ਚੱਲ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਪਟਿਆਲਾ ਸ਼ਹਿਰ ਦੇ ਵਾਰਡ ਨੰ 40 ਤੋ ਅੱਜ ਵਿਰਾਸਤ ਸੇਵਾ ਸੰਗਠਨ ਪਟਿਆਲਾ ਦੇ ਕੋਆਡੀਨੇਟਰ ਹਰਮਿੰਦਰ ਪਾਲ ਸਿੰਘ ਵਿੰਟੀ ਸਭਰਵਾਲ ਨੇ 44ਵੀਂ ਬੱਸ ਨੂੰ ਝੰਡੀ ਦੇ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਕੀਤਾ ਅਤੇ ਦੱਸਿਆ ਕਿ ਸੰਗਤਾਂ ਯਾਤਰਾ ਦੌਰਾਨ ਬਹੁਤ ਖੁਸ਼ ਹਨ ਅਤੇ ਸਰਕਾਰ ਦੇ ਇਸ ਵਿਸੇਸ਼ ਉਪਰਾਲੇ ਲਈ ਮੁਖ ਮੰਤਰੀ , ਮਨੀਸ਼ ਸ਼ਸੋਦੀਆ ਅਤੇ ਸ. ਅਜੀਤਪਾਲ ਸਿੰਘ ਕੋਹਲੀ ਵਿਧਾਇਕ ਦਾ ਧੰਨਵਾਦ ਕਰਦੀਆਂ ਹਨ। ਟੀਮ ਮੈਨੇਜਰ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਇਹ ਯਾਤਰਾ ਤਿੰਨ ਦਿਨ ਲਈ ਹੈ। ਵਧੀਆ ਥ੍ਰੀ ਸਟਾਰ ਹੋਟਲ ਵਿਚ ਖਾਣਾ ਅਤੇ ਰਹਿਣ ਦਾ ਪ੍ਰਬੰਧ ਹੁੰਦਾ ਹੈ। ਇਹ ਜਲਿਆਂਵਾਲਾ ਬਾਗ, ਰਾਮ ਤੀਰਥ ਮੰਦਰ, ਦੁਰਗਿਆਨਾ ਮੰਦਰ, ਅਤੇ ਵਾਹਗਾ ਬਾਰਡਰ ਵੀ ਜਾਂਦੀ ਹੈ।

## ਚੇਅਰਮੈਨ ਇੰਦਰਜੀਤ ਸੰਧੂ ਨੇ ਮੁਸਲਿਮ ਭਾਈਚਾਰੇ ਨੂੰ ਈਦ-ਉਲ-ਅਜ਼ਹਾ ਦੀ ਵਧਾਈ ਦਿੱਤੀ

ਸਨੌਰ, 28 ਮਈ (ਪ੍ਰਥਮ ਕੁਮਾਰ) : ਹਲਕਾ ਸਨੌਰ ਦੇ ਪ੍ਰਮੁੱਖ ਆਮ ਆਦਮੀ ਪਾਰਟੀ ਆਗੂ ਅਤੇ ਕਨਵੇਅਰ ਦੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਪਿੰਡ ਚੌਰਾ ਦੀ ਮਸਜਿਦ ਵਿੱਚ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ ਉਲ ਅਜ਼ਹਾ (ਬਕਰੀਦ) ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਈਦ ਉਲ ਅਜ਼ਹਾ ਸਿਰਫ਼ ਇਕ ਧਾਰਮਿਕ ਤਿਉਹਾਰ ਨਹੀਂ, ਸਗੋਂ ਸਮਾਜ ਨੂੰ ਆਪਸੀ ਪਿਆਰ, ਭਾਈਚਾਰੇ ਅਤੇ ਏਕਤਾ ਦੇ ਧਾਗੇ ਵਿੱਚ ਜੋੜਨ ਵਾਲਾ ਪਵਿੱਤਰ ਦਿਹਾੜਾ ਹੈ। ਸੰਧੂ ਨੇ ਕਿਹਾ ਕਿ ਇਹ ਤਿਉਹਾਰ, ਜਿੱਥੇ ਹਰ ਇਨਸਾਨ ਨੂੰ ਅੱਲ੍ਹਾ ਦੀ ਇਬਾਦਤ ਕਰਨ ਲਈ ਪ੍ਰੇਰਿਤ ਕਰਦਾ ਹੈ, ਉੱਥੇ ਮਨੁੱਖਤਾ ਦੀ ਭਲਾਈ ਅਤੇ ਇਕ-ਦੂਜੇ ਦੀ ਮਦਦ



ਕਰਨ ਦਾ ਸੰਦੇਸ਼ ਵੀ ਦਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਹਰ ਸਾਲ ਇਸ ਪਵਿੱਤਰ ਮੌਕੇ 'ਤੇ ਮੁਸਲਿਮ ਭਾਈਚਾਰੇ ਵਿਚ ਪਹੁੰਚਦੇ ਹਨ ਅਤੇ ਹਰ ਵਾਰ ਉਨ੍ਹਾਂ ਨੂੰ ਭਾਈਚਾਰੇ ਵੱਲੋਂ ਬੇਅੰਤ ਪਿਆਰ ਅਤੇ ਸਤਿਕਾਰ ਮਿਲਦਾ ਹੈ ਉਨ੍ਹਾਂ ਆਖਿਆ ਕਿ ਮਨੁੱਖਤਾ ਹੀ ਸਭ ਤੋਂ ਵੱਡਾ ਧਰਮ ਹੈ ਅਤੇ ਸਾਰੇ ਧਾਰਮਿਕ ਗ੍ਰੰਥ, ਸਮਾਗਮ ਅਤੇ ਤਿਉਹਾਰ ਮਨੁੱਖ ਨੂੰ ਵਾਹਿਗੁਰੂ, ਅੱਲ੍ਹਾ ਅਤੇ ਪਰਮਾਤਮਾ ਨਾਲ ਜੋੜਦੇ ਹੋਏ ਸਮਾਜਿਕ ਭਲਾਈ ਲਈ ਪ੍ਰੇਰਿਤ ਕਰਦੇ ਹਨ। ਸੰਧੂ ਨੇ ਕਿਹਾ ਕਿ ਈਦ ਉਲ ਅਜ਼ਹਾ ਵਰਗੇ ਪਵਿੱਤਰ ਤਿਉਹਾਰ ਸਮਾਜ ਵਿੱਚ ਪਿਆਰ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਦੇ ਹਨ। ਇਸ ਦਿਨ ਲੋਕ ਆਪਸੀ ਗਿਲੇ-ਸ਼ਿਕਵੇ ਭੁਲਾ ਕੇ ਇਕ-ਦੂਜੇ ਦੇ ਗਲੇ ਮਿਲਦੇ ਹਨ। ਇਸ ਮੌਕੇ ਇੰਦਰਜੀਤ ਸਿੰਘ ਸੰਧੂ ਦੇ ਓਐਸਡੀ ਅਮਰ ਅਲੀ, ਅਕਰਮ ਸਦੀਕੀ ਅਤੇ ਚਰਨਜੀਤ ਖ਼ਾਨ ਉਰਫ਼ ਮੋਰ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਹੀਰਾ ਬਾਗ ਤੋਂ ਕੌਂਸਲਰ ਕੁਲਵੰਤ ਸਿੰਘ ਲਾਲਕਾ, ਕੌਂਸਲਰ ਦਵਿੰਦਰ ਸਿੰਘ ਗੋਲਡੀ, ਮਨਪ੍ਰੀਤ ਸਿੰਘ ਮਹਿਮਦਪੁਰ, ਅਵਤਾਰ ਸਿੰਘ ਹੀਰਾਬਾਗ, ਮਨਜੀਤ ਸਿੰਘ ਸੰਧੂ, ਸ਼ਕੀਲ ਅਹਿਮਦ ਖ਼ਾਨ ਸਮੇਤ ਵੱਡੀ ਗਿਣਤੀ ਵਿੱਚ ਆਗੂ ਅਤੇ ਪਿੰਡ ਵਾਸੀ ਹਾਜ਼ਰ ਸਨ।

## ਭਾਜਪਾ ਦੇ ਨਵੇਂ ਪ੍ਰਧਾਨ ਨਾਲ ਪੰਜਾਬ ਨਵੀਆਂ ਤਰੱਕੀਆਂ ਵੱਲ ਵਧੇਗਾ : ਕਰੁਨ ਕੌੜਾ

ਨਾਭਾ, 28 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) :ਭਾਰਤੀ ਜਨਤਾ ਪਾਰਟੀ ਪੰਜਾਬ ਦੇ ਨਵੇਂ ਪ੍ਰਧਾਨ ਵਜੋਂ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਨੂੰ ਲੈ ਕੇ ਭਾਜਪਾ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਹੈ। ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਪੰਜਾਬ ਦੀ ਰਾਜਨੀਤੀ ਲਈ ਇੱਕ ਮਜ਼ਬੂਤ ਕਦਮ ਮੰਨਿਆ ਜਾ ਰਿਹਾ ਹੈ। ਕੇਵਲ ਸਿੰਘ ਢਿੱਲੋਂ ਲੰਮੇ ਸਮੇਂ ਤੋਂ ਲੋਕਾਂ ਨਾਲ ਜੁੜੇ ਰਹੇ ਹਨ ਅਤੇ ਉਨ੍ਹਾਂ ਦੇ ਰਾਜਨੀਤਿਕ ਤਜਰਬੇ ਨਾਲ ਪਾਰਟੀ ਨੂੰ ਨਵੀਂ ਦਿਸ਼ਾ ਅਤੇ ਮਜ਼ਬੂਤੀ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ।



ਪੰਜਾਬ ਇਸ ਸਮੇਂ ਕਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਸਮੇਂ ਵਿੱਚ ਭਾਜਪਾ ਦੀ ਨਵੀਂ ਲੀਡਰਸ਼ਿਪ ਤੋਂ ਲੋਕਾਂ ਨੂੰ ਕਾਫੀ ਉਮੀਦਾਂ ਹਨ। ਪਾਰਟੀ ਦਾ ਮੰਨਣਾ ਹੈ ਕਿ ਵਿਕਾਸ, ਪਾਰਦਰਸ਼ੀ ਪ੍ਰਸ਼ਾਸਨ ਅਤੇ ਲੋਕ ਭਲਾਈ ਦੇ ਮੁੱਦਿਆਂ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਲਿਆਂਦਾ ਜਾਵੇਗਾ।ਪਾਰਟੀ ਵਰਕਰਾਂ ਦਾ ਕਹਿਣਾ ਹੈ ਕਿ ਨਵੀਂ ਲੀਡਰਸ਼ਿਪ ਨਾਲ ਸੰਗਠਨ ਹੋਰ ਜ਼ਿਆਦਾ ਮਜ਼ਬੂਤ ਹੋਵੇਗਾ।ਭਾਜਪਾ ਆਗੂ ਕਰੁਨ ਕੌੜਾ ਨੇ ਕੇਵਲ ਸਿੰਘ ਢਿੱਲੋਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਭਾਜਪਾ ਹੋਰ ਮਜ਼ਬੂਤ ਹੋਵੇਗੀ ਅਤੇ ਪਾਰਟੀ ਦਾ ਆਧਾਰ ਹਰ ਵਰਗ ਵਿੱਚ ਵਧੇਗਾ। ਕਰੁਨ ਕੌੜਾ ਨੇ ਕਿਹਾ ਕਿ ਪਾਰਟੀ ਵਰਕਰਾਂ ਵਿੱਚ ਨਵਾਂ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਭਾਜਪਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਉਤੇ ਖਰਾ ਉਤਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਕੇਵਲ ਸਿੰਘ ਢਿੱਲੋਂ ਦੇ ਸਫਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਨਾਭਾ, 28 ਮਈ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਵਿਸ਼ਾਲ ਕੁਮਾਰ ਵਾਸੀ ਏਕਤਾ ਕਲੋਨੀ ਨੇੜੇ 40 ਨੰਬਰ ਫਾਟਕ ਨਾਭਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਗੁਰਪ੍ਰੀਤ ਸਿੰਘ ਸਮੇਤ ਪੁਲਿਸ ਪੁਰਾਣੀ ਖੰਡਰ ਲਾਇਬ੍ਰੇਰੀ ਨਾਭਾ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਕੋਈ ਗੋਲੀ ਨੁਮਾ ਚੀਜ ਆਪਣੀ ਜੇਬ ਵਿੱਚੋਂ ਕੱਢ ਕੇ ਮੂੰਹ ਵਿੱਚ ਪਾ ਲਈ, ਜੋ ਕਾਬੂ ਕਰਨ ਪਰ ਦੋਸ਼ੀ ਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ ਤੇ ਹੁਣੇ ਹੀ ਨਸ਼ੇ ਦੀ ਗੋਲੀ ਖਾਈ ਹੈ।

## ਸਿਲੰਡਰ ਚੋਰੀ ਕਰਨ ਵਾਲਾ ਕਾਬੂ

ਪਟਿਆਲਾ, 28 ਮਈ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਕੋਲ ਕਾਕੂ ਸ਼ਰਮਾ ਪਤਨੀ ਅਮਰਜੀਤ ਸਿੰਘ ਵਾਸੀ ਐਸ.ਐਸ.ਟੀ ਕੰਪਲੈਕਸ ਗਲੀ ਨੰ. 16 ਪੁਰਾਣਾ ਬਿਸ਼ਨ ਪਟਿਆਲਾ ਨੇ ਕਥਿਤ ਦੋਸ਼ੀ ਕਰਨ ਵਰਮਾ ਵਾਸੀ ਮਾਰਕਲ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੇ ਘਰ ਵਿੱਚੋ ਇੱਕ ਗੈਸ ਸਿਲੰਡਰ ਚੋਰੀ ਹੋ ਗਿਆ ਸੀ ਤਾ ਭਾਲ ਕਰਦੇ ਹੋਏ ਉਸ ਨੇ ਦੇਖਿਆ ਕਿ 33 ਫੁੱਟੀ ਰੋਡ ਪਾਸ ਇੱਕ ਕਰਿਆਨੇ ਦੀ ਦੁਕਾਨ ਦੇ ਬਾਹਰ ਇੱਕ ਅਣਪਛਾਤੇ ਵਿਅਕਤੀ ਬਿਨ੍ਹਾ ਨੰਬਰੀ ਮੋਟਰਸਾਇਕਲ 'ਤੇ ਖੜ੍ਹਾ ਸੀ, ਜਿਸਨੇ ਸਿਲੰਡਰ ਟੈਂਕੀ ਪਰ ਰੱਖਿਆ ਸੀ, ਜਦੋਂ ਉਸ ਨੇ ਉਸ ਨੂੰ ਕਿਹਾ ਕਿ ਉਹ ਸਿਲੰਡਰ ਚੋਰੀ ਕਰਕੇ ਲਿਆਇਆ ਹੈ ਤਾ ਉਹ ਅਣਪਛਾਤਾ ਵਿਅਕਤੀ ਮੋਟਰਸਾਇਕਲ ਸਮੇਤ ਮੌਕੇ ਤੋਂ ਭੱਜਣ ਲੱਗਾ ਤਾ ਦੁਕਾਨ ਪਾਸ ਖੜ੍ਹੇ ਜੀਤ ਸਿੰਘ ਨਾਮ ਦੇ ਵਿਅਕਤੀ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾ ਉਹ ਵਿਅਕਤੀ ਮੋਟਰਸਾਇਕਲ ਭਜਾਉਂਦੇ ਹੋਏ ਜੀਤ ਸਿੰਘ ਨੂੰ ਥੋੜੀ ਦੂਰ ਤੱਕ ਘੜੀਸ ਕੇ ਲੈ ਗਿਆ ਅਤੇ ਮੋਟਰਸਾਇਕਲ ਬੇਕਾਬੂ ਹੋ ਜਾਣ ਕਾਰਨ ਉਹ ਅਣਪਛਾਤਾ ਵਿਅਕਤੀ ਡਿੱਗ ਪਿਆ, ਜਿਸਨੂੰ ਪਬਲਿਕ ਦੀ ਮਦਦ ਨਾਲ ਮੌਕੇ 'ਤੇ ਕਾਬੂ ਕਰ ਲਿਆ ਗਿਆ, ਜਿਸ ਨੇ ਆਪਣਾ ਨਾਮ ਕਰਨ ਵਰਮਾ ਦੱਸਿਆ। ਪੁਲਿਸ ਨੇ ਧਾਰਾ 331(3), 305, 317(2) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।


ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ

ਅੱਜ ਦਾ ਪ੍ਰੋਗਰਾਮ

29-5-2026

ਦਿਨ-ਸ਼ੁੱਕਰਵਾਰ



ਭਾਈ ਤਖਤ ਸਿੰਘ ਜੀ ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਗੁ: ਸ੍ਰੀ ਗੁਰੂ ਸਿੰਘ ਸਭਾ, ਇੰਦਰਾਪੁਰੀ ਕਲੋਨੀ (ਸਰਹਿੰਦ ਰੋਡ) ਪਟਿਆਲਾ।

ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।

ਸੰਪਰਕ ਕਰੋ : 98887-42047, 99157-70074

ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ







# ਗੁਰਦੇਵ ਸਿੰਘ ਟਿਵਾਣਾ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਕੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

## ➢ਗੁਰਦੇਵ ਸਿੰਘ ਟਿਵਾਣਾ ਦੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਬਣਨ ਨਾਲ ਪਟਿਆਲਾ ਜ਼ਿਲ੍ਹੇ ਦੇ ਪੇਂਡੂ ਵਿਕਾਸ ਨੂੰ ਮਿਲੇਗੀ ਹੋਰ ਰਫ਼ਤਾਰ : ਤਰੁਨਪ੍ਰੀਤ ਸਿੰਘ ਸੌਂਦ, ਡਾ. ਬਲਬੀਰ ਸਿੰਘ, ਬਰਿੰਦਰ ਗੋਇਲ



ਪਟਿਆਲਾ, 28 ਮਈ (ਰੁਪਾਣਾ/ਅਮਰਜੀਤ) : ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਗੁਰਦੇਵ ਸਿੰਘ ਟਿਵਾਣਾ ਨੇ ਅੱਜ ਪਰਮਾਤਮਾ ਅੱਗੇ ਅਰਦਾਸ ਅਤੇ ਸ੍ਰੀ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਕੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਦੇ ਨਾਲ ਬਿੰਦਰ ਕੌਰ ਨੇ ਵੀ ਵਾਈਸ ਚੇਅਰਪਰਸਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇੱਥੇ ਸਰਹਿੰਦ ਰੋਡ 'ਤੇ ਸਥਿਤ ਜ਼ਿਲ੍ਹਾ ਪ੍ਰੀਸ਼ਦ ਦੇ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਕਰਵਾਏ ਪਾਠ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਜਲ ਸਰੋਤ ਮੰਤਰੀ ਬਰਿੰਦਰ ਗੋਇਲ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ, ਗੁਰਲਾਲ ਘਨੌਰ, ਕੁਲਵੰਤ ਸਿੰਘ ਬਾਜ਼ੀਗਰ, ਗੁਰਦੇਵ ਸਿੰਘ ਦੇਵ ਮਾਨ ਅਤੇ ਚੇਅਰਮੈਨ ਮੰਡੀ ਬੋਰਡ ਹਰਚੰਦ ਸਿੰਘ ਬਰਸਟ, ਮੇਅਰ ਕੁੰਦਨ ਗੋਗੀਆ ਸਮੇਤ ਹੋਰ ਸੀਨੀਅਰ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਡਾ. ਬਲਬੀਰ ਸਿੰਘ ਤੇ ਬਰਿੰਦਰ ਗੋਇਲ ਨੇ ਗੁਰਦੇਵ ਸਿੰਘ ਟਿਵਾਣਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਨੌਜਵਾਨ ਆਗੂ ਦੇ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਬਣਨ ਨਾਲ ਪਟਿਆਲਾ ਜ਼ਿਲ੍ਹੇ ਦੇ ਪੇਂਡੂ ਵਿਕਾਸ ਨੂੰ ਹੋਰ ਰਫ਼ਤਾਰ ਮਿਲੇਗੀ। ਨਵੇਂ ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਡਾ. ਬਲਬੀਰ ਸਿੰਘ, ਬਰਿੰਦਰ ਗੋਇਲ ਅਤੇ ਚੇਤਨ ਸਿੰਘ ਜੌੜਾਮਾਜਰਾ ਦਾ ਧੰਨਵਾਦ ਕੀਤਾ । ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸਭ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਬੰਮਣਾ ਤੋਂ ਮੈਂਬਰ ਗੁਰਦੇਵ ਸਿੰਘ ਟਿਵਾਣਾ ਨੂੰ ਸਰਬ ਸੰਮਤੀ ਨਾਲ ਚੇਅਰਮੈਨ ਅਤੇ ਜ਼ੋਨ ਦਫ਼ਤਰੀਵਾਲਾ ਤੋਂ ਮੈਂਬਰ ਬਿੰਦਰ ਕੌਰ ਦੀ ਵਾਇਸ ਚੇਅਰਪਰਸਨ ਵਜੋਂ ਚੋਣ ਕੀਤੀ ਗਈ ਸੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ, ਦਿਹਾਤੀ ਪ੍ਰਧਾਨ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਚੇਅਰਮੈਨ ਮਾਰਕੀਟ ਕਮੇਟੀ ਸਮਾਣਾ ਬਲਕਾਰ ਸਿੰਘ ਗੱਜੂਮਾਜਰਾ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਪੀਆਰਟੀਸੀ ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ, ਵਾਈਸ ਚੇਅਰਮੈਨ ਵਿੱਕੀ ਘਨੌਰ, ਵੀਰਪਾਲ ਕੌਰ ਚਹਿਲ, ਆਪ ਵੂਮੈਨ ਵਿੰਗ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਮੋਨਿਕਾ ਸ਼ਰਮਾ, ਬਲਿਹਾਰ ਸਿੰਘ ਚੀਮਾ, ਮੇਘ ਚੰਦ ਸ਼ੇਰਮਾਜਰਾ, ਟਰੇਡ ਕਮਿਸ਼ਨ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ, ਰਾਜੂ ਛਾਬੜਾ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ, ਮਾਤਾ ਚਰਨਜੀਤ ਕੌਰ, ਸੀਮਾ ਗੋਇਲ, ਸ਼ਰਨਜੀਤ ਕੌਰ ਜੌੜਾਮਾਜਰਾ, ਸਰਬਜੀਤ ਕੌਰ ਟਿਵਾਣਾ, ਜਗਜੀਤ ਸਿੰਘ ਟਿਵਾਣਾ, ਮਨਿੰਦਰ ਫਰਾਂਸਵਾਲਾ, ਮਨਿੰਦਰ ਡਕਾਲਾ, ਗੁਲਜ਼ਾਰ ਪਟਿਆਲਵੀ, ਬਲਾਕ ਪ੍ਰਧਾਨ ਬਲਜਿੰਦਰ ਸਿੰਘ ਪਹਾੜਪੁਰ, ਗੋਪਾਲ ਕ੍ਰਿਸ਼ਨ ਬਿੱਟੂ, ਨਰਿੰਦਰ ਖੇੜੀਮਾਨੀਆ, ਇੰਦਰਜੀਤ ਖੇੜੀਮਾਨੀਆ, ਨਵਪ੍ਰੀਤ ਸਿੰਘ ਉਚਾਗਾਉਂ, ਕਮਲਜੀਤ ਸਿੰਘ ਖਾਨਪੁਰ ਗਾੜੀਆ, ਲਖਵਿੰਦਰ ਖੇੜੀਬਰਨਾ, ਕੁਲਦੀਪ ਸਿੰਘ ਸਰਪੰਚ ਕਾਦਰਾਬਾਦ, ਅਨਮੋਲ ਗੋਇਲ, ਤਰੁਨ ਗਰਗ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਸਮੇਤ ਵੱਡੀ ਗਿਣਤੀ ਹੋਰ ਪਤਵੰਤੇ ਤੇ ਆਗੂ ਹਾਜ਼ਰ ਸਨ।

*ਨਗਰ ਕੌਂਸਲ ਚੋਣਾਂ ਦੇ ਨਤੀਜੇ ਅੱਜ*

# ਅੱਜ ਖੁੱਲ੍ਹੇਗਾ ਪਿਟਾਰਾ, ਦੇਖੋ ਕਿਸ ਦਾ ਚਮਕਦਾ ਹੈ ਸਿਤਾਰਾ

## 108 ਉਮੀਦਵਾਰਾਂ ਦੀ ਕਿਸਮਤ ਦਾ ਹੋਵੇਗਾ ਫੈਸਲਾ



ਸਮਾਣਾ, 28 ਮਈ (ਵਿਜੇ ਕੁਮਾਰ): ਸਮਾਣਾ ਨਗਰ ਕੌਂਸਲ ਚੋਣਾਂ ਲਈ 26 ਮਈ ਨੂੰ ਹੋਈਆਂ ਵੋਟਾਂ ਤੋਂ ਬਾਅਦ ਹੁਣ ਅੱਜ ਨਤੀਜਿਆਂ ਦਾ ਦਿਨ ਆ ਗਿਆ ਹੈ। ਸ਼ਹਿਰ ਦੇ 21 ਵਾਰਡਾਂ ਵਿੱਚ ਪਈਆਂ ਵੋਟਾਂ ਦੀ ਗਿਣਤੀ ਅੱਜ ਸਵੇਰੇ 8 ਵਜੇ ਤੋਂ ਸ਼ੁਰੂ ਹੋਵੇਗੀ, ਜਿਸ ਲਈ ਪ੍ਰਸ਼ਾਸਨ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸ ਚੋਣ ਵਿੱਚ ਕੁੱਲ 108 ਉਮੀਦਵਾਰ ਮੈਦਾਨ ਵਿੱਚ ਹਨ, ਜਿਨ੍ਹਾਂ ਦੇ ਸਿਆਸੀ ਭਵਿੱਖ ਦਾ ਫੈਸਲਾ ਅੱਜ ਜਨਤਾ ਦੀਆਂ ਵੋਟਾਂ ਨਾਲ ਹੋਵੇਗਾ। ਨਗਰ ਕੌਂਸਲ ਚੋਣਾਂ ਵਿੱਚ ਇਸ ਵਾਰ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮੰਨਿਆ ਜਾ ਰਿਹਾ ਹੈ। ਚੋਣ ਪ੍ਰਚਾਰ ਦੌਰਾਨ ਸਾਰੀਆਂ ਪਾਰਟੀਆਂ ਵੱਲੋਂ ਆਪਣੀ ਪੂਰੀ ਤਾਕਤ ਝੋਂਕ ਦੇਣ ਕਾਰਨ ਕਈ ਵਾਰਡਾਂ ਵਿੱਚ ਮੁਕਾਬਲਾ ਬੇਹੱਦ ਦਿਲਚਸਪ ਬਣਿਆ ਹੋਇਆ ਹੈ। ਚੋਣਾਂ ਵਾਲੇ ਦਿਨ ਕੁਝ ਵਾਰਡਾਂ ਵਿੱਚ ਤਣਾਅ ਅਤੇ ਹਿੰਸਾ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਸਨ, ਜਿਸ ਕਾਰਨ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਨਜ਼ਰ ਆ ਰਿਹਾ ਹੈ। ਵੋਟਾਂ ਦੀ ਗਿਣਤੀ ਵਾਲੀ ਥਾਂ 'ਤੇ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ ਅਤੇ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਚੋਣ ਅਧਿਕਾਰੀ ਰਸਪਿੰਦਰ ਸਿੰਘ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਕੁੱਲ 14 ਕਾਊਂਟਰ ਬਣਾਏ ਗਏ ਹਨ। ਹਰੇਕ ਵਾਰਡ ਦੀ ਗਿਣਤੀ ਵੱਖ-ਵੱਖ ਟੇਬਲਾਂ 'ਤੇ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਗਿਣਤੀ ਕੇਂਦਰ ਦੇ ਅੰਦਰ ਮੋਬਾਈਲ ਫੋਨ ਲੈ ਕੇ ਜਾਣ 'ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ ਅਤੇ ਕਿਸੇ ਵੀ ਪੋਲਿੰਗ ਏਜੰਟ ਨੂੰ ਮੋਬਾਈਲ ਅੰਦਰ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਸ਼ਹਿਰ ਵਾਸੀਆਂ ਦੀਆਂ ਨਜ਼ਰਾਂ ਹੁਣ ਗਿਣਤੀ ਕੇਂਦਰ 'ਤੇ ਟਿਕੀਆਂ ਹੋਈਆਂ ਹਨ ਅਤੇ ਹਰ ਵਾਰਡ ਵਿੱਚ ਸਮਰਥਕਾਂ ਵਿਚਾਲੇ ਹਾਰ-ਜਿੱਤ ਨੂੰ ਲੈ ਕੇ ਚਰਚਾਵਾਂ ਦਾ ਦੌਰ ਜਾਰੀ ਹੈ। ਅੱਜ ਸ਼ਾਮ ਤੱਕ ਸਮਾਣਾ ਨਗਰ ਕੌਂਸਲ ਦੀ ਨਵੀਂ ਤਸਵੀਰ ਪੂਰੀ ਤਰ੍ਹਾਂ ਸਾਫ਼ ਹੋ ਜਾਵੇਗੀ।

# ਸੰਤ ਬਾਬਾ ਤੁਲਸੀ ਦਾਸ ਜੀ ਦੀ ਬਰਸੀ ਸਬੰਧੀ ਚਾਰ ਰੋਜ਼ਾ ਧਾਰਮਿਕ ਸਮਾਗਮ ਸਮਾਪਤ



ਘਨੌਰ, 28 ਮਈ (ਰਾਜਿੰਦਰ ਸਿੰਘ ਕੰਬੋਜ) : ਪਿੰਡ ਸੈਦਖੇੜੀ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ,ਬ੍ਰਹਮ ਗਿਆਨੀ ਸੰਤ ਬਾਬਾ ਤੁਲਸੀ ਦਾਸ ਜੀ ਦੀ 76 ਵੀਂ ਬਰਸੀ ਅਤੇ ਸੰਤ ਬਾਬਾ ਮਾਨ ਸਿੰਘ ਜੀ ਤੇ ਪਿਹੋਵੇ ਵਾਲਿਆਂ ਦੀ ਤੀਜੀ ਬਰਸੀ ਦੇ ਸੰਬੰਧ ਵਿੱਚ ਗੁਰਦੁਆਰਾ ਸੰਤ ਬਾਬਾ ਤੁਲਸੀ ਦਾਸ ਜੀ ਦੁਆਰ ਵਿਖੇ 15 ਮਈ ਤੋਂ ਸ੍ਰੀ ਅਖੰਡ ਅਖੰਡ ਪਾਠਾਂ ਦੀ ਲੜੀ ਚਲਾਈ ਗਈ। 24 ਮਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ, ਪੰਜ ਪਿਆਰਿਆਂ ਦੀ ਅਗਵਾਈ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸਵਰਨ ਸਿੰਘ ਸੈਦਖੇੜੀ ਵਾਲਿਆਂ ਦੀ ਦੇਖ ਰੇਖ ਹੇਠ ਇਕ ਵਿਸ਼ਾਲ ਨਗਰ ਕੀਰਤਨ ਕੱਢ ਕੇ ਚਾਰ ਰੋਜ਼ਾ ਸਮਾਗਮਾਂ ਦੀ ਸ਼ੁਰੂਆਤ ਹੋਈ।ਗੁਰਦੁਆਰਾ ਸਾਹਿਬ ਦੇ ਸਾਹਮਣੇ ਖੇਤਾਂ ਵਿੱਚ ਬਣੇ ਖੁੱਲ੍ਹੇ ਪੰਡਾਲ ਵਿੱਚ 25,26 ਅਤੇ 27 ਮਈ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਸੰਤ ਬਾਬਾ ਤੁਲਸੀ ਦਾਸ ਜੀ ਦੀ 76 ਵੀਂ ਬਰਸੀ ਅਤੇ ਸੰਤ ਬਾਬਾ ਮਾਨ ਸਿੰਘ ਜੀ ਪਿਹੋਵੇ ਵਾਲਿਆਂ ਦੀ ਤੀਜੀ ਬਰਸੀ ਦੇ ਸੰਬੰਧ ਵਿੱਚ ਕਰਵਾਏ ਗਏ ਸਮਾਗਮਾਂ ਵਿੱਚ ਹਜ਼ਾਰਾਂ ਸੰਗਤਾਂ ਨੇ ਸ਼ਰਧਾ ਪੂਰਵਕ ਹਾਜ਼ਰੀ ਭਰੀ।ਇਸ ਸਮਾਗਮ ਵਿੱਚ ਸੰਤ ਬਾਬਾ ਭੁਪਿੰਦਰ ਸਿੰਘ ਜੀ ਜਰਗ ਵਾਲੇ,ਸੰਤ ਬਾਬਾ ਨਰਿੰਦਰ ਸਿੰਘ ਜੀ ਅਲੋਹਰਾਂ ਵਾਲੇ,ਸੰਤ ਬਾਬਾ ਸੁਖਵਿੰਦਰ ਸਿੰਘ ਜੀ ਸ਼ੰਕਰਪੁਰ ਵਾਲੇ, ਸੰਤ ਬਾਬਾ ਦਰਸ਼ਨ ਸਿੰਘ ਬਾਠਾਂ ਵਾਲੇ,ਸੰਤ ਰਣਜੀਤ ਸਿੰਘ ਜੀ ਉੱਪਲਹੇੜੀ ਵਾਲੇ,ਸੰਤ ਅਰਜਨ ਸਿੰਘ ਕੌਲੀ ਵਾਲਿਆਂ ਸਮੇਤ ਅਨੇਕਾਂ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਸਵਰਨ ਸਿੰਘ ਜੀ ਸੈਦਖੇੜੀ ਵਾਲਿਆਂ ਨੇ ਸੰਗਤਾਂ ਨੂੰ ਸ਼ਹੀਦਾਂ ਅਤੇ ਸੰਤਾਂ ਮਹਾਂਪੁਰਖਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਘਨੌਰ ਦੇ ਸਾਬਕਾ ਕਾਂਗਰਸੀ ਵਿਧਾਇਕ ਠੇਕੇਦਾਰ ਮਦਨ ਲਾਲ ਜਲਾਲਪੁਰ,ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਸਾਬਕਾ ਆਈ.ਜੀ. ਰਣਬੀਰ ਸਿੰਘ ਖਟੜਾ ਨੇ ਵੀ ਵਿਸ਼ੇਸ਼ ਤੌਰ 'ਤੇ ਧਾਰਮਿਕ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਸਾਰੇ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨੂੰ ਜਲੇਬੀਆਂ ਸਮੇਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਭਾਈ ਦਲੇਰ ਸਿੰਘ ਨੇ ਬਾਖੂਬੀ ਨਿਭਾਈ।ਇਸ ਮੌਕੇ ਸਰਪੰਚ ਭਾਈ ਪਰਮਜੀਤ ਸਿੰਘ,ਗੁਰਦੀਪ ਸਿੰਘ ਸੈਦਖੇੜੀ,ਅਮਰੀਕ ਸਿੰਘ ਲੋਚਮਾ ਸਮੇਤ ਕਈ ਮੋਹਤਬਰ ਵਿਅਕਤੀ ਹਾਜ਼ਰ ਸਨ।

# ਜ਼ਖ਼ਮੀ ਨੌਜਵਾਨ ਦਾ ਹਾਲ-ਚਾਲ ਜਾਨਣ ਲਈ ਰਾਜਿੰਦਰਾ ਹਸਪਤਾਲ ਪਹੁੰਚੇ ਪ੍ਰਨੀਤ ਕੌਰ, ਵਾਰਡ ਨੰ. 19 ਦੀਆਂ ਚੋਣਾਂ ਰੱਦ ਕਰਨ ਦੀ ਮੰਗ



ਸਮਾਣਾ, 28 ਮਈ (ਵਿਜੇ ਕੁਮਾਰ) : ਸਮਾਣਾ ਨਗਰ ਕੌਂਸਲ ਚੋਣਾਂ ਦੌਰਾਨ ਵਾਰਡ ਨੰਬਰ 19 ਦੀ ਰਾਮ ਬਸਤੀ ਵਿੱਚ ਹੋਏ ਹੰਗਾਮੇ ਦੌਰਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਨੌਜਵਾਨ ਯਾਕੂਬ ਦਾ ਹਾਲ-ਚਾਲ ਜਾਨਣ ਲਈ ਮਹਾਰਾਣੀ ਪਰਨੀਤ ਕੌਰ ਰਾਜਿੰਦਰਾ ਹਸਪਤਾਲ ਪਟਿਆਲਾ ਪਹੁੰਚੇ। ਇਸ ਦੌਰਾਨ ਉਨ੍ਹਾਂ ਦੇ ਨਾਲ ਭਾਜਪਾ ਆਗੂ ਸੁਰਿੰਦਰ ਸਿੰਘ ਖੇੜਕੀ, ਹਰਮੇਸ਼ ਗੋਇਲ (ਡਕਾਲਾ) ਸਮੇਤ ਹੋਰ ਭਾਜਪਾ ਆਗੂ ਵੀ ਮੌਜੂਦ ਸਨ। ਮਹਾਰਾਣੀ ਪਰਨੀਤ ਕੌਰ ਨੇ ਜ਼ਖ਼ਮੀ ਨੌਜਵਾਨ ਅਤੇ ਉਸ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਉਨ੍ਹਾਂ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਚੋਣਾਂ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 19 ਦੀਆਂ ਚੋਣਾਂ ਰੱਦ ਹੋਣੀਆਂ ਚਾਹੀਦੀਆਂ ਹਨ। ਇਸ ਸਬੰਧੀ ਉਨ੍ਹਾਂ ਨੇ ਡੀ.ਸੀ. ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਹੈ, ਜਿਸ ਨੂੰ ਅੱਗੇ ਏ.ਡੀ.ਸੀ. ਨੂੰ ਮਾਰਕ ਕਰ ਦਿੱਤਾ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਵਿੱਚ ਜੋ ਵੀ ਦੋਸ਼ੀ ਹਨ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਮਹਾਰਾਣੀ ਪਰਨੀਤ ਕੌਰ ਨੇ ਕਿਹਾ ਕਿ ਜ਼ਖ਼ਮੀ ਨੌਜਵਾਨ ਯਾਕੂਬ ਬੇਹੱਦ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਹੈ ਅਤੇ ਆਪਣੇ ਪਰਿਵਾਰ ਦਾ ਇਕਲੌਤਾ ਕਮਾਉਣ ਵਾਲਾ ਮੈਂਬਰ ਹੈ। ਉਨ੍ਹਾਂ ਦੱਸਿਆ ਕਿ ਯਾਕੂਬ ਚਾਰ ਭੈਣਾਂ ਦਾ ਇਕਲੌਤਾ ਭਰਾ ਹੈ ਅਤੇ ਪਰਿਵਾਰ ਵਿੱਚ ਕਮਾਉਣ ਵਾਲਾ ਕੋਈ ਹੋਰ ਮੈਂਬਰ ਨਹੀਂ ਹੈ। ਉਨ੍ਹਾਂ ਨੇ ਸਰਕਾਰ ਪਾਸੋਂ ਪਰਿਵਾਰ ਨੂੰ ਆਰਥਿਕ ਸਹਾਇਤਾ ਦੇਣ ਅਤੇ ਨੌਜਵਾਨ ਦਾ ਵਧੀਆ ਇਲਾਜ ਕਰਵਾਉਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਨਗਰ ਕੌਂਸਲ ਚੋਣਾਂ ਦੌਰਾਨ ਵਾਰਡ ਨੰਬਰ 19 ਦੀ ਰਾਮ ਬਸਤੀ ਵਿੱਚ ਹੋਈ ਝੜਪ ਅਤੇ ਤਣਾਅ ਦੌਰਾਨ ਕਰੀਬ 20 ਸਾਲਾ ਨੌਜਵਾਨ ਯਾਕੂਬ ਡਰ ਕੇ ਭੱਜਣ ਲੱਗਾ ਸੀ। ਇਸੇ ਦੌਰਾਨ ਉਸ ਦਾ ਹੱਥ ਹਾਈ ਵੋਲਟੇਜ ਤਾਰ ਨਾਲ ਛੂਹ ਗਿਆ, ਜਿਸ ਕਾਰਨ ਉਸ ਨੂੰ ਲਗਭਗ 11 ਹਜ਼ਾਰ ਵੋਲਟ ਦਾ ਕਰੰਟ ਲੱਗ ਗਿਆ। ਕਰੰਟ ਲੱਗਣ ਕਾਰਨ ਨੌਜਵਾਨ ਗੰਭੀਰ ਰੂਪ ਵਿੱਚ ਝੁਲਸ ਗਿਆ ਅਤੇ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕੀਤਾ ਗਿਆ, ਜਿੱਥੇ ਉਸ ਦੀ ਹਾਲਤ ਅਜੇ ਵੀ ਨਾਜ਼ੁਕ ਬਣੀ ਹੋਈ ਹੈ।

# ਅਜੀਤਪਾਲ ਸਿੰਘ ਕੋਹਲੀ ਵੱਲੋਂ ਖੇੜੀ ਗੁਜਰਾਂ ਤੋਂ ਤੀਰਥ ਯਾਤਰੀਆਂ ਦੀ ਬੱਸ ਰਵਾਨਾ



ਪਟਿਆਲਾ, 28 ਮਈ (ਰੁਪਾਣਾ) : ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਖੇੜੀ ਗੁਜਰਾਂ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਸ਼ਰਧਾਲੂ ਮੌਜੂਦ ਰਹੇ। ਵਿਧਾਇਕ ਕੋਹਲੀ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਪੂਰਾ ਸਤਿਕਾਰ ਕਰ ਰਹੀ ਹੈ ਅਤੇ ਇਸੇ ਮਕਸਦ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ, ਤਾਂ ਜੋ ਹਰ ਵਰਗ ਦੇ ਲੋਕ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਖ਼ਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ। ਸਰਕਾਰ ਵੱਲੋਂ ਯਾਤਰੀਆਂ ਲਈ ਆਵਾਜਾਈ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਲਈ ਵਚਨਬੱਧ ਹੈ ਅਤੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸ ਮੌਕੇ ਸਰਪੰਚ ਬਲਵਿੰਦਰ ਸੰਧੂ ਅਤੇ ਹਰਵਿੰਦਰਪਾਲ ਸਿੰਘ ਵਿੰਟੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਵੀ ਸਰਕਾਰ ਦੀ ਇਸ ਯੋਜਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਧਾਰਮਿਕ ਯਾਤਰਾ ਕਰਨ ਦਾ ਸੁਨੇਹਰਾ ਮੌਕਾ ਮਿਲ ਰਿਹਾ ਹੈ। ਪਿੰਡ ਵਾਸੀਆਂ ਨੇ ਵੀ ਸਰਕਾਰ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕੀਤਾ।

# ਰਣਜੋਧ ਸਿੰਘ ਹਡਾਣਾ ਨੇ ਈਦ ਮੌਕੇ ਮੁਸਲਿਮ ਭਾਈਚਾਰੇ ਨੂੰ ਵਧਾਈ ਦਿੱਤੀ



ਦੇਵੀਗੜ੍ਹ, 28 ਮਈ (ਗੁਰਜੀਤ ਸਿੰਘ ਢੋਟ) : ਪਵਿੱਤਰ ਤਿਉਹਾਰ ਈਦ-ਉਲ-ਫ਼ਿਤਰ ਮੌਕੇ ਅੱਜ ਹਲਕਾ ਸਨੌਰ ਵਿੱਚ ਆਪਸੀ ਭਾਈਚਾਰਕ ਸਾਂਝ ਅਤੇ ਸਦਭਾਵਨਾ ਦਾ ਅਨੋਖਾ ਪ੍ਰਗਟਾਵਾ ਦੇਖਣ ਨੂੰ ਮਿਲਿਆ। ਇਸ ਮੁਬਾਰਕ ਮੌਕੇ ਹਲਕਾ ਇੰਚਾਰਜ ਸ. ਰਣਜੋਧ ਸਿੰਘ ਹਡਾਣਾ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਵਿੱਚ ਸਥਿਤ ਮੁਸਲਿਮ ਧਾਰਮਿਕ ਅਸਥਾਨਾਂ ਵਿਖੇ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਈ। ਉਨ੍ਹਾਂ ਨੇ ਮੁਸਲਿਮ ਭਾਈਚਾਰੇ ਦੇ ਆਗੂਆਂ ਅਤੇ ਸਥਾਨਕ ਲੋਕਾਂ ਨੂੰ ਗਲੇ ਮਿਲ ਕੇ ਈਦ ਦੀ ਮੁਬਾਰਕਬਾਦ ਦਿੱਤੀ ਅਤੇ ਮੂੰਹ ਮਿੱਠਾ ਕਰਵਾਇਆ। ਚੇਅਰਮੈਨ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਹਰ ਵਰਗ, ਧਰਮ ਅਤੇ ਜਾਤ ਦੇ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਇਸ ਮੌਕੇ ਇਸ ਮੌਕੇ ਡਾ ਗੁਰਮੀਤ ਸਿੰਘ ਬਿੱਟੂ, ਚਰਨਜੀਤ ਸਿੰਘ ਨੈਣਾ ਮਨਿੰਦਰ ਫਰਾਂਸਵਾਲਾ ਜ਼ਿਲ੍ਹਾ ਪ੍ਰਧਾਨ ਬੀ ਸੀ ਵਿੰਗ, ਰਾਮ ਇੰਦਰ ਸਿੰਘ ਜਮਨਾ, ਰਾਜਾ ਧੰਜੂ ਸਰਪੰਚ ਸਰੁਸਤੀਗੜ੍ਹ, ਭੁਪਿੰਦਰ ਸਿੰਘ ਆਪ ਆਗੂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ, ਸਥਾਨਕ ਅਹੁਦੇਦਾਰ, ਪੰਚ-ਸਰਪੰਚ, ਪਾਰਟੀ ਵਲੰਟੀਅਰ ਅਤੇ ਮੁਸਲਿਮ ਭਾਈਚਾਰੇ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੰਤ ਸੇਵਾ ਨੰਦ ਜੀ ਖਮਾਣੋਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਪੂਜਨ ਕਰਵਾ ਕੇ ਸ਼ੈੱਡ ਦਾ ਕੰਮ ਸ਼ੁਰੂ ਕਰਵਾਇਆ



ਭਾਦਸੋਂ, 28 ਮਈ (ਭਰਪੂਰ ਸਿੰਘ ਮੱਟਰਾਂ) : ਸ੍ਰੀ ਦੁਰਗਾ ਮੰਦਿਰ ਭਾਦਸੋਂ ਵਿਖੇ ਧਰਮਸ਼ਾਲਾ ਦੀ ਛੱਤ ਉੱਪਰ ਸ਼ੈਡ ਪਾਉਣ ਦਾ ਕੰਮ ਆਰੰਭ ਕਰਵਾਇਆ ਗਿਆ ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਸੰਤ ਸੇਵਾ ਨੰਦ ਜੀ ਖਮਾਣੋ ਵਾਲੇ ਪਹੁੰਚੇ ਅਤੇ ਆਪਣੇ ਕਰ ਕਮਲਾਂ ਨਾਲ ਪੂਜਨ ਕਰਵਾਉਣ ਉਪਰੰਤ ਪੰਜਾਂ ਇੱਟਾਂ ਰੱਖ ਕੇ ਸ਼ੈਡ ਦੇ ਕੰਮ ਦਾ ਆਰੰਭ ਕਰਵਾਇਆ ਗਿਆ। ਇਸ ਮੌਕੇ ਅਲੱਗ-ਅਲੱਗ ਪਾਰਟੀਆਂ ਦੇ ਆਗੂ ਅਤੇ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ ਸ਼ੈਡ ਦੇ ਇਸ ਕੰਮ ਲਈ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਵੱਲੋਂ 4 ਲੱਖ ਦੀ ਗਰਾਂਟ ਅਤੇ ਸ੍ਰੀ ਨੈਣਾ ਦੇਵੀ ਡਿਵੈਲਪਮੈਂਟ ਕਮੇਟੀ ਭਾਦਸੋ ਵੱਲੋਂ 4 ਲੱਖ ਦੀ ਗਰਾਂਟ ਲਗਾਈ ਜਾਣੀ ਹੈ। ਇਸ ਦੌਰਾਨ ਸਾਬਕਾ ਕੈਬਿਨਟ ਮੰਤਰੀ ਸਾਧੂ ਸਿੰਘ ਧਰਮਸੋਤ , ਸੀਨੀਅਰ ਕਾਂਗਰਸੀ ਆਗੂ ਮਹੰਤ ਹਰਵਿੰਦਰ ਸਿੰਘ ਖਨੌੜਾ, ਸ਼੍ਰੋਮਣੀ ਅਕਾਲੀ ਦੇ ਸ਼ਹਿਰੀ ਪ੍ਰਧਾਨ ਬਲਵਿੰਦਰ ਸਿੰਘ ਧਾਰਨੀ ,ਆਮ ਪਾਰਟੀ ਦੇ ਸ਼ਹਿਰੀ ਪ੍ਰਧਾਨ ਰਮੇਸ਼ ਗੁਪਤਾ , ਸੂਰਜਭਾਨ ਸਿੰਗਲਾ ਪ੍ਰਧਾਨ ਸ੍ਰੀ ਨੈਣਾ ਦੇਵੀ ਡਿਪੈਲਮੈਂਟ ਕਮੇਟੀ , ਆਸ਼ੀਸ਼ ਸਿੰਘਲਾ ਆਸ਼ੂ , ਸ਼ੈਂਕੀ ਸਿੰਗਲਾ, ਭਗਵੰਤ ਸਿੰਘ ਮਣਕੂ, ਸੰਜੀਵ ਸੂਦ ਸੋਨੂੰ, ਯੋਗਤ ਬਾਂਸਲ , ਕਪਿਲ ਕੁਮਾਰ ਥੋਕ ਕਰਿਆਨਾ ਸਟੋਰ ਨਾਭੇ ਵਾਲੇ, ਅਮਿਤ ਕੁਮਾਰ ਕੋਹਲੀ ਪ੍ਰਧਾਨ ਗਊਸ਼ਾਲਾ , ਨੇਤਰ ਸਿੰਘ ਘੁੱਡਰ ਸਾਬਕਾ ਸਰਪੰਚ ,ਰਾਜ ਖਨੌੜਾ, ਅੰਕਿਤ ਬਾਂਸਲ, ਰੋਹਿਤ ਬਾਂਸਲ, ਕਰਨੈਲ ਸਿੰਘ ਸਕਰਾਲੀ, ਸਤਿਨਾਮ ਸਿੰਘ ਖਾਲਸਾ ਐਮਸੀ ,ਕਮਲ ਭਾਦਸੋ ,ਪਵਨ ਕੁਮਾਰ ਮੈਹਿਨ, ਸੰਜੀਵ ਕੁਮਾਰ ਲੇਖੀ, ਗੋਪਾਲ ਸਿੰਘ ਖਨੌੜਾ, ਕਾਲਾ ਕਿਤਾਬਾਂ ਵਾਲਾ ਪੰਡਿਤ ਲਖਿੰਦਰ ਸ਼ਾਸਤਰੀ, ਪੰਡਿਤ ਹਰੀ ਪ੍ਰਸ਼ਾਦ , ਵਿਸ਼ਾਲ ਗੁਪਤਾ ਆਦਿ ਇਲਾਕਾ ਨਿਵਾਸੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਗੁਰੂ ਨਾਨਕ ਇੰਸਟੀਚਿਊਟ ਪੁੱਜੇ ਸਿਹਤ ਮੰਤਰੀ

## ➢ਫਸਟ ਏਡ ਟ੍ਰੇਨਿੰਗ ਸੈਂਟਰ ਦਾ ਕੀਤਾ ਉਦਘਾਟਨ





ਪਟਿਆਲਾ, 28 ਮਈ (ਰੁਪਾਣਾ) : ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਡੀਕਲ ਟੈਕਨਾਲੋਜੀ ਵਿਖੇ ਡਾ. ਬਲਬੀਰ ਸਿੰਘ ਨੇ ਫਸਟ ਏਡ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ। ਗੁਰੂ ਨਾਨਕ ਇੰਸਟੀਚਿਊਟ ਪਿਛਲੇ 35 ਸਾਲਾਂ ਤੋਂ ਐਲਾਈਡ ਹੈਲਥ ਐਜੂਕੇਸ਼ਨ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇੰਸਟੀਚਿਊਟ ਵੱਲੋਂ ਵੱਖ-ਵੱਖ ਪ੍ਰੋਫੈਸ਼ਨਲ ਸਿਹਤ ਸੰਬੰਧੀ ਕੋਰਸ ਸਫਲਤਾਪੂਰਵਕ ਚਲਾਏ ਜਾ ਰਹੇ ਹਨ। ਇਸ ਤੋਂ ਬਾਅਦ ਸਿਹਤ ਮੰਤਰੀ ਨੇ ਇੰਸਟੀਚਿਊਟ ਦੀਆਂ ਲੈਬੋਰਟਰੀਆਂ ਅਤੇ ਵਿਭਾਗਾਂ ਦਾ ਦੌਰਾ ਕੀਤਾ ਅਤੇ ਫਸਟ ਏਡ ਟ੍ਰੇਨਿੰਗ ਸੈਂਟਰ ਦਾ ਉਦਘਾਟਨ ਰਿਬਨ ਕੱਟ ਕੇ ਕੀਤਾ। ਡਾ. ਬਲਬੀਰ ਸਿੰਘ ਨੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਇੰਸਟੀਚਿਊਟ ਵੱਲੋਂ ਦਿੱਤੀ ਜਾ ਰਹੀ ਗੁਣਵੱਤਾ ਵਾਲੀ ਸਿਹਤ ਸਿੱਖਿਆ ਅਤੇ ਪ੍ਰੈਕਟੀਕਲ ਟ੍ਰੇਨਿੰਗ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਐਮ.ਸੀ. ਦੀਪਕ ਮਿੱਤਲ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਨਿਸ਼ਾਂਤ ਐਮ.ਸੀ. ਆਫ ਫੈਕਟਰੀ ਏਰੀਆ, ਜਤਿੰਦਰ ਕੁਮਾਰ, ਜਾਗਰਣ ਤੋਂ ਮੀਡੀਆ ਪ੍ਰਤੀਨਿਧੀ, ਚੜ੍ਹਦੀਕਲਾ ਤੋਂ ਰੁਪਾਣਾ, ਪ੍ਰੈਸ ਕੀ ਤਾਕਤ ਤੋਂ ਸ਼ਿਵ ਕੁਮਾਰ ਜਾਂਗੜਾ, ਪੰਜਾਬ ਕੇਸਰੀ, ਪਰਵਿੰਦਰ ਕੁਮਾਰ ਅਤੇ ਭਾਸਕਰ ਦੇ ਪ੍ਰਤੀਨਿਧੀ ਵੀ ਸਮਾਗਮ ਵਿੱਚ ਮੌਜੂਦ ਰਹੇ । ਪ੍ਰਿੰਸੀਪਲ ਡਾ. ਸ਼ੁਭਾਸ਼ ਡਾਵਰ, ਕੋਆਰਡੀਨੇਟਰ ਰਸ਼ਮੀ ਸ਼ਰਮਾ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਡਾ. ਬਲਬੀਰ ਸਿੰਘ ਦਾ ਉਨ੍ਹਾਂ ਦੇ ਪ੍ਰੇਰਣਾਦਾਇਕ ਦੌਰੇ, ਕੀਮਤੀ ਮਾਰਗਦਰਸ਼ਨ ਅਤੇ ਸਿਹਤ ਸਿੱਖਿਆ ਅਤੇ ਸਕਿਲ ਡਿਵੈਲਪਮੈਂਟ ਨੂੰ ਉਤਸ਼ਾਹਿਤ ਕਰਨ ਲਈ ਦਿਲੋਂ ਧੰਨਵਾਦ ਕੀਤਾ ਗਿਆ।

# ਖੇੜੀ ਗੁੱਜਰਾਂ ਸਕੂਲ ਵਿਖੇ ਨਵੇਂ ਜੂਡੋ ਹਾਲ ਤੇ ਈ-ਸਪੋਰਟਸ ਮੈਗਜ਼ੀਨ ਦਾ ਉਦਘਾਟਨ



ਪਟਿਆਲਾ, 28 ਮਈ (ਚ.ਨ.ਸ) : ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਵਿਖੇ ਨਵੇਂ ਜੂਡੋ ਹਾਲ ਅਤੇ ਈ-ਸਪੋਰਟਸ ਮੈਗਜ਼ੀਨ ਦਾ ਉਦਘਾਟਨ ਦਲਜੀਤ ਸਿੰਘ (ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਪਟਿਆਲਾ) ਵੱਲੋਂ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਜੱਸਲ (ਜ਼ੋਨਲ ਸਕੱਤਰ, ਪਟਿਆਲਾ-2) ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ। ਦਲਜੀਤ ਸਿੰਘ (ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਪਟਿਆਲਾ) ਨੇ ਨਵੇਂ ਜੂਡੋ ਹਾਲ ਅਤੇ ਈ-ਸਪੋਰਟਸ ਮੈਗਜ਼ੀਨ ਦੇ ਉਦਘਾਟਨ ਸਮੇਂ ਸ਼੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ.) ਅਤੇ ਸਕੂਲ ਇੰਚਾਰਜ ਰਵਿੰਦਰਪਾਲ ਕੌਰ ਨੂੰ ਵਧਾਈ ਦਿੱਤੀ। ਸ਼੍ਰੀਮਤੀ ਰਵਿੰਦਰਪਾਲ ਕੌਰ (ਸਕੂਲ ਇੰਚਾਰਜ) ਨੇ ਕਿਹਾ ਕਿ ਇਸ ਨਵੇਂ ਜੂਡੋ ਹਾਲ ਅਤੇ ਈ-ਸਪੋਰਟਸ ਮੈਗਜ਼ੀਨ ਨੂੰ ਬਣਾਉਣ ਵਿੱਚ ਮਮਤਾ ਰਾਣੀ ਨੇ ਦਿਨ ਰਾਤ ਮਿਹਨਤ ਕੀਤੀ ਹੈ । ਇਸ ਮੌਕੇ 'ਤੇ ਗੁਰਪ੍ਰੀਤ ਕੌਰ, ਜਸਵੀਰ ਕੌਰ, ਸਤਵਿੰਦਰ ਸਿੰਘ, ਸੁਰਿੰਦਰ ਸਿੰਘ, ਮਨਪ੍ਰੀਤ ਸਿੰਘ, ਬਲਕਾਰ ਸਿੰਘ, ਕਿਰਨਜੀਤ ਕੌਰ, ਕੁਲਦੀਪ ਕੌਰ, ਪੂਨਮ ਰਾਣੀ, ਗੁਰਪ੍ਰੀਤ ਸਿੰਘ, ਹਰੀਸ਼ ਸਿੰਘ, ਯਸ਼ਦੀਪ ਸਿੰਘ, ਬਿਕਰਮ ਸਿੰਘ, ਇੰਦੂ ਬਾਲਾ, ਦੀਪਇੰਦਰ ਸਿੰਘ, ਮਨਦੀਪ ਸਿੰਘ, ਯਾਦਵਿੰਦਰ ਕੌਰ, ਅਮਨਦੀਪ ਕੌਰ, ਮੋਨਿਕਾ ਅਰੋੜਾ, ਮੀਨੂੰ ਯਾਦਵ, ਨੀਤੂ ਅਤੇ ਹੋਰ ਮੌਜੂਦ ਸਨ।

# ਨਿਰਮਲ ਸਿੰਘ ਭੱਟੀਆਂ ਨੇ ਦਰਗਾਹ ਹਜ਼ਰਤ ਅਸਤਵਲੀ ਪੀਰ ਸਾਇਦ ਹੁਸੈਨ ਜੀ ਵਿਖੇ ਮੱਥਾ ਟੇਕਿਆ



ਭੁਨਰਹੇੜੀ, 28 ਮਈ (ਗੁਰਜੀਤ ਸਿੰਘ ਢੋਟ) : ਅੱਜ ਨਿਰਮਲ ਸਿੰਘ ਭੱਟੀਆਂ ਵੱਲੋਂ ਇਤਿਹਾਸਕ ਅਸਥਾਨ ਦਰਗਾਹ ਹਜ਼ਰਤ ਅਸਤਵਲੀ ਪੀਰ ਸਾਇਦ ਹੁਸੈਨ ਜੀ (ਭੁੱਨਰਹੇੜੀ) ਵਿਖੇ ਵਿਸ਼ੇਸ਼ ਤੌਰ 'ਤੇ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ ਗਿਆ। ਇਸ ਮੌਕੇ ਉਨ੍ਹਾਂ ਨੇ ਦਰਗਾਹ ਸ਼ਰੀਫ ਇਲਾਕੇ ਦੀ ਸੁੱਖ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਦੁਆ ਕੀਤੀ। ਦਰਗਾਹ ਕਮੇਟੀ ਅਤੇ ਮੌਜੂਦ ਸ਼ਰਧਾਲੂਆਂ ਨਾਲ ਗੱਲਬਾਤ ਕਰਦਿਆਂ ਨਿਰਮਲ ਸਿੰਘ ਭੱਟੀਆਂ ਨੇ ਕਿਹਾ ਕਿ ਅਜਿਹੇ ਪਵਿੱਤਰ ਅਸਥਾਨ ਮਨੁੱਖਤਾ ਨੂੰ ਆਪਸੀ ਭਾਈਚਾਰੇ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ। ਇਸ ਮੌਕੇ ਨਸੀਬ ਅਲੀ ਖਾਨ ਭੁਨਰਹੇੜੀ, ਕੁਲਦੀਪ ਸਿੰਘ ਕਾਲਾ ਸਾਬਕਾ ਪ੍ਰਧਾਨ ਨਗਰ ਕੌਂਸਲ ਸਨੌਰ, ਕਾਹਨ ਸਿੰਘ ਮੰਜਾਲ, ਰਾਮ ਸਿੰਘ ਤੇਜਾ, ਗੁਰਮੀਤ ਬਾਵਾ ਅਤੇ ਸਥਾਨਕ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਵੱਲੋਂ ਦਰਗਾਹ ਵਿਖੇ ਮੱਥਾ ਟੇਕਿਆ ਗਿਆ।

# ਅਕਾਲੀ ਦਲ ਵਾਰਿਸ ਪੰਜਾਬ ਦੀ 'ਪੰਥ ਬਚਾਓ-ਪੰਜਾਬ ਬਚਾਓ' ਬੈਨਰ ਹੇਠ ਵਿਸ਼ਾਲ ਰੈਲੀ

## ਪੰਜਾਬ ਪੱਖੀ ਧਿਰਾਂ ਨਾਲ ਹੋ ਸਕਦੈ ਗੱਠਜੋੜ : ਬਾਪੂ ਤਰਸੇਮ ਸਿੰਘ



ਨਾਭਾ, 28 ਮਈ (ਬਲਜਿੰਦਰ ਮਾਨ) : ਅੱਜ ਪੰਥ ਬਚਾਓ ਪੰਜਾਬ ਬਚਾਓ ਦੇ ਬੈਨਰ ਹੇਠ ਅਕਾਲੀ ਦਲ ਵਾਰਿਸ ਪੰਜਾਬ ਦੀ ਅਜਨੌਦਾ ਕਲਾਂ 'ਚ ਵਿਸ਼ਾਲ ਰੈਲੀ ਹੋਈ, ਜਿੱਥੇ ਵੱਡੀ ਗਿਣਤੀ ਇਲਾਕੇ ਦੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵਾਰਿਸ ਪੰਜਾਬ ਦੇ ਪ੍ਰਧਾਨ ਤੇ ਐਮ ਪੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਆਪਣੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਕੌਮ, ਕਿਸਾਨੀ , ਮਜ਼ਦੂਰ, ਨੌਜਵਾਨੀ ਭਾਵ ਹਰ ਵਰਗ ਦੇ ਭਵਿੱਖ ਲਈ ਵਾਰਿਸ ਪੰਜਾਬ ਦਾ ਸਾਥ ਦੇਣ ਦੀ ਲੋੜ ਹੈ ਉਨ੍ਹਾਂ ਕਿਹਾ ਕਿ ਪੰਜਾਬ ਦੇ ਭਲੇ ਲਈ ਪੰਜਾਬ ਪੱਖੀ ਧਿਰਾਂ ਨਾਲ ਗੱਠਜੋੜ ਲਈ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਜਲਦੀ ਹੀ ਜੇਲ 'ਚੋਂ ਰਿਹਾਅ ਹੋਣਗੇ। ਇਸ ਤੋਂ ਇਲਾਵਾ ਤੇਜਿੰਦਰ ਸਿੰਘ ਤੇ ਅਮਰੀਕ ਸਿੰਘ, ਅਜਨੌਦਾ ਕਲਾਂ ਸਮੇਤ ਸੈਂਕੜੇ ਵਿਅਕਤੀਆਂ ਨੇ ਵਾਰਿਸ ਪੰਜਾਬ ਦਾ ਪੱਲਾ ਫੜਿਆ।ਭਾਈ ਮਨਦੀਪ ਸਿੰਘ ਸਿੱਧੂ ਨੇ ਆਪਣੇ ਸੰਬੋਧਨ 'ਚ ਆਖਿਆ ਕਿ ਪੰਥ, ਪੰਜਾਬ, ਪੰਜਾਬੀਅਤ ਅਤੇ ਹਰ ਵਰਗ ਨੂੰ ਬਚਾਉਣ ਲਈ ਵਾਰਿਸ ਪੰਜਾਬ ਪਾਰਟੀ ਨਾਲ ਜੁੜਨ ਦੀ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਜਸਵਿੰਦਰ ਸਿੰਘ ਡਰੌਲੀ ਜ਼ਿਲ੍ਹਾ ਪ੍ਰਧਾਨ ਪਟਿਆਲਾ, ਪਰਮਜੀਤ ਸਿੰਘ ਜੌਹਲ ਕੋਆਰਡੀਨੇਟਰ, ਐਡਵੋਕੇਟ ਈਮਾਨ ਸਿੰਘ ਕਾਲਾ ਮੁੱਖ ਬੁਲਾਰਾ ਪੰਜਾਬ, ਤੇਜਿੰਦਰ ਸਿੰਘ ਪ੍ਰਧਾਨ ਜੀ ਐਸ ਕੇ ਵਰਕਰ ਯੂਨੀਅਨ ਨਾਭਾ , ਅਮਰੀਕ ਸਿੰਘ ਕਿਸ਼ਨਗੜ੍ਹ, ਜਸਵੰਤ ਸਿੰਘ ਅਕੌਤ, ਕੁਲਦੀਪ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ ਬਾਰਨ, ਬੀਬੀ ਸਤਨਾਮ ਕੌਰ, ਗੁਰਦੀਪ ਸਿੰਘ ਮਰਦਾਪੁਰ, ਜਤਿੰਦਰ ਸਿੰਘ ਨਾਭਾ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਮਾਤਾ ਮਹਿੰਦਰ ਕੌਰ ਦੀ ਅੰਤਿਮ ਅਰਦਾਸ 'ਚ ਵੱਖ-ਵੱਖ ਧਾਰਮਿਕ, ਰਾਜਨੀਤਕ ਸਮਾਜਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਲਗਵਾਈ



ਨਾਭਾ, 28 ਮਈ (ਗੁਰਚਰਨ ਸਿੰਘ ਚੌਧਰੀ ਮਾਜਰਾ) : ਪੰਜਾਬ ਕਾਂਗਰਸ ਕਮੇਟੀ (ਐਸ.ਸੀ ਡਿਪਾਰਟਮੈਂਟ) ਦੇ ਸੂਬਾ ਜਰਨਲ ਸਕੱਤਰ ਸ ਕੁਲਵਿੰਦਰ ਸਿੰਘ ਸੁੱਖੇਵਾਲ ਦੇ ਸਤਿਕਾਰਯੋਗ ਮਾਤਾ ਬੀਬੀ ਮਹਿੰਦਰ ਕੌਰ ਜੀ ਜਿਨ੍ਹਾਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਪਰਿਵਾਰ ਵੱਲੋਂ ਉਨ੍ਹਾਂ ਨਮਿਤ ਧਾਰਮਿਕ ਰਸਮਾਂ ਪੂਰੀਆਂ ਕਰਨ ਲਈ ਆਪਣੇ ਗ੍ਰਿਹਿ ਵਿਖੇ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸ੍ਰੀ ਸਹਿਜ ਪਾਠ ਦਾ ਅੱਜ ਭੋਗ ਪੈਣ ਉਪਰੰਤ ਉਨ੍ਹਾਂ ਦੀ ਅੰਤਿਮ ਅਰਦਾਸ ਲਈ ਸ੍ਰੀ ਗੁਰੂ ਰਵਿਦਾਸ ਮੰਦਰ ਪਿੰਡ ਸੁੱਖੇਵਾਲ ਨੇੜੇ ਗਲਵੱਟੀ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਵੱਡੀ ਗਿਣਤੀ ਉਨ੍ਹਾਂ ਦੇ ਰਿਸ਼ਤੇਦਾਰ, ਦੋਸਤ ਮਿੱਤਰ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਸਮੂਲੀਅਤ ਕਰਦਿਆਂ ਉਸ ਵਿੱਛੜੀ ਆਤਮਾ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਗਏ ।ਇਸ ਮੌਕੇ ਹਲਕਾ ਨਾਤਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਸੀਨੀਅਰ ਅਕਾਲੀ ਆਗੂ ਬਾਬੂ ਕਬੀਰ ਦਾਸ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ ਸ਼ਮਸ਼ੇਰ ਸਿੰਘ ਦੂਲੋਂ ਵੱਲੋਂ ਸਵ: ਮਾਤਾ ਮਹਿੰਦਰ ਕੌਰ ਨੂੰ ਸਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸ਼ਮਸ਼ੇਰ ਸਿੰਘ ਦੂਲੋਂ ਨੇ ਕਿਹਾ ਕਿ ਸਾਨੂੰ ਆਪਣੇ ਮਾਤਾ ਪਿਤਾ ਦੀ ਉਨ੍ਹਾਂ ਦੇ ਬੁਢਾਪੇ ਦੀ ਉਮਰ ਦੌਰਾਨ ਚੰਗੀ ਤਰ੍ਹਾਂ ਸੇਵਾ-ਸੰਭਾਲ ਕਰਨੀ ਚਾਹੀਦੀ ਹੈ ਤਾਂ ਕਿ ਉਹਨਾਂ ਦਾ ਅੰਤਿਮ ਸਮਾਂ ਵਧੀਆ ਬਤੀਤ ਹੋ ਸਕੇ। ਚਰਨਜੀਤ ਵਾਤਿਸ਼ ਪੀ ਏ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਿਭਾਈ ਗਈ। ਇਸ ਮੌਕੇ ਰਿਟਾ: ਤਹਿ ਦਰਸ਼ਨ ਸਿੰਘ ਸਿੱਧੂ ਤੇ ਕਰਤਿੰਦਰਪਾਲ ਸਿੰਘ ਸਿੰਘਪੁਰਾ ਦੋਵੇਂ ਵਾਇਸ ਚੇਅਰਮੈਨ ਐਸ.ਸੀ. ਵਿਭਾਗ ਪੰਜਾਬ, ਗੁਰਪ੍ਰੀਤ ਸਿੰਘ ਬਾਬਾ ਮੁਲਾਬੱਦਾ, ਚਮਕੌਰ ਸਿੰਘ ਜੱਸੀ ਸੰਗਰੂਰ, ਦਲਜੀਤ ਸਿੰਘ ਦੁੱਗਰੀ, ਗੁਰਮੀਤ ਸਿੰਘ ਲਸੋਈ, ਗੁਰਮੀਤ ਸਿੰਘ ਬੂਹੀ, ਕਰਮਜੀਤ ਕੌਰ ਜਰਨਲ ਸਕੱਤਰ, ਬਿੱਕਰ ਸਿੰਘ ਨੱਤ ਲੁਧਿਆਣਾ, ਹਾਕਮ ਸਿੰਘ ਗੁਰਥਲੀ, ਮਹਿਲਾ ਕਾਂਗਰਸ ਬਲਾਕ ਪ੍ਰਧਾਨ ਨਾਭਾ ਕਮਲੇਸ਼ ਕੌਰ ਗਿੱਲ ਨਾਭਾ, ਜਸਪਾਲ ਸਿੰਘ ਕਲਿਆਣ,ਬਲਵਿੰਦਰ ਸਿੰਘ ਬਿੱਟੂ ਕਾਂਗਰਸ ਆਗੂ, ਹਰਪ੍ਰੀਤ ਕੌਰ ਰਾਮਗੜ੍ਹ, ਮਹੰਤ ਹਰਵਿੰਦਰ ਸਿੰਘ ਖਨੌੜਾ, ਗੁਰਨਾਮ ਸਿੰਘ ਰਿਟਾ ਬੀਡੀਓ, ਤੇਜਾ ਸਿੰਘ ਉਧਾ, ਚਮਕੌਰ ਸਿੰਘ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਸਮੇਤ ਵੱਡੀ ਗਿਣਤੀ ਪਿੰਡ ਵਾਸੀਆਂ, ਰਿਸ਼ਤੇਦਾਰਾਂ, ਸਾਕ ਸਬੰਧੀਆਂ, ਪੰਚਾਂ-ਸਰਪੰਚਾਂ ਵੱਲੋਂ ਬੀਬੀ ਮਹਿੰਦਰ ਕੌਰ ਦੀ ਅੰਤਮ ਅਰਦਾਸ ਵਿੱਚ ਸਮੂਲੀਅਤ ਕੀਤੀ ਗਈ।

# ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਧਰਨਿਆਂ ਦਾ ਐਲਾਨ

ਪਟਿਆਲਾ, 28 ਮਈ (ਚ.ਨ.ਸ) : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਜ਼ਿਲ੍ਹਾ ਕਮੇਟੀਆਂ ਦੀ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਸ੍ਰੀ ਮੋਦ ਨਾਥ ਸ਼ਰਮਾ ਨੇ ਕੀਤੀ। ਮੀਟਿੰਗ ਵਿੱਚ ਕੰਟਰੈਕਟ, ਟੈਂਪਰੇਰੀ, ਐਡਹਾਕ, ਵਰਕਚਾਰਜ, ਡੇਲੀਵੇਜਿਜ਼, ਆਊਟ ਸੋਰਸ ਅਤੇ ਪਾਰਟ ਟਾਇਮ ਕਰਮੀ ਜੋ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਹਨ ਦੀਆਂ ਸੇਵਾਵਾਂ ਰੈਗੂਲਰ ਕਰਨ, ਉੱਚ ਅਦਾਲਤਾਂ ਦੇ ਫੈਸਲਿਆਂ ਦੀ ਰੋਸ਼ਨੀ ਵਿੱਚ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਵਰਗੇ ਇਸ਼ੂ 'ਤੇ ਪੁਰਾਣੀ ਪੈਨਸ਼ਨ ਬਹਾਲੀ, ਮਹਿੰਗਾਈ ਭੱਤਾ ਤੇ ਇਸ ਦਾ ਬਕਾਇਆ ਜਾਰੀ ਕਰਨ ਵਰਗੀਆਂ ਲੰਬਿਤ ਮੰਗ ਨੂੰ ਲੈ ਕੇ ਪੜਾਅਵਾਰ ਧਰਨੇ ਦੇਣ ਦਾ ਫੈਸਲਾ ਕੀਤਾ, ਇਸ ਵਿੱਚ ਮਿਤੀ 4 ਜੂਨ 2026 ਨੂੰ ਪੰਜਾਬ ਲੋਕ ਨਿਰਮਾਣ ਵਿਭਾਗ (ਇਮਾਰਤਾ ਤੇ ਸੜਕਾਂ) ਵਿਭਾਗ ਦੇ ਬਿਜਲੀ, ਸਿਵਲ ਅਤੇ ਬਾਗਬਾਨੀ ਆਦਿ ਵਿੰਗਾਂ ਦੇ ਕਰਮੀਆਂ ਵੱਲੋਂ ਵਿਭਾਗ ਦੇ ਮੁੱਖ ਦਫਤਰ ਪਟਿਆਲਾ ਵਿਖੇ, ਮਿਤੀ 10 ਜੂਨ ਨੂੰ ਵਣ ਭਵਨ ਮੋਹਾਲੀ ਵਿਖੇ ਧਰਨੇ ਦਿੱਤੇ ਜਾਣਗੇ ਤੇ ਰੈਲੀ ਕੀਤੀਆਂ ਜਾਣਗੀਆਂ।